25-JUNE-PAGE-1.qxd 6/24/2025 9:06 PM Page 1

ਬੁੱਧਵਾਰ, 25 ਜੂਨ, 2025
11 ਹਾੜ੍ਹ { ਨਾਨਕਸ਼ਾਹੀ 557 / ਬਿਕਰਮੀ 2082 }
ਜਿਲਦ/VOL. : 74
ਅੰਕ/NO. : 24

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • WEDNESDAY, 25 JUNE, 2025    ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ    Regd. No : L-4/Pb-JL-0023/2024-26, (R.N.I.)-00068/57    E-mail : nawanzamana@gmail.com    www.nawanzamana.in    ਸਫ਼ੇ : 12

## ਜੰਗਬੰਦੀ ਉਲੰਘਣ 'ਤੇ ਟਰੰਪ ਨੇਤਨਯਾਹੂ 'ਤੇ ਭੜਕਿਆ

**ਵਾਸ਼ਿੰਗਟਨ** : ਸੋਮਵਾਰ ਰਾਤ ਚਾਣਚੱਕ ਜੰਗਬੰਦੀ ਕਰਾਉਣ ਤੋਂ ਬਾਅਦ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਮੰਗਲਵਾਰ ਇਜ਼ਰਾਈਲ ਤੇ ਈਰਾਨ ਦੋਵਾਂ 'ਤੇ ਖਿਝ ਗਿਆ ਕਿ ਉਨ੍ਹਾਂ ਜੰਗਬੰਦੀ ਦੀ ਉਸ ਦੀ ਪੇਸ਼ਕਸ਼ ਮੰਨ ਕੇ ਵੀ ਉਲੰਘਣਾ ਕੀਤੀ। ਉਹ ਈਰਾਨ ਨਾਲੋਂ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਤੋਂ ਵੱਧ ਨਾਰਾਜ਼ ਨਜ਼ਰ ਆਇਆ।

ਹੇਗ ਵਿੱਚ ਨਾਟੋ ਸੰਮੇਲਨ ਵਿੱਚ ਹਿੱਸਾ ਲੈਣ ਜਾਂਦਿਆਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਟਰੰਪ ਨੇ ਇਜ਼ਰਾਈਲ ਨੂੰ ਈਰਾਨ ਵੱਲ ਉਡਾਏ ਜਹਾਜ਼ ਤੁਰੰਤ ਵਾਪਸ ਲਿਆਉਣ ਦਾ ਹੁਕਮ ਦਿੱਤਾ। ਉਸ ਨੇ ਕਿਹਾ ਕਿ ਜੇ ਉਹ ਨਾ ਟਲਿਆ ਤਾਂ ਜੰਗਬੰਦੀ ਦੀ ਘੋਰ ਉਲੰਘਣਾ ਮੰਨੀ ਜਾਵੇਗੀ। ਇਜ਼ਰਾਈਲੀ ਰੱਖਿਆ ਮੰਤਰੀ ਇਸਰਾਇਲ ਕਾਟਜ਼ ਨੇ ਈਰਾਨ ਵੱਲ ਇਹ ਕਹਿ ਕੇ ਜਹਾਜ਼ ਉਡਵਾ ਦਿੱਤੇ ਸਨ ਕਿ ਉਸ ਨੇ ਇਜ਼ਰਾਈਲੀ ਸ਼ਹਿਰਾਂ 'ਤੇ ਮਿਜ਼ਾਈਲਾਂ ਦਾਗੀਆਂ। ਟਰੰਪ ਨੇ ਬਾਅਦ ਵਿੱਚ ਟਵੀਟ ਕੀਤਾ ਕਿ ਦੋਨੋਂ ਹੁਣ ਜੰਗਬੰਦੀ ਦੀ ਪਾਲਣਾ ਕਰ ਰਹੇ ਹਨ। ਉਧਰ ਈਰਾਨ ਨੇ ਜੰਗਬੰਦੀ ਨੂੰ ਆਪਣੀ ਜਿੱਤ ਕਰਾਰ ਦਿੱਤਾ ਹੈ। ਈਰਾਨੀ ਉਪ ਰਾਸ਼ਟਰਪਤੀ ਮੁਹੰਮਦ ਰਜ਼ਾ ਆਰਿਫ ਨੇ ਕਿਹਾ ਕਿ ਈਰਾਨ ਨੇ ਖਿੱਤੇ ਵਿੱਚ ਅਮਰੀਕਾ ਤੇ ਪੱਛਮ ਦਾ ਸਿੰਗ ਭੰਨ ਦਿੱਤਾ ਹੈ ਤੇ ਉਨ੍ਹਾਂ ਨੂੰ ਆਪਣੀ ਤਾਕਤ ਦਿਖਾ ਦਿੱਤੀ ਹੈ। ਈਰਾਨ ਦੀ ਵੱਡੀ ਤੇ ਇਤਿਹਾਸਕ ਸਿਰਜਕ ਜਿੱਤ ਹੋਈ ਹੈ। ਸਭ ਨੂੰ ਚਾਨਣ ਹੋ ਜਾਣਾ ਚਾਹੀਦਾ ਹੈ ਕਿ ਈਰਾਨ ਦੇ ਪ੍ਰਮਾਣੂ ਪ੍ਰੋਗਰਾਮ ਨੂੰ ਕੋਈ ਖਤਮ ਨਹੀਂ ਕਰ ਸਕਦਾ। ਇਸ ਤੋਂ ਪਹਿਲਾਂ ਇਜ਼ਰਾਈਲ ਦੇ ਰੱਖਿਆ ਮੰਤਰੀ ਕਾਟਜ਼ ਨੇ ਕਿਹਾ ਸੀ ਕਿ ਜੰਗਬੰਦੀ ਸਮਝੌਤਾ ਅਮਲ ਵਿਚ ਆਉਣ ਤੋਂ ਕੁਝ ਘੰਟਿਆਂ ਅੰਦਰ ਈਰਾਨ ਨੇ ਮਿਜ਼ਾਈਲਾਂ ਦਾਗੀਆਂ ਹਨ। ਈਰਾਨ ਨੇ ਜੰਗਬੰਦੀ ਦੀ ਉਲੰਘਣਾ ਦੇ ਦੋਸ਼ਾਂ ਤੋਂ ਇਨਕਾਰ ਕਰਦਿਆਂ ਕਿਹਾ ਕਿ ਮਿਜ਼ਾਈਲਾਂ ਜੰਗਬੰਦੀ ਤੋਂ ਪਹਿਲਾਂ ਦਾਗੀਆਂ ਗਈਆਂ ਸਨ।

ਈਰਾਨ ਵੱਲੋਂ ਸਵੇਰੇ ਇਜ਼ਰਾਈਲ ਨੂੰ ਨਿਸ਼ਾਨਾ ਬਣਾ ਕੇ ਕੀਤੇ ਹਵਾਈ ਹਮਲਿਆਂ, ਜਿਸ ਵਿੱਚ ਚਾਰ ਵਿਅਕਤੀਆਂ ਦੀ ਮੌਤ ਹੋ ਗਈ ਸੀ, ਮਗਰੋਂ ਦੋਵਾਂ ਧਿਰਾਂ ਨੇ ਸਮਝੌਤੇ ਨੂੰ ਸਵੀਕਾਰ ਕੀਤਾ। ਉਧਰ, ਇਜ਼ਰਾਈਲ ਨੇ ਵੀ ਜਵਾਬੀ ਕਾਰਵਾਈ 'ਚ ਈਰਾਨ ਦੇ ਵੱਖ-ਵੱਖ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ। ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਕਿਹਾ ਕਿ ਇਜ਼ਰਾਈਲ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਤਾਲਮੇਲ ਨਾਲ ਈਰਾਨ ਨਾਲ ਦੁਵੱਲੀ ਜੰਗਬੰਦੀ ਲਈ ਸਹਿਮਤ ਹੋ ਗਿਆ ਹੈ। ਨੇਤਨਯਾਹੂ ਨੇ ਕਿਹਾ ਕਿ ਉਨ੍ਹਾ ਸੋਮਵਾਰ ਰਾਤ ਇਜ਼ਰਾਈਲ ਦੀ ਸੁਰੱਖਿਆ ਬਾਰੇ ਕੇਂਦਰੀ ਕਮੇਟੀ ਨੂੰ ਰਿਪੋਰਟ ਦਿੱਤੀ ਸੀ ਕਿ ਇਜ਼ਰਾਈਲ ਨੇ ਈਰਾਨ ਵਿਰੁੱਧ 12 ਦਿਨਾਂ ਦੀ ਕਾਰਵਾਈ ਦੌਰਾਨ ਆਪਣੇ ਸਾਰੇ ਜੰਗੀ ਟੀਚੇ ਹਾਸਲ ਕਰ ਲਏ ਹਨ, ਜਿਸ ਵਿੱਚ ਈਰਾਨ ਦੇ ਪ੍ਰਮਾਣੂ ਅਤੇ ਬੈਲਸਟਿਕ ਮਿਜ਼ਾਈਲ ਪ੍ਰੋਗਰਾਮਾਂ ਨੂੰ ਨਿਸ਼ਾਨਾ ਬਣਾਉਣਾ ਵੀ ਸ਼ਾਮਲ ਸੀ। ਨੇਤਨਯਾਹੂ ਨੇ ਕਿਹਾ ਕਿ ਇਜ਼ਰਾਈਲ ਨੇ ਈਰਾਨ ਦੀ ਫੌਜੀ ਲੀਡਰਸ਼ਿਪ ਅਤੇ ਕਈ ਸਰਕਾਰੀ ਥਾਵਾਂ ਨੂੰ ਵੀ ਨੁਕਸਾਨ ਪਹੁੰਚਾਇਆ ਅਤੇ ਤਹਿਰਾਨ ਦੇ ਅਸਮਾਨ 'ਤੇ ਕੰਟਰੋਲ ਹਾਸਲ ਕਰ ਲਿਆ।

## ਸ਼ੇਅਰ ਬਾਜ਼ਾਰ ਚੜ੍ਹ ਕੇ ਡਿੱਗਿਆ

**ਨਵੀਂ ਦਿੱਲੀ** : ਇਕੁਇਟੀ ਬੈਂਚਮਾਰਕ ਸੈਂਸੈਕਸ ਅਤੇ ਨਿਫਟੀ ਨੇ ਮੰਗਲਵਾਰ ਦਿਨ ਦੌਰਾਨ ਤੇਜ਼ੀ ਨਾਲ ਹੋਏ ਵਾਧੇ ਨੂੰ ਗੁਆ ਦਿੱਤਾ। ਈਰਾਨ ਅਤੇ ਇਜ਼ਰਾਈਲ ਵਿਚਾਲੇ ਜੰਗਬੰਦੀ ਦੀ ਉਲੰਘਣਾ ਦੀਆਂ ਖਬਰਾਂ ਕਾਰਨ ਨਿਵੇਸ਼ਕਾਂ ਵਿੱਚ ਸਾਵਧਾਨੀ ਵਧਣ ਦੇ ਨਾਲ ਮੁਨਾਫਾ ਵਸੂਲੀ ਦੇ ਉਭਾਰ ਕਾਰਨ ਅਜਿਹਾ ਹੋਇਆ ਹੈ।

ਦਿਨ ਦੇ ਕਾਰੋਬਾਰ ਵਿੱਚ 1121.37 ਅੰਕ ਜਾਂ 1.36 ਫੀਸਦੀ ਵਧ ਕੇ 83,018.16 'ਤੇ ਪਹੁੰਚਣ ਤੋਂ ਬਾਅਦ 30 ਸ਼ੇਅਰਾਂ ਵਾਲੇ ਸੈਂਸੈਕਸ ਨੇ ਬਾਅਦ ਵਿੱਚ ਆਪਣੇ ਜ਼ਿਆਦਾਤਰ ਲਾਭ ਗੁਆ ਦਿੱਤੇ। ਤਾਂ ਵੀ ਉਹ 158.32 ਅੰਕ ਜਾਂ 0.19 ਫੀਸਦੀ ਚੜ੍ਹ ਕੇ 82,055.11 'ਤੇ ਬੰਦ ਹੋਇਆ। ਇਸੇ ਤਰ੍ਹਾਂ 50 ਸ਼ੇਅਰਾਂ ਵਾਲਾ ਨਿਫਟੀ 72.45 ਅੰਕ ਜਾਂ 0.29 ਫੀਸਦੀ ਚੜ੍ਹ ਕੇ 25,044.35 'ਤੇ ਬੰਦ ਹੋਇਆ। ਇਹ ਸੂਚਕਾਂਕ ਦਿਨ ਦੇ ਉੱਚੇ ਪੱਧਰ 25,317.70 ਤੋਂ ਹੇਠਾਂ ਡਿੱਗ ਗਿਆ।

## ਕੈਬਨਿਟ ਮੀਟਿੰਗ ਭਲਕੇ

**ਚੰਡੀਗੜ੍ਹ** : ਪੰਜਾਬ ਮੰਤਰੀ ਮੰਡਲ ਦੀ ਅਹਿਮ ਮੀਟਿੰਗ 26 ਜੂਨ ਨੂੰ ਹੋਵੇਗੀ। ਮੁੱਖ ਮੰਤਰੀ ਭਗਵੰਤ ਮਾਨ ਦੀ ਰਿਹਾਇਸ਼ 'ਤੇ ਹੋਣ ਵਾਲੀ ਇਸ ਮੀਟਿੰਗ ਵਿੱਚ ਅਹਿਮ ਏਜੰਡਿਆਂ ਉੱਤੇ ਵਿਚਾਰ ਕੀਤਾ ਜਾਣਾ ਹੈ। ਫਿਲਹਾਲ ਕੋਈ ਏਜੰਡਾ ਜਾਰੀ ਨਹੀਂ ਕੀਤਾ ਗਿਆ ਹੈ।

## ਪਹਿਲੀ ਤੋਂ ਏ ਸੀ ਤੇ ਨਾਨ-ਏ ਸੀ ਰੇਲ ਸਫਰ ਮਹਿੰਗਾ ਹੋਵੇਗਾ

**ਨਵੀਂ ਦਿੱਲੀ** : ਰੇਲ ਸਫਰ ਪਹਿਲੀ ਜੁਲਾਈ ਤੋਂ ਮਹਿੰਗਾ ਹੋਣ ਜਾ ਰਿਹਾ ਹੈ। ਨਾਨ ਏ ਸੀ ਮੇਲ/ਐਕਸਪ੍ਰੈਸ ਟਰੇਨਾਂ ਦੇ ਕਿਰਾਏ ਵਿੱਚ ਇੱਕ ਪੈਸਾ ਪ੍ਰਤੀ ਕਿੱਲੋਮੀਟਰ ਤੇ ਏ ਸੀ ਕਲਾਸ ਦੇ ਕਿਰਾਏ ਵਿੱਚ ਦੋ ਪੈਸੇ ਪ੍ਰਤੀ ਕਿੱਲੋਮੀਟਰ ਦਾ ਵਾਧਾ ਹੋ ਸਕਦਾ ਹੈ। ਇਸ ਤੋਂ ਪਹਿਲਾਂ 2020 ਵਿੱਚ ਕਿਰਾਏ ਵਧੇ ਸਨ। ਵਾਧੇ ਨਾਲ ਨਾਨ ਏ ਸੀ ਦਾ 500 ਕਿੱਲੋਮੀਟਰ ਦਾ ਸਫਰ ਪੰਜ ਰੁਪਏ ਤੇ ਏ ਸੀ ਦਾ 10 ਰੁਪਏ ਮਹਿੰਗਾ ਹੋ ਜਾਵੇਗਾ। ਸੈਕੰਡ ਕਲਾਸ ਵਿੱਚ 500 ਕਿੱਲੋਮੀਟਰ ਦੇ ਸਫਰ ਤਕ ਕਿਰਾਇਆ ਨਹੀਂ ਵਧੇਗਾ।

## ਆਪ ਅੱਜ ਜਿੱਤ ਦਾ ਜਸ਼ਨ ਮਨਾਏਗੀ

**ਚੰਡੀਗੜ੍ਹ** : ਆਮ ਆਦਮੀ ਪਾਰਟੀ ਵੱਲੋਂ 25 ਜੂਨ ਨੂੰ ਦਿੱਲੀ ਵਿਖੇ ਕਪੂਰਥਲਾ ਹਾਊਸ ਵਿੱਚ ਪੰਜਾਬ ਤੇ ਗੁਜਰਾਤ 'ਚ ਵਿਧਾਨ ਸਭਾ ਜ਼ਿਮਨੀ ਚੋਣਾਂ ਦੌਰਾਨ ਹੋਈ ਪਾਰਟੀ ਦੀ ਜਿੱਤ ਦਾ ਜਸ਼ਨ ਮਨਾਇਆ ਜਾਵੇਗਾ। ਇਸ ਮੌਕੇ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਤੇ ਹਰਿਆਣਾ ਦੇ ਸੀਨੀਅਰ ਆਗੂ ਸ਼ਾਮਲ ਹੋਣਗੇ। ਵਿਧਾਨ ਸਭਾ ਹਲਕਾ ਲੁਧਿਆਣਾ ਪੱਛਮੀ ਤੋਂ ਸੰਜੀਵ ਅਰੋੜਾ ਜੇਤੂ ਰਹੇ ਜਦਕਿ ਗੁਜਰਾਤ ਵਿੱਚ ਵੀ ਇੱਕ ਸੀਟ ਪਾਰਟੀ ਨੇ ਵੱਡੇ ਫਰਕ ਨਾਲ ਜਿੱਤੀ ਹੈ।

## ਸ਼ੁਕਲਾ ਦੀ ਉਡਾਣ ਅੱਜ

**ਨਵੀਂ ਦਿੱਲੀ** : ਅਮਰੀਕੀ ਪੁਲਾੜ ਏਜੰਸੀ ਨਾਸਾ ਨੇ ਐਲਾਨ ਕੀਤਾ ਕਿ ਭਾਰਤੀ ਪੁਲਾੜ ਯਾਤਰੀ ਸ਼ੁਭਾਂਸ਼ੂ ਸ਼ੁਕਲਾ ਨੂੰ ਕੌਮਾਂਤਰੀ ਪੁਲਾੜ ਸਟੇਸ਼ਨ ਵੱਲ ਲਿਜਾਣ ਵਾਲਾ ਐਕਸੀਓਮ-4 ਮਿਸ਼ਨ ਹੁਣ 25 ਜੂਨ ਨੂੰ ਲਾਂਚ ਹੋਵੇਗਾ।

## ਸੀ ਪੀ ਆਈ ਵੱਲੋਂ ਪੰਜਾਬ ਦੇ ਹਿੱਤਾਂ ਲਈ ਜਮਹੂਰੀ ਤਾਕਤਾਂ ਨੂੰ ਇਕੱਠੇ ਹੋਣ ਦਾ ਸੱਦਾ

### 25ਵੀਂ ਪਾਰਟੀ ਕਾਂਗਰਸ ਦੀ ਤਿਆਰੀ 'ਚ ਪੰਜ ਸ਼ਹਿਰਾਂ 'ਚ ਸੈਮੀਨਾਰ ਕਰਨ ਦਾ ਫੈਸਲਾ



**ਸ਼ਾਹਕੋਟ (ਗਿਆਨ ਸੈਦਪੁਰੀ)**

'ਪੰਜਾਬ ਵਿੱਚ ਜਮਹੂਰੀਅਤ ਦਾ ਜਨਾਜ਼ਾ ਨਿਕਲ ਚੁੱਕਾ ਹੈ ਅਤੇ ਪੁਲਸ, ਅਫ਼ਸਰਸ਼ਾਹੀ ਅਤੇ ਹਾਕਮ ਧਿਰ ਦੀ ਤਿੱਕੜੀ ਪੰਜਾਬ ਨੂੰ ਲੁੱਟਣ ਦੇ ਰਾਹ ਪਈ ਹੋਈ ਹੈ। ਪੰਜਾਬ ਬੁਰੀ ਤਰ੍ਹਾਂ ਅਰਾਜਕਤਾ ਵੱਲ ਵਧ ਰਿਹਾ ਹੈ। ਪੰਜਾਬ ਦੇ ਸੱਭਿਆਚਾਰ, ਆਰਥਿਕਤਾ ਅਤੇ ਇੱਥੋਂ ਦੀ ਸਿਆਸਤ ਦੀ ਜਾਣਕਾਰੀ ਤੋਂ ਕੋਰੇ ਆਗੂਆਂ ਨੂੰ ਪੰਜਾਬ ਸੌਂਪ ਦਿੱਤਾ ਗਿਆ ਹੈ। ਪੰਜਾਬ ਦੇ ਕਿਸਾਨਾਂ ਅਤੇ ਮਜ਼ਦੂਰਾਂ ਦੀ ਕੀਮਤ 'ਤੇ ਵੱਡੇ-ਵੱਡੇ ਸਨਅਤਕਾਰਾਂ ਦੀਆਂ ਤਿਜੌਰੀਆਂ ਭਰੀਆਂ ਜਾ ਰਹੀਆਂ ਹਨ।'

ਉਕਤ ਸਾਰ ਤੱਥ ਹੈ ਸੀ ਪੀ ਆਈ ਦੀ ਪੰਜਾਬ ਇਕਾਈ ਦੀ ਲੁਧਿਆਣਾ ਵਿੱਚ ਹੋਈ ਕਾਰਜਕਾਰਨੀ ਦੀ ਮੀਟਿੰਗ ਵਿੱਚ ਪੰਜਾਬ ਦੇ ਹਾਲਾਤ ਬਾਰੇ ਕੀਤੇ ਮੰਥਨ ਦਾ।

ਸੀ ਪੀ ਆਈ ਦੀ ਕੌਮੀ ਕੌਂਸਲ ਦੇ ਮੈਂਬਰ ਅਤੇ ਸਾਬਕਾ ਵਿਧਾਇਕ ਕਾਮਰੇਡ ਹਰਦੇਵ ਅਰਸ਼ੀ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਜਿੱਥੇ 21 ਤੋਂ 25 ਸਤੰਬਰ ਤੱਕ ਚੰਡੀਗੜ੍ਹ ਵਿੱਚ ਹੋ ਰਹੀ ਪਾਰਟੀ ਕਾਂਗਰਸ ਦੀਆਂ ਤਿਆਰੀਆਂ ਦੀ ਪ੍ਰਗਤੀ ਦਾ ਜਾਇਜ਼ਾ ਲਿਆ ਗਿਆ, ਉੱਥੇ ਕੌਮੀ ਅਤੇ ਕੌਮਾਂਤਰੀ ਹਾਲਾਤ ਨੂੰ ਵੀ ਵਿਚਾਰਿਆ ਗਿਆ। ਇਸ ਦੇ ਨਾਲ ਹੀ ਪੰਜਾਬ ਦੀ ਦਿਨੋ-ਦਿਨ ਨਿੱਘਰ ਰਹੀ ਸਿਆਸੀ, ਸਮਾਜੀ ਅਤੇ ਆਰਥਿਕ ਸਥਿਤੀ 'ਤੇ ਡੂੰਘੀ ਚਿੰਤਾ ਪ੍ਰਗਟ ਕੀਤੀ ਗਈ। ਇਸੇ ਸੰਦਰਭ ਵਿੱਚ ਕਮਿਊਨਿਸਟ ਆਗੂਆਂ ਨੇ ਜਮਹੂਰੀ ਅਤੇ ਸੈਕੂਲਰ ਧਿਰਾਂ ਨੂੰ ਜ਼ੋਰਦਾਰ ਸੱਦਾ ਦਿੱਤਾ ਹੈ ਤਾਂ ਕਿ ਇੱਕ ਮੰਚ 'ਤੇ ਇਕੱਠੇ ਹੋ ਕੇ ਪੰਜਾਬ ਨੂੰ ਬਰਬਾਦ ਹੋਣ ਤੋਂ ਬਚਾਇਆ ਜਾ ਸਕੇ। ਆਗੂਆਂ ਨੇ ਕਿਹਾ ਕਿ ਕੇਂਦਰੀ ਏਜੰਸੀਆਂ ਵੀ ਪੰਜਾਬ ਨੂੰ ਔਝੜੇ ਰਾਹੀਂ ਪਾਉਣ ਲਈ ਤੱਤਪਰ ਹਨ।

ਪੰਜਾਬ ਸਰਕਾਰ ਦੇ ਸ਼ਹਿਰੀ ਜਾਇਦਾਦਾਂ ਨੂੰ ਐਕੁਆਇਰ ਕਰਨ ਵਰਗੇ ਨਵੇਂ-ਨਵੇਂ ਫੈਸਲੇ ਦਰਸਾਉਂਦੇ ਹਨ ਕਿ ਹਾਕਮ ਖੁਦ ਹੀ ਪ੍ਰਾਪਰਟੀ ਡੀਲਰ ਬਣ ਕੇ ਪੰਜਾਬ ਦੀਆਂ ਜਾਇਦਾਦਾਂ ਲੁੱਟਣ ਦੇ ਰਾਹ ਪਏ ਹੋਏ ਹਨ।

ਮੀਟਿੰਗ ਵਿੱਚ ਪਾਰਟੀ • ਬਾਕੀ ਸਫਾ 2 'ਤੇ

## ਕਾਮਰੇਡ ਸੁਤੰਤਰ ਕੁਮਾਰ ਦਾ ਪਾਰਟੀ ਸਨਮਾਨਾਂ ਨਾਲ ਅੰਤਮ ਸੰਸਕਾਰ



**ਬੰਗਾ (ਅਵਤਾਰ ਕਲੇਰ)**

ਕਾਮਰੇਡ ਸੁਤੰਤਰ ਕੁਮਾਰ ਦੇ ਜਾਣ ਨਾਲ ਪਾਰਟੀ ਨੂੰ ਬਹੁਤ ਵੱਡਾ ਘਾਟਾ ਪਿਆ ਹੈ। ਅੱਜ ਦੇ ਹਾਲਾਤ 'ਚ ਉਹਨਾ ਦੀ ਸਮਾਜ ਅਤੇ ਪਾਰਟੀ ਨੂੰ ਬਹੁਤ ਲੋੜ ਸੀ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਭਾਰਤੀ ਕਮਿਊਨਿਸਟ ਪਾਰਟੀ ਦੇ ਸੂਬਾ ਸਕੱਤਰ ਬੰਤ ਸਿੰਘ ਬਰਾੜ ਨੇ ਨਵਾਂ ਸ਼ਹਿਰ ਵਿਖੇ ਸੀ ਪੀ ਆਈ ਦੇ ਸੂਬਾ ਆਗੂ, ਬੀ ਐੱਸ ਐੱਨ ਐੱਲ ਦੇ ਸੂਬਾਈ ਆਗੂ, ਏਟਕ ਦੇ ਸੀਨੀਅਰ ਆਗੂ ਅਤੇ ਸੀ ਪੀ ਆਈ ਦੇ ਲੰਮਾ ਸਮਾਂ ਨਵਾਂ ਸ਼ਹਿਰ ਦੇ ਜ਼ਿਲ੍ਹਾ ਸਕੱਤਰ ਰਹੇ ਕਾਮਰੇਡ ਸੁਤੰਤਰ ਕੁਮਾਰ ਦੇ ਅੰਤਮ ਸੰਸਕਾਰ ਤੋਂ ਬਾਅਦ ਪੱਤਰਕਾਰਾਂ ਨਾਲ ਕੀਤਾ। ਉਹਨਾ ਕਿਹਾ ਕਿ ਅੱਜ ਦੇਸ਼ ਅੰਦਰ ਫਿਰਕਾਪ੍ਰਸਤੀ ਦਾ ਬੋਲਬਾਲਾ ਹੈ, ਜਮਹੂਰੀਅਤ ਖ਼ਤਰੇ ਚ ਹੈ। ਦੇਸ਼ ਅੰਦਰ ਘੱਟ ਗਿਣਤੀਆਂ 'ਤੇ ਜ਼ੁਲਮ ਹੋ ਰਹੇ ਹਨ। ਸੰਵਿਧਾਨ ਬਦਲਣ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ। ਇਹਨਾਂ ਹਾਲਤਾਂ ਦੇ ਚੱਲਦਿਆਂ ਸੁਤੰਤਰ ਕੁਮਾਰ ਦਾ ਇਸ ਦੁਨੀਆਂ ਤੋਂ ਚਲੇ ਜਾਣਾ ਇੱਕ ਨਾ ਪੂਰਾ ਹੋਣ ਵਾਲਾ ਘਾਟਾ ਹੈ। ਸਾਥੀ ਬਰਾੜ ਨੇ ਕਿਹਾ ਕਿ ਪਾਰਟੀ ਕਾਂਗਰਸ, ਜੋ ਕਿ ਸਤੰਬਰ ਮਹੀਨੇ ਚੰਡੀਗੜ੍ਹ ਵਿਖੇ ਹੋ ਰਹੀ ਹੈ, ਸਾਥੀ ਸੁਤੰਤਰ ਨੇ ਬਿਮਾਰ ਹੋਣ ਦੇ ਬਾਵਜੂਦ ਸਾਢੇ ਪੰਜ ਲੱਖ ਰੁਪਏ ਇਕੱਠੇ ਕਰਕੇ ਪਾਰਟੀ ਨੂੰ ਦਿੱਤੇ। ਸਾਥੀ ਸੁਤੰਤਰ ਸਾਰੀਆਂ ਹੀ ਮੁਲਾਜ਼ਮ ਜਥੇਬੰਦੀਆਂ ਦੇ ਸਾਂਝੇ ਆਗੂ ਸਨ।

• ਬਾਕੀ ਸਫਾ 2 'ਤੇ

## ਬਰਾੜ, ਸਾਂਬਰ ਤੇ ਗੁਰਨਾਮ ਕੰਵਰ ਵੱਲੋਂ ਡੂੰਘੇ ਸਦਮੇ ਦਾ ਪ੍ਰਗਟਾਵਾ

**ਚੰਡੀਗੜ੍ਹ** : ਕਮਿਊਨਿਸਟ, ਟਰੇਡ ਯੂਨੀਅਨ ਅਤੇ ਅਗਾਂਹਵਧੂ ਹਲਕਿਆਂ ਨੂੰ ਉਦੋਂ ਗਹਿਰਾ ਸਦਮਾ ਪਹੁੰਚਿਆ, ਜਦੋਂ ਸਿਰੜੀ, ਪ੍ਰਤੀਬੱਧ ਕਮਿਊਨਿਸਟ ਤੇ ਮਜ਼ਦੂਰ ਆਗੂ ਕਾਮਰੇਡ ਸੁਤੰਤਰ ਕੁਮਾਰ ਜ਼ਿਲ੍ਹਾ ਸਕੱਤਰ ਸ਼ਹੀਦ ਭਗਤ ਸਿੰਘ ਨਗਰ (ਨਵਾਂ ਸ਼ਹਿਰ) ਸਦੀਵੀ ਵਿਛੋੜਾ ਦੇ ਗਏ। ਬੰਤ ਸਿੰਘ ਬਰਾੜ ਸੂਬਾ ਸਕੱਤਰ ਪੰਜਾਬ ਸੀ ਪੀ ਆਈ ਨੇ ਸੂਬਾ ਕੌਂਸਲ ਅਤੇ ਆਪਣੇ ਵਲੋਂ ਇਨਕਲਾਬੀ ਸ਼ਰਧਾਂਜਲੀ ਦਿੰਦਿਆਂ ਕਿਹਾ ਕਿ ਸਾਥੀ ਸੁਤੰਤਰ ਵੱਡੇ ਇਨਕਲਾਬੀ ਅਤੇ ਮਹਿਬੂਬ ਆਗੂ ਸਨ, ਜਿਨ੍ਹਾ ਮਜ਼ਦੂਰ ਜਮਾਤ ਅਤੇ ਪਾਰਟੀ ਲਈ ਸਾਰੀ ਉਮਰ ਲੇਖੇ ਲਾ ਦਿੱਤੀ। ਉਹਨਾ ਦੀ ਜ਼ਿੰਦਗੀ ਮਿਸਾਲੀ ਕਮਿਊਨਿਸਟ ਆਗੂ ਦੀ ਪ੍ਰੇਰਨਾਮਈ ਜ਼ਿੰਦਗੀ ਹੈ। ਉਹਨਾ ਆਖਰੀ ਸਮੇਂ ਵੀ ਹਸਪਤਾਲ ਵਿਚ ਬਿਮਾਰੀ ਦੇ ਮੰਜੇ 'ਤੇ ਮੌਤ ਨਾਲ ਲੜਦਿਆਂ ਸੀ ਪੀ ਆਈ ਦੀ 25ਵੀਂ ਪਾਰਟੀ ਕਾਂਗਰਸ ਲਈ ਲਗਭਗ 5 ਲੱਖ ਰੁਪਏ ਫੰਡ • ਬਾਕੀ ਸਫਾ 2 'ਤੇ

## ਇਲੈਕਟ੍ਰਿਕ ਵਾਹਨ ਖੇਤਰ ਵਿਦੇਸ਼ੀ ਕੰਪਨੀਆਂ ਲਈ ਖੋਲ੍ਹਿਆ

**ਨਵੀਂ ਦਿੱਲੀ** : ਗਲੋਬਲ ਇਲੈਕਟ੍ਰਿਕ ਵਾਹਨ ਮਹਾਰਥੀ ਹੁਣ ਭਾਰਤ ਵਿੱਚ ਇਲੈਕਟ੍ਰਿਕ ਕਾਰਾਂ ਦੇ ਨਿਰਮਾਣ ਨੂੰ ਉਤਸ਼ਾਹਤ ਕਰਨ ਲਈ ਬਣਾਈ ਗਈ ਸਕੀਮ ਤਹਿਤ ਅਰਜ਼ੀ ਦੇ ਸਕਦੇ ਹਨ, ਜੋ ਘਰੇਲੂ ਇਲੈਕਟ੍ਰਿਕ ਵਾਹਨ ਉਤਪਾਦਨ ਵਿੱਚ ਨਿਵੇਸ਼ ਕਰਨ ਦਾ ਵਾਅਦਾ ਕਰਨ ਵਾਲੇ ਵਾਹਨ ਨਿਰਮਾਤਾਵਾਂ ਲਈ ਕਾਫੀ ਘੱਟ ਆਯਾਤ ਟੈਕਸ ਦੀ ਪੇਸ਼ਕਸ਼ ਕਰਦੀ ਹੈ।

ਭਾਰੀ ਸਨਅਤਾਂ ਬਾਰੇ ਕੇਂਦਰੀ ਮੰਤਰੀ ਐੱਚ ਡੀ ਕੁਮਾਰਾਸਵਾਮੀ ਨੇ ਇਸ ਸਕੀਮ ਤਹਿਤ ਅਰਜ਼ੀਆਂ ਸਵੀਕਾਰ ਕਰਨ ਲਈ ਪੋਰਟਲ ਦਾ ਉਦਘਾਟਨ ਕੀਤਾ, ਜੋ 21 ਅਕਤੂਬਰ ਤੱਕ ਖੁੱਲ੍ਹਾ ਰਹੇਗਾ। ਉਨ੍ਹਾ ਦੁਹਰਾਇਆ ਕਿ • ਬਾਕੀ ਸਫਾ 2 'ਤੇ

## ਸਵਰਨ ਕੌਰ ਢੋਟੀਆਂ ਦੀ ਮੌਤ ਦਾ ਕਮਿਊਨਿਸਟ ਲਹਿਰ ਨੂੰ ਵੱਡਾ ਘਾਟਾ : ਮਾੜੀਮੇਘਾ, ਸੋਹਲ



**ਤਰਨ ਤਾਰਨ** : ਸੀ ਪੀ ਆਈ ਦੇ ਕੌਮੀ ਕੌਂਸਲ ਮੈਂਬਰ ਪਿਰਥੀਪਾਲ ਸਿੰਘ ਮਾੜੀਮੇਘਾ ਤੇ ਸੀ ਪੀ ਆਈ ਤਰਨ ਤਾਰਨ ਜ਼ਿਲ੍ਹੇ ਦੇ ਸਕੱਤਰ ਦਵਿੰਦਰ ਸੋਹਲ ਨੇ ਜੁਝਾਰੂ ਭੈਣ ਸਵਰਨ ਕੌਰ ਢੋਟੀਆਂ ਨੂੰ ਸ਼ਰਧਾਂਜਲੀ ਅਰਪਿਤ ਕਰਦਿਆਂ ਕਿਹਾ ਕਿ ਉਹਨਾ ਦੀ ਹੋਈ ਅਚਾਨਕ ਮੌਤ ਨਾਲ ਉਹਨਾ ਦੇ ਪਰਵਾਰ ਤੇ ਸੀ ਪੀ ਆਈ ਨੂੰ ਵੱਡਾ ਘਾਟਾ ਪਿਆ ਹੈ। ਸਵਰਨ ਕੌਰ ਦਾ ਪਤੀ ਕਾਮਰੇਡ ਬੂਟਾ ਸਿੰਘ ਢੋਟੀਆਂ ਸੀ ਪੀ ਆਈ ਦਾ ਜ਼ਿਲ੍ਹਾ ਕੌਂਸਲ ਮੈਂਬਰ ਜ਼ਿੰਦਾ ਸ਼ਹੀਦ ਹਨ। ਆਗੂਆਂ ਨੇ ਕਿਹਾ ਕਿ ਕਮਿਊਨਿਸਟ ਸ਼ਹੀਦਾਂ ਦਾ ਇਹ ਘਰ ਜਦੋਂ ਪੰਜਾਬ ਵਿੱਚ 1985-86 ਵਿੱਚ ਫਿਰਕੂ ਜਨੂੰਨ ਦੀ ਹਨੇਰੀ ਚੱਲ ਰਹੀ ਸੀ, ਉਸ ਵਕਤ ਫਿਰਕੂ ਦਰਿੰਦਿਆਂ ਦਾ ਜ਼ੁਲਮ ਰੋਕਣ ਵਾਸਤੇ ਇੱਕ ਅੱਡਾ ਸੀ। ਇੱਕ ਦਿਨ ਜਨੂੰਨੀਆਂ ਨੇ ਜ਼ਿਆਦੀ ਤਾਕਤ ਇਕੱਠੀ ਕਰਕੇ ਜਦੋਂ ਕਮਿਊਨਿਸਟਾਂ ਦੇ ਇਸ ਅੱਡੇ 'ਤੇ ਹਮਲਾ ਕੀਤਾ ਤਾਂ ਸਵਰਨ ਕੌਰ ਦਾ ਦਿਓਰ ਦਿਲਬਾਗ ਸਿੰਘ ਅਤੇ ਇਸ ਅੱਡੇ ਦੀ ਰਖਵਾਲੀ ਕਰਦੇ ਪ੍ਰਗਟ ਸਿੰਘ • ਬਾਕੀ ਸਫਾ 2 'ਤੇ


## ਅੱਜ-ਨਾਮਾ

ਚੋਣ ਨੂੰ ਹਾਰ ਕੇ ਲੜਨ ਪਏ ਕਾਂਗਰਸੀਏ,
ਲਗਦੀ ਦੂਸ਼ਣਾਂ ਦੀ ਪਈ ਆ ਲੜੀ ਬੇਲੀ।
ਆਪਣੀ ਛੱਡ ਸਭ ਹੋਰਾਂ ਦੀ ਬਾਤ ਕਹਿੰਦੇ,
ਲੱਗਦੇ ਊਜਾਂ ਦੀ ਲਾਉਣ ਆ ਝੜੀ ਬੇਲੀ।
ਪੁੱਛੋ ਜੀ ਆਪ ਨੇ ਚੋਣ ਵਿੱਚ ਕੀ ਕਰਿਆ,
ਕਹਿੰਦੇ ਅਸੀਂ ਕੀਤੀ ਕੋਸ਼ਿਸ਼ ਬੜੀ ਬੇਲੀ।
ਮਿਲਾਉਣਾ ਹੱਥ ਕੀ, ਅੱਖਾਂ ਮਿਲਾਂਵਦੇ ਨਾ,
ਆਪਣੀ ਜਗ੍ਹਾ ਕੀਤੀ ਸਭ ਦੀ ਅੜੀ ਬੇਲੀ।
ਭਾਰੂ ਹਿੱਤ ਹੋਇਆ ਈ ਨਿੱਜੀ ਪਾਰਟੀ ਤੋਂ,
ਮੁੜ-ਮੁੜ ਖਾਵੇ ਪਈ ਪਾਰਟੀ ਮਾਰ ਬੇਲੀ।
ਭਾਜਪਾ ਲੀਡਰ ਕੁਝ ਖੇਡ ਰਹੇ ਖੇਡ ਗੁੱਝੀ,
ਵਿਰੋਧੀ ਧਿਰਾਂ ਵੱਲ ਪਾਲ ਰਹੇ ਯਾਰ ਬੇਲੀ।

-ਤੀਸ ਮਾਰ ਖਾਂ

## ਚੋਣ ਕਮਿਸ਼ਨ ਦਾ ਰਾਹੁਲ ਨੂੰ ਸੱਦਾ-ਪੱਤਰ

**ਨਵੀਂ ਦਿੱਲੀ** : ਭਾਰਤੀ ਚੋਣ ਕਮਿਸ਼ਨ ਨੇ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੂੰ ਪਿਛਲੇ ਸਾਲ ਹੋਈਆਂ ਮਹਾਰਾਸ਼ਟਰ ਵਿਧਾਨ ਸਭਾ ਚੋਣਾਂ ਵਿੱਚ ਉਨ੍ਹਾ ਦੇ ਦੋਸ਼ਾਂ ਨਾਲ ਸੰਬੰਧਤ ਮੁੱਦਿਆਂ 'ਤੇ ਚਰਚਾ ਕਰਨ ਲਈ ਸੱਦਾ ਦਿੱਤਾ ਹੈ। ਸੂਤਰਾਂ ਅਨੁਸਾਰ ਇਹ ਪੱਤਰ 12 ਜੂਨ ਨੂੰ ਈਮੇਲ ਰਾਹੀਂ ਭੇਜਿਆ ਗਿਆ ਸੀ ਅਤੇ ਉਨ੍ਹਾ ਦੀ ਰਿਹਾਇਸ਼ 'ਤੇ ਵੀ ਪ੍ਰਾਪਤ ਹੋਇਆ ਸੀ। ਸਾਬਕਾ ਕਾਂਗਰਸ ਪ੍ਰਧਾਨ ਨੇ ਹਾਲ ਹੀ ਵਿੱਚ ਮਹਾਰਾਸ਼ਟਰ ਵਿਧਾਨ ਸਭਾ ਚੋਣਾਂ ਵਿੱਚ ਚੋਣ ਧਾਂਦਲੀ ਨੂੰ ਲੈ ਕੇ ਚੋਣ ਸੰਸਥਾ 'ਤੇ ਦੋਸ਼ ਲਗਾਏ ਹਨ। ਹਾਲਾਂਕਿ, ਚੋਣ ਕਮਿਸ਼ਨ ਨੇ ਇਨ੍ਹਾਂ ਦੋਸ਼ਾਂ ਨੂੰ ਖਾਰਜ ਕਰ ਦਿੱਤਾ ਹੈ। ਐਕਸ 'ਤੇ ਇੱਕ ਪੋਸਟ ਵਿੱਚ ਰਾਹੁਲ ਨੇ ਮਸ਼ੀਨ-ਪੜ੍ਹਨਯੋਗ ਡਿਜੀਟਲ ਵੋਟਰ ਸੂਚੀਆਂ ਅਤੇ ਸੀ ਸੀ ਟੀ ਵੀ ਫੁਟੇਜ ਨੂੰ ਤੁਰੰਤ ਜਾਰੀ ਕਰਨ ਦੀ ਮੰਗ ਕੀਤੀ। ਉਨ੍ਹਾ ਦਾਅਵਾ ਕੀਤਾ • ਬਾਕੀ ਸਫਾ 2 'ਤੇ



25-JUNE-PAGE-1.qxd 6/24/2025 10:42 PM Page 2



## ਵਰਲਡ ਯੂਨੀਵਰਸਿਟੀ ਵਿਖੇ ਹਫਤਾਵਾਰੀ ਗੁਰਮਤਿ ਸਿੱਖਿਆ ਕੈਂਪ ਸ਼ੁਰੂ



**ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਸ੍ਰੀ ਫਤਿਹਗੜ੍ਹ ਸਾਹਿਬ ਦੇ ਵਿਰਾਸਤੀ ਗਿਆਨ ਪ੍ਰਬੰਧ ਕੇਂਦਰ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਪੁਰਬ ਨੂੰ ਸਮਰਪਤ ਗੁਰਮਤਿ ਸਿੱਖਿਆ ਕੈਂਪ (23-28 ਜੂਨ 2025) ਦਾ ਆਯੋਜਨ ਕੀਤਾ ਗਿਆ ਹੈ।ਇਸ ਕੈਂਪ ਵਿੱਚ ਪੰਜਾਬ ਤੋਂ ਇਲਾਵਾ ਦੇਸ਼ ਦੇ ਵੱਖ-ਵੱਖ ਸੂਬਿਆਂ ਤੋਂ ਬਹੁ-ਗਿਣਤੀ ਵਿੱਚ ਵਿਦਿਆਰਥੀਆਂ ਨੇ ਸ਼ਿਰਕਤ ਕੀਤੀ। ਗੁਰਮਤਿ ਸਿੱਖਿਆ ਕੈਂਪ ਦੀ ਸ਼ੁਰੂਆਤ ਜਪੁਜੀ ਸਾਹਿਬ ਦੇ ਪਾਠ, ਅਰਦਾਸ ਤੇ ਹੁਕਮਨਾਮਾ ਸਾਹਿਬ ਨਾਲ ਹੋਈ।ਉਪਰੰਤ ਸ੍ਰੀ ਗੁਰੂ ਗ੍ਰੰਥ ਵਰਲਡ ਯੂਨੀਵਰਸਿਟੀ ਸ੍ਰੀ ਫਤਿਹਗੜ੍ਹ ਸਾਹਿਬ ਦੇ ਵਾਈਸ-ਚਾਂਸਲਰ ਪ੍ਰੋ. (ਡਾ.) ਪਰਿਤ ਪਾਲ ਸਿੰਘ ਨੇ ਗੁਰਮਤਿ ਸਿੱਖਿਆ ਕੈਂਪ ਬਾਰੇ ਆਪਣੇ ਵਿਚਾਰ ਸਾਂਝੇ ਕਰਦੇ ਕਿਹਾ ਕਿ ਵਿਦਿਆਰਥੀਆਂ ਦਾ ਆਤਮਿਕ ਤੇ ਨੈਤਿਕ ਵਿਕਾਸ ਲਈ ਗੁਰਮਤਿ ਅਨੁਸਾਰ ਜੀਵਨ ਜਿਉਣ ਦੀ ਪ੍ਰੇਰਨਾ ਦੇਣੀ ਬਹੁਤ ਜ਼ਰੂਰੀ ਹੈ।ਇਸ ਮੌਕੇ ਡੀਨ ਅਕਾਦਮਿਕ ਮਾਮਲੇ ਪ੍ਰੋ. (ਡਾ.) ਸੁਖਵਿੰਦਰ ਸਿੰਘ ਬਿਲਿੰਗ ਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਦਾ ਮਨੋਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਸਿੱਖਿਆਵਾਂ ਦਾ ਪ੍ਰਚਾਰ ਤੇ ਪ੍ਰਸਾਰ ਕਰਨਾ ਹੈ।ਉਨ੍ਹਾਂ ਆਖਿਆ ਕਿ ਇਸ ਕਾਰਜ ਹਿੱਤ ਅਜਿਹੇ ਕੈਂਪ ਲਗਾਉਣੇ ਬਹੁਤ ਜ਼ਰੂਰੀ ਹਨ।ਇਸ ਕੈਂਪ ਦੇ ਪਹਿਲੇ ਸੈਸ਼ਨ ਦੌਰਾਨ ਡਾ. ਬੀਰ ਬਿਕਰਮ ਸਿੰਘ, ਐਸੋਸੀਏਟ ਪ੍ਰੋਫੈਸਰ, ਸੈਂਟਰਲ ਯੂਨੀਵਰਸਿਟੀ, ਪਾਂਡੀਚਰੀ ਵਿਦਵਾਨ ਵਕਤਾ ਵਜੋਂ ਸ਼ਾਮਲ ਹੋਏ।ਉਨ੍ਹਾਂ ਵਿਦਿਆਰਥੀਆਂ ਨੂੰ ਗੁਰਬਾਣੀ, ਸਿੱਖ ਇਤਿਹਾਸ ਤੇ ਸਿੱਖ ਰਹਿਤ ਮਰਯਾਦਾ ਅਨੁਸਾਰ ਜੀਵਨ ਜਿਉਣ ਦੀ ਸੇਧ ਦਿੱਤੀ।ਦੂਜੇ ਸੈਸ਼ਨ ਦੌਰਾਨ ਡਾ. ਸਿਕੰਦਰ ਸਿੰਘ, ਡੀਨ ਵਿਦਿਆਰਥੀ ਭਲਾਈ ਤੇ ਮੁਖੀ ਪੰਜਾਬੀ ਵਿਭਾਗ ਨੇ ਗੁਰਮੁਖੀ ਲਿੱਪੀ ਦੇ ਸਰੂਪ ਤੇ ਮਹੱਤਵ ਬਾਰੇ ਵਿਚਾਰ ਸਾਂਝੇ ਕੀਤੇ।ਧਰਮ ਅਧਿਐਨ ਵਿਭਾਗ ਦੇ ਮੁਖੀ ਤੇ ਕੈਂਪ ਦੇ ਕਨਵੀਨਰ ਡਾ. ਹਰਦੇਵ ਸਿੰਘ ਵੱਲੋਂ ਗੁਰਮਤਿ ਸਿੱਖਿਆ ਕੈਂਪ ਦੀ ਲੋੜ ਤੇ ਮਹੱਤਵ ਬਾਰੇ ਚਾਨਣਾ ਪਾਇਆ ਗਿਆ ਅਤੇ ਵਿਦਿਆਰਥੀਆਂ ਤੇ ਮਹਿਮਾਨਾਂ ਦਾ ਸਵਾਗਤ ਕੀਤਾ ਗਿਆ।

## ਕੁੱਤਿਆਂ ਦੀ ਦੌੜ ’ਚ ਹੋਏ ਝਗੜੇ ਨੂੰ ਲੈ ਕੇ ਨੌਜਵਾਨ ਦਾ ਕਤਲ



**ਮਾਨਸਾ (ਆਤਮਾ ਸਿੰਘ ਪਮਾਰ)**

ਕੁੱਤਿਆਂ ਦੀ ਦੌੜ ਨੂੰ ਲੈ ਕੇ ਦੋ ਗਰੁੱਪਾਂ ਵਿੱਚ ਹੋਏ ਝਗੜੇ ਦੀ ਰੰਜਿਸ਼ ਦੇ ਚੱਲਦਿਆਂ ਕੁੱਝ ਨੌਜਵਾਨਾਂ ਨੇ ਮਾਨਸਾ ਕੈਂਚੀਆਂ ਚੌਕ ’ਚ ਇੱਕ ਨੌਜਵਾਨ ਦੇ ਸਿਰ ’ਚ ਲੱਕੜ ਮਾਰ ਕੇ ਉਸ ਦਾ ਕਤਲ ਕਰ ਦਿੱਤਾ ਅਤੇ ਹਮਲਾਵਰ ਵਾਰਦਾਤ ਉਪਰੰਤ ਮੌਕੇ ਤੋਂ ਫਰਾਰ ਹੋ ਗਏ।ਮ੍ਰਿਤਕ ਵਿਅਕਤੀ ਸਤਨਾਮ ਸਿੰਘ (45) ਪੁੱਤਰ ਗੁਰਮੀਤ ਸਿੰਘ ਪਿੰਡ ਚੁੱਘਾ ਜ਼ਿਲ੍ਹਾ ਫਿਰੋਜ਼ਪੁਰ ਦਾ ਵਸਨੀਕ ਦੱਸਿਆ ਜਾ ਰਿਹਾ ਹੈ, ਜਦੋਂਕਿ ਹਮਲਾਵਰ ਵਿਅਕਤੀ ਬਰਨਾਲਾ ਤੇ ਸਿਰਸਾ ਨਾਲ ਸਬੰਧਤ ਦੱਸੇ ਜਾ ਰਹੇ ਹਨ।ਇਸ ਸਬੰਧੀ ਅਜੇ ਤੱਕ ਕਿਸੇ ਵੀ ਵਿਅਕਤੀ ਨੂੰ ਗ੍ਰਿਫਤਾਰ ਨਹੀਂ ਕੀਤਾ ਜਾ ਸਕਿਆ।ਪ੍ਰਾਪਤ ਜਾਣਕਾਰੀ ਅਨੁਸਾਰ ਸਤਨਾਮ ਸਿੰਘ ਤੇ ਇੱਕ ਹੋਰ ਗਰੁੱਪ ਵੱਲੋਂ ਕੁੱਝ ਸਮਾਂ ਪਹਿਲਾਂ ਕੁੱਤਿਆਂ ਦੀਆਂ ਦੌੜਾਂ ਦੇ ਮੁਕਾਬਲੇ ਕਰਵਾਏ ਗਏ ਸਨ, ਜਿਸ ਵਿੱਚ ਸਤਨਾਮ ਸਿੰਘ ਦਾ ਕੁੱਤਾ ਪਹਿਲੇ ਸਥਾਨ ’ਤੇ ਆਇਆ ਸੀ।ਇਸ ਨੂੰ ਲੈ ਕੇ ਦੋਵੇਂ ਗੁੱਟਾਂ ਵਿੱਚ ਝਗੜਾ ਹੋ ਗਿਆ।ਦੱਸਿਆ ਜਾ ਰਿਹਾ ਹੈ ਕਿ ਦੋਵੇਂ ਧਿਰਾਂ ਨੇ ਮਾਨਸਾ ਵਿਖੇ ਆਪਸ ਵਿੱਚ ਮਿਲਣ ਦਾ ਸਮਾਂ ਤੈਅ ਕੀਤਾ ਤੇ ਸੋਮਵਾਰ ਦੀ ਦੁਪਹਿਰ ਮਾਨਸਾ ਕੈਂਚੀਆਂ ’ਤੇ ਕੁੱਝ ਵਿਅਕਤੀਆਂ ਨੇ ਸਤਨਾਮ ਸਿੰਘ ਦੇ ਸਿਰ ’ਚ ਲੱਕੜ ਮਾਰੀ ਤੇ ਮੌਕੇ ’ਤੇ ਉਸ ਦੀ ਮੌਤ ਹੋ ਗਈ।ਹਮਲਾਵਰ ਮੌਕੇ ਤੋਂ ਭੱਜ ਨਿਕਲੇ।ਪੁਲਸ ਚੌਕੀ ਠੂਠਿਆਂਵਾਲੀ ਦੇ ਇੰਚਾਰਜ ਦੀਪ ਸਿੰਘ ਨੇ ਦੱਸਿਆ ਕਿ ਕੁੱਤਿਆਂ ਦੀ ਦੌੜ ਦੇ ਝਗੜੇ ਨੂੰ ਲੈ ਕੇ ਹਮਲੇ ਵਿੱਚ ਸਤਨਾਮ ਸਿੰਘ ਦਾ ਕਤਲ ਹੋਇਆ ਹੈ।ਪੁਲਸ ਇਸ ਦੀ ਤਫਤੀਸ਼ ਕਰ ਰਹੀ ਹੈ ਤੇ ਦੂਸਰੀ ਧਿਰ ਦੇ ਇੱਕ ਵਿਅਕਤੀ ਨੂੰ ਵੀ ਸੱਟਾਂ ਲੱਗੀਆਂ ਹਨ, ਜਿਸ ਨੂੰ ਇਲਾਜ ਲਈ ਸਿਵਲ ਹਸਪਤਾਲ ਮਾਨਸਾ ਵਿਖੇ ਦਾਖ਼ਲ ਕਰਵਾਇਆ ਗਿਆ ਹੈ।ਉਨ੍ਹਾਂ ਦੱਸਿਆ ਕਿ ਮ੍ਰਿਤਕ ਦੇ ਵਾਰਿਸਾਂ ਦੇ ਬਿਆਨਾਂ ’ਤੇ ਕਾਰਵਾਈ ਕੀਤੀ ਜਾਵੇਗੀ।ਉਧਰ, ਦੂਜੇ ਪਾਸੇ ਉਪ ਕਪਤਾਨ ਪੁਲਸ ਬੂਟਾ ਸਿੰਘ ਨੇ ਦੱਸਿਆ ਕਿ ਮ੍ਰਿਤਕ ਦੇ ਪਿਤਾ ਗੁਰਮੀਤ ਸਿੰਘ ਪੁੱਤਰ ਹਾਕਮ ਸਿੰਘ ਦੇ ਬਿਆਨਾਂ ਦੇ ਆਧਾਰ ’ਤੇ ਜੈ ਪਾਲ ਸਿੰਘ ਵਾਸੀ ਭਾਦੜਾ, ਚਮਨਾ ਸਿੱਧੂ ਤੇ ਲਖਵਿੰਦਰ ਸਿੰਘ ਉਰਫ਼ ਕੰਗ ਤੋਂ ਇਲਾਵਾ ਕੁੱਝ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਹੈ, ਮੁਲਜ਼ਮਾਂ ਦੀ ਗ੍ਰਿਫਤਾਰੀ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ।ਉਨ੍ਹਾਂ ਦੱਸਿਆ ਕਿ ਇੱਕ ਵਿਅਕਤੀ, ਜਿਸ ਦੇ ਸੱਟਾਂ ਲੱਗੀਆਂ ਹਨ, ਸਿਵਲ ਹਸਪਤਾਲ ਮਾਨਸਾ ਵਿਖੇ ਜ਼ੇਰੇ ਇਲਾਜ਼ ਹੈ।ਪੁਲਸ ਅਧਿਕਾਰੀ ਨੇ ਮੁਲਜ਼ਮਾਂ ਨੂੰ ਜਲਦੀ ਗ੍ਰਿਫਤਾਰ ਕਰਨ ਦੀ ਗੱਲ ਵੀ ਕਹੀ।

## ਵਰਕਰਾਂ ਨੇ ‘ਆਪ’ ਉਮੀਦਵਾਰਾਂ ਦੀ ਜਿੱਤ ’ਤੇ ਲੱਡੂ ਵੰਡੇ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**

ਵਿਧਾਨ ਸਭਾ ਜ਼ਿਮਨੀ ਚੋਣਾਂ ਵਿੱਚ ਲੁਧਿਆਣਾ ਵੈਸਟ ਤੋਂ ‘ਆਪ’ ਉਮੀਦਵਾਰ ਸੰਜੀਵ ਅਰੋੜਾ ਤੇ ਗੁਜਰਾਤ ਵਿਖੇ ਆਮ ਆਦਮੀ ਪਾਰਟੀ ਦੇ ਕੈਂਡੀਡੇਟ ਵੱਲੋਂ ਵੱਡੀ ਜਿੱਤ ਹਾਸਲ ਕਰਨ ਦੀ ਖੁਸ਼ੀ ਵਿੱਚ ਡਾਕਟਰ ਬਲਵੀਰ ਸਿੰਘ ਸਿਹਤ ਮੰਤਰੀ ਪੰਜਾਬ ਦੇ ਸਥਾਨਕ ਦਫਤਰ ਪੰਚਾਇਤ ਭਵਨ ਵਿਖੇ ਲੱਡੂ ਵੰਡੇ ਤੇ ਇੱਕ ਦੂਜੇ ਦਾ ਮੂੰਹ ਮਿੱਠਾ ਕਰਾਇਆ। ਇਸ ਮੌਕੇ ਦਫਤਰ ਦੇ ਇੰਚਾਰਜ ਜਸਬੀਰ ਸਿੰਘ ਗਾਂਧੀ ਨੇ ਦੱਸਿਆ ਕਿ ਇਹ ਜਿੱਤ ਆਮ ਆਦਮੀ ਪਾਰਟੀ ਵੱਲੋਂ ਕੀਤੇ ਕੰਮਾਂ ਦੇ ਨਤੀਜੇ ਵਜੋਂ ਪ੍ਰਾਪਤ ਹੋਈ ਹੈ, ਜਿਵੇਂ ਕਿ ਆਮ ਆਦਮੀ ਪਾਰਟੀ ਵੱਲੋਂ ਪੰਜਾਬ ਦੇ ਲੋਕਾਂ ਨੂੰ ਮੁਫਤ ਬਿਜਲੀ, ਅੱਛੀ ਸਿੱਖਿਆ ਤੇ ਸਿਹਤ ਪ੍ਰਦਾਨ ਕੀਤੀ ਅਤੇ ਕਿਸਾਨਾਂ ਦੇ ਖੇਤਾਂ ਤੱਕ ਨਹਿਰੀ ਪਾਣੀ ਪਹੁੰਚਾਇਆ ਗਿਆ ਹੈ, ਜਿਸ ਤੋਂ ਲੋਕ ਖੁਸ਼ ਹਨ।ਇਸ ਮੌਕੇ ਜਸਬੀਰ ਸਿੰਘ ਗਾਂਧੀ ਦਫ਼ਤਰ ਇੰਚਾਰਜ ਤੇ ਦਿਹਾਤੀ ਕੌਂਸਲਰ ਤੋਂ ਇਲਾਵਾ ਕਰਨਲ ਜੇਵੀ ਸਿੰਘ, ਜੈ ਸ਼ੰਕਰ ਸ਼ਰਮਾ, ਗੱਜਣ ਸਿੰਘ ਮੀਡੀਆ ਸਲਾਹਕਾਰ, ਗੁਰਚਰਨ ਸਿੰਘ ਰੁਪਾਣਾ ਜਨਜਾਤੀ ਸੂਬਾ ਮੀਤ ਪ੍ਰਧਾਨ, ਲਾਲ ਸਿੰਘ ਬਲਾਕ ਪ੍ਰਧਾਨ, ਕੌਂਸਲਰ ਵਾਸਦੇਵ ਤੇ ਸਰਪੰਚ ਹਰਪਾਲ ਸਿੰਘ ਆਦਿ ਹਾਜ਼ਰ ਸਨ।

## ‘ਆਪ’ ਦੀ ਜ਼ਿਮਨੀ ਚੋਣ ’ਚ ਜਿੱਤ ਲੋਕਤੰਤਰ ਦੀ ਜਿੱਤ : ਰਾਜਾ ਮੱਲਕੇ

**ਬਾਘਾ ਪੁਰਾਣਾ (ਮਨੀ ਸਿੰਗਲਾ)**

ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਤੇ ਪਿੰਡ ਮੱਲਕੇ ਦੇ ਸਰਪੰਚ ਰਾਜਾ ਮੱਲਕੇ ਨੇ ਲੁਧਿਆਣਾ ਵਿਖੇ ਹੋਈ ਜ਼ਿਮਨੀ ਚੋਣ ਵਿਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਸੰਜੀਵ ਅਰੋੜਾ ਦੀ ਜਿੱਤ ਨੂੰ ਇਤਿਹਾਸਕ ਕਦਮ ਦੱਸਦਿਆਂ ਲੋਕਤੰਤਰ ਦੀ ਜਿੱਤ ਕਰਾਰ ਦਿੱਤਾ।

ਸਰਪੰਚ ਰਾਜਾ ਮੱਲਕੇ ਨੇ ਲੁਧਿਆਣਾ ਪੱਛਮੀ ਉਪ ਚੋਣ ਤੇ ਗੁਜਰਾਤ ਵਿੱਚ ਆਮ ਆਦਮੀ ਪਾਰਟੀ ਦੇ ਜਿੱਤ ’ਤੇ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਅਮਨ ਅਰੋੜਾ ਤੇ ਲੁਧਿਆਣਾ ਪੱਛਮੀ ਤੋਂ ਜਿੱਤੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਸੰਜੀਵ ਅਰੋੜਾ ਨੂੰ ਪਾਰਟੀ ਦੀ ਸ਼ਾਨਦਾਰ ਜਿੱਤ ’ਤੇ ਵਧਾਈ ਦਿੰਦਿਆਂ ਆਖਿਆ ਕਿ ‘ਆਪ’ ਦੀ ਜਿੱਤ ਨੇ ਦਰਸਾ ਦਿੱਤਾ ਹੈ ਕਿ ਦੇਸ ਨੂੰ ਭਾਜਪਾ ਮੁਕਤ ਕਰਨ ਲਈ ਦੇਸ਼ ਦੇ ਲੋਕ ਕਾਹਲੇ ਪਏ ਹੋਏ ਹਨ।

ਮੱਲਕੇ ਦੱਸਿਆ ਕਿ ਲੁਧਿਆਣਾ ਪੱਛਮੀ ਚੋਣ ਪ੍ਰਚਾਰ ਦੇ ਦੌਰਾਨ ਵਿਰੋਧੀ ਧਿਰ ਦੇ ਨੇਤਾ ਲੁਧਿਆਣਾ ਉਪ ਚੋਣ ਨੂੰ ਸੈਮੀਫਾਈਨਲ ਦੱਸ ਰਹੇ ਸਨ, ਪਰ ਆਮ ਆਦਮੀ ਪਾਰਟੀ ਨੇ ਸੈਮੀਫਾਈਨਲ ਜਿੱਤ ਲਿਆ ਹੈ ਅਤੇ ਹੁਣ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਫਾਈਨਲ ਵੀ ਜਿੱਤਾਂਗੇ, ਲੁਧਿਆਣਾ ਪੱਛਮੀ ਉਪ ਚੋਣ ਦੀ ਜਿੱਤ ਆਮ ਆਦਮੀ ਪਾਰਟੀ ਵੱਲੋਂ ਆਪਣੀ ਤਿੰਨਾਂ ਸਾਲਾਂ ਦੀ ਕਾਰਗੁਜ਼ਾਰੀ ਦੌਰਾਨ ਉਨ੍ਹਾਂ ਵਲੋਂ ਲੋਕ ਪੱਖੀ ਤੇ ਲੋਕ ਹਿੱਤ ਵਿਚ ਕੀਤੇ ਗਏ ਕੰਮਾਂ ਦੀ ਜਿੱਤ ਹੈ।ਸਰਪੰਚ ਰਾਜਾ ਮੱਲਕੇ ਨੇ ਕਿਹਾ ਕਿ ਲੁਧਿਆਣਾ ਪੱਛਮੀ ਵਿਧਾਨ ਸਭਾ ਉਪ ਚੋਣ ਦੇ ਨਤੀਜੇ ਪੰਜਾਬ ਦੇ ਸ਼ਹਿਰੀ ਵੋਟਰਾਂ ਵਿੱਚ ਆਮ ਆਦਮੀ ਪਾਰਟੀ ਪ੍ਰਤੀ ਵਧਦੇ ਵਿਸ਼ਵਾਸ ਨੂੰ ਦਰਸਾਉਂਦੇ ਹਨ ਅਤੇ ‘ਆਪ’ ਸਰਕਾਰ ਨੇ ਪਿਛਲੇ 3 ਸਾਲਾਂ ਵਿਚ ਪੰਜਾਬ ਦੇ ਵਿਕਾਸ ਲਈ ਕਈ ਅਹਿਮ ਕੰਮ ਕੀਤੇ ਹਨ, ਜਿਸ ਨਾਲ ਪੰਜਾਬੀਆਂ ਦਾ ਆਪ ਸਰਕਾਰ ਪ੍ਰਤੀ ਵਿਸ਼ਵਾਸ਼ ਕਾਫ਼ੀ ਵਧਿਆ ਹੈ।ਉਨ੍ਹਾਂ ਕਿਹਾ ਕਿ ਆਪ ਸਰਕਾਰ ਨੇ ਪਿਛਲੇ 3-4 ਮਹੀਨਿਆਂ ਤੋਂ ਪੰਜਾਬ ਵਿੱਚੋਂ ਨਸ਼ਿਆਂ ਨੂੰ ਜੜ੍ਹੋਂ ਖਤਮ ਕਰਨ ਲਈ ਸਰਕਾਰ ਵੱਲੋਂ ਚਲਾਈ ਜਾ ਰਹੀ ਮੁਹਿੰਮ ‘ਯੁੱਧ ਨਸ਼ਿਆਂ ਵਿਰੁੱਧ’ ਕਾਰਨ ਵੀ ਲੋਕਾਂ ਦਾ ਸਰਕਾਰ ਪ੍ਰਤੀ ਵਿਸ਼ਵਾਸ਼ ਵਧਿਆ ਹੈ।

ਇਸ ਤੋਂ ਇਲਾਵਾ ਉਦਯੋਗਪਤੀਆਂ ਲਈ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਸਿੰਗਲ ਵਿੰਡੋ ਪ੍ਰਣਾਲੀ ਨਾਲ ਵਪਾਰੀ ਵਰਗ ਦਾ ਸਰਕਾਰ ਵਿਚ ਭਰੋਸਾ ਵਧਿਆ ਹੈ।ਸਰਪੰਚ ਰਾਜਾ ਮੱਲਕੇ ਨੇ ਇਹ ਵੀ ਦੱਸਿਆ ਕਿ ਪਿਛਲੇ ਦਿਨੀਂ ਜੋ ‘ਆਪ’ ਸਰਕਾਰ ਨੇ ਲੁਧਿਆਣਾ ਸ਼ਹਿਰ ਦੇ ਵਿਸਥਾਰ ਲਈ ਆਪ ਲੈਂਡ ਪੂਲਿੰਗ ਪਾਲਿਸੀ ਤਹਿਤ ਅਰਬਨ ਅਸਟੇਟ ਬਣਾਉਣ ਦਾ ਫੈਸਲਾ ਕੀਤਾ, ਇਸ ਦਾ ਵੀ ਵੋਟਰਾਂ ’ਤੇ ਕਾਫ਼ੀ ਅਸਰ ਪਿਆ, ਕਿਉਂਕਿ ਲੋਕਾਂ ਨੂੰ ਇਸ ਯੋਜਨਾ ਤਹਿਤ ਘੱਟ ਕੀਮਤ ’ਤੇ ਰਿਹਾਇਸ਼ੀ ਪਲਾਟ ਮਿਲਣਗੇ, ਜਿਸ ਨਾਲ ਹਜ਼ਾਰਾਂ ਲੋਕਾਂ ਦਾ ਆਪਣੇ ਘਰ ਦਾ ਸੁਪਨਾ ਪੂਰਾ ਹੋ ਸਕੇਗਾ।

## ਹਰਿਆਊ ’ਚ ਨਸ਼ਿਆਂ ਖਿਲਾਫ਼ ਹੋਇਆ ਵਿਚਾਰ-ਵਟਾਂਦਰਾ



**ਲਹਿਰਾਗਾਗਾ (ਪਵਨ ਸ਼ਰਮਾ)**-ਪਿੰਡ ਹਰਿਆਊ ਵਿਖੇ ਪੰਜਾਬ ਪੁਲਿਸ ਦੁਬਾਰਾ ਚਲਾਏ ਗਏ ਸੰਪਰਕ ਪ੍ਰੋਗਰਾਮ ਤਹਿਤ ਮੀਟਿੰਗ ਕੀਤੀ ਗਈ। ਮੀਟਿੰਗ ਵਿੱਚ ਸ੍ਰੀ ਨਵਰੀਤ ਵਿਰਕ ਪੀ.ਪੀ.ਐਸ. ਕਪਤਾਨ ਪੁਲਸ ਪੀ.ਬੀ.ਆਈ. ਸੰਗਰੂਰ, ਸ੍ਰੀ ਦੀਪਇੰਦਰਪਾਲ ਸਿੰਘ ਜੇਜੀ ਪੀ.ਪੀ.ਐਸ. ਉਪ ਕਪਤਾਨ ਪੁਲਿਸ, ਸਬ ਡਵੀਜ਼ਨ ਲਹਿਰਾ, ਥਾਣੇਦਾਰ ਕਰਮਜੀਤ ਸਿੰਘ ਮੁੱਖ ਅਫਸਰ ਥਾਣਾ ਲਹਿਰਾ ਵਿਲੇਜ ਡਿਫੈਂਸ ਕਮੇਟੀ ਮੈਂਬਰ, ਪਿੰਡ ਦੀ ਪੰਚਾਇਤ ਤੇ ਪਿੰਡ ਦੇ ਨੌਜਵਾਨ ਇਕੱਠੇ ਹੋਏ।ਮੀਟਿੰਗ ਵਿੱਚ ਪਿੰਡ ਹਰਿਆਊ ਵਿਖੇ ਨਸ਼ਿਆਂ ਦੇ ਕਾਰੋਬਾਰ ਖਿਲਾਫ ਪੁਲਸ ਵੱਲੋਂ ਕੀਤੀ ਗਈ ਕਾਰਵਾਈ ਤੇ ਨੌਜਵਾਨੀ ਨੂੰ ਨਸ਼ਿਆਂ ਤੋਂ ਛੁਡਵਾਉਣ ਸਬੰਧੀ ਵਿਚਾਰ-ਵਟਾਂਦਰਾ ਹੋਇਆ।ਪਿੰਡ ਦੇ ਲੋਕਾਂ ਤੇ ਪੰਚਾਇਤ ਨੇ ਪੁਲਸ ਦੀ ਕਾਰਵਾਈ ਉੱਤੇ ਸੰਤੁਸ਼ਟੀ ਜ਼ਾਹਰ ਕੀਤੀ।ਪੰਜਾਬ ਸਰਕਾਰ ਦੇ ਨਸ਼ਿਆਂ ਵਿਰੁੱਧ ਪ੍ਰੋਗਰਾਮ ਨਾਲ ਸਹਿਮਤੀ ਪ੍ਰਗਟਾਉਂਦੇ ਪਿੰਡ ਦੇ ਲੋਕਾਂ ਵੱਲੋਂ ਕਿਸੇ ਵੀ ਨਸ਼ਾ ਤਸਕਰ ਦੀ ਜਮਾਨਤ ਨਾ ਦੇਣ ਦੀ ਗੱਲ ਕਹੀ ਹੈ।ਮੀਟਿੰਗ ਦੌਰਾਨ ਪਿੰਡ ਦੇ ਲੋਕਾਂ ਵੱਲੋਂ ਪੰਜਾਬ ਸਰਕਾਰ ਦੁਆਰਾ ਚਲਾਏ ਜਾ ਰਹੇ ‘ਯੁੱਧ ਨਸ਼ਿਆਂ ਵਿਰੁੱਧ’ ਮੁਹਿੰਮ ਦੀ ਸ਼ਲਾਘਾ ਕਰਦੇ ਹੋਏ ਕਿਹਾ ਗਿਆ ਕਿ ਉਨ੍ਹਾਂ ਦੇ ਪਿੰਡ ਵਿੱਚ ਪੰਜਾਬ ਪੁਲਸ ਵੱਲੋ ਨਸ਼ੇ ਦਾ ਕਾਰੋਬਾਰ ਕਰਨ ਵਾਲੇ ਵਿਅਕਤੀਆਂ ਖਿਲਾਫ਼ ਕੀਤੀ ਗਈ ਕਾਰਵਾਈ ਤੋਂ ਸਾਰਾ ਹੀ ਪਿੰਡ ਬਹੁਤ ਸੰਤੁਸ਼ਟ ਹੈ।ਪਿੰਡ ਦੇ ਲੋਕ ਸਰਕਾਰ ਤੇ ਪੰਜਾਬ ਪੁਲਸ ਦਾ ਅੱਗੇ ਵੀ ਸਹਿਯੋਗ ਕਰਦੇ ਰਹਿਣਗੇ।ਸ੍ਰੀ ਨਵਰੀਤ ਵਿਰਕ ਪੀ.ਪੀ.ਐਸ. ਕਪਤਾਨ ਪੁਲਸ ਪੀ.ਬੀ.ਆਈ. ਸੰਗਰੂਰ ਵੱਲੋਂ ਮੀਟਿੰਗ ਵਿੱਚ ਮੌਜੂਦ ਨੌਜਵਾਨਾਂ ਨੂੰ ਪੜ੍ਹਾਈ-ਲਿਖਾਈ ਤੇ ਖੇਡਾਂ ਪ੍ਰਤੀ ਜਾਗੂਰਕ ਕੀਤਾ ਗਿਆ।

## ਡੀ ਐੱਸ ਪੀ ਤੇ ਥਾਣਾ ਮੁਖੀ ਵੱਲੋਂ ਚਾਰ ਪਿੰਡਾਂ ’ਚ ਨਸ਼ੇ ਖ਼ਿਲਾਫ਼ ਸਰਚ ਅਭਿਆਨ




**ਬਾਘਾ ਪੁਰਾਣਾ (ਮਨੀ ਸਿੰਗਲਾ)**-ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪੰਜਾਬ ਪੁਲਸ ਵੱਲੋਂ ਨਸ਼ਿਆਂ ਦੀ ਰੋਕਥਾਮ ਤੇ ਸਮਾਜ ਦੇ ਮਾੜੇ ਅਨਸਰਾਂ ਨੂੰ ਕਾਬੂ ਕਰਨ ਲਈ ਜਾਰੀ ਮੁਹਿੰਮ ‘ਯੁੱਧ ਨਸ਼ਿਆਂ ਵਿਰੁੱਧ’ ਤਹਿਤ ਅੱਜ ਵਿਸ਼ੇਸ਼ ਘੇਰਾਬੰਦੀ ਤੇ ਸਰਚ ਆਪ੍ਰੇਸ਼ਨ (ਕਾਸੋ) ਚਲਾਇਆ ਗਿਆ।ਇਸ ਮੁਹਿੰਮ ਤਹਿਤ ਐੱਸ.ਐੱਸ.ਪੀ. ਮੋਗਾ ਅਜੇ ਗਾਂਧੀ ਦੇ ਦਿਸ਼ਾ ਨਿਰਦੇਸ਼ਾਂ ਹੇਠ ਸਬ ਡਵੀਜ਼ਨ ਬਾਘਾ ਪੁਰਾਣਾ ਅਧੀਨ ਪੈਂਦੇ ਚਾਰ ਪਿੰਡਾਂ ਸੰਗਤਪੁਰਾ, ਰਾਜਿਆਣਾ, ਸਮਾਧ ਭਾਈ ਤੇ ਘੋਲੀਆ ਵਿਖੇ ਡੀਐੱਸਪੀ ਦਲਵੀਰ ਸਿੰਘ ਸਿੱਧੂ ਤੇ ਥਾਣਾ ਮੁਖੀ ਕਮਲਜੀਤ ਸਿੰਘ ਦੀ ਅਗਵਾਈ ਹੇਠ ਡਰੱਗ ਹੋਟਸਪੋਟ ਤੇ ਹੋਰ ਸ਼ੱਕੀ ਸਥਾਨਾਂ ਉੱਪਰ ਸਰਚ ਆਪ੍ਰੇਸ਼ਨ ਚਲਾਇਆ ਗਿਆ।ਇਸ ਆਪ੍ਰੇਸ਼ਨ ਦੌਰਾਨ ਪੁਲਸ ਕ੍ਰਮਚਾਰੀਆਂ ਦੀਆਂ ਵੱਖ-ਵੱਖ ਟੀਮਾਂ ਵੱਲੋਂ ਘਰਾਂ ਦੀ ਤਲਾਸ਼ੀ ਲਈ ਗਈ ਤੇ ਜੋ ਵਿਅਕਤੀ ਪਹਿਲਾਂ ਤੋਂ ਨਸ਼ੇ ਦੀ ਤਸਕਰੀ ਤੇ ਵਿੱਕਰੀ ਕਰਦੇ ਹਨ, ਉਨ੍ਹਾਂ ਦੇ ਘਰਾਂ ਦੀ ਚੈਕਿੰਗ ਕਰਨ ਦੇ ਇਲਾਵਾ ਸ਼ੱਕੀ ਵਿਅਕਤੀਆਂ ਨੂੰ ਪੁੱਛਗਿੱਛ ਲਈ ਹਿਰਾਸਤ ਵਿੱਚ ਵੀ ਲਿਆ।ਇਸ ਮੌਕੇ ਡੀ ਐੱਸ ਪੀ ਦਲਵੀਰ ਸਿੰਘ ਸਿੱਧੂ ਨੇ ਕਿਹਾ ਕਿ ਉਨ੍ਹਾਂ ਵੱਲੋਂ ਚੈਕਿੰਗ ਦੌਰਾਨ ਕਈ ਵ੍ਹੀਕਲ ਵੀ ਜਾਂਚ ਲਈ ਲਿਆਂਦੇ ਗਏ ਹਨ।ਇਸ ਮੌਕੇ ਡੀ ਐੱਸ ਪੀ ਦਲਵੀਰ ਸਿੰਘ ਸਿੱਧੂ ਤੇ ਥਾਣਾ ਬਾਘਾ ਪੁਰਾਣਾ ਦੇ ਮੁਖੀ ਕਮਲਜੀਤ ਸਿੰਘ ਨੇ ਕਿਹਾ ਕਿ ਚੈਕਿੰਗ ਦੌਰਾਨ ਸ਼ੱਕੀ ਵਿਅਕਤੀਆਂ ਦੇ ਘਰਾਂ ਤੇ ਉਨ੍ਹਾਂ ਦੇ ਸ਼ੱਕੀ ਟਿਕਾਣਿਆਂ ਉੱਪਰ ਸਰਚ ਕੀਤੀ ਗਈ।ਸ਼ੱਕੀ ਵਿਅਕਤੀਆਂ ਦੀ ਪੁੱਛਗਿੱਛ ਕੀਤੀ ਜਾ ਰਹੀ ਹੈ।ਇਸ ਤੋਂ ਇਲਾਵਾ ਸ਼ੱਕੀ ਵਹੀਕਲਾਂ ਨੂੰ ਵੀ ਚੈੱਕ ਕੀਤਾ ਗਿਆ ਹੈ। ਉਨ੍ਹਾਂ ਆਮ ਪਬਲਿਕ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਨਸ਼ਾ ਮੁਕਤ ਪੰਜਾਬ ਦੀ ਸਿਰਜਣਾ ਸਬੰਧੀ ਪੁਲਸ ਵਿਭਾਗ ਨੂੰ ਸਹਿਯੋਗ ਦੇਣ ਤੇ ਜੇਕਰ ਉਨ੍ਹਾਂ ਪਾਸ ਨਸ਼ਾ ਵੇਚਣ ਅਤੇ ਖ੍ਰੀਦਣ ਜਾਂ ਕਰਨ ਆਦਿ ਸਬੰਧੀ ਜਾਣਕਾਰੀ ਹੈ ਤਾਂ ਉਹ ਪੁਲਸ ਦੇ ਕੰਟਰੋਲ ਰੂਮ ਜਾਂ ਸੇਫ ਪੰਜਾਬ ਹੈਲਪਲਾਈਨ ਨੰਬਰ ’ਤੇ ਸੂਚਿਤ ਕਰ ਸਕਦੇ ਹਨ, ਉਨ੍ਹਾਂ ਦੀ ਪਛਾਣ ਨੂੰ ਗੁਪਤ ਰੱਖਿਆ ਜਾਵੇਗਾ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਤੇ ਸਮਾਜ ਦੇ ਮਾੜੇ ਅਨਸਰਾਂ ਖਿਲਾਫ ਵਿੱਢੀ ਗਈ ਮੁਹਿੰਮ ਅਧੀਨ ਨਸ਼ਿਆਂ ਦੇ ਖਾਤਮੇ ਲਈ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ।

## ਨਸ਼ਾ ਵਿਰੋਧੀ ਸੈਮੀਨਾਰ ਕਰਾਇਆ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਪੁਲਸ ਸਬ ਡਵੀਜ਼ਨ ਵੱਲੋਂ ਨਸ਼ਿਆਂ ਖ਼ਿਲਾਫ਼ ਵਿੱਢੀ ਗਈ ਮੁਹਿੰਮ ਦੇ ਤਹਿਤ ਸੈਮੀਨਾਰ ਡੀ.ਐੱਸ.ਪੀ. ਜਤਿੰਦਰਪਾਲ ਸਿੰਘ ਦੀ ਅਗਵਾਈ ਹੇਠ ਕਰਾਇਆ ਗਿਆ।ਸੈਮੀਨਾਰ ਵਿੱਚ ਜ਼ਿਲ੍ਹਾ ਪੁਲਸ ਮੁਖੀ ਮੁਹੰਮਦ ਸਰਫ਼ਰਾਜ਼ ਆਲਮ ਵੱਲੋਂ ਵਿਸ਼ੇਸ਼ ਸ਼ਮੂਲੀਅਤ ਕਰ ਕੇ ਲੋਕਾਂ ਦੇ ਇਕੱਠ ਨੂੰ ਸੰਬੋਧਨ ਕੀਤਾ ਤੇ ਨਸ਼ਿਆਂ ਦੇ ਮਾੜੇ ਪ੍ਰਭਾਵ ਤੋਂ ਜਾਣੂ ਕਰਾਇਆ।ਐੱਸ.ਐੱਸ.ਪੀ. ਨੇ ਸੰਬੋਧਨ ਕਰਦਿਆਂ ਕਿਹਾ ਕਿ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਤਹਿਤ ਪੁਲਸ ਸਬ ਡਵੀਜ਼ਨ ਵੱਲੋਂ ਨਸ਼ਿਆਂ ਦੇ ਖ਼ਾਤਮੇ ਲਈ ਜ਼ਿਲ੍ਹੇ ਭਰ ਵਿੱਚੋਂ ਪਹਿਲੇ ਸਥਾਨ ’ਤੇ ਕੰਮ ਕੀਤਾ ਹੈ।ਉਨ੍ਹਾਂ ਇਲਾਕੇ ਭਰ ਦੀਆਂ ਗ੍ਰਾਮ ਪੰਚਾਇਤਾਂ, ਸਮਾਜਿਕ ਕਲੱਬਾਂ ਨਸ਼ਿਆਂ ਦੇ ਮਾੜੇ ਪ੍ਰਭਾਵ ਨੂੰ ਰੋਕਣ ਲਈ ਪੁਲਿਸ ਨੂੰ ਇਸੇ ਤਰ੍ਹਾਂ ਸਹਿਯੋਗ ਕਰਨ ਦੀ ਅਪੀਲ ਕੀਤੀ। ਸੈਮੀਨਾਰ ਵਿੱਚ ਐੱਸ.ਪੀ. (ਡੀ) ਅਸ਼ੋਕ ਕੁਮਾਰ, ਡੀ.ਐੱਸ.ਪੀ. ਜਤਿੰਦਰਪਾਲ ਸਿੰਘ, ਨਿਰਭੈ ਸਿੰਘ ਛੀਨੀਵਾਲ ਕਲਾਂ, ਮਨਜੀਤ ਸਿੰਘ ਸਹਿਜੜਾ ਇਲਾਵਾ ਬਲਾਕ ਮਹਿਲ ਕਲਾਂ ਦੇ ਪਿੰਡਾਂ ਨਾਲ ਸਬੰਧਤ ਗ੍ਰਾਮ ਪੰਚਾਇਤਾਂ, ਕਲੱਬਾਂ ਭਰਵੀਂ ਸ਼ਮੂਲੀਅਤ ਕੀਤੀ ਗਈ।

## ਖ਼ੂਨਦਾਨ ਕੈਂਪ ’ਚ 35 ਯੂਨਿਟ ਖ਼ੂਨਦਾਨ



**ਸਨੌਰ (ਰਾਜਿੰਦਰ ਸਿੰਘ ਥਿੰਦ)**-‘ਜਾਗਦੇ ਰਹੋ ਕਲੱਬ’ ਨੇ ਹਾਂਡਾ ਫਾਰਮ ਦੇ ਸਹਿਯੋਗ ਨਾਲ ਹਾਂਡਾ ਫਾਰਮ ’ਤੇ ਸਮਿਵਿੰਗ ਪੂਲ ਖਾਂਸਿਆ ਰੋਡ ਸਨੌਰ ਵਿਖੇ ਖ਼ੂਨਦਾਨ ਕੈਂਪ ਲਾਇਆ ਗਿਆ।ਇਹ ਖ਼ੂਨਦਾਨ ਕੈਂਪ ਪਾਲੀ ਹਾਂਡਾ ਦੀ ਯੋਗ ਹੇਠ ਲਾਇਆ ਗਿਆ।ਖ਼ੂਨਦਾਨ ਕੈਂਪ ਦਾ ਰਸਮੀ ਉਦਘਾਟਨ ਪਾਲੀ ਹਾਂਡਾ ਨੇ ਖ਼ੂਨਦਾਨ ਕਰਕੇ ਕੀਤਾ।ਖ਼ੂਨਦਾਨ ਕੈਂਪ ਵਿੱਚ ਡਾ. ਗੁਰਸੰਤ ਸਿੰਘ ਬੋਸਰ ਤੇ ਕਮਲ ਬਾਊਂਸਰ ਪਟਿਆਲਾ ਸਮੇਤ 35 ਖ਼ੂਨਦਾਨੀਆਂ ਨੇ ਖ਼ੂਨਦਾਨ ਕੀਤਾ।ਪਾਲੀ ਹਾਂਡਾ ਨੇ ਕਿਹਾ ਕਿ ਹਰੇਕ ਤੰਦਰੁਸਤ ਇਨਸਾਨ ਨੂੰ ਖ਼ੂਨਦਾਨ ਕਰਨਾ ਚਾਹੀਦਾ ਹੈ।ਖ਼ੂਨਦਾਨ ਸਭ ਤੋਂ ਉੱਤਮ ਦਾਨ ਹੈ।ਖ਼ੂਨ ਨੂੰ ਕਿਸੇ ਬਨਾਉਟੀ ਢੰਗ ਨਾਲ ਤਿਆਰ ਨਹੀਂ ਕੀਤਾ ਜਾ ਸਕਦਾ, ਇਹ ਸਿਰਫ਼ ਮਨੁੱਖੀ ਸਰੀਰ ਅੰਦਰ ਕੁਦਰਤੀ ਰੂਪ ’ਚ ਤਿਆਰ ਹੁੰਦਾ ਹੈ।ਜਾਗਦੇ ਰਹੋ ਕਲੱਬ ਦੀ ਸਲਾਘਾ ਕਰਦਿਆਂ ਕਿਹਾ ਕਿ ਕਲੱਬ ਲੰਮੇ ਸਮੇਂ ਤੋਂ ਖ਼ੂਨਦਾਨ ਦੇ ਖੇਤਰ ਵਿੱਚ ਕੰਮ ਕਰ ਰਿਹਾ ਹੈ। ਲੋੜ ਪੈਣ ’ਤੇ ਕਲੱਬ ਤੁਰੰਤ ਐਮਰਜੈਂਸੀ ਮਰੀਜ਼ਾਂ ਦੀ ਮੱਦਦ ਕਰਨ ਲਈ ਤਿਆਰ ਰਹਿੰਦਾ ਹੈ।

## ‘ਆਪ’ ਦੀਆਂ ਨੀਤੀਆਂ ਤੋਂ ਪੰਜਾਬ ਵਾਸੀ ਖ਼ੁਸ਼ : ਵਿਧਾਇਕ ਰਾਏ

### ਸੰਜੀਵ ਅਰੋੜਾ ਦੀ ਜਿੱਤ ਦੀ ਖੁਸ਼ੀ ’ਚ ਲੱਡੂ ਵੰਡੇ



**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਹਲਕਾ ਫਤਿਹਗੜ੍ਹ ਸਾਹਿਬ ਦੇ ਵਿਧਾਇਕ ਐਡਵੋਕੇਟ ਲਖਬੀਰ ਸਿੰਘ ਰਾਏ ਦੇ ਦਫਤਰ ਵਿਖੇ ਪਾਰਟੀ ਵਰਕਰਾਂ ਵੱਲੋਂ ਸੰਜੀਵ ਅਰੋੜਾ ਦੀ ਜਿੱਤ ਦੀ ਖੁਸ਼ੀ ਵਿੱਚ ਜਿੱਥੇ ਜਸ਼ਨ ਮਨਾਇਆ ਗਿਆ, ਉੱਥੇ ਹੀ ਲੱਡੂ ਵੰਡੇ ਗਏ।

ਇਸ ਮੌਕੇ ਵਿਧਾਇਕ ਲਖਬੀਰ ਸਿੰਘ ਰਾਏ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਨੇ ਲੁਧਿਆਣਾ ਦੇ ਪੱਛਮੀ ਵਿਧਾਨ ਸਭਾ ਹਲਕੇ ਤੋਂ ਜ਼ਿਮਨੀ ਚੋਣ ਜਿੱਤ ਕੇ ਇਤਿਹਾਸ ਕਾਇਮ ਕੀਤਾ ਹੈ।ਉਨ੍ਹਾਂ ਕਿਹਾ ਕਿ ਮਾਣਯੋਗ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿੱਚ ਮਾਨ ਸਰਕਾਰ ਲੋਕ ਹਿੱਤ ਵਿੱਚ ਵੱਡੇ ਵੱਡੇ ਫੈਸਲੇ ਲੈ ਰਹੀ ਹੈ।ਪੰਜਾਬ ਸਰਕਾਰ ਵੱਲੋਂ ਜਿੱਥੇ ਕਿਸਾਨਾਂ ਨੂੰ ਝੋਨਾ ਲਗਾਉਣ ਲਈ ਪੂਰੀ ਬਿਜਲੀ ਸਪਲਾਈ ਦਿੱਤੀ ਜਾ ਰਹੀ ਹੈ, ਉੱਥੇ ਹੀ ਗਰੀਬ ਵਰਗ ਨਾਲ ਜੁੜੇ ਲੋਕਾਂ ਦਾ ਕਰੋੜਾਂ ਰੁਪਏ ਕਰਜ਼ ਮੁਆਫ ਕਰਕੇ ਇਤਿਹਾਸ ਰਚਿਆ ਗਿਆ ਹੈ।ਇਸ ਤੋਂ ਇਲਾਵਾ ਸਕੂਲੀ ਸਿੱਖਿਆ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ, ਜਿਸ ਦੀ ਬਦੌਲਤ ਸੂਬੇ ਦੇ ਸਕੂਲ ਦੇਸ਼ ਭਰ ਦੇ ਵਿੱਚ ਦੂਜੇ ਨੰਬਰ ’ਤੇ ਆਏ ਹਨ।ਇੱਥੇ ਹੀ ਬੱਸ ਨਹੀਂ, ਆਈ ਆਈ ਟੀ ਤੇ ਨੀਟ ਵਿੱਚ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੇ ਚੰਗੀਆਂ ਉਪਲਬਧੀਆਂ ਹਾਸਲ ਕੀਤੀਆਂ ਹਨ।ਇਸ ਮੌਕੇ ਹੋਰਨਾਂ ਤੋਂ ਇਲਾਵਾ ਨਾਹਰ ਸਿੰਘ ਆਦਮਪੁਰ, ਗੁਰਦਿਆਲ ਚੰਦ ਬਡਾਲੀ ਮਾਈ ਕੀ, ਕੰਵਰਬੀਰ ਸਿੰਘ ਰਾਏ, ਬਲਵੀਰ ਸਿੰਘ ਚੀਮਾ, ਪੀ ਏ ਸਤੀਸ਼ ਕੁਮਾਰ ਲਟੌਰ, ਗੁਰਜੀਤ ਸਿੰਘ ਬਿਟਾ, ਅਮਰਜੀਤ ਸਿਘ ਦੁਭਾਲੀ, ਜਗਰੂਪ ਸਿੰਘ ਸਰਪੰਚ, ਮਾ. ਨੌਰੰਗ ਸਿੰਘ, ਅਮਰੀਕ ਸਿੰਘ ਸਰਪੰਚ ਬਾਲਮਪੁਰ, ਗੁਰਦੀਪ ਸਿੰਘ ਸਰਪੰਚ ਜਖਵਾਲੀ, ਰਮੇਸ਼ ਸਿੰਘ ਸਰਪੰਚ ਛੰਨਾ, ਜੋਗਿੰਦਰ ਸਿੰਘ ਲੰਬੜਦਾਰ, ਜਗਪਾਲ ਸਿੰਘ ਐੱਸ.ਡੀ.ਓ, ਜਸਵੀਰ ਸਿੰਘ ਨੰਬਰਦਾਰ, ਰਾਜਵਿੰਦਰ ਸਿੰਘ ਸਰਪੰਚ ਖਰੇ, ਗੁਰਪ੍ਰੀਤ ਸਿੰਘ ਸਰਪੰਚ ਚੋਰਵਾਲਾ, ਦਫ਼ਤਰੀ ਪੀ ਏ ਬਹਾਦਰ ਖ਼ਾਂ, ਹਰਵਿੰਦਰ ਸੂਦ, ਸੁਭਾਸ਼ ਸੂਦ, ਅਜੀਤ ਸਿੰਘ ਤਿੰਬਰਪੁਰ, ਕੁਲਵਿੰਦਰ ਸਿੰਘ, ਮਨਦੀਪ ਸਿੰਘ ਪੋਲਾ, ਕੁਲਵੀਰ ਸਿੰਘ, ਸੁਰਿੰਦਰ ਸਿੰਘ, ਗੁਰਨੈਬ ਸਿੰਘ ਸਰਪੰਚ ਹਿੰਦੂਪੁਰ, ਚੂਹੜ ਸਿੰਘ, ਪਵੇਲ ਹਾਂਡਾ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਵਲੰਟੀਅਰ ਤੇ ਅਹੁਦੇਦਾਰ ਹਾਜ਼ਰ ਸਨ।

## ਲੁਧਿਆਣਾ ਵਾਸੀਆਂ ‘ਆਪ’ ਸਰਕਾਰ ਦੇ ਵਿਕਾਸ ਤੇ ਸੇਵਾ ਦੇ ਏਜੰਡੇ ਨੂੰ ਕੀਤਾ ਸਵੀਕਾਰ : ਆਗੂ

### ਵਿਧਾਇਕ ਸੁਖਾਨੰਦ ਨੇ ਸੰਜੀਵ ਅਰੋੜਾ ਦੀ ਜਿੱਤ ਲਈ ਕੀਤਾ ਦਿਨ-ਰਾਤ ਇਕ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਲੁਧਿਆਣਾ ਪੱਛਮੀ ਜ਼ਿਮਨੀ ਚੋਣਾਂ ਦੇ ਨਤੀਜਿਆਂ ਵਿੱਚ ਆਪ ਉਮੀਦਵਾਰ ਸੰਜੀਵ ਅਰੋੜਾ ਨੇ ਵਿਰੋਧੀਆਂ ਨੂੰ ਪਛਾੜਦਿਆਂ ਵੱਡੀ ਲੀਡ ਨਾਲ ਜਿੱਤ ਪ੍ਰਾਪਤ ਕਰਦਿਆਂ ਇਹ ਸੀਟ ਜਿੱਤ ਕੇ ਆਮ ਆਦਮੀ ਪਾਰਟੀ ਦੀ ਝੋਲੀ ਵਿੱਚ ਪਾਏ ਜਾਣ ਦੇ ਬਾਅਦ ਹਲਕਾ ਬਾਘਾ ਪੁਰਾਣਾ ਅੰਦਰ ਆਮ ਆਦਮੀ ਪਾਰਟੀ ਦੇ ਆਗੂਆਂ ਤੇ ਵਰਕਰਾਂ ਵਿੱਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ।ਆਪ ਪਾਰਟੀ ਦੇ ਉਮੀਦਵਾਰ ਸੰਜੀਵ ਅਰੋੜਾ ਦੀ ਹੋਈ ਸ਼ਾਨਦਾਰ ਜਿੱਤ ’ਤੇ ਖੁਸ਼ੀ ਪ੍ਰਗਟ ਕਰਦਿਆਂ ਨਗਰ ਕੌਂਸਲ ਬਾਘਾ ਪੁਰਾਣਾ ਦੇ ਉੱਪ ਪ੍ਰਧਾਨ ਰਣਜੀਤ ਸਿੰਘ ਟੀਟੂ ਬਰਾੜ, ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਪਵਨ ਗੁਪਤਾ, ਮਾਰਕੀਟ ਕਮੇਟੀ ਬਾਘਾ ਪੁਰਾਣਾ ਦੇ ਚੇਅਰਮੈਨ ਮਨਦੀਪ ਸਿੰਘ ਮਾਨ ਕੋਟਲਾ, ਮਾਰਕੀਟ ਕਮੇਟੀ ਦੇ ਸਾਬਕਾ ਚੇਅਰਮੈਨ ਤੇ ਆਪ ਸੀਨੀਅਰ ਆਗੂ ਸੁਭਾਸ਼ ਗੋਇਲ ਅਤੇ ਆਪ ਆਗੂ ਵਿੱਕੀ ਸੁੱਖਾਨੰਦ ਨੇ ਕਿਹਾ ਕਿ ਸੰਜੀਵ ਅਰੋੜਾ ਨੂੰ ਲੁਧਿਆਣਾ ਪੱਛਮੀ ਤੋਂ ਵਿਧਾਇਕ ਚੁਣੇ ਜਾਣ ’ਤੇ ਵਧਾਈ ਦਿੰਦਿਆਂ ਆਖਿਆ ਕਿ ਲੁਧਿਆਣਾ ਵਾਸੀਆਂ ਨੇ ਆਪ ਦੀ ਸਰਕਾਰ ਦੇ ਵਿਕਾਸ ਤੇ ਸੇਵਾ ਦੇ ਏਜੰਡੇ ਨੂੰ ਸਵੀਕਾਰ ਕਰਦਿਆਂ ਆਪਣਾ ਫ਼ੱਤਵਾ ਆਪ ਦੇ ਹੱਕ ਵਿੱਚ ਦੇ ਕੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਦੀਆਂ ਨੀਤੀਆਂ ਤੇ ਉਨ੍ਹਾਂ ਵੱਲੋਂ ਕੀਤੇ ਜਾਂਦੇ ਕੰਮਾਂ ਨੂੰ ਸਵੀਕਾਰਿਆ ਹੈ।ਉਕਤ ਆਗੂਆਂ ਨੇ ਆਖਿਆ ਕਿ ਭਾਵੇਂ ਆਪ ਵਿਰੋਧੀ ਆਗੂਆਂ ਨੇ ਉਨ੍ਹਾਂ ਵਿੱਚ ਭਾਵੇਂ ਕਾਂਗਰਸ ਪਾਰਟੀ ਹੋਵੇ, ਭਾਵੇਂ ਅਕਾਲੀ ਦਲ ਤੇ ਭਾਵੇਂ ਭਾਰਤੀ ਜਨਤਾ ਪਾਰਟੀ ਦੇ ਆਗੂਆਂ ਵੱਲੋਂ ਲੁਧਿਆਣਾ ਵਾਸੀਆਂ ਨੂੰ ਗੁੰਮਰਾਹ ਕਰਨ ਲਈ ਬਹੁਤ ਭੰਡੀ ਪ੍ਰਚਾਰ ਕੀਤਾ ਗਿਆ, ਪਰ ਲੁਧਿਆਣਾ ਦੇ ਲੋਕ ਇਨ੍ਹਾਂ ਦੀਆਂ ਗੱਲਾਂ ’ਚ ਨਹੀਂ ਆਏ।ਉਨ੍ਹਾਂ ਕਿਹਾ ਕਿ ਹਲਕਾ ਬਾਘਾ ਪੁਰਾਣਾ ਦੇ ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ ਆਪਣੀ ਟੀਮ ਦੇ ਨਾਲ ਵੋਟਾਂ ਪਾਉਣ ਦੇ ਅਖੀਰਲੇ ਦਿਨ ਤੱਕ ਲੁਧਿਆਣਾ ਪੱਛਮੀ ਖੇਤਰ ਦੇ ਇਲਾਕੇ ਵਿੱਚ ਡਟੇ ਰਹੇ ਅਤੇ ਦਿਨ-ਰਾਤ ਇਕ ਕਰ ਕੇ ਸੰਜੀਵ ਅਰੋੜਾ ਦੀ ਚੋਣ ਨੂੰ ਸਫਲ ਬਣਾਇਆ, ਜਿਸ ਦਾ ਨਤੀਜਾ ਅੱਜ ਸਾਰਿਆਂ ਦੇ ਸਾਹਮਣੇ ਹੈ।ਉਨ੍ਹਾਂ ਕਿਹਾ ਕਿ ਸੰਜੀਵ ਅਰੋੜਾ ਦੀ ਜਿੱਤ ਲਈ ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ ਦਾ ਵੀ ਅਹਿਮ ਯੋਗਦਾਨ ਹੈ।

## ‘ਆਪ’ ਆਗੂਆਂ ਤੇ ਵਰਕਰਾਂ ਨੇ ਜਿੱਤ ਦੇ ਜਸ਼ਨ ਮਨਾਏ

**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**-ਵਿਧਾਨ ਸਭਾ ਦੀ ਲੁਧਿਆਣਾ ਪੱਛਮੀ ਸੀਟ ਦੀ ਹੋਈ ਜ਼ਿਮਨੀ ਚੋਣ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਸੰਜੀਵ ਅਰੋੜਾ ਵੱਲੋਂ ਆਪਣੇ ਵਿਰੋਧੀ ਕਾਂਗਰਸੀ ਉਮੀਦਵਾਰ ਭਾਰਤ ਭੂਸ਼ਣ ਆਸ਼ੂ ਨੂੰ ਵੱਡੇ ਫਰਕ ਨਾਲ ਹਰਾਉਣ ਦੀ ਖੁਸ਼ੀ ਵਿੱਚ ਸ਼ਹਿਰ ਦੇ ਵੱਖ-ਵੱਖ ਬਾਜ਼ਾਰਾਂ ਵਿੱਚ ਜਸ਼ਨ ਮਨਾਏ ਗਏ।ਇਸ ਮੌਕੇ ਪਾਰਟੀ ਆਗੂਆਂ ਨੇ ਵੱਖ-ਵੱਖ ਥਾਵਾਂ ’ਤੇ ਸੰਬੋਧਨ ਕਰਦਿਆਂ ਕਿਹਾ ਕਿ ਲੁਧਿਆਣਾ ਪੱਛਮੀ ਦੇ ਵੋਟਰਾਂ ਨੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਸੰਜੀਵ ਅਰੋੜਾ ਨੂੰ ਜਿੱਤ ਹਾਸਲ ਕਰਵਾ ਕੇ ਆਮ ਆਦਮੀ ਪਾਰਟੀ, ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ ਪੰਜਾਬ ਸ੍ਰ. ਭਗਵੰਤ ਸਿੰਘ ਮਾਨ ਤੇ ਸੂਬਾ ਪ੍ਰਧਾਨ ਸ੍ਰੀ ਅਮਨ ਅਰੋੜਾ ਦੀਆਂ ਲੋਕਪੱਖੀ ਨੀਤੀਆਂ ਤੇ ਉਨ੍ਹਾਂ ਵੱਲੋਂ ਵੱਡੇ ਪੱਧਰ ’ਤੇ ਕੀਤੇ ਗਏ ਵਿਕਾਸ ਕਾਰਜਾਂ ਉੱਤੇ ਮੋਹਰ ਲਗਾਈ ਹੈ। ਉਨ੍ਹਾਂ ਕਿਹਾ ਕਿ ਲੁਧਿਆਣਾ ਵਾਸੀਆਂ ਨੇ ਦੂਸਰੀਆਂ ਪਾਰਟੀਆਂ ਦੇ ਕੂੜ ਪ੍ਰਚਾਰ ਨੂੰ ਵੀ ਨਕਾਰਿਆ ਹੈ।ਇਸ ਮੌਕੇ ਹੋਰਨਾਂ ਤੋਂ ਇਲਾਵਾ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਸਾਹਿਬ ਸਿੰਘ ਤੇ ਸੰਦੀਪ ਜਿੰਦਲ ਦੋਵੇਂ ਬਲਾਕ ਪ੍ਰਧਾਨ, ਸੰਜੀਵ ਕੁਮਾਰ ਪੀ ਏ, ਸੁਭਾਸ਼ ਤਨੇਜਾ, ਹਰਵਿੰਦਰ ਸਿੰਘ, ਨਰਿੰਦਰ ਸਿੰਘ, ਚਮਕੌਰ ਹਾਂਡਾ ਕੌਂਸਲਰ, ਕਨ੍ਹੱਈਆ ਲਾਲ ਕੌਂਸਲਰ, ਗੁਰਤੇਗ ਸਿੰਘ ਕੌਂਸਲਰ, ਗੁਰਚਰਨ ਸਿੰਘ ਸਰਪੰਚ ਚਉਵਾਸ, ਸਿਕੰਦਰ ਸਿੰਘ ਸਰਪੰਚ ਮਾਡਲ ਟਾਊਨ 1, ਮਨਪ੍ਰੀਤ ਮਨੀ, ਸਾਹਿਲ ਗਿੱਲ, ਮਨੀ ਸਰਾਓ, ਅਮਨਦੀਪ ਸਿੰਘ ਲਖਮੀਰਵਾਲਾ, ਸੋਨੂੰ ਵਰਮਾ, ਰਿੰਪੀ ਥਿੰਦ, ਅਸ਼ੀਸ਼ ਜੈਨ, ਗੁਰਪ੍ਰੀਤ ਸਿੰਘ ਤੇ ਵੱਡੀ ਗਿਣਤੀ ਵਿੱਚ ਹੋਰ ਹਾਜ਼ਰ ਸਨ।



## ਬਿਨਾਂ ਨੰਬਰੀ ਮੋਟਰਸਾਈਕਲ ਸਮੇਤ ਦੋ ਕਾਬੂ

**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)**-ਥਾਣਾ ਨਿਹਾਲ ਸਿੰਘ ਵਾਲਾ ਦੇ ਮੁੱਖ ਅਫ਼ਸਰ ਪੂਰਨ ਸਿੰਘ ਧਾਲੀਵਾਲ ਦੀ ਨਿਗਰਾਨੀ ਹੇਠ ਸਹਾਇਕ ਥਾਣੇਦਾਰ ਸਲਵਿੰਦਰ ਸਿੰਘ ਸਮੇਤ ਪੁਲਸ ਪਾਰਟੀ ਵੱਲੋਂ ਦੋ ਵਿਅਕਤੀਆਂ ਨੂੰ ਕਾਬੂ ਕਰਦਿਆਂ ਬਿਨਾਂ ਨੰਬਰੀ ਮੋਟਰਸਾਈਕਲ ਬਰਾਮਦ ਕਰਨ ’ਚ ਸਫ਼ਲਤਾ ਹਾਸਲ ਕੀਤੀ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਥਾਣਾ ਨਿਹਾਲ ਸਿੰਘ ਵਾਲਾ ਦੇ ਮੁੱਖ ਅਫ਼ਸਰ ਪੂਰਨ ਸਿੰਘ ਧਾਲੀਵਾਲ ਨੇ ਜਾਣਕਾਰੀ ਦਿੰਦਿਆਂ ਕਿ ਸਹਾਇਕ ਥਾਣੇਦਾਰ ਸਲਵਿੰਦਰ ਸਿੰਘ ਸਮੇਤ ਪੁਲਸ ਪਾਰਟੀ ਨੇ ਗਸ਼ਤ ਦੌਰਾਨ ਕਰਮਜੀਤ ਸਿੰਘ ਉਰਫ਼ ਕੰਮਾ ਪੁੱਤਰ ਚਮਕੌਰ ਸਿੰਘ ਤੇ ਰਾਜਵਿੰਦਰ ਸਿੰਘ ਪੁੱਤਰ ਬੂਟਾ ਸਿੰਘ ਵਾਸੀ ਪੱਤੋ ਹੀਰਾ ਸਿੰਘ ਨੂੰ ਕਾਬੂ ਕਰਦਿਆਂ ਇਨ੍ਹਾਂ ਪਾਸੋਂ ਇੱਕ ਮੋਟਰਸਾਈਕਲ ਮਾਰਕਾ ਹੀਰਾ ਡੀਲਕਸ ਬਿਨਾਂ ਨੰਬਰੀ ਬਰਾਮਦ ਕਰਕੇ ਥਾਣਾ ਨਿਹਾਲ ਸਿੰਘ ਵਾਲਾ ਵਿਖੇ ਮਾਮਲਾ ਦਰਜ ਕਰ ਲਿਆ ਗਿਆ ਹੈ।

## ਦੇਸੀ ਪਿਸਤੌਲ ਸਮੇਤ ਕਾਬੂ

**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)**-ਪੁਲਸ ਚੌਕੀ ਦੀਨਾ ਸਾਹਿਬ ਦੇ ਇੰਚਾਰਜ ਸਬ ਇੰਸਪੈਕਟਰ ਰਣਜੀਤ ਸਿੰਘ ਸਮੇਤ ਪਲਸ ਪਾਰਟੀ ਨੇ ਗਸ਼ਤ ਦੌਰਾਨ ਇੱਕ ਵਿਅਕਤੀ ਨੂੰ ਕਾਬੂ ਕਰਦਿਆਂ ਉਸ ਪਾਸੋਂ ਇੱਕ ਦੇਸੀ ਪਿਸਤੌਲ 315 ਬੋਰ ਸਮੇਤ ਦੋ ਜ਼ਿੰਦਾ ਰੌਂਦ 315 ਬੋਰ ਬਰਾਮਦ ਕਰਨ ’ਚ ਸਫ਼ਲਤਾ ਹਾਸਲ ਕੀਤੀ ਹੈ।ਉਨ੍ਹਾਂ ਦੱਸਿਆ ਕਿ ਕਾਬੂ ਕੀਤੇ ਗਏ ਵਿਅਕਤੀ ਦੀ ਪਹਿਚਾਣ ਜਗਰਾਜ ਸਿੰਘ ਉਰਫ਼ ਜੱਗਾ ਪੁੱਤਰ ਸੇਵਕ ਸਿੰਘ ਵਾਸੀ ਆਕਲੀਆ ਜਲਾਲ ਥਾਣਾ ਭਗਤਾ ਭਾਈਕਾ (ਬਠਿੰਡਾ) ਵਜੋਂ ਹੋਈ ਹੈ ਅਤੇ ਉਕਤ ਵਿਅਕਤੀ ਖ਼ਿਲਾਫ਼ ਥਾਣਾ ਨਿਹਾਲ ਸਿੰਘ ਵਾਲਾ ਵਿਖੇ ਅਸਲਾ ਐਕਟ ਤਹਿਤ ਮਾਮਲਾ ਦਰਜ ਕਰ ਲਿਆ ਹੈ।ਇਸ ਮੌਕੇ ਥਾਣਾ ਨਿਹਾਲ ਸਿੰਘ ਵਾਲਾ ਦੇ ਮੁੱਖ ਮੁਨਸ਼ੀ ਗੁਰਤੇਜ ਸਿੰਘ, ਸਹਾਇਕ ਥਾਣੇਦਾਰ ਸਲਵਿੰਦਰ ਸਿੰਘ, ਸਹਾਇਕ ਥਾਣੇਦਾਰ ਅਮਰਜੀਤ ਸਿੰਘ, ਹੌਲਦਾਰ ਜਗਜੀਤ ਸਿੰਘ ਆਦਿ ਹਾਜ਼ਰ ਸਨ।

## ਸੰਜੀਵ ਅਰੋੜਾ ਦੀ ਜਿੱਤ ਦੀ ਖੁਸ਼ੀ ’ਚ ਲੱਡੂ ਵੰਡੇ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਲੁਧਿਆਣਾ ਪੱਛਮੀ ਵਿਧਾਨ ਸਭਾ ਹਲਕੇ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਸੰਜੀਵ ਅਰੋੜਾ ਦੀ ਸ਼ਾਨਦਾਰ ਜਿੱਤ ਦੀ ਖੁਸ਼ੀ ਵਿੱਚ ਪਿੰਡ ਪੰਡੋਰੀ ਵਿਖੇ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਦੀ ਅਗਵਾਈ ਹੇਠ ਲੱਡੂ ਵੰਡ ਕੇ ਜਸ਼ਨ ਮਨਾਇਆ ਗਿਆ।ਵਿਧਾਇਕ ਤੇ ਐਸ.ਸੀ. ਵਿੰਗ ਦੇ ਸੂਬਾ ਪ੍ਰਧਾਨ ਕੁਲਵੰਤ ਸਿੰਘ ਪੰਡੋਰੀ ਨੇ ਕਿਹਾ ਕਿ ਲੁਧਿਆਣਾ ਪੱਛਮੀ ਦੀ ਜਿੱਤ ਨੇ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੀ ਭਵਿੱਖੀ ਜਿੱਤ ਦਾ ਰਾਹ ਸਾਫ਼ ਕਰ ਦਿੱਤਾ ਹੈ।ਉਨ੍ਹਾਂ ਕਿਹਾ ਕਿ ਇਹ ਨਤੀਜਾ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਪਿਛਲੇ ਸਾਢੇ ਤਿੰਨ ਸਾਲਾਂ ਦੌਰਾਨ ਕੀਤੇ ਲੋਕ-ਭਲਾਈ ਦੇ ਕੰਮਾਂ ’ਤੇ ਲੋਕਾਂ ਵੱਲੋਂ ਲਾਈ ਮੋਹਰ ਹੈ।ਉਨ੍ਹਾਂ ਦੱਸਿਆ ਕਿ ਸਰਕਾਰ ਨੇ ਕਿਸਾਨਾਂ ਨੂੰ ਝੋਨਾ ਲਾਉਣ ਲਈ ਵੱਖ-ਵੱਖ ਤਰੀਕਾਂ ਜਾਰੀ ਕੀਤੀਆਂ ਹਨ, ਬਿਜਲੀ ਦੀ ਨਿਰੰਤਰ ਸਪਲਾਈ ਮੁਹੱਈਆ ਕਰਾਈ ਜਾ ਰਹੀ ਹੈ ਅਤੇ ਨਹਿਰੀ ਪਾਣੀ ਨੂੰ ਟੇਲਾਂ ਤੱਕ ਪੁਚਾ ਦਿੱਤਾ ਗਿਆ ਹੈ।ਇਸ ਕਾਰਨ ਕਿਸਾਨਾਂ ਨੂੰ ਹੁਣ ਫ਼ਸਲਾਂ ਦੀ ਸਿੰਚਾਈ ਲਈ ਡੀਜ਼ਲ ’ਤੇ ਨਿਰਭਰ ਨਹੀਂ ਹੋਣਾ ਪੈਂਦਾ।ਜਿੱਤ ਦੀ ਖੁਸ਼ੀ ਸਾਂਝੀ ਕਰਨ ਲਈ ਇਲਾਕੇ ਦੇ ਕਈ ਵੱਡੇ ਆਗੂ ਤੇ ਵਰਕਰ ਵੀ ਹਾਜ਼ਰ ਰਹੇ।

## ਸੱਭਿਆਚਾਰਕ ਤੇ ਸਨਮਾਨ ਸਮਾਰੋਹ 28 ਨੂੰ



**ਸੰਗਰੂਰ (ਪ੍ਰਵੀਨ ਸਿੰਘ)**-ਵੱਖ-ਵੱਖ ਸਰਕਾਰੀ, ਅਰਧ ਸਰਕਾਰੀ ਵਿਭਾਗਾਂ, ਜੁਡੀਸ਼ਰੀ ਤੇ ਬੈਂਕਾਂ ਵਿੱਚੋਂ ਸੇਵਾਮੁਕਤ ਹੋਏ ਅਧਿਕਾਰੀਆਂ ਤੇ ਕ੍ਰਮਚਾਰੀਆਂ ਦੀ ਸਮਾਜ ਸੇਵੀ ਸੰਸਥਾ ਸੰਗਰੂਰ ਸੋਸ਼ਲ ਵੈਲਫੇਅਰ ਐਸੋਸੀਏਸ਼ਨ, ਜੋ ਸਮਾਜ ਸੇਵਾ ਤੇ ਲੋਕ ਭਲਾਈ ਦੇ ਕੰਮਾਂ ਨੂੰ ਸਮਰਪਿਤ ਹੈ ਦੇ ਪ੍ਰਧਾਨ ਤੇ ਸੂਬਾਈ ਪੈਨਸ਼ਨਰ ਆਗੂ ਸ੍ਰੀ ਰਾਜ ਕੁਮਾਰ ਅਰੋੜਾ ਨੇ ਦੱਸਿਆ ਕਿ ਐਸੋਸੀਏਸ਼ਨ ਵੱਲੋਂ ਸਮੇਂ-ਸਮੇਂ ’ਤੇ ਬਜ਼ੁਰਗਾਂ ਦੀ ਭਲਾਈ ਲਈ ਕੰਮ ਕੀਤੇ ਜਾਂਦੇ ਹਨ, ਸਮੇਂ-ਸਮੇਂ ਤੇ ਬਜ਼ੁਰਗਾਂ ਦੀ ਨਰੋਈ ਸਿਹਤ ਲਈ ਮੁਫ਼ਤ ਮੈਡੀਕਲ ਚੈੱਕਅੱਪ ਕੈਂਪ ਵੀ ਲਾਏ ਜਾਂਦੇ ਹਨ ਅਤੇ ਲੋੜਵੰਦਾਂ ਦੀ ਸਹਾਇਤਾ ਕੀਤੀ ਜਾਂਦੀ ਹੈ।ਉਨ੍ਹਾਂ ਦੱਸਿਆ ਕਿ ਐਸੋਸੀਏਸ਼ਨ ਵੱਲੋਂ ਸੱਭਿਆਚਾਰਕ, ਸਨਮਾਨ ਸਮਾਰੋਹ ਆਯੋਜਤ ਕੀਤਾ ਜਾਵੇਗਾ, ਜੂਨ ਮਹੀਨੇ ਦੌਰਾਨ ਜਿਨਾਂ ਮੈਂਬਰ ਸਾਹਿਬਾਨ ਦੇ ਜਨਮ ਦਿਨ ਆਉਂਦੇ ਹਨ, ਮਨਾਏ ਜਾਣਗੇ ਅਤੇ ਨਰੋਈ ਸਿਹਤ ਰੱਖਣ ਲਈ ਜਾਣਕਾਰੀ ਵੀ ਮੁਹੱਈਆ ਕੀਤੀ ਜਾਵੇਗੀ। 28 ਜੂਨ ਸਵੇਰੇ 10:30 ਵਜੇ ਜ਼ਿਲ੍ਹਾ ਪੈਨਸ਼ਨਰ ਭਵਨ ਤਹਿਸੀਲ ਕੰਪਲੈਕਸ ਸੰਗਰੂਰ ਵਿਖੇ ਹੋਵੇਗਾ।ਚੇਅਰਮੈਨ ਸ੍ਰੀ ਰਵਿੰਦਰ ਗੁੱਡੂ, ਵਾਇਸ ਚੇਅਰਮੈਨ ਲਾਲ ਚੰਦ ਸੈਣੀ, ਸੀਨੀਅਰ ਮੀਤ ਪ੍ਰਧਾਨ ਜਸਵੀਰ ਸਿੰਘ ਖ਼ਾਲਸਾ, ਕਰਨੈਲ ਸਿੰਘ ਸੇਖੋਂ, ਓਮ ਪ੍ਰਕਾਸ਼ ਖਿੱਪਲ, ਕਿਸ਼ੋਰੀ ਲਾਲ ਡਾ. ਮਨਮੋਹਨ ਸਿੰਘ ਰਜਿੰਦਰ ਸਿੰਘ ਚੰਗਾਲ ਰਜਿੰਦਰ ਗੋਇਲ ਮੁੱਖ ਸਲਾਹਕਾਰ ਆਰ ਐਲ ਪਾਧੀ ਜਨਰਲ ਸਕੱਤਰ ਕੰਵਲਜੀਤ ਸਿੰਘ, ਵਿੱਤ ਸਕੱਤਰ ਸੁਰਿੰਦਰ ਸਿੰਘ ਸੋਢੀ, ਸਕੱਤਰ ਜਨਰਲ ਤਿਲਕ ਰਾਜ ਸਤੀਜਾ ਤੋਂ ਇਲਾਵਾ ਅਸ਼ੋਕ ਡੱਲਾ ਤੇ ਜਵਾਹਰ ਲਾਲ ਸ਼ਰਮਾ ਮੌਜੂਦ ਸਨ।

## ਲਾਇਨਜ਼ ਕਲੱਬ ਇੰਟਰਨੈਸ਼ਨਲ ਨੇ ਲਾਇਆ ਤੀਜੀ ਵਾਰ ਹੰਗਰ ਪ੍ਰੋਜੈਕਟ




**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)**-ਲਾਇਨਜ਼ ਕਲੱਬ ਇੰਟਰਨੈਸ਼ਨਲ, ਨਿਹਾਲ ਸਿੰਘ ਵਾਲਾ ਫਾਰਚਿਊਨ ਵੱਲੋਂ ਇੱਕ ਵਾਰ ਫੇਰ ਇੱਕ ਪ੍ਰੋਜੈਕਟ ਲਾਇਆ ਗਿਆ, ਜਿਸ ਨੂੰ ਹੰਗਰ ਪ੍ਰੋਜੈਕਟ ਦਾ ਨਾਂਅ ਦਿੱਤਾ ਗਿਆ ਸੀ।ਉਕਤ ਪ੍ਰੋਜੈਕਟ ਕਲੱਬ ਮੈਂਬਰਾ ਵੱਲੋਂ ਬਿਰਧ ਆਸ਼ਰਮ ਸੇਵਾ ਸੁਸਾਇਟੀ ਵਿਖੇ ਲਾਇਆ ਗਿਆ।ਪ੍ਰਧਾਨ ਲਾਇਨ ਜਤਿਨ ਸਿੰਗਲਾ ਨੇ ਦੱਸਿਆ ਕਿ ਇਹ ਕਲੱਬ ਲੋੜਵੰਦ ਦੀ ਸੇਵਾ ਲਈ ਹਮੇਸ਼ਾ ਖੜ੍ਹਾ ਹੈ।ਇਸ ਤੋਂ ਪਹਿਲਾਂ ਵੀ ਉਨ੍ਹਾਂ ਨੇ ਦੋ ਵਾਰ ਹੰਗਰ ਪ੍ਰੋਜੈਕਟ ਲਾਇਆ ਹੈ, ਇਹੀ ਨਹੀਂ ਸਗੋਂ ਹੋਰ ਵੀ ਬਹੁਤ ਤਰ੍ਹਾਂ ਦੇ ਪ੍ਰੋਜੈਕਟ ਜਿਵੇਂ ਕੇ ਬਲੱਡ ਡੋਨੇਸ਼ਨ ਕੈਂਪ, ਮਾਸ ਮੈਰਿਜ ਪ੍ਰੋਜੈਕਟ ਵੀ ਲਾ ਚੁੱਕੇ ਹਨ।ਕਲੱਬ ਦੇ ਮੈਂਬਰਜ਼ ਵੱਲੋਂ ਦੱਸਿਆ ਕਿ ਇਹ ਪ੍ਰੋਜੈਕਟ ਲਾਇਨ ਐਡਵੋਕੇਟ ਬੱਬਣ ਗੋਇਲ ਦੀ ਜਨਮ ਦਿਨ ਦੀ ਖੁਸ਼ੀ ਵਿੱਚ ਮਨਾਇਆ ਗਿਆ ਹੈ।ਇਸ ਪ੍ਰੋਜੈਕਟ ਦੌਰਾਨ ਆਸ਼ਰਮ ਵਿੱਚ ਰਹਿ ਰਹੇ ਗਰੀਬ ਤੇ ਲੋੜਵੰਦ ਲੋਕਾਂ ਨੂੰ ਖਾਣਾ ਖਵਾਇਆ ਗਿਆ ਅਤੇ ਉਨ੍ਹਾਂ ਦਾ ਅਸ਼ੀਰਵਾਦ ਲਿਆ ਗਿਆ। ਕਲੱਬ ਦੇ ਮੈਂਬਰਾਂ ਨੇ ਆਸ਼ਰਮ ਨੂੰ ਵੀ ਵਿਸ਼ਵਾਸ ਦਿਵਾਇਆ ਕਿ ਜਦ ਵੀ ਆਸ਼ਰਮ ਨੂੰ ਕਿਸੇ ਵੀ ਤਰ੍ਹਾਂ ਦੀ ਸੇਵਾ ਦੀ ਜ਼ਰੂਰਤ ਹੈ ਤਾਂ ਕਲੱਬ ਉਥੇ ਉਨ੍ਹਾਂ ਨਾਲ ਹਮੇਸ਼ਾ ਖੜਾ ਰਹੇਗਾ।

## ...ਸਫ਼ਾ 1 ਦੇ ਬਾਕੀ

### ਸੀ ਪੀ ਆਈ ਵੱਲੋਂ ਪੰਜਾਬ...

ਕਾਂਗਰਸ ਜੋ 21 ਤੋਂ 25 ਸਤੰਬਰ ਨੂੰ ਚੰਡੀਗੜ੍ਹ ਵਿੱਚ ਹੋ ਰਹੀ ਹੈ, ਨੂੰ ਸਫ਼ਲਤਾਪੂਰਵਕ ਨੇਪਰੇ ਚੜ੍ਹਾਉਣ ਲਈ ਵੀ ਸੰਜੀਦਾ ਵਿਚਾਰ-ਵਟਾਂਦਰਾ ਹੋਇਆ। ਪਾਰਟੀ ਕਾਂਗਰਸ ਦੇ ਪ੍ਰਚਾਰ ਅਤੇ ਇਸ ਦੇ ਮਹੱਤਵ ਨੂੰ ਦਰਸਾਉਣ ਲਈ ਜੁਲਾਈ ਵਿੱਚ ਵੱਖ-ਵੱਖ ਥਾਵਾਂ ’ਤੇ ਸੈਮੀਨਾਰ ਕਰਨ ਦਾ ਪ੍ਰੋਗਰਾਮ ਉਲੀਕਿਆ ਗਿਆ। ਇਹ ਸੈਮੀਨਾਰ ਅੰਮ੍ਰਿਤਸਰ, ਮੋਗਾ, ਬਠਿੰਡਾ, ਪਟਿਆਲਾ ਅਤੇ ਲੁਧਿਆਣਾ ਵਿਖੇ ਕੀਤੇ ਜਾਣਗੇ। ਇਨ੍ਹਾਂ ਸੈਮੀਨਾਰਾਂ ਦੀ ਸਫ਼ਲਤਾ ਲਈ ਸੂਬਾ ਆਗੂਆਂ ਦੀਆਂ ਜ਼ਿੰਮੇਵਾਰੀਆਂ ਲਾ ਦਿੱਤੀਆਂ ਗਈਆਂ ਹਨ।

ਇਸੇ ਤਰ੍ਹਾਂ ਲੋਕਾਂ ਵਿੱਚ ਪਾਰਟੀ ਕਾਂਗਰਸ ਦੀ ਗੱਲ ਲਿਜਾਣ ਹਿੱਤ 21 ਤੋਂ 31 ਅਗਸਤ ਤੱਕ ਵੱਖ-ਵੱਖ ਸ਼ਹਿਰਾਂ ਤੋਂ ਜਥੇ ਰਵਾਨਾ ਹੋਣਗੇ। ਇਨ੍ਹਾਂ ਜਥਿਆਂ ਵਿੱਚ ਇੱਕ ਬਾਬਾ ਸੋਹਣ ਸਿੰਘ ਭਕਨਾ ਦੇ ਜਨਮ ਸਥਾਨ ਭਕਨਾ ਤੋਂ, ਦੂਸਰਾ ਸ਼ਹੀਦ ਊਧਮ ਸਿੰਘ ਦੀ ਧਰਤੀ ਸੁਨਾਮ ਤੋਂ ਅਤੇ ਤੀਸਰਾ ਜਥਾ ਲੁਧਿਆਣਾ ਤੋਂ ਚੱਲੇਗਾ। ਸੂਬਾ ਸਕੱਤਰੇਤ ਅਤੇ ਸੂਬਾ ਕਾਰਜਕਾਰਨੀ ਦੀ ਮੀਟਿੰਗ ਵਿੱਚ ਭਾਰਤੀ ਕਮਿਊਨਿਸਟ ਪਾਰਟੀ ਦੀ ਪੰਜਾਬ ਇਕਾਈ ਦੇ ਸਕੱਤਰ ਕਾਮਰੇਡ ਬੰਤ ਸਿੰਘ ਬਰਾੜ, ਕੌਮੀ ਕੌਂਸਲ ਦੇ ਮੈਂਬਰ ਕਾਮਰੇਡ ਹਰਦੇਵ ਅਰਸ਼ੀ, ਕਾਮਰੇਡ ਜਗਰੂਪ, ਨਿਰਮਲ ਸਿੰਘ ਧਾਲੀਵਾਲ, ਨਰਿੰਦਰ ਸੋਹਲ, ਅਮਰਜੀਤ ਸਿੰਘ ਆਸਲ, ਪ੍ਰਿਥੀਪਾਲ ਸਿੰਘ ਮਾੜੀਮੇਘਾ, ਬਲਦੇਵ ਸਿੰਘ ਨਿਹਾਲਗੜ੍ਹ, ਸੁਖਦੇਵ ਸ਼ਰਮਾ, ਬਲਕਰਨ ਸਿੰਘ ਬਰਾੜ ਅਤੇ ਕਸ਼ਮੀਰ ਸਿੰਘ ਗਦਾਈਆ ਆਦਿ ਸ਼ਾਮਲ ਸਨ।

### ਕਾਮਰੇਡ ਸੁਤੰਤਰ ਕੁਮਾਰ ਦਾ...

ਜ਼ਿਕਰਯੋਗ ਹੈ ਕਿ ਕਾਮਰੇਡ ਸੁਤੰਤਰ ਕੁਮਾਰ ਪਿਛਲੇ ਕੁਝ ਮਹੀਨਿਆਂ ਤੋਂ ਬਿਮਾਰ ਸਨ ਅਤੇ ਕੁਝ ਦਿਨਾਂ ਤੋਂ ਜਲੰਧਰ ਦੇ ਵੱਡੇ ਹਸਪਤਾਲ ਦਾਖਲ ਸਨ। ਬੀਤੀ ਰਾਤ ਹਸਪਤਾਲ ਵਿਚ ਹੀ ਉਹਨਾ ਦੀ ਮੌਤ ਹੋ ਗਈ। ਨਵਾਂ ਸ਼ਹਿਰ ਵਿਖੇ ਉਹਨਾ ਦੀ ਅੰਤਮ ਵਿਦਾਇਗੀ ਮੌਕੇ ਸੀ ਪੀ ਆਈ ਅਤੇ ਸੀ ਪੀ ਆਈ (ਐੱਮ) ਵੱਲੋਂ ਪਾਰਟੀਆਂ ਦੇ ਝੰਡੇ ਪਾਏ ਗਏ। ਪਰਵਾਰਕ ਮੈਂਬਰਾਂ, ਰਿਸ਼ਤੇਦਾਰਾਂ, ਖੱਬੀਆਂ ਪਾਰਟੀਆਂ ਦੇ ਸੂਬਾਈ ਆਗੂਆਂ, ਪਾਰਟੀ ਵਰਕਰਾਂ ਨਮ ਅੱਖਾਂ ਨਾਲ ਉਨ੍ਹਾਂ ਦਾ ਅੰਤਮ ਸੰਸਕਾਰ ਕੀਤਾ।ਗੁਲਜ਼ਾਰ ਸਿੰਘ ਗੋਰੀਆ ਜਨਰਲ ਸਕੱਤਰ ਕੁਲ ਹਿੰਦ ਖੇਤ ਮਜ਼ਦੂਰ ਯੂਨੀਅਨ, ਦੇਵੀ ਕੁਮਾਰੀ ਸਰਹਾਲੀ ਕਲਾਂ ਜਨਰਲ ਸਕੱਤਰ ਪੰਜਾਬ ਖੇਤ ਮਜ਼ਦੂਰ ਸਭਾ ਨੇ ਸਾਂਝੇ ਤੌਰ ’ਤੇ ਕਿਹਾ ਕਿ ਕਾਮਰੇਡ ਸੁਤੰਤਰ ਕੁਮਾਰ ਮੁਲਾਜ਼ਮ ਜਥੇਬੰਦੀਆਂ, ਕਿਸਾਨਾਂ, ਮਜ਼ਦੂਰਾਂ ਦੇ ਸਾਂਝੇ ਆਗੂ ਸਨ। ਉਹਨਾ ਨਾਲ ਕਾਫੀ ਸਮਾਂ ਇਕੱਠਿਆਂ ਕੰਮ ਕੀਤਾ ਅਤੇ ਉਨ੍ਹਾਂ ਕੋਲੋਂ ਬਹੁਤ ਕੁਝ ਸਿੱਖਣ ਨੂੰ ਮਿਲਿਆ।

ਇਸ ਮੌਕੇ ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਨਰੰਜਣ ਦਾਸ ਮੇਹਲੀ, ਕਿਸਾਨ ਆਗੂ ਜਸਵਿੰਦਰ ਸਿੰਘ ਭੰਗਲ, ਕੁਲ ਹਿੰਦ ਕਿਸਾਨ ਸਭਾ ਦੇ ਸੂਬਾ ਮੀਤ ਪ੍ਰਧਾਨ ਸੂਰਤ ਸਿੰਘ ਧਰਮਕੋਟ, ਸੀਟੂ ਆਗੂ ਮਹਾਂ ਸਿੰਘ ਰੋੜੀ, ਕਿਰਤੀ ਕਿਸਾਨ ਯੂਨੀਅਨ ਆਗੂ ਸੁਰਿੰਦਰ ਸਿੰਘ ਬੈਂਸ, ਪਰਮਿੰਦਰ ਮੇਨਕਾ ਬਲਾਚੌਰ, ਸੀ ਪੀ ਆਈ (ਐੱਮ) ਦੇ ਜ਼ਿਲ੍ਹਾ ਸਕੱਤਰ ਚਰਨਜੀਤ ਸਿੰਘ ਦੌਲਤਪੁਰ, ਬੂਟਾ ਸਿੰਘ ਮਹਿਮੂਦਪੁਰ, ਇੰਦਰਜੀਤ ਰੂਪੋਵਾਲੀ ਪ੍ਰਧਾਨ ਇਪਟਾ ਪੰਜਾਬ, ਐਡਵੋਕੇਟ ਰਜਿੰਦਰ ਸਿੰਘ ਰਾਣਾ, ਬਲਵੀਰ ਸਿੰਘ ਜਾਡਲਾ, ਗੁਰਬਖਸ਼ ਕੌਰ ਰਾਹੋਂ, ਗੁਰਮੁੱਖ ਸਿੰਘ ਫਰਾਲਾ, ਗੁਰਮੇਲ ਚੰਦ ਨਵਾਂ ਸ਼ਹਿਰ, ਅਮਰਜੀਤ ਮੇਹਲੀ, ਦਸੌਂਧਾ ਸਿੰਘ, ਜਗਤਾਰ ਸਿੰਘ, ਮੁਕੰਦ ਸਿੰਘ ਕਪੂਰਥਲਾ, ਆਰ ਐੱਮ ਪੀ ਆਈ ਆਗੂ ਸਤਨਾਮ ਸਿੰਘ ਗੁਲਾਟੀ, ਕੁਲਦੀਪ ਸਿੰਘ ਦੌੜਕਾ, ਸਰਾਧੂ ਰਾਮ, ਜੁਝਾਰ ਸਿੰਘ, ਜਰਨੈਲ ਸਿੰਘ, ਮਹਿੰਦਰ ਪਾਲ, ਗੁਰਿੰਦਰ ਰਾਹੋਂ ਤੋਂ ਇਲਾਵਾ ਖੱਬੀਆਂ ਪਾਰਟੀਆਂ ਦੇ ਵਰਕਰ ਅਤੇ ਰਿਸ਼ਤੇਦਾਰ ਮੌਜੂਦ ਸਨ।

### ਬਰਾੜ, ਸਾਂਬਰ ਤੇ...

ਇਕੱਠਾ ਕੀਤਾ ਅਤੇ ਟੀ ਯੂ ਸਾਥੀਆਂ ਨੂੰ ਇਸ ਲਈ ਲਾਮਬੰਦ ਕੀਤਾ। ਕਮਿਊਨਿਸਟ ਪਾਰਟੀ ਤੇ ਮਜ਼ਦੂਰ ਲਹਿਰ ਨੂੰ ਉਹਨਾ ਦਾ ਘਾਟਾ ਸਦਾ ਰੜਕਦਾ ਰਹੇਗਾ। ਮਾਸਿਕ ‘ਸਾਡਾ ਜੁਗ’ ਦੇ ਮੁੱਖ ਸੰਪਾਦਕ ਭੁਪਿੰਦਰ ਸਾਂਬਰ ਅਤੇ ਸੰਪਾਦਕ ਗੁਰਨਾਮ ਕੰਵਰ ਨੇ ਸਵਤੰਤਰ ਕੁਮਾਰ ਦੇ ਦੇਹਾਂਤ ਨੂੰ ਅਗਾਂਹਵਧੂ ਲਹਿਰ, ਕਮਿਊਨਿਸਟ ਪਾਰਟੀ ਅਤੇ ‘ਸਾਡਾ ਜੁਗ’ ਲਈ ਅਸਹਿ ਸਦਮਾ ਆਖਿਆ ਹੈ। ਉਹਨਾਂ ਯਾਦ ਕੀਤਾ ਕਿ ਕਿਵੇਂ ਸਾਥੀ ਸਵਤੰਤਰ, ਜਦੋਂ ਟੈਲੀਫੋਨ ਮਹਿਕਮੇ ਵਿਚ ਕੰਮ ਕਰਦੇ ਸਨ, ਤਾਂ ਉਹ ‘ਸਾਡਾ ਜੁਗ’ ਦੀ ਨਾ ਕੇਵਲ ਮਦਦ ਕਰਦੇ ਸਨ, ਸਗੋਂ ਇਸ ਦੀ ਗਾਹਕ ਮੁਹਿੰਮ ਵਿਚ ਵੀ ਮੋਹਰੀ ਹੁੰਦੇ ਸਨ। ਨਵਾਂ ਸ਼ਹਿਰ ਦਾ ਜ਼ਿਲ੍ਹਾ ਹਮੇਸ਼ਾ ਉਹਨਾ ਦੀ ਅਗਵਾਈ ਤੇ ਮਿਲਵਰਤਣ ਸਦਕਾ ਪਾਰਟੀ ਅਤੇ ‘ਸਾਡਾ ਜੁਗ’ ਦੇ ਕੋਟਿਆਂ ਅਤੇ ਸੱਦਿਆਂ ਨੂੰ ਭਰਪੂਰ ਅਤੇ ਸਫਲ ਹੁੰਗਾਰਾ ਦਿੰਦਾ ਆਇਆ ਹੈ। ਉਹ ਵਧੀਆ ਕਮਿਊਨਿਸਟ ਦੀ ਮਿਸਾਲ ਸਨ, ਜਿਹਨਾ ਨੂੰ ਪਾਰਟੀ ਅਤੇ ‘ਸਾਡਾ ਜੁਗ’ ਹਮੇਸ਼ਾ ਯਾਦ ਰੱਖਣਗੇ ਅਤੇ ਸਾਥੀਆਂ ਨੂੰ ਉਹਨਾ ਦੇ ਰਾਹਾਂ ਅਤੇ ਸੋਚ ’ਤੇ ਤੁਰਨ ਲਈ ਪ੍ਰੇਰਦੇ ਰਹਿਣਗੇ।

### ਇਲੈਕਟ੍ਰਿਕ ਵਾਹਨ ਖੇਤਰ ...

ਟੈਸਲਾ ਦੀ ਦਿਲਚਸਪੀ ਸਿਰਫ ਭਾਰਤ ਵਿੱਚ ਆਪਣੀਆਂ ਕਾਰਾਂ ਵੇਚਣ ਲਈ ਸ਼ੋਅਰੂਮ ਖੋਲ੍ਹਣ ਵਿੱਚ ਹੈ, ਨਾ ਕਿ ਦੇਸ਼ ਵਿੱਚ ਨਿਰਮਾਣ ਸੁਵਿਧਾਵਾਂ ਸਥਾਪਤ ਕਰਨ ਲਈ ਹੈ। ਮਰਸਡੀਜ਼-ਬੈਂਜ਼ ਅਧਿਕਾਰੀਆਂ ਦੇ ਹਵਾਲੇ ਨਾਲ ਇੱਕ ਰਿਪੋਰਟ, ਜਿਸ ਵਿਚ ਕਿਹਾ ਗਿਆ ਕਿ ਇਹ ਸਕੀਮ ਵਿੱਚ ਨਿਵੇਸ਼ ਕਰਨ ਵਿੱਚ ਦਿਲਚਸਪੀ ਨਹੀਂ ਰੱਖਦੀ, ਬਾਰੇ ਕੁਮਾਰਾਸਵਾਮੀ ਨੇ ਕਿਹਾ ਕਿ ਲਗਜ਼ਰੀ ਕਾਰ ਨਿਰਮਾਤਾ ਨੇ ਮੰਗਲਵਾਰ ਨੂੰ ਅਰਜ਼ੀ ਵਿੰਡੋ ਖੁੱਲ੍ਹਣ ਤੋਂ ਪਹਿਲਾਂ ਹੀ ਵੱਡੇ ਪੱਧਰ ’ਤੇ ਨਿਵੇਸ਼ ਕੀਤਾ ਹੈ। ਮੰਤਰੀ ਨੇ ਦੱਸਿਆ ਕਿ 4-5 ਆਟੋ ਫਰਮਾਂ ਨੇ ਇਸ ਸਕੀਮ ਵਿੱਚ ਸ਼ੁਰੂਆਤੀ ਦਿਲਚਸਪੀ ਦਿਖਾਈ ਹੈ, ਹਾਲਾਂਕਿ ਇਹ ਦੇਖਣਾ ਬਾਕੀ ਹੈ ਕਿ ਕਿੰਨੀਆਂ ਕੰਪਨੀਆਂ ਅਸਲ ਵਿੱਚ ਇਸ ਲਈ ਅਰਜ਼ੀ ਦਿੰਦੀਆਂ ਹਨ। ਇਸ ਤੋਂ ਇਲਾਵਾ ਮੰਤਰਾਲੇ ਨੂੰ 15 ਮਾਰਚ 2026 ਤੱਕ ਲੋੜ ਪੈਣ ’ਤੇ ਅਰਜ਼ੀ ਵਿੰਡੋ ਖੋਲ੍ਹਣ ਦਾ ਅਧਿਕਾਰ ਹੋਵੇਗਾ।

### ਚੋਣ ਕਮਿਸ਼ਨ ਦਾ ...

ਕਿ ਬੂਥ ਪੱਧਰੀ ਅਧਿਕਾਰੀਆਂ ਨੇ ਨਾਗਪੁਰ ਦੱਖਣੀ ਪੱਛਮੀ ਵਿੱਚ ਅਣਜਾਣ ਵਿਅਕਤੀਆਂ ਵੱਲੋਂ ਵੋਟਾਂ ਪਾਉਣ ਦੀ ਰਿਪੋਰਟ ਦਿੱਤੀ, ਜਿੱਥੇ ਮੁੱਖ ਮੰਤਰੀ ਦਵਿੰਦਰ ਫੜਨਵੀਸ ਨੇ ਪਿਛਲੇ ਸਾਲ 38,000 ਤੋਂ ਵੱਧ ਵੋਟਾਂ ਨਾਲ ਜਿੱਤ ਪ੍ਰਾਪਤ ਕੀਤੀ ਸੀ। ਉਨ੍ਹਾ ਇਹ ਵੀ ਦੱਸਿਆ ਕਿ ਮੀਡੀਆ ਨੇ ਹਜ਼ਾਰਾਂ ਵੋਟਰਾਂ ਦਾ ਵੀ ਖੁਲਾਸਾ ਕੀਤਾ ਹੈ ਜਿਨ੍ਹਾਂ ਦਾ ਕੋਈ ਪ੍ਰਮਾਣਤ ਪਤਾ ਨਹੀਂ ਹੈ। ਰਾਹੁਲ ਗਾਂਧੀ ਨੇ ਕਿਹਾ, “ਇਸੇ ਲਈ ਅਸੀਂ ਮਸ਼ੀਨ-ਪੜ੍ਹਨਯੋਗ ਡਿਜੀਟਲ ਵੋਟਰ ਸੂਚੀਆਂ ਅਤੇ ਸੀ ਸੀ ਟੀ ਵੀ ਫੁਟੇਜ ਨੂੰ ਤੁਰੰਤ ਜਾਰੀ ਕਰਨ ਦੀ ਮੰਗ ਕਰਦੇ ਹਾਂ।”

### ਸਵਰਨ ਕੌਰ ਢੋਟੀਆਂ...

ਨੰਦਪੁਰ ਅਤੇ ਬਿੱਟੂ ਸਖੀਰਾ ਸ਼ਹੀਦ ਹੋ ਗਏ ਸਨ। ਫਾਇਰਿੰਗ ਵਿੱਚ ਬੂਟਾ ਸਿੰਘ ਸਖ਼ਤ ਜ਼ਖ਼ਮੀ ਹੋ ਗਏ ਸਨ। ਬੂਟਾ ਸਿੰਘ ਦੇ ਮੂੰਹ ’ਤੇ ਗੋਲੀਆਂ ਵੱਜੀਆਂ ਤੇ ਜਬਾੜ੍ਹਾ ਉਡ ਗਿਆ, ਪਰ ਜਾਨ ਬਚ ਗਈ। ਆਗੂਆਂ ਨੇ ਕਿਹਾ ਕਿ ਸ਼ਹੀਦ ਸਾਥੀ ਸਰਬ ਭਾਰਤ ਨੌਜਵਾਨ ਸਭਾ ਦੇ ਸਰਗਰਮ ਵਰਕਰ ਸਨ ਅਤੇ ਪਿੰਡ ਢੋਟੀਆਂ ਵਿੱਚ ਨੌਜਵਾਨ ਸਭਾ ਦੀਆਂ ਆਮ ਹੀ ਮੀਟਿੰਗਾਂ ਹੁੰਦੀਆਂ ਰਹਿੰਦੀਆਂ ਸਨ। ਇਸ ਵੇਲੇ ਬੂਟਾ ਸਿੰਘ ਦਾ ਘਰ ਪੰਜਾਬ ਖੇਤ ਮਜ਼ਦੂਰ ਸਭਾ ਦਾ ਅੱਡਾ ਹੈ, ਇਸ ਘਰ ਵਿੱਚ ਹੀ ਆਮ ਤੌਰ ’ਤੇ ਮੀਟਿੰਗਾਂ ਹੁੰਦੀਆਂ ਹਨ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।
**ਫੋਨ ਨੰਬਰ ਪ੍ਰਬੰਧਕੀ ਵਿਭਾਗ** : 0181-5097300, **ਸਮਾਚਾਰ ਵਿਭਾਗ** : 0181-5097310, **ਈ-ਮੇਲ : nawanzamana@gmail.com * Web : www.nawanzamana.in**

# 20000 ਰੁਪਏ ਰਿਸ਼ਵਤ ਲੈਂਦਾ ਪਟਵਾਰੀ ਗ੍ਰਿਫ਼ਤਾਰ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਪੰਜਾਬ ਵਿਜੀਲੈਂਸ ਬਿਊਰੋ ਨੇ ਭ੍ਰਿਸ਼ਟਾਚਾਰ ਵਿਰੁੱਧ ਚਲਾਈ ਆਪਣੀ ਮੁਹਿੰਮ ਦੌਰਾਨ ਬਲਾਕ ਵਿਕਾਸ ਅਤੇ ਪੰਚਾਇਤ



ਅਫ਼ਸਰ (ਬੀਡੀਪੀਓ) ਦਫ਼ਤਰ, ਗੁਰਦਾਸਪੁਰ ਵਿਖੇ ਤਾਇਨਾਤ ਬਲਾਕ ਸੰਮਤੀ ਪਟਵਾਰੀ ਨਿਸ਼ਾਨ ਸਿੰਘ ਨੂੰ 20000 ਰੁਪਏ ਰਿਸ਼ਵਤ ਮੰਗਣ ਅਤੇ ਲੈਣ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਹੈ।ਇਹ ਜਾਣਕਾਰੀ ਦਿੰਦੇ ਹੋਏ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਕਿਹਾ ਕਿ ਇਹ ਗ੍ਰਿਫ਼ਤਾਰੀ ਗੁਰਦਾਸਪੁਰ ਦੇ ਪਿੰਡ ਬੱਬਰੀ ਨੰਗਲ ਦੀ ਵਸਨੀਕ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਤੋਂ ਬਾਅਦ ਕੀਤੀ ਗਈ ਹੈ।ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੱਸਿਆ ਹੈ ਕਿ ਉਹ ਗ੍ਰਾਮ ਪੰਚਾਇਤ ਬੱਬਰੀ ਨੰਗਲ ਦੀ ਮੌਜੂਦਾ ਪੰਚਾਇਤ ਮੈਂਬਰ ਹੈ ਅਤੇ ਉਸਦਾ ਪਤੀ ਪਿਛਲੇ 50 ਸਾਲਾਂ ਤੋਂ ਪਿੰਡ ਦੀ ਸ਼ਾਮਲਾਤ ਦੀ ਕੁੱਲ 25 ਏਕੜ ਜ਼ਮੀਨ ਵਿੱਚੋਂ ਲਗਭਗ 22 ਕਨਾਲ ਅਤੇ 11 ਮਰਲੇ ਜ਼ਮੀਨ 'ਤੇ ਖੇਤੀ ਕਰ ਰਿਹਾ ਹੈ ਅਤੇ ਉਕਤ ਜ਼ਮੀਨ ਦੀ ਜ਼ਮੀਨੀ ਮਾਲਕੀ (ਗਿਰਦਾਵਰੀ) ਵੀ ਉਸਦੇ ਨਾਮ 'ਤੇ ਹੀ ਦਰਜ ਹੈ। ਸ਼ਿਕਾਇਤਕਰਤਾ ਨੇ ਅੱਗੇ ਦੱਸਿਆ ਕਿ ਇੱਕ ਸ਼ਿਕਾਇਤ ਦੇ ਆਧਾਰ 'ਤੇ, ਬੀਡੀਪੀਓ ਦਫ਼ਤਰ ਨੇ ਉਸਨੂੰ ਇਸ ਸਬੰਧ ਵਿੱਚ ਸਪੱਸ਼ਟੀਕਰਨ ਦੇਣ ਲਈ ਕਿਹਾ ਸੀ। ਉਸਨੇ ਆਪਣੇ ਪਿੰਡ ਦੇ ਮੌਜੂਦਾ ਸਰਪੰਚ ਨੂੰ ਇਸ ਮਸਲੇ ਨੂੰ ਹੱਲ ਕਰਨ ਲਈ ਬੇਨਤੀ ਕੀਤੀ ਸੀ ਜਿਸ 'ਤੇ ਉਕਤ ਨਿਸ਼ਾਨ ਸਿੰਘ ਸੰਮਤੀ ਪਟਵਾਰੀ ਨੇ ਆਪਣੇ ਵਿਭਾਗ ਰਾਹੀਂ ਇਸ ਮਸਲੇ ਨੂੰ ਹੱਲ ਕਰਨ ਲਈ 20,000 ਰੁਪਏ ਰਿਸ਼ਵਤ ਦੀ ਮੰਗ ਕੀਤੀ ਸੀ।ਬੁਲਾਰੇ ਨੇ ਦੱਸਿਆ ਕਿ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ 20,000 ਰੁਪਏ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਗ੍ਰਿਫ਼ਤਾਰ ਕਰ ਲਿਆ।ਇਸ ਸਬੰਧ ਵਿੱਚ ਵਿਜੀਲੈਂਸ ਬਿਊਰੋ ਪੁਲਸ ਥਾਣਾ ਅੰਮ੍ਰਿਤਸਰ ਰੇਂਜ ਵਿੱਚ ਮੁਲਜ਼ਮ ਵਿਰੁੱਧ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਕੇਸ ਦਰਜ ਕੀਤਾ ਹੈ। ਮੁਲਜ਼ਮ ਨੂੰ ਕੱਲ੍ਹ ਸਮਰੱਥ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ ਅਤੇ ਹੋਰ ਜਾਂਚ ਜਾਰੀ ਹੈ।

# ਹਾਸ਼ੀਆ ਲੋਕ ਦਲ ਵੱਲੋਂ ਕਰਵਾਇਆ 'ਰੰਘਰੇਟਾ ਗੁਰੂ ਕਾ ਬੇਟਾ' ਨੂੰ ਸਮਰਪਿਤ ਸਮਾਗਮ ਸੰਪੰਨ

**ਝਬਾਲ (ਹਰਜਿੰਦਰ ਸਿੰਘ ਸੋਨੀ)**- 350 ਸਾਲ ਪਹਿਲਾਂ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਦਿੱਲੀ ਦੇ ਚਾਂਦਨੀ ਚੌਂਕ ਵਿਖੇ ਭਾਈ ਮਤੀ ਦਾਸ, ਭਾਈ ਸਤੀ ਦਾਸ ਤੇ ਭਾਈ ਦਿਆਲਾ ਜੀ ਵੀ ਸ਼ਹੀਦ ਹੋਏ।ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਉਪਰੰਤ ਉਨ੍ਹਾਂ ਦੇ ਸਿਰ-ਧੜ ਦੀ ਬੇਅਦਬੀ ਹੋਣ ਤੋਂ ਬਚਾਉਣ ਲਈ ਭਾਈ ਸਦਾ ਨੰਦ (ਭਾਈ ਜੈਤਾ ਜੀ ਦੇ ਪਿਤਾ) ਦੀ ਸ਼ਹੀਦੀ ਦਾ ਵਿਰਤਾਂਤ ਰਚਿਆ ਗਿਆ ਤੇ ਉਨ੍ਹਾਂ ਦੇ ਸਿਰ-ਧੜ ਨਾਲ ਗੁਰੂ ਤੇਗ ਬਹਾਦਰ ਜੀ ਦਾ ਸਿਰ-ਧੜ ਅਦਲ ਬਦਲ ਕਰਕੇ ਬਾਬਾ ਜੀਵਨ ਸਿੰਘ ਜੀ ਨੇ (ਭਾਈ ਜੈਤਾ ਜੀ) ਚਾਂਦਨੀ ਚੌਕ ਤੋਂ (ਅਨੰਦਪੁਰ) ਸਾਹਿਬ ਲਿਆਂਦਾ ਜਿੱਥੇ ਗੁਰੂ ਗੋਬਿੰਦ ਸਿੰਘ (ਗੋਬਿੰਦ ਰਾਏ) ਜੀ ਨੇ ਉਨ੍ਹਾਂ ਨੂੰ ਰੰਘਰੇਟੇ ਗੁਰੂ ਕੇ ਬੇਟੇ ਹੋਣ ਦਾ ਖ਼ਿਤਾਬ ਨਵੰਬਰ 1675 ਨੂੰ ਦਿੱਤਾ ਜਿਸ ਨੂੰ 350ਵਾਂ ਸਾਲ ਬੀਤ ਰਿਹਾ ਹੈ।ਮਹਾਨ ਗੁਰੂ, ਸਿੱਖ ਸ਼ਹੀਦਾਂ ਤੇ ਰੰਘਰੇਟੇ ਗੁਰੂ ਕੇ ਬੇਟੇ ਦੇ ਖਿਤਾਬ ਨੂੰ ਸਮਰਪਿਤ ਸਮਾਗਮ ਸ਼ਹੀਦ ਊਧਮ ਸਿੰਘ ਹਾਲ, ਭਗਤਾਂ ਵਾਲਾ ਅੰਮ੍ਰਿਤਸਰ ਵਿਖੇ ਹਾਸ਼ੀਆ ਲੋਕ ਦਲ (ਗ਼ੈਰ ਰਾਜਨੀਤਕ ਸੰਗਠਨ) ਵੱਲੋਂ ਕਰਵਾਇਆ ਗਿਆ ਜਿਸ ਵਿੱਚ ਜ਼ਿਲ੍ਹਾ ਅੰਮ੍ਰਿਤਸਰ ਦੇ ਪੰਚ-ਸਰਪੰਚ, ਪੰਜਾਬ ਭਰ ਤੋਂ ਸਮੂਹ ਮਜ਼ਬੀ ਸਿੱਖ ਭਾਈਚਾਰੇ ਦੇ ਲੋਕ, ਸੰਯੁਕਤ ਦਲਿਤ ਮੋਰਚੇ 'ਚ ਸ਼ਾਮਿਲ ਜਥੇਬੰਦੀਆਂ ਦੇ ਆਗੂ ਅਤੇ ਹੋਰ ਵੱਖ-ਵੱਖ ਭਾਈਚਾਰਿਆਂ ਨਾਲ ਸਬੰਧਿਤ



ਲੋਕ ਸ਼ਾਮਿਲ ਹੋਏ। ਸਮੁੱਚੇ ਸਮਾਗਮ ਨੂੰ ਕਾਮਯਾਬ ਕਰਨ ਦੀ ਜ਼ਿੰਮੇਵਾਰੀ ਡਾ. ਕਸ਼ਮੀਰ ਸਿੰਘ ਖੁੰਡਾ ਚੀਫ ਆਰਗੇਨਾਈਜ਼ਰ ਹਾਸ਼ੀਆ ਲੋਕ ਦਲ ਅਤੇ ਕਈ ਦਿਨਾਂ ਤੋਂ ਰਾਤ ਦਿਨ ਲੋਕਾਂ 'ਚ ਵਿਚਰਦੇ ਮਿਹਨਤੀ ਸਾਥੀਆਂ ਦੀ ਟੀਮ ਨੇ ਨਿਭਾਈ।ਸਮਾਗਮ ਦੌਰਾਨ ਬੁਲਾਰਿਆਂ ਨੇ ਬਾਬਾ ਜੀਵਨ ਸਿੰਘ ਜੀ ਦੀ ਜੀਵਨੀ ਤੇ ਪ੍ਰਭਾਵ ਪੂਰਨ ਵਿਚਾਰ ਦਿੱਤੇ।ਪ੍ਰਿੰਸੀਪਲ ਦੀਪਕ ਕੁਮਾਰ ਨੇ ਪੰਚਾਂ ਸਰਪੰਚਾਂ ਦੇ ਅਧਿਕਾਰ ਅਤੇ ਫਰਜ਼ਾਂ ਬਾਰੇ ਪੇਪਰ ਪੜ੍ਹਿਆ।ਵੱਖ ਵੱਖ ਬੁਲਾਰਿਆਂ ਨੇ ਦਲਿਤਾਂ ਦੇ ਜੀਵਨ ਪੱਧਰ ਨੂੰ ਉਚਾ ਚੁੱਕਣ ਲਈ ਲੋਕ ਲਾਮਬੰਦੀ ਦੀ ਮੁੱਢਲੀ ਲੋੜ ਤੇ ਜ਼ੋਰ ਦਿੱਤਾ ਤੇ ਵੱਖ-ਵੱਖ ਮੁੱਦਿਆਂ 'ਤੇ ਚਰਚਾ ਕੀਤੀ। ਇਸ ਮੌਕੇ ਸਮਾਗਮ 'ਚ ਬੇਅੰਤ ਸਿੰਘ ਸਿੱਧੂ, ਮਾਸਟਰ ਬਲਦੇਵ ਸਿੰਘ ਕਲਿਆਣ, ਬਲਵੰਤ ਸਿੰਘ, ਗੁਰਚਰਨ ਸਿੰਘ, ਕੈਪਟਨ ਹਰਭਜਨ ਸਿੰਘ, ਮੰਗਲ ਸਿੰਘ, ਰਣਜੀਤ ਸਿੰਘ ਰਾਣਾ, ਨਿਰਮਲ ਸਿੰਘ ਕੋਟ ਖਾਲਸਾ, ਸਤਨਾਮ ਸਿੰਘ, ਵੱਖ-ਵੱਖ ਪਿੰਡਾਂ ਤੋਂ ਸ਼ਾਮਿਲ ਸਰਪੰਚ ਸਿਮਰਨਜੀਤ ਕੌਰ, ਸਤਨਾਮ ਸਿੰਘ, ਸੁਖਦੇਵ ਸਿੰਘ, ਧਰਮਪਾਲ ਸਿੰਘ, ਬਲਵਿੰਦਰ ਸਿੰਘ ਡੰਡੇ, ਸੁਖਬੀਰ ਸਿੰਘ ਸੋਨੀ, ਰਾਜਿੰਦਰ ਸਿੰਘ, ਗੁਰਪ੍ਰੀਤ ਸਿੰਘ, ਜਾਗੀਰ ਸਿੰਘ, ਲਾਭ ਸਿੰਘ, ਭਗਵੰਤ ਸਿੰਘ ਭਗੋਵਾਲ, ਜਸਵੰਤ ਸਿੰਘ ਤੇ ਮੋਰਚਾ ਸ਼ਾਮਿਲ ਹੋਏ।ਸੰਯੁਕਤ ਦਲਿਤ ਮੋਰਚੇ ਦੇ ਆਗੂ ਭਗਵੰਤ ਸਮਾਓ, ਕਿਰਨਜੀਤ ਸਿੰਘ ਗਹਿਰੀ, ਪ੍ਰਗਟ ਸਿੰਘ ਰਾਜੇਆਣਾ, ਲਖਬੀਰ ਸਿੰਘ ਬੱਬੀ, ਮਲਕੀਅਤ ਸਿੰਘ ਖਾਲਸਾ, ਬਖਸ਼ੀਸ਼ ਸਿੰਘ ਖਾਲਸਾ, ਕੁਲਦੀਪ ਸਿੰਘ ਹਰੀਪੁਰ ਆਦਿ ਨੇ ਦਲਿਤਾਂ ਦੀਆਂ ਮੁਸ਼ਕਲਾਂ ਅਤੇ ਉਨ੍ਹਾਂ ਦੇ ਸੰਭਾਵਿਤ ਹੱਲ ਬਾਰੇ ਵਿਚਾਰ ਪ੍ਰਗਟਾਏ। ਹਾਸ਼ੀਆ ਲੋਕ ਜ਼ਿਲ੍ਹਾ ਪ੍ਰਧਾਨ ਅਮਰਜੀਤ ਸਿੰਘ ਖੁੱਡੀਆਂ, ਪ੍ਰਿੰ. ਸੁਰਿੰਦਰ ਘਈ, ਜਸਵੰਤ ਸਿੰਘ, ਮਦਨ ਸਿੰਘ, ਨਰਵਾਣ ਸੰਧੂ, ਪ੍ਰਤਾਪ ਸਿੰਘ, ਗੁਰਲਾਲ ਸਿੰਘ, ਪਵਨਦੀਪ ਸਿੰਘ, ਰਾਜਬੀਰ ਸਿੰਘ, ਸੰਤੋਖ ਸਿੰਘ, ਗੁਰਭਾਗ ਸਿੰਘ, ਰਣਜੀਤ ਸਿੰਘ, ਅਜੇ ਕੁਮਾਰ, ਬਾਬਾ ਬਲਵਿੰਦਰ ਸਿੰਘ ਆਦਿ ਬੁਲਾਰਿਆਂ ਨੇ ਸੰਬੋਧਨ ਕੀਤਾ।ਇਸ ਮੌਕੇ ਵਿਕਰਮ ਸਿੰਘ, ਸੁਖਦੇਵ ਸਿੰਘ, ਬਲਦੇਵ ਸਿੰਘ ਮੈਂਬਰ, ਮਬਲਦੇਵ ਸਿੰਘ ਬਿੱਲਾ, ਸੁੱਧਾ ਸਿੰਘ, ਕੁਲਦੀਪ ਸਿੰਘ, ਦਵਿੰਦਰ ਸਿੰਘ, ਸਰਬਜੀਤ ਸਿੰਘ, ਸੁਖਚੈਨ ਸਿੰਘ, ਭਜਨ ਸਿੰਘ ਅਤੇ ਸੋਨੂੰ ਸਿੰਘ ਆਦਿ ਹਾਜ਼ਰ ਸਨ।

# ਲੁਧਿਆਣਾ ਦੇ ਲੋਕਾਂ ਨੇ ਵਿਕਾਸ ਦੇ ਕੰਮਾਂ 'ਤੇ ਲਾਈ ਮੋਹਰ : ਇੰਦਰਜੀਤ ਕੌਰ ਮਾਨ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਹਲਕਾ ਨਕੋਦਰ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਇੰਦਰਜੀਤ ਕੌਰ ਮਾਨ ਨੇ ਲੁਧਿਆਣਾ ਪੱਛਮੀ ਜ਼ਿਮਨੀ ਚੋਣ ਦੌਰਾਨ ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਹੱਕ ਵਿੱਚ ਆਏ ਨਤੀਜੇ ਸਾਹਮਣੇ ਆਉਣ 'ਤੇ ਲੋਕਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਨ੍ਹਾਂ ਨਤੀਜਿਆਂ 'ਤੇ ਤਸੱਲੀ ਪ੍ਰਗਟ ਕਰਦਿਆਂ ਵਿਧਾਇਕ ਇੰਦਰਜੀਤ ਕੌਰ ਮਾਨ ਨੇ ਕਿਹਾ ਕਿ ਲੁਧਿਆਣਾ ਦੇ ਲੋਕਾਂ ਨੇ ਅਰਵਿੰਦ ਕੇਜਰੀਵਾਲ ਅਤੇ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਦੌਰਾਨ ਚੱਲ ਰਹੇ ਵਿਕਾਸ ਦੇ ਕੰਮਾਂ 'ਤੇ ਮੋਹਰ ਲਾਈ ਹੈ ਅਤੇ ਉਨ੍ਹਾਂ ਲੁਧਿਆਣਾ ਵਾਸੀਆਂ ਦਾ ਧੰਨਵਾਦ ਕਰਦਿਆਂ ਉਨ੍ਹਾਂ ਨੂੰ ਵਿਕਾਸ ਦੀ ਸਹੀ ਲੀਹ ਚੁਣਨ 'ਤੇ ਮੁਬਾਰਕਬਾਦ ਦਿੱਤੀ।ਉਨ੍ਹਾਂ ਕਿਹਾ ਕਿ ਇਨ੍ਹਾਂ ਦੋਵੇ ਸੂਬਿਆਂ ਗੁਜਰਾਤ ਅਤੇ ਪੰਜਾਬ ਵਿੱਚ ਹੋਈ ਜਿੱਤ ਨਾਲ ਇਹ ਸਾਫ਼ ਦਿਖਾਈ ਦੇ ਰਿਹਾ ਹੈ ਕਿ ਲੋਕਾਂ ਦਾ ਰੁਝਾਨ ਹੁਣ ਸਿਰਫ਼ ਸਾਡੀ ਪਾਰਟੀ ਵੱਲ ਹੈ ਅਤੇ ਆਉਣ ਵਾਲੀਆਂ 2027 ਦੀਆਂ ਚੋਣਾਂ ਦੌਰਾਨ ਉਹ ਫਿਰ ਜਿੱਤ ਹਾਸਲ ਕਰਨਗੇ ਅਤੇ ਮੁੜ ਤੋਂ ਸੂਬੇ ਵਿੱਚ ਸਰਕਾਰ ਯਕੀਨੀ ਬਣਾਉਣਗੇ।



# ਲੁਧਿਆਣੇ ਦੇ ਲੋਕਾਂ ਨੇ 'ਆਪ' ਦੀਆਂ ਨੀਤੀਆਂ ਦੇ ਹੱਕ 'ਚ ਦਿੱਤਾ ਫਤਵਾ : ਸੁਨੈਨਾ ਰੰਧਾਵਾ

**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)**- ਮੁੱਖ ਮੰਤਰੀ ਪੰਜਾਬ ਸ: ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਨੇ ਵੱਡੀ ਲੀਡ ਨਾਲ ਜਿੱਤ ਪ੍ਰਾਪਤ ਕਰਕੇ ਇਹ ਸਿੱਧ ਕਰ ਦਿੱਤਾ ਹੈ ਕਿ ਲੋਕ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਤੋਂ ਖੁਸ਼ ਹਨ।ਇਨ੍ਹਾਂ



ਸ਼ਬਦਾਂ ਦਾ ਪ੍ਰਗਟਾਵਾ ਕਰਦੇ ਹੋਏ ਹਲਕਾ ਜੰਡਿਆਲਾ ਗੁਰੂ ਤੋਂ ਮਹਿਲਾ ਵਿੰਗ ਦੀ ਪ੍ਰਧਾਨ ਸੁਨੈਨਾ ਰੰਧਾਵਾ ਨੇ ਦੱਸਿਆ ਕਿ ਲੁਧਿਆਣਾ ਪੱਛਮੀ ਤੋਂ ਆਪ ਉਮੀਦਵਾਰ ਸੰਜੀਵ ਅਰੋੜਾ ਦੀ ਜਿੱਤ ਅਤੇ ਗੁਜਰਾਤ ਵਿਧਾਨ ਸਭਾ ਹਲਕਾ ਵਿਸਾਵਦਰ ਤੋਂ ਗੋਪਾਲ ਇਟਾਲੀਆ ਦੀ ਸ਼ਾਨਦਾਰ ਜਿੱਤ ਆਮ ਲੋਕਾਂ ਦੀ ਜਿੱਤ ਹੈ ਅਤੇ ਇਹ ਜਿੱਤ ਲੋਕਤੰਤਰ, ਇਮਾਨਦਾਰੀ ਅਤੇ ਵਿਕਾਸ 'ਤੇ ਭਰੋਸਾ ਜਿਤਾਉਣ ਵਾਲੇ ਹਰ ਨਾਗਰਿਕ ਦੀ ਜਿੱਤ ਹੈ। ਮੈਡਮ ਸੁਨੈਨਾ ਰੰਧਾਵਾ ਨੇ ਕਿਹਾ ਕਿ ਵਿਰੋਧੀਆਂ ਨੇ ਲੁਧਿਆਣਾ ਪੱਛਮੀ ਸੀਟ ਨੂੰ ਜਿੱਤਣ ਲਈ ਕਾਫ਼ੀ ਕੂੜ ਪ੍ਰਚਾਰ ਕੀਤਾ ਪਰ ਲੋਕ ਇਨ੍ਹਾਂ ਦੇ ਝਾਂਸੇ ਵਿੱਚ ਨਹੀਂ ਆਏ ਅਤੇ ਵਿਕਾਸ ਦੇ ਕੰਮਾਂ ਤੇ ਮੋਹਰ ਲਾਈ ਹੈ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਆਮ ਲੋਕਾਂ ਦੀ ਸਰਕਾਰ ਹੈ ਅਤੇ ਇਹ ਆਮ ਲੋਕਾਂ ਦੇ ਭਲਾਈ ਲਈ ਕੰਮ ਕਰਦੀ ਰਹੇਗੀ।ਉਨ੍ਹਾਂ ਕਿਹਾ ਕਿ ਸਾਡੀ ਸਰਕਾਰ ਜ਼ੀਰੋ ਟਾਲਰੈਂਸ ਦੀ ਨੀਤੀ 'ਤੇ ਕੰਮ ਕਰ ਰਹੀ ਹੈ ਅਤੇ ਕਿਸੇ ਵੀ ਭ੍ਰਿਸ਼ਟਾਚਾਰੀ ਜਾਂ ਨਸ਼ਾ ਵੇਚਣ ਵਾਲੇ ਨੂੰ ਨਹੀਂ ਛੱਡਿਆ ਜਾਵੇਗਾ।ਇਸ ਮੌਕੇ ਰੰਧਾਵਾ ਨੇ ਆਮ ਆਦਮੀ ਪਾਰਟੀ ਦੇ ਆਪਣੇ ਸਾਥੀਆਂ ਨਾਲ ਲੱਡੂ ਵੰਡ ਕੇ ਖੁਸ਼ੀ ਸਾਂਝੀ ਕੀਤੀ ਅਤੇ ਕਿਹਾ ਕਿ 2027 ਵਿੱਚ ਵੀ ਆਮ ਆਦਮੀ ਪਾਰਟੀ ਦੀ ਸਰਕਾਰ ਮੁੜ ਸੱਤਾ ਵਿੱਚ ਆਵੇਗੀ।

# ਡਿਪਟੀ ਕਮਿਸ਼ਨਰ ਵੱਲੋਂ ਜ਼ਿਲ੍ਹਾ ਪੱਧਰੀ ਫੂਡ ਕਮੇਟੀ ਬਣਾਉਣ ਦਾ ਐਲਾਨ

**● ਨੌਜਵਾਨ ਆਪਣੇ ਦੇਸ਼ 'ਚ ਰਹਿ ਕੇ ਵੱਧ ਤੋਂ ਵੱਧ ਕੰਮ ਕਰਨ ਨੂੰ ਤਰਜੀਹ ਦੇਣ**

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਫਿਊਚਰ ਟਾਈਕੂਨ (ਭਵਿੱਖ ਦੇ ਕਾਰੋਬਾਰੀ) ਅੰਮ੍ਰਿਤਸਰ ਇੱਕ ਵੱਖਰੀ ਪਹਿਲ ਹੈ ਜੋ ਸ਼ਹਿਰ ਵਿੱਚ ਉੱਦਮੀ ਭਾਵਨਾ ਨੂੰ ਖੋਜਣ, ਵਿਕਸਤ ਕਰਨ ਲਈ ਸਮਰਪਿਤ ਹੈ ਜਿੱਥੇ ਚਾਹਵਾਨ ਕਾਰੋਬਾਰੀ ਆਗੂ ਆਪਣੇ ਨਵੀਨਕਾਰੀ ਵਿਚਾਰਾਂ ਨੂੰ ਪ੍ਰਭਾਵਸ਼ਾਲੀ ਉੱਦਮਾਂ ਵਿੱਚ ਬਦਲ ਸਕਦੇ ਹਨ।ਫਿਊਚਰ ਟਾਈਕੂਨ ਇੱਕ ਵਿਹਾਰਕ ਸਿਖਲਾਈ, ਮਾਹਰ ਸਲਾਹ ਅਤੇ ਅਸਲ-ਸੰਸਾਰ ਵਪਾਰਕ ਚੁਣੌਤੀਆਂ ਦੇ ਸੰਪਰਕ ਨੂੰ ਜੋੜ ਕੇ ਇਹ ਪਹਿਲ ਕੱਚੀ ਪ੍ਰਤਿਭਾ ਅਤੇ ਉੱਦਮੀ ਸਫਲਤਾ ਵਿਚਕਾਰ ਪਾੜੇ ਨੂੰ ਪੂਰਾ ਕਰਨ ਲਈ ਤਿਆਰ ਕੀਤੀ ਗਈ।ਇਸ ਦਾ ਆਯੋਜਨ ਸ਼ਾਕਸੀ ਸਾਹਨੀ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੇ ਕੀਤਾ ਜਿਸ ਵਿੱਚ ਛੇ ਕੈਟਾਗਰੀਆਂ ਵਿੱਚ ਲਗਭਗ 1300 ਦੇ ਕਰੀਬ ਲੋਕਾਂ ਨੇ ਅਪਲਾਈ ਕੀਤਾ, ਜਿਸ ਵਿੱਚ ਹਰੇਕ ਕੈਟਾਗਰੀ ਪਹਿਲੇ, ਦੂਜੇ ਅਤੇ ਤੀਸਰੇ ਸਥਾਨ ਤੇ ਰਹਿਣ ਵਾਲੇ ਪ੍ਰਾਰਥੀਆਂ ਨੂੰ ਨਗਦ ਇਨਾਮ ਦਿੱਤੇ ਜਾਣਗੇ।ਅੰਮ੍ਰਿਤਸਰ ਟੂਰਜ਼ਿਮ ਦੀ ਹੱਬ ਹੈ ਅਤੇ ਖਾਣ-ਪਾਣ ਦੇ ਸ਼ੌਕੀਨਾਂ ਲਈ ਲਾਜਵਾਬ ਜਗ੍ਹਾ ਹੈ ਜਿਸ ਤਹਿਤ ਖਾਲਸਾ ਕੁਲਚੇ ਅੰਮ੍ਰਿਤਸਰ ਵੱਲੋਂ ਚੌਥੀ ਪੀੜ੍ਹੀ ਕੇਵਲ ਅੰਮ੍ਰਿਤਸਰ ਸ਼ਹਿਰ ਵਿੱਚ ਹੀ ਨਹੀਂ ਪੂਰੇ ਦੇਸ਼ਾਂ-ਵਿਦੇਸ਼ਾਂ ਵਿੱਚ ਪ੍ਰਸਿੱਧੀ ਪ੍ਰਾਪਤ ਕਰ ਰਹੇ ਹਨ, ਜਿਸ ਦੀ ਜਿਉਂਦੀ ਜਾਗਦੀ ਮਿਸਾਲ ਅਮਨਜਿੰਦਰ ਸਿੰਘ ਆਪਣੀ ਬੇਟੀ ਅਤੇ ਦੋ ਬੇਟਿਆਂ ਸਮੇਤ ਇਸ ਕੰਮ ਨੂੰ ਅੱਗੇ ਵਧਾ ਰਹੇ ਹਨ।ਅੱਜ ਡਿਪਟੀ ਕਮਿਸ਼ਨਰ ਸ਼ਾਕਸੀ ਸਾਹਨੀ ਵੱਲੋਂ ਖਾਲਸਾ ਕੁਲਚਾ ਸ੍ਰ. ਅਮਨਜਿੰਦਰ ਸਿੰਘ ਨੂੰ ਉਚੇਚੇ ਤੌਰ ਤੇ ਬੁਲਾ ਕੇ ਭਵਿੱਖ ਦੇ ਕਾਰੋਬਾਰੀ ਦੇ ਰੂਪ ਵਿੱਚ ਸਨਮਾਨਿਤ ਕੀਤਾ ਗਿਆ ਅਤੇ ਉਨ੍ਹਾਂ ਵੱਲੋਂ ਜ਼ਿਲ੍ਹੇ ਦੇ ਖਾਣ-ਪੀਣ ਵਾਲੀਆਂ ਵਸਤੂਆਂ ਵਿੱਚ ਕੰਮ ਕਰਨ ਦੇ ਸ਼ੌਕੀਨਾਂ ਲਈ ਇੱਕ ਜ਼ਿਲ੍ਹਾ ਪੱਧਰੀ ਫੂਡ ਕਮੇਟੀ ਬਣਾਉਣ ਦਾ ਐਲਾਨ ਕੀਤਾ ਹੈ, ਜਿਸ ਵਿੱਚ ਜ਼ਿਲ੍ਹੇ ਦੇ ਖਾਣ-ਪੀਣ ਨਾਲ ਸਬੰਧਿਤ ਕਾਰੋਬਾਰੀਆਂ ਨਾਲ ਮੀਟਿੰਗ ਕਰਕੇ ਸੂਝਵਾਨ ਵਿਅਕਤੀਆਂ ਨੂੰ ਇਸ ਫੂਡ ਕਮੇਟੀ ਵਿੱਚ ਸ਼ਾਮਿਲ ਕੀਤਾ ਜਾਵੇਗਾ।ਉਨ੍ਹਾਂ ਦੱਸਿਆ ਕਿ ਨੌਜਵਾਨ ਆਪਣੇ ਦੇਸ਼ ਵਿੱਚ ਰਹਿ ਕੇ ਆਪਣਾ ਕਾਰੋਬਾਰ ਸਥਾਪਿਤ ਕਰ ਸਕਦੇ ਹਨ।ਉਨ੍ਹਾਂ ਨੌਜਵਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਆਪਣੇ ਦੇਸ਼ ਵਿੱਚ ਕੰਮ ਕਰਨ ਨੂੰ ਤਰਜੀਹ ਦੇਣ। ਇਸ ਮੌਕੇ ਉਨ੍ਹਾਂ ਨਾਲ ਰੁਜ਼ਗਾਰ ਅਧਿਕਾਰੀ ਮੁਕੇਸ਼ ਸਾਰੰਗਲ, ਡਿਪਟੀ ਸੀਓ ਤੀਰਥਪਾਲ ਸਿੰਘ ਅਤੇ ਡੀਡੀਐੱਫ ਮੁਹੰਦਮ ਬਿਲਾਲ ਅਤੇ ਜਤਿੰਦਰਜੀਤ ਸਿੰਘ ਆਦਿ ਹਾਜ਼ਰ ਸਨ।

# 9 ਜੁਲਾਈ ਦੀ ਹੜਤਾਲ 'ਚ ਮਜ਼ਦੂਰ ਸਾਥੀਆਂ ਨੂੰ ਸ਼ਾਮਲ ਹੋਣ ਦਾ ਸੱਦਾ



**ਝਬਾਲ (ਹਰਜਿੰਦਰ ਸਿੰਘ ਸੋਨੀ)**- ਹਿੰਦ ਕਮਿਊਨਿਸਟ ਪਾਰਟੀ ਮਾਰਕਸਵਾਦੀ ਦੀ ਬ੍ਰਾਂਚ ਦਇਆ ਨਗਰ ਦੀ ਜਰਨਲ ਬਾਡੀ ਦੀ ਮੀਟਿੰਗ ਕਾਮਰੇਡ ਸੁਖਦੇਵ ਰਾਜ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਦੀ ਕਾਰਵਾਈ ਬ੍ਰਾਂਚ ਸੱਕਤਰ ਸਭਾਸ਼ ਚੰਦਰ ਨੇ ਚਲਾਈ ।ਮੀਟਿੰਗ ਨੂੰ ਸੰਬੋਧਨ ਕਰਨ ਲਈ ਪਾਰਟੀ ਦੇ ਜ਼ਿਲ੍ਹਾ ਸਕੱਤਰੇਤ ਮੈਂਬਰ ਜਸਬੀਰ ਸਿੰਘ ਝਬਾਲ ਨੇ ਪਾਰਟੀ ਪ੍ਰੋਗਰਾਮ, ਪਾਰਟੀ ਸਿਧਾਂਤ ਤੇ ਪਾਰਟੀ ਦੇ ਪਾਸ ਹੋਏ ਮਤਿਆਂ ਬਾਰੇ ਭਰਪੂਰ ਜਾਣਕਾਰੀ ਸਾਂਝੀ ਕੀਤੀ।9 ਜੁਲਾਈ ਨੂੰ ਸਰਕਾਰ ਦੀਆਂ ਮਜ਼ਦੂਰ ਵਿਰੋਧੀ ਨੀਤੀਆਂ ਬਾਰੇ ਅਤੇ ਲੇਬਰ ਕੋਡ ਐਕਟ ਤੋੜਨ ਦੀ ਕੇਂਦਰ ਅਤੇ ਪੰਜਾਬ ਸਰਕਾਰ ਦੀ ਪੁਰਜ਼ੋਰ ਸ਼ਬਦਾਂ ਵਿੱਚ ਨਿੰਦਾ ਕੀਤੀ ਗਈ।ਸਾਰੇ ਸਾਥੀਆਂ ਨੂੰ ਅਪਣੀ ਬ੍ਰਾਂਚ ਵੱਲੋਂ ਵੱਧ ਤੋਂ ਵੱਧ ਮਜ਼ਦੂਰ ਭੈਣਾਂ ਭਰਾਵਾਂ ਨੂੰ 9 ਜੁਲਾਈ ਦੀ ਬੱਸ ਸਟੈਂਡ ਅੰਮ੍ਰਿਤਸਰ ਵਿਖੇ ਪਹੁੰਚਣ ਦੀ ਅਪੀਲ ਕੀਤੀ। ਇਸ ਮੀਟਿੰਗ ਵਿੱਚ ਗੁਲਜ਼ਾਰ ਸਿੰਘ, ਮਨੋਹਰ ਲਾਲ, ਸ਼ੁਭਾਸ਼ ਚੰਦਰ, ਬਲਬੀਰ ਸਿੰਘ, ਸੁਖਦੇਵ ਸਿੰਘ, ਰਮੇਸ਼ ਕੁਮਾਰ, ਸੁਰੇਸ਼ ਲਾਟਾ, ਮਨਜੀਤ ਕੌਰ, ਇੰਦੂ ਬਾਲਾ ਆਦਿ ਹਾਜ਼ਰ ਸਨ। ਸਾਥੀ ਗੁਲਜ਼ਾਰ ਸਿੰਘ ਨੇ ਆਪਣੀ ਬ੍ਰਾਂਚ ਵਿਚੋਂ ਵੱਧ ਤੋਂ ਵੱਧ ਸਾਥੀਆਂ ਨੂੰ 9 ਜੁਲਾਈ ਨੂੰ ਹੋ ਰਹੀ ਹੜਤਾਲ ਵਿੱਚ ਸ਼ਾਮਿਲ ਹੋਣ ਦਾ ਸੱਦਾ ਦਿੱਤਾ।ਅੰਤ ਵਿੱਚ ਸੁਖਦੇਵ ਰਾਜ ਨੇ ਆਏ ਸਾਥੀਆਂ ਦਾ ਧੰਨਵਾਦ ਕੀਤਾ।

# ਰੰਧਾਵਾ ਤੇ ਸੇਖਵਾਂ ਨੇ ਲੁਧਿਆਣਾ 'ਚ ਹੋਈ ਜਿੱਤ ਲਈ ਆਪ ਹਾਈਕਮਾਨ ਤੇ ਵਲੰਟੀਅਰਜ਼ ਨੂੰ ਦਿੱਤੀ ਵਧਾਈ

**ਗੁਰਦਾਸਪੁਰ (ਜਨਕ ਮਹਾਜਨ)**- ਵਿਧਾਇਕ ਗੁਰਦੀਪ ਸਿੰਘ ਰੰਧਾਵਾ ਅਤੇ ਜ਼ਿਲ੍ਹਾ ਯੋਜਨਾ ਕਮੇਟੀ ਗੁਰਦਾਸਪੁਰ ਦੇ ਚੇਅਰਮੈਨ ਸਕੱਤਰ ਜਗਰੂਪ ਸਿੰਘ ਸੇਖਵਾਂ ਨੇ ਲੁਧਿਆਣਾ ਪੱਛਮੀ ਹਲਕੇ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਸੰਜੀਵ ਅਰੋੜਾ ਦੀ ਹੋਈ ਰਿਕਾਰਡ ਅਤੇ ਸ਼ਾਨਦਾਰ ਜਿੱਤ ਲਈ ਆਮ ਆਦਮੀ ਪਾਰਟੀ ਦੀ ਸਮੁੱਚੀ ਲੀਡਰਸ਼ਿਪ ਅਤੇ ਵਲੰਟੀਅਰਜ਼ ਨੂੰ ਵਧਾਈ ਦਿੱਤੀ ਹੈ। ਉਨ੍ਹਾਂ ਕਿਹਾ ਕਿ ਲੁਧਿਆਣਾ ਪੱਛਮੀ ਹਲਕੇ ਦੇ ਲੋਕਾਂ ਨੇ ਇੱਕ ਇਮਾਨਦਾਰ ਤੇ ਨੇਕ ਇਨਸਾਨ ਨੂੰ ਚੁਣ ਕੇ ਸਹੀ ਫ਼ੈਸਲਾ ਲਿਆ ਹੈ। ਉਨ੍ਹਾਂ ਕਿਹਾ ਕਿ ਇਹ ਜਿੱਤ 2027 ਦੀਆਂ ਵਿਧਾਨ ਸਭਾ ਚੋਣਾਂ ਅੰਦਰ ਆਮ ਆਦਮੀ ਪਾਰਟੀ ਦੇ ਸੂਬੇ ਵਿਚ



ਮੁੜ ਸੱਤਾ ਵਿਚ ਆਉਣ ਦਾ ਸਪਸ਼ਟ ਸੰਕੇਤ ਹੈ। ਉਨ੍ਹਾਂ ਕਿਹਾ ਕਿ ਇਹ ਜਿੱਤ ਦਰਸਾਉਂਦੀ ਹੈ ਕਿ ਸੂਬੇ ਦੇ ਲੋਕ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਕੰਮਾਂ ਅਤੇ ਪਾਰਟੀ ਦੀਆਂ ਨੀਤੀਆਂ ਤੋਂ ਬੇਹੱਦ ਖ਼ੁਸ਼ ਹਨ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਸੂਬੇ ਦੀ ਤਰੱਕੀ ਅਤੇ ਖ਼ੁਸ਼ਹਾਲੀ ਲਈ ਦਿਨ-ਰਾਤ ਬਿਨਾਂ ਭੇਦਭਾਵ ਤੇ ਇਮਾਨਦਾਰੀ ਨਾਲ ਕੰਮ ਕਰ ਰਹੀ ਹੈ ਅਤੇ ਲੋਕ ਸੇਵਾ ਦੇ ਇਹ ਕਾਰਜ ਭਵਿੱਖ ਵਿੱਚ ਵੀ ਜਾਰੀ ਰਹਿਣਗੇ।

# ਮਲਟੀਪਰਪਜ਼ ਹੈਲਥ ਵਰਕਰਾਂ ਨੇ ਸਿਹਤ ਮੰਤਰੀ ਨੂੰ ਦਿੱਤਾ ਮੰਗ ਪੱਤਰ

**● ਮੰਤਰੀ ਨੇ ਜਥੇਬੰਦੀ ਨੂੰ ਜਲਦ ਮੰਗਾਂ ਹੱਲ ਕਰਨ ਦਾ ਭਰੋਸਾ ਦਿਵਾਇਆ**



**ਅੰਮ੍ਰਿਤਸਰ (ਰਾਣਾ)**-ਮਲਟੀਪਰਪਜ਼ ਹੈਲਥ ਵਰਕਰ ਮੇਲ ਤੇ ਫ਼ੀਮੇਲ ਐਕਸ਼ਨ ਕਮੇਟੀ ਅਤੇ ਬਹੁਮੰਤਵੀ ਸਿਹਤ ਕਰਮਚਾਰੀ ਐਕਸ਼ਨ ਕਮੇਟੀ ਪੰਜਾਬ ਨੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੂੰ ਜ਼ਿਲਾ ਪ੍ਰਧਾਨ ਰਾਜਦੀਪ ਸਿੰਘ ਹੁਸ਼ਿਆਰਪੁਰ, ਜ਼ਿਲਾ ਪ੍ਰਧਾਨ ਗੁਰਮੀਤ ਸਿੰਘ, ਜ਼ਿਲ੍ਹਾ ਪ੍ਰਧਾਨ ਰਮਨਜੀਤ ਕੌਰ ਮਾਨ ਗੁਰਦਾਸਪੁਰ, ਸੂਬਾ ਪ੍ਰਧਾਨ ਗਗਨਦੀਪ ਸਿੰਘ ਖਾਲਸਾ ਅੰਮ੍ਰਿਤਸਰ ਦੀ ਅਗਵਾਈ ਵਿੱਚ ਮੰਗ ਪੱਤਰ ਦਿੱਤਾ ਗਿਆ।ਇਸ ਮੌਕੇ ਮੰਗਾਂ ਸੰਬੰਧੀ ਵਿਚਾਰ-ਚਰਚਾ ਵੀ ਕੀਤੀ ਗਈ। ਸਿਹਤ ਮੰਤਰੀ ਨੇ ਜਥੇਬੰਦਕ ਮੰਗਾਂ 'ਤੇ ਸਹਿਮਤੀ ਪ੍ਰਗਟਾਉਣ ਉਪਰੰਤ ਜਲਦੀ ਇਕ ਪੈਨਲ ਮੀਟਿੰਗ ਦੇਣ ਦੀ ਗੱਲ ਆਖੀ ਹੈ।ਇਸ ਦੌਰਾਨ ਜਥੇਬੰਦਕ ਮੁੱਖ ਮੰਗਾਂ 'ਚ ਕੇਡਰ ਦਾ ਨਾਮ ਬਦਲਣ, 270 ਹੈਲਥ ਵਰਕਰਾਂ ਦੀਆ ਪੋਸਟਾਂ ਦਾ ਇਸ਼ਤਿਹਾਰ ਜਾਰੀ ਕਰਨ, ਡਾਕਟਰਾਂ ਦੀ ਤਰਜ਼ 'ਤੇ 4-9-14 ਸਾਲਾ ਵਿੱਤੀ ਲਾਭ ਦੇਣ, ਟੋਲ ਮੁਆਫ ਕਰਨ, ਸੀਐੱਚਓ ਦੇ ਛੁੱਟੀ ਜਾਣ ਤੇ ਮੇਲ/ਫੀਮੇਲ ਦੀ ਡਿਊਟੀ ਨਾ ਲਗਾਉਣ, ਐੱਫਟੀਏ ਸਮੇਤ ਹੋਰ ਕੱਟੇ ਭੱਤੇ ਲਾਗੂ ਕਰਵਾਉਣ, ਸਿਹਤ ਵਿਭਾਗ ਵਿੱਚ ਕੰਮ ਕਰਨ ਵਾਲੇ ਮੁਲਾਜ਼ਮਾਂ ਉੱਪਰ 6ਵਾਂ, ਤੇ 7ਵਾਂ ਤਨਖਾਹ ਕਮਿਸ਼ਨ ਲਾਗੂ ਕਰਨਾ, ਕੱਚੇ ਕਾਮਿਆਂ ਨੂੰ ਪੱਕੇ ਕਰਨਾ ਆਦਿ ਸ਼ਾਮਲ ਹਨ।ਇਸ ਮੀਟਿਗ ਵਿੱਚ ਬੁਹਮੰਤਵੀ ਸਿਹਤ ਕਰਮਚਾਰੀ ਐਸੋਸੀਏਸ਼ਨ ਦੇ ਮੁੱਖ ਸਲਾਕਾਰ ਸੰਦੀਪ ਸਿੰਘ ਰਮਦਾਸ ਚੀਮਾਂ ਨੇ ਸਿਹਤ ਮੰਤਰੀ ਮੰਤਰੀ ਨੂੰ ਨਸ਼ਿਆਂ ਵਿਰੁੱਧ ਯੁੱਧ ਵਿੱਚ ਕੇਡਰ ਵੱਲੋਂ ਨਿਭਾਈ ਜਾ ਰਹੀ ਭੂਮਿਕਾ ਸੰਬੰਧੀ ਵਿਸਥਾਰ ਪੂਰਵਕ ਜਾਣੂ ਕਰਾਇਆ ਅਤੇ ਮੰਤਰੀ ਨੇ ਕੇਡਰ ਵੱਲੋਂ ਕੀਤੇ ਜਾ ਰਹੇ ਕੰਮਾਂ ਦੀ ਭਰਪੂਰ ਸ਼ਲਾਘਾ ਕੀਤੀ।

# ਸ਼੍ਰੋਮਣੀ ਕਮੇਟੀ ਵੱਲੋਂ ਗੁ. ਧੋਬੜੀ ਸਾਹਿਬ ਤੋਂ ਸਜਾਏ ਜਾਣ ਵਾਲੇ ਨਗਰ ਕੀਰਤਨ ਦੇ ਪ੍ਰਬੰਧਾਂ ਸਬੰਧੀ ਯੂਪੀ 'ਚ ਇਕੱਤਰਤਾਵਾਂ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਗੁਰਦੁਆਰਾ ਧੋਬੜੀ ਸਾਹਿਬ ਅਸਾਮ ਤੋਂ ਸਜਾਏ ਜਾ ਰਹੇ ਨਗਰ ਕੀਰਤਨ ਦੇ ਪ੍ਰਬੰਧਾਂ ਸਬੰਧੀ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਭਾਈ ਅਜੈਬ ਸਿੰਘ ਅਭਿਆਸੀ ਨੇ ਉਤਰ ਪ੍ਰਦੇਸ਼ ਵਿਖੇ ਕਾਰਸੇਵਾ ਵਾਲੇ ਮਹਾਂਪੁਰਖਾਂ ਅਤੇ ਵੱਖ-ਵੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਇਕੱਤਰਤਾਵਾਂ ਕੀਤੀਆਂ।ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਦਿਸ਼ਾ-ਨਿਰਦੇਸ਼ਾਂ 'ਤੇ ਨਗਰ ਕੀਰਤਨ ਦੇ ਪ੍ਰਬੰਧਾਂ ਸਬੰਧੀ ਉੱਤਰ ਪ੍ਰਦੇਸ਼ ਗਏ ਭਾਈ ਅਜੈਬ ਸਿੰਘ ਅਭਿਆਸੀ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਸਿੱਖ ਸੰਗਤਾਂ ਦੇ ਸਹਿਯੋਗ ਨਾਲ ਨਵੰਬਰ 2025 'ਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਅਤੇ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਗੁਰਤਾਗੱਦੀ ਦਿਵਸ ਦੀ 350 ਸਾਲਾ ਸ਼ਤਾਬਦੀ ਕੌਮੀ ਜਾਹੋ ਜਲਾਲ ਨਾਲ ਮਨਾਈ ਜਾ ਰਹੀ ਹੈ।ਇਸ ਸ਼ਤਾਬਦੀ ਨੂੰ ਸਮਰਪਿਤ ਸ਼੍ਰੋਮਣੀ ਕਮੇਟੀ ਵੱਲੋਂ ਜਿਥੇ ਦੇਸ਼ ਦੇ ਵੱਖ-ਵੱਖ ਸ਼ਹਿਰਾਂ ਵਿੱਚ ਗੁਰਮਤਿ ਸਮਾਗਮ ਕਰਵਾਏ ਜਾ ਰਹੇ ਹਨ ਉਥੇ ਹੀ ਵਿਸ਼ੇਸ਼ ਤੌਰ 'ਤੇ ਨਗਰ ਕੀਰਤਨ ਵੀ ਸਜਾਏ ਜਾਣਗੇ।ਇਸੇ ਤਹਿਤ ਇੱਕ ਵਿਸ਼ੇਸ਼ ਨਗਰ ਕੀਰਤਨ ਗੁਰਦੁਆਰਾ ਧੋਬੜੀ ਸਾਹਿਬ (ਆਸਾਮ) ਤੋਂ ਸ੍ਰੀ ਅਨੰਦਪੁਰ ਸਾਹਿਬ ਤੱਕ ਸਜਾਇਆ ਜਾਣਾ ਹੈ।ਉਨ੍ਹਾਂ ਕਿਹਾ ਕਿ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਨਿਰਦੇਸ਼ਾਂ ਅਨੁਸਾਰ ਉੱਤਰ ਪ੍ਰਦੇਸ਼ ਵਿਖੇ ਨਗਰ ਕੀਰਤਨ ਦੇ ਸਵਾਗਤ ਅਤੇ ਪ੍ਰਬੰਧਾਂ ਨੂੰ ਲੈ ਕੇ ਬਾਬਾ



ਬਚਨ ਸਿੰਘ, ਬਾਬਾ ਸੁਰਿੰਦਰ ਸਿੰਘ ਕਾਰਸੇਵਾ ਗੁਰਦੁਆਰਾ ਸ੍ਰੀ ਬੰਗਲਾ ਸਾਹਿਬ ਨਵੀਂ ਦਿੱਲੀ, ਬਾਬਾ ਪ੍ਰੀਤਮ ਸਿੰਘ ਗੁਰਦੁਆਰਾ ਕਾ ਤਾਲ ਆਗਰਾ, ਬਾਬਾ ਹਰਵਿੰਦਰ ਸਿੰਘ ਇੰਦੌਰ ਤੇ ਹੋਰ ਪ੍ਰਬੰਧਕਾਂ ਨਾਲ ਇਕੱਤਰਤਾਵਾਂ ਕੀਤੀਆਂ ਗਈਆਂ ਹਨ।ਉਨ੍ਹਾਂ ਕਿਹਾ ਕਿ ਪ੍ਰਬੰਧਕਾਂ ਨੇ ਸ਼ਤਾਬਦੀ ਮੌਕੇ ਸਜਾਏ ਜਾਣ ਵਾਲੇ ਨਗਰ ਕੀਰਤਨ ਦਾ ਯੂਪੀ ਵਿਚ ਭਰਵਾਂ ਸਵਾਗਤ ਕਰਨ ਅਤੇ ਹੋਰ ਪ੍ਰਬੰਧਾਂ ਲਈ ਸ਼੍ਰੋਮਣੀ ਕਮੇਟੀ ਨੂੰ ਪੂਰਨ ਸਹਿਯੋਗ ਦੇਣ ਦਾ ਭਰੋਸਾ ਦਿੱਤਾ ਹੈ।ਇਸ ਮੌਕੇ ਯੂਪੀ ਸਿੱਖ ਮਿਸ਼ਨ ਹਾਪੜ ਦੇ ਇੰਚਾਰਜ ਬ੍ਰਿਜਪਾਲ ਸਿੰਘ, ਸੰਦੀਪ ਸਿੰਘ ਤੇ ਭਾਈ ਸੁਰਿੰਦਰ ਸਿੰਘ ਪੱਟੀ ਆਦਿ ਹਾਜ਼ਰ ਸਨ।

# ਅੱਜ ਦੇ ਨਿਰੰਕਾਰੀ ਸੰਤ ਸਮਾਗਮ ਦੀਆਂ ਤਿਆਰੀਆਂ ਮੁਕੰਮਲ : ਪ੍ਰਬੰਧਕ




**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**- 25 ਜੂਨ ਨੂੰ ਡੇਰਾ ਬਾਬਾ ਨਾਨਕ ਦੀ ਦਾਣਾ ਮੰਡੀ ਵਿਖੇ ਕਰਵਾਏ ਜਾ ਰਹੇ ਨਿਰੰਕਾਰੀ ਸੰਤ ਸਮਾਗਮ ਦੀਆਂ ਤਿਆਰੀਆਂ ਲੱਗਭੱਗ ਮੁਕੰਮਲ ਕਰ ਲਈਆਂ ਗਈਆਂ ਹਨ।ਇਸ ਸਬੰਧੀ ਪੱਤਰਕਾਰਾਂ ਨੂੰ ਵਧੇਰੇ ਜਾਣਕਾਰੀ ਦਿੰਦੇ ਹੋਏ ਸੰਤ ਨਿਰੰਕਾਰੀ ਮਿਸ਼ਨ ਦੇ ਖੇਤਰੀ ਜ਼ੋਨ ਇੰਚਾਰਜ ਡਾਕਟਰ ਗੁਰਸ਼ਰਨ ਸਿੰਘ ਅੰਮ੍ਰਿਤਸਰ, ਸੰਯੋਜਕ ਮਾਸਟਰ ਮਲਕੀਤ ਸਿੰਘ ਮੱਲ ਫਤਿਹਗੜ੍ਹ ਚੂੜੀਆਂ, ਸੇਵਾ ਦਲ ਇੰਚਾਰਜ ਪ੍ਰਵੀਨ ਸਿੰਘ ਫਤਿਹਗੜ੍ਹ ਚੂੜੀਆਂ, ਮਾਸਟਰ ਗਗਨਦੀਪ ਸਿੰਘ ਸੰਚਾਲਕ ਰਮਦਾਸ ਅਤੇ ਰਾਜਨ ਰਮਦਾਸ ਨੇ ਸਾਂਝੇ ਤੌਰ ਤੇ ਦੱਸਿਆ ਕਿ 25 ਜੂਨ ਦਿਨ ਬੁੱਧਵਾਰ ਨੂੰ 11 ਵਜੇ ਤੋਂ ਲੈ ਕੇ ਦੁਪਹਿਰ 2 ਵਜੇ ਤੱਕ ਡੇਰਾ ਬਾਬਾ ਨਾਨਕ ਦੀ ਦਾਣਾ ਮੰਡੀ ਵਿਖੇ ਸੰਤ ਨਿਰੰਕਾਰੀ ਮਿਸ਼ਨ ਵੱਲੋਂ ਨਿਰੰਕਾਰੀ ਸੰਤ ਸਮਾਗਮ ਕਰਵਾਇਆ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਇਸ ਨਿਰੰਕਾਰੀ ਸੰਤ ਸਮਾਗਮ ਮੌਕੇ ਨਿਰੰਕਾਰੀ ਰਾਜਪਿਤਾ ਰਮਿਤ ਜੀ ਸੰਗਤਾਂ ਨੂੰ ਦਰਸ਼ਨ ਦੇਣਗੇ ਅਤੇ ਸੰਗਤਾਂ ਨਾਲ ਪ੍ਰਵਚਨ ਕਰਨਗੇ ।ਉਨ੍ਹਾਂ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ 25 ਜੂਨ ਨੂੰ ਡੇਰਾ ਬਾਬਾ ਨਾਨਕ ਦੀ ਦਾਣਾ ਮੰਡੀ ਵਿਖੇ ਹੋ ਰਹੇ ਇਸ ਨਿਰੰਕਾਰੀ ਸੰਤ ਸਮਾਗਮ ਵਿੱਚ ਵੱਡੀ ਗਿਣਤੀ 'ਚ ਪਹੁੰਚ ਕੇ ਮਹਾਂਪੁਰਸ਼ਾਂ ਦੇ ਦਰਸ਼ਨ ਕਰਨ ਅਤੇ ਉਨ੍ਹਾਂ ਦੁਆਰਾ ਦਿੱਤੇ ਜਾ ਪ੍ਰਵਚਨਾਂ ਨੂੰ ਸਰਵਣ ਕਰਨ ।

# ਆਰ ਐੱਮ ਪੀ ਡਾਕਟਰਾਂ ਦੀ ਬਟਾਲਾ 'ਚ ਮੀਟਿੰਗ 28 ਨੂੰ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**- ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ (ਰਜਿ) ਜ਼ਿਲ੍ਹਾ ਗੁਰਦਾਸਪੁਰ ਦੇ ਆਰ. ਐੱਮ. ਪੀ. ਡਾਕਟਰਾਂ ਦੀ ਮਹੀਨਾਵਾਰ ਮੀਟਿੰਗ ਜ਼ਿਲ੍ਹਾ ਪ੍ਰਧਾਨ



ਡਾ. ਚਮਨ ਲਾਲ ਬਟਾਲਾ ਤੇ ਜ਼ਿਲ੍ਹਾ ਜਨਰਲ ਸਕੱਤਰ ਡਾ. ਅਸ਼ੋਕ ਕੁਮਾਰ ਬਟਾਲਾ ਦੀ ਪ੍ਰਧਾਨਗੀ ਹੇਠ 28 ਜੂਨ ਦਿਨ ਸਨਿੱਚਰਵਾਰ ਦੁਪਹਿਰ 1 ਵਜੇ ਵੰਡਰ ਰੈਸਟੋਰੈਂਟ ਜਲੰਧਰ ਰੋਡ ਬਟਾਲਾ ਵਿਖੇ ਹੋਵੇਗੀ।ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਪ੍ਰੈੱਸ ਸਕੱਤਰ ਡਾ . ਲਖਵਿੰਦਰ ਸਿੰਘ ਸੰਧੂ ਔਲਖ ਨੇ ਦੱਸਿਆ ਕਿ ਇਸ ਮੀਟਿੰਗ ਵਿੱਚ ਮਹਾਜਨ ਹਸਪਤਾਲ ਖਜ਼ਾਨਾ ਗੇਟ ਅੰਮ੍ਰਿਤਸਰ ਦੇ ਮਾਹਿਰ ਡਾਕਟਰ ਵੱਖ-ਵੱਖ ਰੋਗਾਂ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦੇਣ ਲਈ ਵਿਸ਼ੇਸ਼ ਤੌਰ 'ਤੇ ਪਹੁੰਚਣਗੇ।ਇਸ ਮੌਕੇ ਮਹਾਜਨ ਹਸਪਤਾਲ ਦੇ ਮਾਹਿਰ ਡਾਕਟਰ ਵਿਚਾਰ ਵਟਾਂਦਰਾ ਕਰਨ ਲਈ ਐਸੋਸੀਏਸ਼ਨ ਦੇ ਸੂਬਾ ਪ੍ਰਧਾਨ ਡਾ. ਰਮੇਸ਼ ਕੁਮਾਰ ਬਾਲੀ ਨਵਾਂਸ਼ਹਿਰ ਵਾਲੇ ਵੀ ਉਚੇਚੇ ਤੌਰ 'ਤੇ ਪਹੁੰਚ ਰਹੇ ਹਨ।ਡਾ. ਸੰਧੂ ਨੇ ਜ਼ਿਲ੍ਹੇ ਭਰ ਦੇ ਆਰ. ਐੱਮ. ਪੀ. ਡਾਕਟਰਾਂ ਨੂੰ ਅਪੀਲ ਕੀਤੀ ਹੈ ਕਿ ਡਾਕਟਰ ਸਾਥੀ ਆਪਣੇ ਨਿੱਜੀ ਰੁਝੇਵਿਆਂ ਨੂੰ ਤਿਆਗ ਕੇ ਆਪਣੇ ਜੀਵਨ ਦੇ ਮੈਡੀਕਲ ਗਿਆਨ ਵਿੱਚ ਵਾਧਾ ਕਰਨ ਲਈ ਮੀਟਿੰਗ ਵਿੱਚ ਸਮੇਂ ਸਿਰ ਪਹੁੰਚਣ ਦੀ ਕਿਰਪਾਲਤਾ ਕਰਨ।

# ਲੋਕ ਲਿਖਾਰੀ ਸਭਾ ਗੁਰਦਾਸਪੁਰ ਵੱਲੋਂ ਈਰਾਨ 'ਤੇ ਕੀਤੇ ਜਾ ਰਹੇ ਹਮਲਿਆਂ ਦੀ ਜ਼ੋਰਦਾਰ ਨਿਖੇਧੀ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਲੋਕ ਲਿਖਾਰੀ ਸਭਾ ਗੁਰਦਾਸਪੁਰ ਵੱਲੋਂ ਇੱਕ ਵਿਸ਼ੇਸ਼ ਇਕੱਤਰਤਾ ਸ਼ਹੀਦ ਬਲਜੀਤ ਸਿੰਘ ਯਾਦਗਾਰੀ ਹਾਲ ਗੁਰਦਾਸਪੁਰ ਵਿਖੇ ਬੁਲਾਈ ਗਈ ਜਿਸ ਦੀ ਪ੍ਰਧਾਨਗੀ ਜ਼ਿਲ੍ਹਾ ਸਾਹਿਤ ਕੇਂਦਰ ਤੇ ਲੋਕ ਲਿਖਾਰੀ ਸਭਾ ਦੇ ਅਹੁਦੇਦਾਰਾਂ ਡਾ. ਲੇਖ ਰਾਜ, ਮੰਗਤ ਚੰਚਲ, ਮੱਖਣ ਕੁਹਾੜ, ਗੁਰਮੀਤ ਸਿੰਘ ਬਾਜਵਾ ਤੇ ਸੀਤਲ ਸਿੰਘ ਗੁੰਨੋਪੁਰੀ ਨੇ ਸਾਂਝੇ ਤੌਰ 'ਤੇ ਕੀਤੀ।ਇਕੱਤਰਤਾ ਵਿਚ ਵਿਸ਼ਵੀ ਰਾਜਨੀਤੀ ਦੇ ਬਦਲਦੇ ਪਰਿਪੇਖ ਵਿਸ਼ੇ ਉਤੇ ਚਰਚਾ ਕਰਦਿਆਂ ਹਾਜ਼ਰ ਮੈਂਬਰਾਂ ਨੇ ਇਜ਼ਰਾਈਲ ਅਤੇ ਅਮਰੀਕਾ ਵੱਲੋਂ ਬਿਨਾਂ ਕਿਸੇ ਭੜਕਾਹਟ ਦੇ ਈਰਾਨ ਉਤੇ ਕੀਤੇ ਗਏ ਤਾਬੜਤੋੜ ਹਮਲਿਆਂ ਦੀ ਜ਼ੋਰਦਾਰ ਸ਼ਬਦਾਂ ਵਿਚ ਨਿਖੇਧੀ ਕੀਤੀ ।ਚਰਚਾ ਵਿੱਚ ਭਾਗ ਲੈਂਦਿਆਂ ਤਰਸੇਮ ਸਿੰਘ ਭੰਗੂ, ਗੁਰਮੀਤ ਸਿੰਘ ਬਾਜਵਾ, ਰਘਬੀਰ ਸਿੰਘ ਚਾਹਲ, ਸੁਭਾਸ਼ ਦੀਵਾਨਾ, ਮੱਖਣ ਕੁਹਾੜ, ਮੰਗਤ ਚੰਚਲ, ਡਾਕ. ਲੇਖ ਰਾਜ ਤੇ ਸੀਤਲ ਗੁੰਨੋਪੁਰੀ ਨੇ ਇਸ ਜੰਗ ਨੂੰ ਵਿਸ਼ਵ ਸ਼ਾਂਤੀ ਲਈ ਬਹੁਤ ਹੀ ਘਾਤਕ ਦੱਸਦਿਆਂ ਸੁਹਿਰਦ ਧਿਰਾਂ ਨੂੰ ਤੁਰੰਤ ਜੰਗ ਰੋਕਣ ਦੀ ਅਪੀਲ ਕੀਤੀ । ਮੁੱਖ ਬੁਲਾਰੇ ਮੱਖਣ ਕੁਹਾੜ ਨੇ ਵੱਡੀਆਂ ਰਾਜਸੀ ਸ਼ਕਤੀਆਂ ਦੀ ਧੌਂਸ ਵਾਲੀ ਰਾਜਨੀਤੀ ਦੀ ਨਿੰਦਾ ਕਰਦਿਆਂ




ਯੂਐੱਨਓ ਤੇ ਹੋਰ ਵਿਸ਼ਵੀ ਸੰਗਠਨਾਂ ਦੇ ਨਕਾਰਾ ਤੇ ਨਿਪੁੰਸਕ ਹੋ ਜਾਣ 'ਤੇ ਗਹਿਰੀ ਚਿੰਤਾ ਵਿਅਕਤ ਕੀਤੀ ।ਆਮ ਲੋਕਾਂ ਦੇ ਹੋ ਰਹੇ ਜਾਨ ਤੇ ਮਾਲ ਦੇ ਨੁਕਸਾਨ ਅਤੇ ਇਸ ਜੰਗ ਦਾ ਮੱਧ ਏਸ਼ੀਆ ਦੇ ਇਸ ਸੰਵੇਦਨਸ਼ੀਲ ਖਿੱਤੇ ਦੀ ਸਥਿਰਤਾ 'ਤੇ ਪੈ ਰਹੇ ਨਕਾਰਾਤਮਕ ਪ੍ਰਭਾਵ ਉਤੇ ਗਹਿਰੀ ਚਿੰਤਾ ਵਿਅਕਤ ਕੀਤੀ।ਮਨੁੱਖਤਾਵਾਦੀ, ਨਿਰਪੱਖ ਤੇ ਸੁਹਿਰਦ ਤਾਕਤਾਂ ਨੂੰ ਇਸ ਹੋ ਰਹੀ ਸਮਾਜਿਕ, ਆਰਥਿਕ, ਭਾਈਚਾਰਕ ਤਬਾਹੀ ਨੂੰ ਰੋਕਣ ਲਈ ਅਤੇ ਵਿਸ਼ਵ ਦੀ ਸ਼ਾਂਤੀ ਲਈ ਅੱਗੇ ਆਉਣ ਦਾ ਸੱਦਾ ਦਿੱਤਾ ਗਿਆ। ਕੇਂਦਰੀ ਪੰਜਾਬੀ ਲੇਖਕ ਸਭਾ ਦੀ ਕਾਰਜਕਾਰਨੀ ਦੇ ਮੈਂਬਰ ਗੁਰਮੀਤ ਬਾਜਵਾ ਵੱਲੋਂ 20 ਜੁਲਾਈ ਨੂੰ ਅੰਮ੍ਰਿਤਸਰ ਵਿਖੇ ਕੇਂਦਰੀ ਸਭਾ ਵੱਲੋਂ ਕਰਵਾਏ ਜਾ ਰਹੇ ਜਨਰਲ ਇਜਲਾਸ ਅਤੇ ਸਨਮਾਨ ਸਮਾਰੋਹ ਵਿਚ ਸਾਰੀਆਂ ਸਾਹਿਤਕ ਸਭਾਵਾਂ ਨੂੰ ਵੱਧ ਤੋਂ ਵੱਧ ਗਿਣਤੀ ਵਿੱਚ ਸ਼ਾਮਲ ਹੋ ਕੇ ਇਜਲਾਸ ਨੂੰ ਸਫ਼ਲ ਬਣਾਉਣ ਦੀ ਅਪੀਲ ਕੀਤੀ ਗਈ।ਸੁਖਜਿੰਦਰ ਸੋਖੀ ਵੱਲੋਂ ਕੁਦਰਤੀ ਖੇਤੀ ਤੇ ਮੋਟੇ ਅਨਾਜ ਦੀ ਵਰਤੋਂ ਕਰਨ ਲਈ ਪ੍ਰੇਰਿਤ ਕੀਤਾ ਗਿਆ।ਮੀਟਿੰਗ ਦੇ ਦੂਜੇ ਪੜਾਅ ਵਿੱਚ ਸ਼ਾਨਦਾਰ ਕਵੀ ਦਰਬਾਰ ਕਰਵਾਇਆ ਗਿਆ ਜਿਸ ਵਿੱਚ ਨਿਸ਼ਾਨ ਸਿੰਘ ਜੌੜਾਸਿੰਘਾ, ਹਰਮਨਦੀਪ ਸਿੰਘ, ਕੁਲਜੀਤ ਸਿੰਘ ਰੰਧਾਵਾ, ਰਘਬੀਰ ਸਿੰਘ ਚਾਹਲ, ਤਰਸੇਮ ਸਿੰਘ ਭੰਗੂ, ਸੁਭਾਸ਼ ਦੀਵਾਨਾ, ਮੰਗਤ ਚੰਚਲ, ਸੀਤਲ ਸਿੰਘ ਗੁੰਨੋਪੁਰੀ, ਗੁਰਮੀਤ ਸਿੰਘ ਬਾਜਵਾ, ਡਾਕਟਰ ਲੇਖ ਰਾਜ, ਮੱਖਣ ਕੁਹਾੜ, ਰਾਜਿੰਦਰ ਕਲਾਨੌਰ, ਦਲਜੀਤ ਪਾਲ, ਬੂਟਾ ਰਾਮ ਆਜ਼ਾਦ ਤੇ ਹੋਰ ਹਾਜ਼ਰ ਕਵੀਆਂ ਨੇ ਆਪੋ ਆਪਣੀਆਂ ਰਚਨਾਵਾਂ ਸੁਣਾ ਕੇ ਸਰੋਤਿਆਂ ਦਾ ਖ਼ੂਬ ਮਨੋਰੰਜਨ ਕੀਤਾ।ਕਪੂਰ ਸਿੰਘ ਘੁੰਮਣ, ਸੁਰਿੰਦਰਪਾਲ ਸਿੰਘ, ਸੋਹਣ ਸਿੰਘ ਤੇ ਹੋਰ ਸਰੋਤਿਆਂ ਨੇ ਵੀ ਇਸ ਮੌਕੇ ਆਪਣੀ ਹਾਜ਼ਰੀ ਦਰਜ ਕਰਵਾਈ ।ਅੱਜ ਦੀ ਇਸ ਇਕੱਤਰਤਾ ਦੀ ਮੇਜ਼ਬਾਨੀ ਬੂਟਾ ਰਾਮ ਆਜ਼ਾਦ ਵੱਲੋਂ ਕੀਤੀ ਗਈ ਅਤੇ ਸਟੇਜ ਦਾ ਸੰਚਾਲਨ ਸਭਾ ਦੇ ਜਨਰਲ ਸਕੱਤਰ ਸੀਤਲ ਸਿੰਘ ਗੁੰਨੋਪੁਰੀ ਵੱਲੋਂ ਬਾਖ਼ੂਬੀ ਕੀਤਾ ਗਿਆ।

# 'ਆਪ' ਸਰਕਾਰ ਅੰਮ੍ਰਿਤਸਰ ਤੇ ਅਨੰਦਪੁਰ ਸਾਹਿਬ ਨੂੰ ਪਵਿੱਤਰ ਸ਼ਹਿਰ ਐਲਾਨਣ 'ਚ ਫੇਲ੍ਹ ਰਹੀ : ਜਥੇ. ਜਗਤਾਰ ਸਿੰਘ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਜਥੇਦਾਰ ਜਗਤਾਰ ਸਿੰਘ ਹਵਾਰਾ ਕਮੇਟੀ ਨੇ ਕਿਹਾ ਆਪ ਸਰਕਾਰ ਦੇ ਚੋਣ ਮਨੋਰਥ ਪੱਤਰ ਵਿੱਚ ਵਾਅਦਾ ਕੀਤਾ ਗਿਆ ਸੀ ਕਿ ਸ੍ਰੀ ਅੰਮ੍ਰਿਤਸਰ ਸਾਹਿਬ ਅਤੇ ਸ੍ਰੀ ਅਨੰਦਪੁਰ ਸਾਹਿਬ ਨੂੰ ਪਹਿਲ ਦੇ ਅਧਾਰ 'ਤੇ ਪਵਿੱਤਰ ਸ਼ਹਿਰ ਐਲਾਨਿਆ ਜਾਵੇਗਾ ਪਰ ਸਾਢੇ ਤਿੰਨ ਸਾਲ ਬੀਤਣ ਦੇ ਬਾਵਜੂਦ ਹੁਣ ਤੱਕ ਪਵਿੱਤਰ ਸ਼ਹਿਰ ਦਾ ਦਰਜਾ ਦੇਣ ਵਿੱਚ ਸਰਕਾਰ ਫੇਲ੍ਹ ਰਹੀ ਹੈ ਜੋ ਪੰਜਾਬ ਦੇ ਵੋਟਰਾਂ ਨਾਲ ਧੋਖਾ ਹੈ ਅਤੇ ਸਿੱਖ ਜਜ਼ਬਾਤ ਨਾਲ ਖਿਲਵਾੜ ਹੈ।ਦੇਸ਼ ਵਿਦੇਸ਼ ਵਿੱਚ ਗੁਰੂ ਤੇਗ਼ ਬਹਾਦਰ ਸਾਹਿਬ ਦੀ 350 ਸਾਲਾ ਸ਼ਤਾਬਦੀ ਮਨਾਉਣ ਦੀਆਂ ਤਿਆਰੀਆਂ ਹੋ ਰਹੀਆਂ ਹਨ।ਜ਼ਿਕਰਯੋਗ ਯੋਗ ਹੈ ਕਿ ਗੁਰੂ ਤੇਗ਼ ਬਹਾਦਰ ਸਾਹਿਬ ਦਾ ਪ੍ਰਕਾਸ਼ ਅੰਮ੍ਰਿਤਸਰ ਸਾਹਿਬ ਵਿਖੇ ਹੋਇਆ ਸੀ ਅਤੇ ਉਨ੍ਹਾਂ ਨੇ ਹੀ ਸ੍ਰੀ ਅਨੰਦਪੁਰ ਸਾਹਿਬ ਸ਼ਹਿਰ ਵਸਾਇਆ ਸੀ ਜਿਥੇ ਕਸ਼ਮੀਰੀ ਪੰਡਿਤਾਂ ਨੇ ਗੁਰੂ ਜੀ ਕੋਲ ਆਪਣਾ ਧਰਮ ਨੂੰ ਬਚਾਉਣ ਦੀ ਫ਼ਰਿਆਦ ਕੀਤੀ ਸੀ। ਮਨੁੱਖੀ ਅਧਿਕਾਰਾਂ ਦੀ ਰਾਖੀ ਪੱਖੋਂ ਗੁਰੂ ਤੇਗ਼ ਬਹਾਦਰ ਸਾਹਿਬ ਦਾ ਕੋਈ ਸਾਨੀ ਨਹੀਂ ਹੈ।ਹਵਾਰਾ ਕਮੇਟੀ ਦੇ ਪ੍ਰੋਫੈਸਰ ਬਲਜਿੰਦਰ ਸਿੰਘ, ਮਹਾਂਬੀਰ ਸਿੰਘ, ਬੇਅੰਤ ਸਿੰਘ, ਸਤਨਾਮ ਸਿੰਘ ਝੰਜੀਆਂ, ਐਡਵੋਕੇਟ ਜਸਬੀਰ ਸਿੰਘ ਜੰਮੂ ਅਤੇ ਰਘਬੀਰ ਸਿੰਘ ਭੁੱਚਰ ਨੇ ਮੰਗ ਕੀਤੀ ਕਿ ਬਿਨਾਂ ਦੇਰੀ ਸ੍ਰੀ ਅੰਮ੍ਰਿਤਸਰ ਸਾਹਿਬ ਤੇ ਸ੍ਰੀ ਅਨੰਦਪੁਰ ਸਾਹਿਬ ਨੂੰ ਪਵਿੱਤਰ ਸ਼ਹਿਰ ਐਲਾਨ ਕੇ ਸੂਬੇ ਦੇ ਲੋਕਾਂ ਦੀ ਭਾਵਨਾਵਾਂ ਦਾ ਸਤਿਕਾਰ ਕੀਤਾ ਜਾਵੇ।ਕੇਂਦਰ ਅਤੇ ਦਿੱਲੀ ਵਿੱਚ ਅੱਜ ਭਾਜਪਾ ਦੀ ਸਰਕਾਰ ਹੈ।ਜੇਕਰ ਮਨੁੱਖੀ ਅਧਿਕਾਰਾਂ ਦੀ ਬਹਾਲੀ ਲਈ ਗੁਰੂ ਸਾਹਿਬ ਦੀ ਸਿਖਰ ਦੀ ਕੁਰਬਾਨੀ ਦਾ ਸਤਿਕਾਰ ਸਰਕਾਰਾਂ ਕਰਦੀਆਂ ਹਨ ਤਾਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਨੂੰ ਤੁਰੰਤ ਰਿਹਾਅ ਕਰਨਾ ਚਾਹੀਦਾ ਹੈ।

# ਕੇਂਦਰੀ ਟਰੇਡ, ਮਜ਼ਦੂਰਾਂ/ਮੁਲਾਜ਼ਮਾਂ ਤੇ ਸੰਯੁਕਤ ਕਿਸਾਨ ਮੋਰਚੇ 'ਚ ਸ਼ਾਮਲ ਜਥੇਬੰਦੀਆਂ ਦੀ ਸਾਂਝੀ ਮੀਟਿੰਗ

**ਵੇਰਕਾ (ਰਾਣਾ)**- 10 ਟਰੇਡ ਯੂਨੀਅਨਾਂ ਅਤੇ 50 ਤੋਂ ਵੱਧ ਮੁਲਾਜ਼ਮ ਫੈਡਰੇਸ਼ਨਾਂ ਦੇ ਸਾਂਝੇ ਸੱਦੇ 'ਤੇ 9 ਜੁਲਾਈ ਨੂੰ ਹੋਣ ਵਾਲੀ ਦੇਸ਼ ਵਿਆਪੀ ਹੜਤਾਲ ਨੂੰ ਸਫ਼ਲ ਕਰਨ



ਲਈ ਸੀਟੂ ਆਗੂ ਕਾਮਰੇਡ ਸੁੱਚਾ ਸਿੰਘ ਅਜਨਾਲਾ ਦੀ ਪ੍ਰਧਾਨਗੀ ਹੇਠ ਬੱਸ ਸਟੈਂਡ ਅੰਮ੍ਰਿਤਸਰ ਵਿਖੇ ਸਮੂਹ ਮਜ਼ਦੂਰ/ਮੁਲਾਜ਼ਮ ਅਤੇ ਕਿਸਾਨ ਜਥੇਬੰਦੀਆਂ ਦੀ ਸਾਂਝੀ ਮੀਟਿੰਗ ਕਰਕੇ ਵਿਚਾਰ-ਵਟਾਂਦਰਾ ਕੀਤਾ ਗਿਆ।ਇਸ ਮੌਕੇ ਏਟਕ ਵੱਲੋਂ ਅਮਰਜੀਤ ਸਿੰਘ ਆਸਲ, ਬ੍ਰਹਮਦੇਵ ਸ਼ਰਮਾ, ਦਸਵਿੰਦਰ ਕੌਰ, ਸੀਟੂ ਵੱਲੋਂ ਚਰਨਜੀਤ ਸਿੰਘ ਮਜੀਠਾ, ਕਿਰਪਾ ਰਾਮ, ਗੁਰਦੀਪ ਸਿੰਘ ਬਤਾਲਾ, ਪ੍ਰਤਾਪ ਸਿੰਘ ਖਾਪੜਖੇੜੀ, ਸੀ. ਟੀ. ਯੂ. ਪੰਜਾਬ ਵੱਲੋਂ ਜਗਤਾਰ ਸਿੰਘ ਕਰਮਪੁਰਾ, ਹਿੰਦ ਮਜ਼ਦੂਰ ਸਭਾ ਵਲੋਂ ਕੁਲਵੰਤ ਸਿੰਘ ਬਾਵਾ, ਟੈਂਪੂ ਯੂਨੀਅਨ ਤੋਂ ਤੀਰਥ ਸਿੰਘ ਕੋਹਾਲੀ, ਮਿੰਨੀ ਬੱਸ ਅਪਰੇਟਰ ਐਸੋਸੀਏਸ਼ਨ ਵੱਲੋਂ ਬਲਦੇਵ ਸਿੰਘ ਬੱਬੂ, ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ 1680 222 ਪੰਜਾਬ ਪ੍ਰਭਜੀਤ ਸਿੰਘ ਉੱਪਲ ਅਤੇ ਗਗਨਦੀਪ ਸਿੰਘ ਖਾਲਸਾ ਬੁਹਮੰਤਵੀ ਸਿਹਤ ਕਰਮਚਾਰੀ ਐਸੋਸੇਸਨ ਪੰਜਾਬ ਪ੍ਰਧਾਨ, ਕਿਸਾਨ ਜਥੇਬੰਦੀਆਂ ਵੱਲੋਂ ਡਾ. ਸਤਨਾਮ ਸਿੰਘ ਅਜਨਾਲਾ, ਲਖਬੀਰ ਸਿੰਘ ਨਿਜ਼ਾਮਪੁਰਾ, ਬਲਬੀਰ ਸਿੰਘ ਮੂਧਲ ਤੇ ਸਵਿੰਦਰ ਸਿੰਘ ਮੀਰਾਂਕੋਟ ਸ਼ਾਮਿਲ ਹੋਏ ਜਿਨਾਂ ਵੱਲੋਂ 9 ਜੁਲਾਈ ਨੂੰ ਵੱਖ ਵੱਖ ਅਦਾਰਿਆਂ ਵਿੱਚ ਹੜਤਾਲ ਕਰਕੇ ਅੰਮ੍ਰਿਤਸਰ ਬੱਸ ਸਟੈਂਡ ਵਿਖੇ 11ਵਜੇ ਵਿਸ਼ਾਲ ਇਕੱਠ ਕਰਕੇ ਰੈਲੀ ਕੀਤੀ ਜਾਵੇਗੀ ਇਸ ਹੜਤਾਲ ਨੂੰ ਕਾਮਯਾਬ ਕਰਨ ਦਾ ਫ਼ੈਸਲਾ ਲਿਆ ਗਿਆ।ਉਨ੍ਹਾਂ ਦਾਅਵਾ ਕੀਤਾ ਕਿ 9 ਜੁਲਾਈ ਦੀ ਦੇਸ਼ ਵਿਆਪੀ ਹੜਤਾਲ ਇਤਿਹਾਸਕ ਹੋਵੇਗੀ, ਜੋ ਕੇਂਦਰ ਅਤੇ ਸੂਬਾ ਸਰਕਾਰਾਂ ਨੂੰ ਆਪਣੀਆਂ ਮਜ਼ਦੂਰ/ ਮੁਲਾਜ਼ਮ/ ਕਿਸਾਨੀ ਅਤੇ ਲੋਕ ਵਿਰੋਧੀ ਨੀਤੀਆਂ ਬਦਲਣ ਲਈ ਮਜਬੂਰ ਕਰ ਦੇਵੇਗੀ।ਪ੍ਰਭਜੀਤ ਸਿੰਘ ਉਪਲ ਤੇ ਗਗਨਦੀਪ ਸਿੰਘ ਖਾਲਸਾ ਨੇ ਦੱਸਿਆ ਕਿ ਹੜਤਾਲ ਵਿੱਚ ਸ਼ਾਮਿਲ ਹੋਣ ਲਈ ਮੁਲਾਜ਼ਮਾ ਨੂੰ ਲਾਮਬੱਧ ਕੀਤਾ ਜਾਵੇਗਾ, ਉਥੇ ਹੀ ਭਗਵੰਤ ਮਾਨ ਸਰਕਾਰ ਦਾ ਪੁਤਲਾ ਵੀ ਫੂਕਿਆ ਜਾਵੇਗਾ।ਮੁਲਾਜ਼ਮ ਆਗੂ ਪ੍ਰਭਜੀਤ ਸਿੰਘ ਉਪਲ ਨੇ ਦੱਸਿਆ ਕਿ ਇਸ ਹੜਤਾਲ ਨੂੰ ਸਫਲ ਕਰਨ ਲਈ ਸਮੂਹ ਮੁਲਾਜ਼ਮ ਜੱਥੇਬੰਦੀਆਂ ਨੂੰ ਅਪੀਲ ਕੀਤੀ ਜਾਂਦੀ ਹੈ ਮਿੰਨੀ ਬੱਸ ਆਪ੍ਰੇਟਰ ਐਸੋਸੀਏਸ਼ਨ ਦੇ ਸੂਬਾ ਪ੍ਰਧਾਨ ਬਲਦੇਵ ਸਿੰਘ ਬੱਬੂ ਨੇ ਦੱਸਿਆ ਕਿ ਬੱਸ ਸਟੈਂਡ ਵਿਖੇ ਹੋਣ ਵਾਲੀ ਇਸ ਵਿਸ਼ਾਲ ਰੈਲੀ 'ਚ ਤਕਰੀਬਨ 3 ਹਜ਼ਾਰ ਕਿਸਾਨ, ਮਜ਼ਦੂਰ/ਮੁਲਾਜ਼ਮ ਸਾਥੀ ਪਹੁੰਚਣਗੇ, ਜਿਨ੍ਹਾਂ 'ਚ ਵੱਡੀ ਗਿਣਤੀ ਵਿੱਚ ਟਰਾਂਸਪੋਰਟ ਅਤੇ ਮਿੰਨੀ ਬੱਸ ਆਪ੍ਰੇਟਰ ਹਿੱਸਾ ਲੈਣਗੇ।

# ਦੋ ਸਾਲ ਪਹਿਲਾਂ ਟੁੱਟੀ ਕਮਿਊਨਿਟੀ ਹੈਲਥ ਸੈਂਟਰ ਜਗਤਪੁਰ ਦੀ ਚਾਰਦੀਵਾਰੀ ਹੁਣ ਤੱਕ ਨਹੀਂ ਬਣੀ

**ਗੁਰਦਾਸਪੁਰ (ਜਨਕ ਮਹਾਜਨ)**- ਗੁਰਦਾਸਪੁਰ-ਮੁਕੇਰੀਆਂ ਸੜਕ ਵਿਚਕਾਰ ਪੈਂਦੇ ਪਿੰਡ ਜਗਤਪੁਰ ਵਿਖੇ ਸੜਕ ਕੰਢੇ ਬਣੇ ਕਮਿਊਨਿਟੀ ਹੈਲਥ ਸੈਂਟਰ ਦੀ ਪਿਛਲੇ ਲੰਮੇ ਸਮੇਂ ਤੋਂ ਚਾਰਦੀਵਾਰੀ ਦਾ ਕੁਝ ਹਿੱਸਾ ਟੁੱਟਣ ਕਾਰਨ ਇਸ ਵਿਚ ਆਵਾਰਾ ਪਸ਼ੂਆਂ ਦ ਆਉਣਾ-ਜਾਣਾ ਬਣਿਆ ਰਹਿੰਦਾ ਹੈ। ਵਰਨਣਯੋਗ ਹੈ ਕਿ ਇਹ ਹਸਪਤਾਲ ਦੀ ਚਾਰਦੀਵਾਰੀ ਲਗਭਗ 2



ਸਾਲ ਪਹਿਲਾਂ ਆਏ ਹੜ੍ਹ ਕਾਰਨ ਟੁੱਟ ਗਈ ਸੀ ਜਿਸ ਨੂੰ ਅਜੇ ਤੀਕ ਮੁਰੰਮਤ ਨਹੀਂ ਕਰਵਾਇਆ ਗਿਆ। ਕਸਬਾ ਪੁਰਾਣਾ ਸ਼ਾਲਾ ਇਲਾਕੇ ਦਾ ਇਹ ਸਭ ਤੋਂ ਵੱਡਾ ਕਮਿਊਨਿਟੀ ਹੈਲਥ ਸੈਂਟਰ ਹੈ ਜਿੱਥੇ ਸੀਨੀਅਰ ਮੈਡੀਕਲ ਅਫਸਰ ਦੀ ਆਸਾਮੀ ਤੋਂ ਇਲਾਵਾ ਹੋਰ ਵੀ ਕਈ ਡਾਕਟਰ ਤੈਨਾਤ ਹਨ। ਹਸਪਤਾਲ ਵਿੱਚ ਮਰੀਜ਼ਾਂ ਦੇ ਦਾਖਲ ਹੋਣ ਲਈ ਬੈੱਡਾਂ ਦਾ ਪ੍ਰਬੰਧ ਵੀ ਹੈ ਜਿਸ ਕਾਰਨ ਹਸਪਤਾਲ ਦੀ ਚਾਰਦੀਵਾਰੀ ਤੇ ਗੇਟ ਦਾ ਖਾਸ ਅਤੇ ਮਜ਼ਬੂਤ ਹੋਣਾ ਬਹੁਤ ਜ਼ਰੂਰੀ ਹੈ। ਦੀਵਾਰ ਟੁੱਟੀ ਹੋਣ ਕਾਰਨ ਰਾਤ ਵੇਲੇ ਕੋਈ ਵੀ ਸ਼ਰਾਰਤੀ ਅਨਸਰ ਹਸਪਤਾਲ ਅੰਦਰ ਦਾਖਲ ਹੋ ਕੇ ਕੀਮਤੀ ਸਾਮਾਨ ਆਦਿ ਚੋਰੀ ਕਰ ਸਕਦਾ ਹੈ ਅਤੇ ਟੁੱਟੀ ਹੋਈ ਚਾਰਦੀਵਾਰੀ ਦੀ ਲੰਬੇ ਸਮੇਂ ਤੋਂ ਮੁਰੰਮਤ ਨਾ ਕਰਵਾਉਣਾ ਸਮਝ ਤੋਂ ਬਾਹਰ ਹੈ। ਇਲਾਕਾ ਵਾਸੀਆਂ ਦੀ ਹਸਪਤਾਲ ਪ੍ਰਬੰਧਨ ਪਾਸੋਂ ਮੰਗ ਹੈ ਕਿ ਟੁੱਟੀ ਹੋਈ ਚਾਰਦੀਵਾਰੀ ਦੀ ਜਲਦ ਤੋਂ ਜਲਦ ਮੁਰੰਮਤ ਕਰਵਾਈ ਜਾਵੇ ਤਾਂ ਜੋ ਆਵਾਰਾ ਪਸ਼ੂ ਅਤੇ ਸ਼ਰਾਰਤੀ ਅਨਸਰ ਇਸ ਹਸਪਤਾਲ ਵਿੱਚ ਦਾਖ਼ਲ ਹੋ ਕੇ ਕੋਈ ਵੀ ਨੁਕਸਾਨ ਨਾ ਕਰ ਸਕਣ। ਇਸ ਸਬੰਧੀ ਜਦੋਂ ਪੱਖ ਜਾਣਨ ਲਈ ਐੱਸਐੱਮਓ ਡਾ. ਸਤਿੰਦਰ ਕੌਰ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਨੇ ਦੱਸਿਆ ਕਿ ਟੁੱਟੀ ਹੋਈ ਚਾਰਦੀਵਾਰੀ ਦੀ ਮੁਰੰਮਤ ਵਾਸਤੇ ਉਨ੍ਹਾਂ ਦੇ ਦਫ਼ਤਰ ਵਲੋਂ ਸਿਵਲ ਸਰਜਨ ਦਫ਼ਤਰ ਗੁਰਦਾਸਪੁਰ ਵਿਖੇ ਕਈ ਵਾਰ ਲਿਖਿਆ ਜਾ ਚੁੱਕਾ ਹੈ, ਇਸ ਦੀ ਮੁਰੰਮਤ ਉਕਤ ਦਫ਼ਤਰ ਵਲੋਂ ਕਰਵਾਈ ਜਾਣੀ ਹੈ। ਜਦ ਸਿਵਲ ਸਰਜਨ ਗੁਰਦਾਸਪੁਰ ਨਾਲ ਗੱਲਬਾਤ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਨਾਲ ਸੰਪਰਕ ਨਹੀਂ ਹੋ ਸਕਿਆ।

# ਤਲਵੰਡੀ ਜੱਟਾਂ ਵਿਖੇ ਸਲਾਨਾ ਮੇਲਾ ਮਨਾਇਆ



**ਬੰਗਾ (ਅਵਤਾਰ ਕਲੇਰ)** ਦਰਬਾਰ ਸਾਈਂ ਈਸਰ ਦਾਸ ਤਲਵੰਡੀ ਜੱਟਾਂ ਵਿਖੇ ਸਾਲਾਨਾ ਮੇਲਾ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਦਰਬਾਰ ਦੀਆਂ ਧਾਰਮਿਕ ਰਸਮਾਂ ਤੋਂ ਬਾਅਦ ਸਟੇਜ ਸਜਾਈ ਗਈ ਜਿਸ ਵਿੱਚ ਪੰਜਾਬ ਦੇ ਮਸ਼ਹੂਰ ਕਲਾਕਾਰ ਰਮੇਸ਼ ਚੌਹਾਨ, ਬਲਵੀਰ ਰਾਗਣੀ, ਕੌਰ ਸਿਸਟਰਜ਼, ਕਲਸੀ ਬ੍ਰਦਰਜ਼ ਤੋਂ ਇਲਾਵਾ ਕਵਾਲ ਅਤੇ ਨਕਾਲ ਪਾਰਟੀਆਂ ਨੇ ਹਾਜ਼ਰੀਆਂ ਭਰੀਆਂ। ਵੱਖ ਵੱਖ ਦਰਬਾਰਾਂ ਤੋਂ ਸੰਤ ਮਹਾਂਪੁਰਸ਼ਾਂ ਨੇ ਸ਼ਿਰਕਤ ਕੀਤੀ। ਮੁੱਖ ਪ੍ਰਬੰਧਕ ਧਰਮਪਾਲ ਤਲਵੰਡੀ ਨੇ ਸਾਰਿਆ ਨੂੰ ਜੀ ਆਇਆਂ ਕਿਹਾ ਅਤੇ ਕਲਾਕਾਰਾਂ, ਸੇਵਾਦਾਰਾਂ ਨੂੰ ਸਨਮਾਨਿਤ ਕੀਤਾ ਗਿਆ। ਦਰਬਾਰ 'ਤੇ ਠੰਡੇ ਮਿੱਠੇ ਜਲ ਅਤੇ ਲੰਗਰ ਅਤੁੱਟ ਵਰਤਾਇਆ ਗਿਆ। ਇਸ ਮੌਕੇ ਧਰਮਪਾਲ ਤਲਵੰਡੀ, ਸੁਰਜੀਤ ਸਿੰਘ ਥਾਣੇਦਾਰ, ਹਰਭਜਨ ਰਾਮ ਸਾਬਕਾ ਸਰਪੰਚ, ਜਸਵਿੰਦਰ ਲੁਧਿਆਣਾ, ਗੁਰਮੁੱਖ, ਜੀਵਨ ਲਾਲ ਕਲਸੀ, ਬਲਜਿੰਦਰ ਕਲਸੀ, ਜਗਮੀਤ ਕਲਸੀ, ਚਰਨਜੀਤ ਲੁਧਿਆਣਾ, ਦੀਪਾ ਹਲਵਾਈ, ਹੈਪੀ ਕਲਸੀ, ਅਮਨਦੀਪ ਤੋਂ ਇਲਾਵਾ ਸੰਗਤਾਂ ਹਾਜ਼ਰ ਸਨ।

ਨਵਾਂ ਜ਼ਮਾਨਾ
ਬੁੱਧਵਾਰ, 25 ਜੂਨ 2025

# ਇਜ਼ਰਾਈਲ ਦਾ ਜ਼ੋਰ ਲੱਗ ਗਿਆ

*ਭਾਰਤ ਤੇ ਪਾਕਿਸਤਾਨ ਵਿਚਾਲੇ ਜੰਗਬੰਦੀ ਦਾ ਚਾਣਚੱਕ ਐਲਾਨ ਕਰਨ ਵਾਂਗ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਈਰਾਨ ਤੇ ਇਜ਼ਰਾਈਲ ਵਿਚਾਲੇ ਜੰਗਬੰਦੀ ਦਾ ਵੀ ਸਭ ਤੋਂ ਪਹਿਲਾਂ ਐਲਾਨ ਕੀਤਾ। ਹਾਲਾਂਕਿ ਜੰਗ ਛੇੜਨ ਵਾਲੇ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਇੱਕ ਪ੍ਰੈੱਸ ਕਾਨਫਰੰਸ ਵਿੱਚ ਜੰਗਬੰਦੀ ਦਾ ਇਹ ਕਹਿੰਦਿਆਂ ਸੰਕੇਤ ਦਿੱਤਾ ਸੀ ਕਿ ਉਹ ਖੇਤਰੀ ਜੰਗ ਨੂੰ ਹੋਰ ਨਹੀਂ ਵਧਾਉਣਾ ਚਾਹੁੰਦਾ। ਇਜ਼ਰਾਈਲ ਈਰਾਨ ਵਿੱਚ ਆਪਣਾ ਟੀਚਾ ਪੂਰਾ ਕਰਨ ਦੇ ਕਰੀਬ ਹੈ। ਇਜ਼ਰਾਈਲ ਨੇ 'ਅਪ੍ਰੇਸ਼ਨ ਰਾਈਜ਼ਿੰਗ ਲਾਈਨ' ਦੇ ਨਾਂਅ ਨਾਲ ਈਰਾਨ 'ਤੇ 13 ਜੂਨ ਨੂੰ ਕੀਤੇ ਹਵਾਈ ਹਮਲਿਆਂ ਨਾਲ ਉਸ ਦੇ ਪ੍ਰਮਾਣੂ ਅਦਾਰਿਆਂ ਤੇ ਫੌਜੀ ਟਿਕਾਣਿਆਂ ਨੂੰ ਕਾਫੀ ਨੁਕਸਾਨ ਪਹੁੰਚਾਉਣ ਦੇ ਨਾਲ-ਨਾਲ ਉਸ ਦਾ ਜਾਨੀ ਨੁਕਸਾਨ ਵੀ ਕਾਫੀ ਕੀਤਾ। ਈਰਾਨ ਨੇ ਵੀ ਠੋਕਵਾਂ ਜਵਾਬ ਦਿੰਦਿਆਂ ਤੇਲ ਅਵੀਵ ਤੇ ਹਾਈਫਾ 'ਚ ਬੁਨਿਆਦੀ ਢਾਂਚਿਆਂ ਨੂੰ ਕਾਫੀ ਨੁਕਸਾਨ ਪਹੁੰਚਾਇਆ। ਹਾਈਫਾ ਵਿੱਚ 61 ਇਮਾਰਤਾਂ ਨੂੰ ਪੂਰੀ ਤਰ੍ਹਾਂ ਤਬਾਹ ਕਰ ਦਿੱਤਾ। ਇਜ਼ਰਾਈਲ ਦੀ ਬਜਾਨ ਵਿਖੇ ਤੇਲ ਰਿਫਾਇਨਰੀ ਦਾ ਵੀ ਨੁਕਸਾਨ ਕੀਤਾ, ਜਿਹੜੀ ਇਜ਼ਰਾਈਲ ਦੀ 60 ਫੀਸਦੀ ਈਂਧਨ ਦੀ ਲੋੜ ਪੂਰੀ ਕਰਦੀ ਹੈ। ਇਜ਼ਰਾਈਲ ਦੇ ਵਿੱਚੋ-ਵਿੱਚ ਈਰਾਨੀ ਮਿਜ਼ਾਈਲਾਂ ਡਿੱਗਦੀਆਂ ਰਹੀਆਂ। ਇੱਥੋਂ ਤੱਕ ਕਿ ਉਸ ਦੀ ਜਾਸੂਸੀ ਏਜੰਸੀ ਮੋਸਾਦ ਦਾ ਦਫਤਰ ਵੀ ਹਮਲੇ ਦੀ ਲਪੇਟ ਵਿੱਚ ਆਇਆ।*

*ਸਰਕਰਦਾ ਅਮਰੀਕੀ ਅਖਬਾਰ 'ਵਾਲ ਸਟਰੀਟ ਜਰਨਲ' ਮੁਤਾਬਕ ਇਜ਼ਰਾਈਲ ਜੰਗ ਲੰਮੀ ਹੋਣ ਕਰਕੇ ਆਪਣੀ ਮਿਜ਼ਾਈਲ ਰੱਖਿਆ ਪ੍ਰਣਾਲੀ ਤੇ ਆਇਰਨ ਡੋਮ 'ਤੇ ਵਧ ਰਹੇ ਦਬਾਅ ਨੂੰ ਦੇਖਦਿਆਂ ਜੰਗ ਜਾਰੀ ਰੱਖਣ ਦੇ ਖੁਦ ਨੂੰ ਯੋਗ ਨਹੀਂ ਸਮਝ ਰਿਹਾ ਸੀ। ਇਜ਼ਰਾਈਲ ਕੋਲ ਈਰਾਨੀ ਮਿਜ਼ਾਈਲਾਂ ਨੂੰ ਰੋਕਣ ਲਈ ਏਅਰੋ-3 ਇੰਟਰਸੈਪਟਰਜ਼ ਦੀ ਵੀ ਕਮੀ ਹੋ ਰਹੀ ਸੀ ਤੇ ਈਰਾਨ ਦੇ ਹਮਲੇ ਜਾਰੀ ਰਹਿੰਦੇ ਤਾਂ ਉਸ ਦੀ ਰੱਖਿਆ ਪ੍ਰਣਾਲੀ ਕਮਜ਼ੋਰ ਪੈ ਜਾਣੀ ਸੀ। ਨੇਤਨਯਾਹੂ ਦੀ ਜੰਗਬੰਦੀ ਲਈ ਕਾਹਲ ਪਿੱਛੇ ਇਜ਼ਰਾਈਲ ਦੀ ਅਰਥ ਵਿਵਸਥਾ ਖਰਾਬ ਹੋਣਾ ਤੇ ਲੋਕਾਂ ਦੇ ਹੌਸਲੇ ਪਸਤ ਹੋਣਾ ਵੀ ਹੈ। ਇਜ਼ਰਾਈਲ ਵਿੱਚ ਨੇਤਨਯਾਹੂ ਖਿਲਾਫ ਮੁਜ਼ਾਹਰੇ ਆਮ ਹੋਣ ਲੱਗ ਪਏ ਸਨ। ਲੋਕ ਕੰਮਕਾਰ ਛੱਡ ਕੇ ਬੰਕਰਾਂ ਵਿੱਚ ਰਹਿਣ ਤੋਂ ਦੁਖੀ ਹੋ ਗਏ ਸਨ।*

*ਇਸ ਜੰਗ ਵਿੱਚ ਅਮਰੀਕਾ ਨੇ ਈਰਾਨੀ ਪ੍ਰਮਾਣੂ ਅਦਾਰਿਆਂ 'ਤੇ ਹਮਲੇ ਕਰਕੇ ਉਸ ਦਾ ਸਾਥ ਦਿੱਤਾ। ਇਸ ਦਾ ਜਵਾਬ ਈਰਾਨ ਨੇ ਕਤਰ ਤੇ ਇਰਾਕ ਵਿਚਲੇ ਅਮਰੀਕੀ ਅੱਡਿਆਂ 'ਤੇ ਮਿਜ਼ਾਈਲਾਂ ਦਾਗ ਕੇ ਦਿੱਤਾ। ਇਸ ਤੋਂ ਬਾਅਦ ਇਨ੍ਹਾਂ ਦੇਸ਼ਾਂ ਨੇ ਅਮਰੀਕਾ 'ਤੇ ਜੰਗ ਫੌਰੀ ਰੋਕਣ ਦਾ ਦਬਾਅ ਬਣਾਇਆ ਤੇ ਟਰੰਪ ਨੂੰ ਵੀ ਮਹਿਸੂਸ ਹੋਇਆ ਕਿ ਜੰਗ ਜਾਰੀ ਰਹੀ ਤਾਂ ਉਸ ਦੇ ਮੱਧ-ਪੂਰਬ ਵਿਚਲੇ ਯਾਰ ਵੀ ਈਰਾਨੀ ਮਿਜ਼ਾਈਲਾਂ ਦੀ ਲਪੇਟ 'ਚ ਆ ਸਕਦੇ ਹਨ। ਜੰਗ ਵਿੱਚ ਕੁੱਦਣ ਵਿਰੁੱਧ ਟਰੰਪ ਖਿਲਾਫ ਵੀ ਅਮਰੀਕਾ 'ਚ ਮੁਜ਼ਾਹਰੇ ਹੋਏ ਸਨ।*

# ਈਰਾਨ ਦੇ ਅਮਰੀਕਾ ਨੂੰ ਭਾਜੀ ਮੋੜਦਿਆਂ ਹੀ ਟਰੰਪ ਨੇ ਸੀਜ਼ਫਾਇਰ ਐਲਾਨਿਆ


ਮੁਹੰਮਦ ਅੱਬਾਸ ਧਾਲੀਵਾਲ

ਅਮਰੀਕੀ ਫੌਜ ਨੇ ਐਤਵਾਰ ਸਵੇਰੇ-ਸਾਜਰੇ ਈਰਾਨ ਦੇ ਤਿੰਨ ਪ੍ਰਮਾਣੂ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ। ਅਮਰੀਕਾ ਇਨ੍ਹਾਂ ਹਮਲਿਆਂ ਨਾਲ ਇਜ਼ਰਾਈਲ ਵੱਲੋਂ ਈਰਾਨ ਦੇ ਪ੍ਰਮਾਣੂ ਪ੍ਰੋਗਰਾਮ ਖਿਲਾਫ ਵਿੱਢੀ ਲੜਾਈ ਵਿੱਚ ਸਿੱਧੇ ਤੌਰ 'ਤੇ ਸ਼ਾਮਲ ਹੋ ਗਿਆ ਹੈ। ਅਮਰੀਕਾ ਨੇ ਹਮਲੇ ਲਈ ਬੀ-6 ਬੰਕਰ ਬਸਟਰ ਬੰਬਾਂ ਤੇ ਕਰੂਜ਼ ਮਿਜ਼ਾਈਲਾਂ ਦੀ ਵਰਤੋਂ ਕੀਤੀ।

ਵੈਸੇ ਦੁਨੀਆ ਦੇ ਵਧੇਰੇ ਲੋਕੀਂ ਭਲੀਭਾਂਤ ਜਾਣਦੇ ਹਨ ਕਿ ਇਸ ਹਮਲੇ ਤੋਂ ਪਹਿਲਾਂ ਵੀ ਅਮਰੀਕਾ ਇਸ ਜੰਗ 'ਚ ਅਸਿੱਧੇ ਤੌਰ 'ਤੇ ਸ਼ਾਮਲ ਹੀ ਸੀ, ਕਿਉਂਕਿ ਇਸਰਾਈਲ ਜੋ ਵੀ ਮਿਡਲ ਈਸਟ ਵਿੱਚ ਕਰ ਰਿਹਾ ਹੈ, ਉਹ ਅਮਰੀਕਾ ਅਤੇ ਉਸ ਦੇ ਸਹਿਯੋਗੀਆਂ ਦੀ ਹਮਾਇਤ ਨਾਲ ਹੀ ਕਰ ਰਿਹਾ ਹੈ।

ਉਧਰ ਅਮਰੀਕਾ ਦੇ ਇਨ੍ਹਾਂ ਹਮਲਿਆਂ ਤੋਂ ਬਾਅਦ ਈਰਾਨ ਨੇ ਤੇਲ ਅਵੀਵ ਦੇ ਨੇੜੇ ਕਈ ਇਜ਼ਰਾਈਲੀ ਟਿਕਾਣਿਆਂ ਦੇ ਨਾਲ-ਨਾਲ ਗੁਰੀਅਨ ਹਵਾਈ ਅੱਡੇ 'ਤੇ ਹਮਲਾ ਕਰਕੇ ਜਵਾਬੀ ਕਾਰਵਾਈ ਕੀਤੀ। ਈਰਾਨ ਨੇ ਹਾਈਫਾ ਅਤੇ ਤੇਲ ਅਵੀਵ 'ਤੇ ਦੋ ਬੈਚਾਂ ਵਿੱਚ 27 ਮਿਜ਼ਾਈਲਾਂ ਦਾਗੀਆਂ, ਜਿਸ ਵਿੱਚ ਘੱਟੋ-ਘੱਟ 11 ਲੋਕ ਜ਼ਖਮੀ ਹੋ ਗਏ ਅਤੇ ਇਸਰਾਈਲ ਦਾ ਕਾਫੀ ਮਾਲੀ ਨੁਕਸਾਨ ਵੀ ਹੋਇਆ।

ਜਦੋਂ ਕਿ ਉਧਰ ਅਮਰੀਕੀ ਹਮਲੇ ਤੋਂ ਬਾਅਦ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵ੍ਹਾਈਟ ਹਾਊਸ ਵਿੱਚ ਰਾਸ਼ਟਰ ਦੇ ਨਾਂਅ ਆਪਣੇ ਸੰਬੋਧਨ ਵਿਚ ਕਿਹਾ ਕਿ ਈਰਾਨ ਦੇ ਪ੍ਰਮੁੱਖ ਪ੍ਰਮਾਣੂ ਟਿਕਾਣਿਆਂ ਨੂੰ 'ਪੂਰੀ ਤਰ੍ਹਾਂ ਨਾਲ ਤਬਾਹ' ਕਰ ਦਿੱਤਾ ਹੈ। ਉਸ ਨੇ ਈਰਾਨ ਨੂੰ ਜਵਾਬੀ ਕਾਰਵਾਈ ਖਿਲਾਫ ਚੇਤਾਵਨੀ ਦਿੰਦਿਆਂ ਕਿਹਾ ਕਿ ਈਰਾਨ ਨੂੰ 'ਸ਼ਾਂਤੀ ਜਾਂ ਦੁਖਾਂਤ' ਵਿੱਚੋਂ ਕਿਸੇ ਇੱਕ ਦੀ ਚੋਣ ਕਰਨੀ ਹੋਵੇਗੀ।

ਜਦੋਂ ਕਿ ਉਕਤ ਸੰਦਰਭ ਵਿੱਚ ਈਰਾਨ ਦੀ ਪ੍ਰਮਾਣੂ ਏਜੰਸੀ ਨੇ ਅਮਰੀਕਾ ਵੱਲੋਂ ਉਸ ਦੇ ਤਿੰਨ ਪ੍ਰਮਾਣੂ ਟਿਕਾਣਿਆਂ ਫੋਰਡੋ, ਇਸਫਹਾਨ ਤੇ ਨਤਾਨਜ਼ ਨੂੰ ਨਿਸ਼ਾਨਾ ਬਣਾਏ ਜਾਣ ਦੀ ਪੁਸ਼ਟੀ ਕੀਤੀ ਹੈ। ਇਸ ਦੇ ਨਾਲ ਹੀ ਈਰਾਨ ਨੇ ਜ਼ੋਰ ਦੇ ਕੇ ਇਹ ਵੀ ਕਿਹਾ ਕਿ ਉਸ ਦਾ ਕੰਮ ਨਹੀਂ ਰੁਕੇਗਾ। ਈਰਾਨ ਨੇ ਕਿਹਾ ਕਿ ਇਸਫਹਾਨ, ਫੋਰਡੋ, ਨਤਾਨਜ਼ ਅਤੇ ਹੋਰ ਪ੍ਰਮਾਣੂ ਟਿਕਾਣਿਆਂ 'ਤੇ ਅਮਰੀਕੀ ਹਮਲਿਆਂ ਤੋਂ ਬਾਅਦ 'ਰੇਡੀਏਸ਼ਨ ਦੇ ਰਿਸਾਅ ਦੇ ਕੋਈ ਸੰਕੇਤ' ਨਹੀਂ ਹਨ। ਅਮਰੀਕੀ ਹਮਲੇ ਮਗਰੋਂ ਇਜ਼ਰਾਈਲ ਨੇ ਈਰਾਨ ਦੀ ਜਵਾਬੀ ਕਾਰਵਾਈ ਦੇ ਮੱਦੇਨਜ਼ਰ ਆਪਣਾ ਹਵਾਈ ਖੇਤਰ ਬੰਦ ਕਰ ਦਿੱਤਾ ਹੈ।

ਇਸ ਦੌਰਾਨ ਟਰੰਪ ਨੇ ਸੋਸ਼ਲ ਮੀਡੀਆ 'ਤੇ ਇਕ ਪੋਸਟ ਵਿੱਚ ਖੁਲਾਸਾ ਕਰਦਿਆਂ ਕਿਹਾ, "ਅਸੀਂ ਈਰਾਨ ਦੇ ਤਿੰਨ ਪ੍ਰਮਾਣੂ ਟਿਕਾਣਿਆਂ ਫੋਰਡੋ, ਨਤਾਨਜ਼ ਅਤੇ ਇਸਫਾਹਨ 'ਤੇ ਕੀਤੇ ਹਮਲੇ ਵਿਚ ਸਫਲ ਰਹੇ ਹਾਂ। ਸਾਰੇ ਅਮਰੀਕੀ ਜਹਾਜ਼ ਹੁਣ ਈਰਾਨ ਦੇ ਹਵਾਈ ਖੇਤਰ 'ਚੋਂ ਬਾਹਰ ਹਨ। ਬੰਬਾਂ ਦਾ ਪੂਰਾ ਪੇਲੋਡ ਪ੍ਰਾਇਮਰੀ ਸਾਈਟ, ਫੋਰਡੋ 'ਤੇ ਸੁੱਟਿਆ ਗਿਆ ਸੀ। ਸਾਰੇ ਜਹਾਜ਼ ਸੁਰੱਖਿਅਤ ਢੰਗ ਨਾਲ ਆਪਣੇ ਟਿਕਾਣੇ 'ਤੇ ਵਾਪਸ ਜਾ ਰਹੇ ਹਨ। ਇਹ ਅਮਰੀਕਾ, ਇਜ਼ਰਾਈਲ ਤੇ ਕੁੱਲ ਆਲਮ ਲਈ ਇਤਿਹਾਸਕ ਪਲ ਹੈ। ਇਹ ਜੰਗ ਖਤਮ ਕਰਨ ਲਈ ਈਰਾਨ ਨੂੰ ਹੁਣ ਸਹਿਮਤ ਹੋਣਾ ਪਵੇਗਾ। ਧੰਨਵਾਦ!"

ਇੱਥੇ ਜ਼ਿਕਰਯੋਗ ਹੈ ਕਿ ਫੋਰਡੋ ਨੂੰ ਈਰਾਨ ਦੇ ਸਭ ਤੋਂ ਸੁਰੱਖਿਅਤ ਪ੍ਰਮਾਣੂ ਟਿਕਾਣਿਆਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ। ਇਹ ਜ਼ਮੀਨ ਤੋਂ ਕਈ ਫੁੱਟ ਹੇਠਾਂ ਇੱਕ ਮਜ਼ਬੂਤ ਪ੍ਰਮਾਣੂ ਬੇਸ ਹੈ, ਜਿਸ ਨੂੰ ਅਮਰੀਕਾ ਨੇ ਤਬਾਹ ਕਰਨ ਦਾ ਦਾਅਵਾ ਕੀਤਾ ਹੈ।

ਪਿਛਲੇ ਕਈ ਦਿਨਾਂ ਤੋਂ ਅਮਰੀਕਾ ਨੂੰ ਸਿੱਧੇ ਤੌਰ 'ਤੇ ਯੁੱਧ ਵਿੱਚ ਕੁੱਦਣ ਦਾ ਨਿਓਤਾ ਦੇਣ ਵਾਲੇ ਇਜ਼ਰਾਈਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਈਰਾਨ 'ਤੇ ਹਮਲਾ ਕਰਨ ਦੇ ਫੈਸਲੇ ਲਈ ਟਰੰਪ ਦੀ ਤਾਰੀਫ ਕਰਦਿਆਂ ਕਿਹਾ, "ਈਰਾਨ ਦੇ ਪ੍ਰਮਾਣੂ ਟਿਕਾਣਿਆਂ ਨੂੰ ਨਿਸ਼ਾਨਾ ਬਣਾਉਣ ਦਾ ਤੁਹਾਡਾ ਦਲੇਰਾਨਾ ਫੈਸਲਾ ਇਤਿਹਾਸ ਬਦਲ ਦੇਵੇਗਾ।" ਨੇਤਨਯਾਹੂ ਨੇ ਕਿਹਾ ਕਿ ਅਮਰੀਕਾ ਨੇ ਉਹ ਕੀਤਾ ਹੈ, ਜੋ ਧਰਤੀ 'ਤੇ ਕੋਈ ਹੋਰ ਮੁਲਕ ਨਹੀਂ ਕਰ ਸਕਦਾ ਸੀ।

ਇਸ ਦੇ ਨਾਲ ਹੀ ਟਰੰਪ ਨੇ ਸ਼ੁੱਕਰਵਾਰ ਪੱਤਰਕਾਰਾਂ ਅੱਗੇ ਦਾਅਵਾ ਕੀਤਾ ਸੀ ਉਸ ਦੀ ਈਰਾਨ ਵਿਚ ਅਮਰੀਕੀ ਫੌਜਾਂ ਨੂੰ ਭੇਜਣ ਵਿੱਚ ਕੋਈ ਦਿਲਚਸਪੀ ਨਹੀਂ ਹੈ। ਇਸ ਤੋਂ ਪਹਿਲਾਂ ਉਸ ਨੇ ਇਸ਼ਾਰਾ ਕੀਤਾ ਸੀ ਕਿ ਉਹ ਇਸ ਬਾਰੇ ਅਗਲੇ ਦੋ ਹਫਤਿਆਂ ਵਿੱਚ ਫੈਸਲਾ ਕਰੇਗਾ।

ਇਸ ਤੋਂ ਪਹਿਲਾਂ ਈਰਾਨ ਦੇ ਸੁਪਰੀਮ ਆਗੂ ਅਯਾਤੁੱਲਾ ਅਲੀ ਖਾਮੇਨੇਈ ਨੇ ਬੁੱਧਵਾਰ ਅਮਰੀਕਾ ਨੂੰ ਚੇਤਾਵਨੀ ਦਿੱਤੀ ਸੀ ਕਿ ਇਸਲਾਮਿਕ ਗਣਰਾਜ ਨੂੰ ਨਿਸ਼ਾਨਾ ਬਣਾਉਣ ਵਾਲੇ ਹਮਲਿਆਂ ਦੇ ਨਤੀਜੇ ਵਜੋਂ ਉਸ ਨੂੰ ਕਦੇ ਵੀ ਪੂਰਾ ਨਾ ਹੋ ਸਕਣ ਵਾਲਾ ਨੁਕਸਾਨ ਝੱਲਣਾ ਹੋਵੇਗਾ।

ਇਸ ਦੌਰਾਨ ਅਮਰੀਕੀ ਹਵਾਈ ਹਮਲਿਆਂ ਬਾਅਦ ਕੌਮਾਂਤਰੀ ਪੱਧਰ 'ਤੇ ਤਣਾਅ ਵਧ ਗਿਆ ਹੈ। ਇਸ ਮੁੱਦੇ 'ਤੇ ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਅੰਤੋਨੀਓ ਗੁਤੇਰੇਸ ਨੇ ਵੱਡਾ ਫਿਕਰ ਜਤਾਉਂਦਿਆਂ ਇਸ ਨੂੰ 'ਸੰਭਾਵੀ ਤਬਾਹਕੁੰਨ ਨਤੀਜਿਆਂ' ਵਾਲੀ ਪੇਸ਼ਕਦਮੀ ਕਰਾਰ ਦਿੱਤਾ ਹੈ। ਉਨ੍ਹਾ ਕਿਹਾ, "ਇਸ ਗੱਲ ਦਾ ਵੱਡਾ ਜੋਖ਼ਮ ਹੈ ਕਿ ਇਹ ਟਕਰਾਅ ਤੇਜ਼ੀ ਨਾਲ ਕਾਬੂ ਤੋਂ ਬਾਹਰ ਹੋ ਸਕਦਾ ਹੈ, ਜਿਸ ਦੇ ਨਾਗਰਿਕਾਂ, ਖਿੱਤੇ ਤੇ ਕੁੱਲ ਆਲਮ ਲਈ ਤਬਾਹਕੁੰਨ ਨਤੀਜੇ ਸਾਹਮਣੇ ਆ ਸਕਦੇ ਹਨ।" ਉਨ੍ਹਾਂ ਸਾਰੀਆਂ ਸੰਬੰਧਤ ਧਿਰਾਂ ਨੂੰ ਸੰਜਮ ਵਰਤਣ ਅਤੇ ਕੂਟਨੀਤਕ ਹੱਲ ਵੱਲ ਵਧਣ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ, "ਇਸ ਨਾਜ਼ੁਕ ਸਮੇਂ ਇਹ ਬਹੁਤ ਜ਼ਰੂਰੀ ਹੈ ਕਿ ਅਸੀਂ ਹਫੜਾ-ਦਫੜੀ ਦੇ ਚੱਕਰ ਤੋਂ ਬਚੀਏ।"

ਉਧਰ ਈਰਾਨ ਦੇ ਵਿਦੇਸ਼ ਮੰਤਰੀ ਅੱਬਾਸ ਅਰਾਗਚੀ ਨੇ ਕਿਹਾ ਕਿ ਅਮਰੀਕਾ ਨੇ ਈਰਾਨ ਖਿਲਾਫ ਖਤਰਨਾਕ ਜੰਗ ਛੇੜ ਦਿੱਤੀ ਹੈ। ਈਰਾਨ ਕੋਲ ਅਮਰੀਕੀ ਹਮਲਿਆਂ ਦਾ ਜਵਾਬ ਦੇਣ ਲਈ ਸਾਰੇ ਬਦਲ ਰਾਖਵੇਂ ਹਨ। ਉਨ੍ਹਾਂ ਕਿਹਾ, "ਕੁੱਲ ਆਲਮ ਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਇਹ ਅਮਰੀਕਾ ਹੈ, ਜਿਸ ਨੇ ਚੱਲ ਰਹੀ ਕੂਟਨੀਤਕ ਪ੍ਰਕਿਰਿਆ ਦੌਰਾਨ ਨਸਲਕੁਸ਼ੀ ਅਤੇ ਕਾਨੂੰਨਹੀਣ ਇਜ਼ਰਾਈਲੀ ਨਿਜ਼ਾਮ ਦੀਆਂ ਹਮਲਾਵਰ ਕਾਰਵਾਈਆਂ ਦੀ ਹਮਾਇਤ ਕਰਕੇ ਕੂਟਨੀਤੀ ਨਾਲ ਧੋਖਾ ਕੀਤਾ। ਹੁਣ ਯਹੂਦੀ ਨਿਜ਼ਾਮ ਵੱਲੋਂ ਕੀਤੀਆਂ ਵਧੀਕੀਆਂ ਅਤੇ ਅਪਰਾਧਾਂ ਦੀ ਲੜੀ ਨੂੰ ਪੂਰਾ ਕਰਕੇ, ਅਮਰੀਕਾ ਨੇ ਖੁਦ ਈਰਾਨ ਵਿਰੁੱਧ ਇੱਕ ਖਤਰਨਾਕ ਜੰਗ ਛੇੜ ਦਿੱਤੀ ਹੈ। ਈਰਾਨ ਦਾ ਇਸਲਾਮਿਕ ਗਣਰਾਜ ਅਮਰੀਕੀ ਫੌਜੀ ਹਮਲੇ ਅਤੇ ਜ਼ਾਲਮ ਨਿਜ਼ਾਮ ਵੱਲੋਂ ਕੀਤੇ ਗਏ ਅਪਰਾਧਾਂ ਦਾ ਪੂਰੀ ਤਾਕਤ ਨਾਲ ਜਵਾਬ ਦੇਣ ਦਾ ਅਧਿਕਾਰ ਰੱਖਦਾ ਹੈ ਤੇ ਉਸ ਕੋਲ ਸਾਰੇ ਬਦਲ ਮੌਜੂਦ ਹਨ।"

ਆਪਣੇ 'ਤੇ ਹੋਏ ਅਮਰੀਕੀ ਹਮਲਿਆਂ ਦਾ ਜਵਾਬ ਈਰਾਨ ਨੇ ਸੋਮਵਾਰ ਸ਼ਾਮ ਨੂੰ ਕਤਰ 'ਚ ਸਥਿਤ ਅਮਰੀਕੀ ਅਲ ਉਦੇਇਦ ਏਅਰਬੇਸ 'ਤੇ ਹਮਲਾ ਕਰਕੇ ਦਿੱਤਾ। ਇਸ ਹਮਲੇ ਤੋਂ ਬਾਅਦ ਇਹ ਐਲਾਨ ਕੀਤਾ ਗਿਆ ਹੈ ਕਿ ਕਤਰ 'ਚ ਸਥਿਤ ਅਮਰੀਕੀ ਫੌਜੀ ਠਿਕਾਣੇ ਨੂੰ ਨਿਸ਼ਾਨਾ ਬਣਾਇਆ ਗਿਆ।

ਉਧਰ ਅਮਰੀਕੀ ਫੌਜੀ ਅਧਿਕਾਰੀਆਂ ਨੇ ਰਾਇਟਰਜ਼ ਨੂੰ ਕਿਹਾ ਕਿ ਈਰਾਨ ਨੇ ਸਿਰਫ ਅਲ ਉਦੇਇਦ ਏਅਰਬੇਸ ਨੂੰ ਹੀ ਨਿਸ਼ਾਨਾ ਬਣਾਇਆ। ਉਨ੍ਹਾਂ ਪੁਸ਼ਟੀ ਕੀਤੀ ਕਿ ਦੋਹਾਂ ਦੇ ਨੇੜੇ ਸਥਿਤ ਇਹ ਅਧੀਨ ਠਿਕਾਣਾ ਪ੍ਰਭਾਵਿਤ ਨਹੀਂ ਹੋਇਆ। ਇਕ ਅਮਰੀਕੀ ਰੱਖਿਆ ਅਧਿਕਾਰੀ ਨੇ ਕਿਹਾ, "ਅਲ ਉਦੇਇਦ ਏਅਰਬੇਸ 'ਤੇ ਅੱਜ ਈਰਾਨ ਵੱਲੋਂ ਛੋਟੀ ਤੇ ਦਰਮਿਆਨੀ ਦੂਰੀ ਵਾਲੀਆਂ ਬੈਲਿਸਟਿਕ ਮਿਜ਼ਾਈਲਾਂ ਨਾਲ ਹਮਲਾ ਕੀਤਾ ਗਿਆ।"

ਉਨ੍ਹਾਂ ਅੱਗੇ ਕਿਹਾ, "ਇਸ ਵੇਲੇ ਕੋਈ ਅਮਰੀਕੀ ਜਾਨਮਾਲ ਦਾ ਨੁਕਸਾਨ ਨਹੀਂ ਹੋਇਆ। ਅਸੀਂ ਇਸ ਸਥਿਤੀ 'ਤੇ ਨਜ਼ਰ ਰੱਖੇ ਹੋਏ ਹਾਂ ਅਤੇ ਹੋਰ ਜਾਣਕਾਰੀ ਜਲਦ ਮੁਹੱਈਆ ਕਰਵਾਈ ਜਾਵੇਗੀ।"

ਇਸ ਹਮਲੇ ਤੋਂ ਬਾਅਦ ਈਰਾਨੀ ਸੁਪਰੀਮ ਲੀਡਰ ਆਯਤੁੱਲਾ ਅਲੀ ਖਾਮਨੇਈ ਨੇ ਐਕਸ 'ਤੇ ਲਿਖਿਆ : "ਅਸੀਂ ਕਿਸੇ ਦਾ ਹੱਕ ਨਹੀਂ ਮਾਰਿਆ ਅਤੇ ਅਸੀਂ ਕਿਸੇ ਵੀ ਸਥਿਤੀ 'ਚ ਆਪਣੇ ਉਤੇ ਹੋਏ ਹਮਲੇ ਨੂੰ ਬਰਦਾਸ਼ਤ ਨਹੀਂ ਕਰਾਂਗੇ, ਨਾ ਹੀ ਕਿਸੇ ਅਗਰੈਸਨ ਅੱਗੇ ਝੁਕਾਂਗੇ; ਇਹ ਈਰਾਨੀ ਕੌਮ ਦੀ ਸੋਚ ਹੈ।"

ਜਦੋਂ ਕਿ ਉਕਤ ਸੰਦਰਭ ਵਿੱਚ ਈਰਾਨ ਦੇ ਵਿਦੇਸ਼ ਮੰਤਰੀ ਅੱਬਾਸ ਅਰਾਗਚੀ ਨੇ ਟੈਲੀਗ੍ਰਾਮ 'ਤੇ ਜਾਰੀ ਬਿਆਨ ਵਿੱਚ ਕਿਹਾ ਕਿ ਜੇ ਅਮਰੀਕਾ ਵੱਲੋਂ ਹੋਰ ਹਮਲਿਆਂ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਤਾਂ ਈਰਾਨ ਮੁੜ ਜਵਾਬ ਦੇਣ ਲਈ ਤਿਆਰ ਹੈ।

ਉਧਰ ਸੋਮਵਾਰ ਨੂੰ ਕਤਰ ਦੀ ਰਾਜਧਾਨੀ ਦੋਹਾ ਦੇ ਉਪਰ ਅਚਾਨਕ ਰੋਸ਼ਨੀ ਦੇ ਗੋਲੇ ਵੇਖੇ ਗਏ। ਇਹ ਸਾਫ ਨਹੀਂ ਸੀ ਕਿ ਇਹ ਏਅਰ ਡਿਫੈਂਸ ਸੀ ਜਾਂ ਮਿਜ਼ਾਈਲਾਂ।

ਇਸ ਤੋਂ ਬਾਅਦ ਵੱਡੇ ਧਮਾਕਿਆਂ ਦੀਆਂ ਆਵਾਜ਼ਾਂ ਵੀ ਸੁਣੀਆਂ ਗਈਆਂ, ਪਰ ਹੁਣ ਤੱਕ ਕਿਸੇ ਜ਼ਖਮੀ ਜਾਂ ਮੌਤ ਦੀ ਰਿਪੋਰਟ ਨਹੀਂ ਮਿਲੀ। ਕਤਰ ਦੇ ਰੱਖਿਆ ਮੰਤਰਾਲੇ ਨੇ ਕਿਹਾ ਕਿ ਉਸ ਦੇ ਹਵਾਈ ਰੱਖਿਆ ਪ੍ਰਣਾਲੀਆਂ ਨੇ ਅਲ ਉਦੇਇਦ ਏਅਰਬੇਸ ਨੂੰ ਨਿਸ਼ਾਨਾ ਬਣਾਉਣ ਵਾਲੀਆਂ ਮਿਜ਼ਾਈਲਾਂ ਨੂੰ ਰੋਕ ਲਿਆ।

ਕਤਰ ਨੇ ਪੁਸ਼ਟੀ ਕੀਤੀ ਕਿ ਕੁੱਲ 19 ਮਿਜ਼ਾਈਲਾਂ ਈਰਾਨ ਵੱਲੋਂ ਦਾਗੀਆਂ ਗਈਆਂ, ਜਿਨ੍ਹਾਂ ਵਿੱਚੋਂ ਸਿਰਫ ਇਕ ਮਿਜ਼ਾਈਲ ਅਲ ਉਦੇਇਦ 'ਤੇ ਲੱਗੀ, ਪਰ ਕੋਈ ਨੁਕਸਾਨ ਨਹੀਂ ਹੋਇਆ।

ਉਧਰ ਤਹਿਰਾਨ ਤੋਂ ਅਲ ਜ਼ਜੀਰਾ ਦੇ ਪੱਤਰਕਾਰ ਤੋਹੀਦ ਅਸਦੀ ਨੇ ਕਿਹਾ: "ਹੁਣ ਤੱਕ ਇਹ ਸਪੱਸ਼ਟ ਨਹੀਂ ਕਿ ਈਰਾਨ ਦੇ ਇਹ ਹਮਲੇ ਅਖੀਰਲੇ ਹਨ ਜਾਂ ਨਹੀਂ। ਈਰਾਨ ਦੀ ਨਰ ਵਿਚ ਇਹ ਸਿਰਫ ਇਕ ਵੱਡੇ ਟਕਰਾਅ ਦਾ ਹਿੱਸਾ ਹੈ, ਜੋ ਹਰ ਰੋਜ਼ ਚੱਲ ਰਿਹਾ ਹੈ। ਉਨ੍ਹਾਂ ਅਨੁਸਾਰ ਸਿਰਫ ਅਮਰੀਕਾ ਨਹੀਂ, ਪਰ ਯੂਰਪੀ ਦੇਸ਼ ਵੀ ਇਜ਼ਰਾਈਲ ਨੂੰ ਹਥਿਆਰ ਅਤੇ ਢਾਂਚਾ ਮੁਹੱਈਆ ਕਰਵਾ ਰਹੇ ਹਨ।"

ਜਦੋਂ ਕਿ ਉਕਤ ਸੰਦਰਭ ਵਿੱਚ ਈਰਾਨ ਦੀ ਸੁਪਰੀਮ ਨੈਸ਼ਨਲ ਸੁਰੱਖਿਆ ਕੌਂਸਲ ਨੇ ਕਿਹਾ: "ਇਹ ਹਮਲਾ ਕਤਰ ਦੇ ਨਿਵਾਸੀ ਖੇਤਰਾਂ ਤੋਂ ਦੂਰ ਕੀਤਾ ਗਿਆ। ਇਹ ਕਤਰ ਜਾਂ ਉਸ ਦੇ ਲੋਕਾਂ ਲਈ ਕੋਈ ਖਤਰਾ ਨਹੀਂ ਹੈ। ਈਰਾਨ ਕਤਰ ਨਾਲ ਆਪਣੇ ਇਤਿਹਾਸਕ ਤੇ ਭਰਾਤਰੀ ਸੰਬੰਧਾਂ ਨੂੰ ਬਣਾਈ ਰੱਖਣ ਲਈ ਵਚਨਬੱਧ ਹੈ।"

ਕਤਰ ਨੇ ਇਜ਼ਰਾਈਲ ਅਤੇ ਅਮਰੀਕਾ ਦੋਹਾਂ ਵੱਲੋਂ ਈਰਾਨ ਉੱਤੇ ਹੋਏ ਹਮਲਿਆਂ ਦੀ ਨਿੰਦਾ ਕੀਤੀ ਹੈ, ਫਿਰ ਵੀ ਆਪਣੇ ਖਿਲਾਫ ਮਿਜ਼ਾਈਲ ਹਮਲੇ ਨੂੰ "ਆਪਣੀ ਆਜ਼ਾਦੀ ਅਤੇ ਖੁਦਮੁਖਤਿਆਰੀ ਦਾ ਸਿੱਧਾ ਉਲੰਘਣ" ਕਿਹਾ।

ਇਸ ਦੇ ਨਾਲ ਹੀ ਅਲ ਜ਼ਜੀਰਾ ਦੇ ਸਿਆਸੀ ਵਿਸ਼ਲੇਸ਼ਕ ਮਰਵਾਨ ਬਿਸਾਰਾ ਨੇ ਕਿਹਾ: "ਗਾਜ਼ਾ ਦੀ ਜੰਗ ਨੇ ਖੇਤਰ ਵਿੱਚ ਕਈ ਨਵੇਂ ਰੁਝਾਨ ਸੈੱਟ ਕੀਤੇ ਹਨ। ਇਹ ਪਹਿਲੀ ਵਾਰ ਹੈ ਜਦੋਂ ਈਰਾਨ ਨੇ ਇਰਾਕ ਤੋਂ ਬਾਹਰ ਕਿਸੇ ਅਮਰੀਕੀ ਬੇਸ 'ਤੇ ਹਮਲਾ ਕੀਤਾ ਹੈ।"

ਉਨ੍ਹਾ ਕਿਹਾ ਕਿ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ "ਅਮਰੀਕਾ ਨਾਲ ਚਾਲਬਾਜ਼ੀ ਕਰ ਰਹੇ ਹਨ" ਅਤੇ "ਪੂਰੇ ਖੇਤਰ ਨੂੰ ਇਕ ਅਣਜਾਣ ਦਿਸ਼ਾ ਵੱਲ ਧੱਕ ਰਹੇ ਹਨ।" ਇੱਥੇ ਜ਼ਿਕਰਯੋਗ ਹੈ ਕਿ ਕਤਰ, ਬਹਿਰੀਨ, ਕੁਵੈਤ, ਯੂ ਏ ਈ ਅਤੇ ਸਾਊਦੀ ਅਰਬ ਵਿੱਚ ਸਭ ਤੋਂ ਵੱਧ ਅਮਰੀਕੀ ਫੌਜੀ ਮੌਜੂਦ ਹਨ।

ਦਰਅਸਲ ਹਰ ਠਿਕਾਣੇ ਖੇਤਰੀ ਲੋਜਿਸਟਿਕਸ, ਖੁਫੀਆ ਜਾਣਕਾਰੀ, ਹਵਾਈ ਤੇ ਨੌ ਸੈਨਾ ਕਾਰਵਾਈਆਂ ਲਈ ਕੇਂਦਰਾਂ ਵਜੋਂ ਪਿਛਲੇ ਲੰਮੇ ਸਮੇਂ ਤੋਂ ਸਥਾਪਤ ਕੀਤੇ ਗਏ ਹਨ। ਇਨ੍ਹਾਂ ਵਿੱਚੋਂ ਅਲ ਉਦੇਇਦ 1996 ਵਿੱਚ ਬਣਾਇਆ ਗਿਆ ਸੀ। ਇਹ 24 ਹੈਕਟੇਅਰ (60 ਏਕੜ) ਵਿਚ ਫੈਲਿਆ ਹੋਇਆ ਹੈ, ਜਿਸ ਵਿੱਚ ਲੱਗਭੱਗ 100 ਜਹਾਜ਼ ਤੇ ਡਰੋਨ ਹਨ ਅਤੇ 10,000 ਤੱਕ ਫੌਜੀ ਤਾਇਨਾਤ ਹਨ।ਇੱਥੋਂ ਇਰਾਕ, ਸੀਰੀਆ ਅਤੇ ਅਫਗਾਨਿਸਤਾਨ ਵਿੱਚ ਅਮਰੀਕਾ ਦੀ ਸਿੱਧੀ ਕਾਰਵਾਈ ਹੋਈ ਹੈ।

ਇਸ ਆਰਟੀਕਲ ਦੇ ਲਿਖੇ ਜਾਣ ਵਿਚਕਾਰ ਹੀ ਟਰੰਪ ਦਾ ਇਜ਼ਰਾਈਲ ਅਤੇ ਈਰਾਨ ਜੰਗਬੰਦੀ 'ਤੇ ਸਹਿਮਤ ਹੋਣ ਸੰਬੰਧੀ ਇੱਕ ਬਿਆਨ ਸੋਸ਼ਲ ਮੀਡੀਆ 'ਤੇ ਆ ਗਿਆ ਸੀ, ਜਿਸ ਵਿੱਚ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸੋਸ਼ਲ ਮੀਡੀਆ 'ਤੇ ਇਜ਼ਰਾਈਲ ਅਤੇ ਈਰਾਨ ਦਰਮਿਆਨ 'ਪੂਰੀ ਜੰਗਬੰਦੀ' ਦਾ ਐਲਾਨ ਕਰਦਿਆਂ ਕਿਹਾ ਕਿ ਜੰਗਬੰਦੀ ਦੀ ਸ਼ੁਰੂਆਤ 'ਹੁਣ ਤੋਂ ਲੱਗਭੱਗ ਛੇ ਘੰਟੇ ਬਾਅਦ' ਹੋ ਜਾਵੇਗੀ ਜਦੋਂ ਦੋਵੇਂ ਮੁਲਕ ਆਪਣੀਆਂ ਫੌਜੀ ਕਾਰਵਾਈਆਂ 'ਖਤਮ' ਕਰ ਦੇਣਗੇ। ਟਰੰਪ ਨੇ ਆਪਣੇ ਟਰੂਥ ਸੋਸਲ ਪਲੇਟਫਾਰਮ 'ਤੇ ਲਿਖਿਆ ਕਿ 'ਸਭ ਨੂੰ ਵਧਾਈ ਹੋਵੇ! ਜੰਗ ਸਰਕਾਰੀ ਤੌਰ 'ਤੇ ਖਤਮ ਹੋ ਜਾਵੇਗੀ।'

ਕੁੱਲ ਮਿਲਾ ਕੇ ਜੇਕਰ ਵੇਖਿਆ ਜਾਵੇ ਤਾਂ ਈਰਾਨ ਨੇ ਤਥਾਕਥਿਤ ਖੁਦ ਨੂੰ ਦੁਨੀਆ ਦਾ ਥਾਣੇਦਾਰ ਕਹਾਉਣ ਵਾਲੇ ਅਮਰੀਕਾ ਅਤੇ ਉਸ ਦੀ ਸ਼ਹਿ 'ਤੇ ਮਿਡਲ ਈਸਟ ਵਿੱਚ ਆਪਣੇ ਗੁਆਂਢੀ ਦੇਸ਼ਾਂ ਦਾ ਜਿਉਣਾ ਦੁੱਭਰ ਕਰਨ ਵਾਲੇ ਇਜ਼ਰਾਈਲ ਨੂੰ ਪਿਛਲੇ ਸੱਤਰ ਸਾਲਾਂ ਵਿੱਚ ਪਹਿਲੀ ਵਾਰ ਕੋਈ ਅਜਿਹਾ ਦੇਸ਼ (ਈਰਾਨ) ਟੱਕਰਿਆ ਹੈ, ਜਿਸ ਨੇ ਇਨ੍ਹਾਂ ਦੇ ਸਾਰੇ ਭੁਲੇਖੇ ਦੂਰ ਕਰ ਦਿੱਤੇ ਹਨ, ਜੋ ਇਹਨਾਂ ਦੀ ਧੌਂਸ ਸਹਿਣ ਲਈ ਕਦਾਚਿਤ ਤਿਆਰ ਨਹੀਂ ਹੈ ਅਤੇ ਇਨ੍ਹਾਂ ਨੂੰ ਇੱਟ ਦਾ ਜਵਾਬ ਪੱਥਰ ਨਾਲ ਦੇ ਰਿਹਾ ਹੈ ਅਤੇ ਨਿਰਸੰਦੇਹ ਈਰਾਨ ਅੱਜ ਅਮਰੀਕਾ ਤੇ ਉਸ ਦੇ ਪਾਲਤੂ ਇਜ਼ਰਾਈਲ ਜਿਹੇ ਝੂਠੇ ਘੜਮ ਚੌਧਰੀਆਂ ਨੂੰ ਦੁਨੀਆ ਸਾਹਮਣੇ ਨੰਗਾ ਕਰ ਰਿਹਾ ਹੈ।

**# ਸੰਪਰਕ : 98552-59650**

# ਹਾਦਸਾ, ਸਵਾਲ ਅਤੇ ਕਾਮਨਾ

**ਸਵਰਨ ਸਿੰਘ ਭੰਗੂ**

ਮਨੁੱਖੀ-ਜੀਵਨ ਕੁਦਰਤ ਤੋਂ ਇਲਾਵਾ ਜੀਵਨ ਨੂੰ ਗਤੀ ਦੇਣ ਵਾਲੇ ਯੰਤਰਾਂ, ਜੋ ਸਾਈਕਲ ਤੋਂ ਲੈ ਕੇ ਰੇਲਵੇ ਅਤੇ ਹਵਾਈ ਜਹਾਜ਼ਾਂ ਦੁਆਰਾ, ਸੜਕਾਂ, ਰੇਲਵੇ ਲਾਈਨਾਂ ਤੋਂ ਲੈ ਕੇ ਹਵਾਈ ਪੱਟੀਆਂ 'ਤੇ ਗਤੀ ਕਰਦਾ ਹੈ। ਜੀਵਨ ਦੀ ਇਸ ਗਤੀ ਵਿੱਚ ਹੀ ਜਾਨ ਦੇ ਜੋਖਮ ਵੀ ਪਏ ਹੁੰਦੇ ਹਨ। ਅਸੀਂ ਹਰ ਰੋਜ਼ ਅਜਿਹੇ ਹਾਦਸਿਆਂ ਬਾਰੇ ਪੜ੍ਹਦੇ/ਸੁਣਦੇ ਹਾਂ, ਕਿਸੇ ਜਾਨ-ਲੇਵਾ ਹਾਦਸੇ ਉਪਰੰਤ ਉੱਭਰੇ ਵੀ ਹੁੰਦੇ ਹਾਂ। ਇਨ੍ਹਾਂ ਹਾਦਸਿਆਂ ਵਿੱਚ ਅੰਗ ਭੰਗ ਹੋ ਜਾਂਦੇ ਹਨ ਅਤੇ ਬਹੁਤ ਸਾਰੇ ਲੋਕ ਜਾਨਾਂ ਵੀ ਗੁਆ ਲੈਂਦੇ ਹਨ।

12 ਜੂਨ 2025 ਨੂੰ ਅਹਿਮਦਾਬਾਦ ਵਿੱਚ ਹੋਏ ਹਵਾਈ ਹਾਦਸੇ ਵਿੱਚ ਮੋਏ ਲੋਕਾਂ ਦੀਆਂ ਤਸਵੀਰਾਂ ਅਤੇ ਕਥਾ-ਕਹਾਣੀਆਂ ਦੁਨੀਆਂ ਭਰ ਦੀ ਸੰਵੇਦਨ‡ ਨੂੰ ਲਗਾਤਾਰ ਅਸਹਿਜ ਕਰ ਰਹੀਆਂ ਹਨ। ਵੱਡਿਆਂ ਸਮੇਤ ਧਰਤੀ ਦੀ ਇਸ ਫੁਲਵਾੜੀ ਦੇ ਬਾਲਾਂ ਦੀਆਂ ਮਹਿਕਦੀਆਂ, ਟਹਿਕਦੀਆਂ ਨਿਰਛਲ ਮੁਸਕਾਨਾਂ ਪਲ਼ਾਂ ਵਿੱਚ ਹੀ ਰਾਖ਼ ਦੇ ਢੇਰ ਵਿੱਚ ਬਦਲ ਗਈਆਂ। ਇਹ ਅਣਆਈ ਚਲੇ ਜਾਣ ਵਾਲੇ ਸੈਕੜਿਆਂ ਦੀ ਗਿਣਤੀ ਵਿੱਚ ਸਨ, ਉਂਝ ਦਾ ਮਨੁੱਖੀ ਜ਼ਿੰਦਗੀ ਦੀ ਵਡਿਆਈ ਹੀ ਅਕਹਿ ਹੁੰਦੀ ਹੈ, ਪਰ ਇਨ੍ਹਾਂ ਵਿੱਚ ਕਠੋਰ ਮਿਹਨਤ ਨਾਲ ਜੀਵਨ ਨੂੰ ਤਰਾਸ਼ਣ ਵਾਲੇ ਪਾਇਲਟ ਸਨ, ਡਾਕਟਰ ਸਨ, ਇੰਜੀਨੀਅਰ ਸਨ, ਏਅਰ-ਹੋਸਟੈੱਸਾਂ ਸਨ, ਇਨ੍ਹਾਂ ਵਿੱਚ ਲੰਮੀਆਂ ਉਮਰਾਂ ਤੱਕ ਜਿਊਂਣ ਵਾਲੇ ਬਾਲ ਸਨ, ਵੱਖ-ਵੱਖ ਪ੍ਰਕਾਰ ਦੀ ਮਨੁੱਖੀ-ਸ਼ਕਤੀ ਸੀ। ਵਿਗਿਆਨ ਦੀ ਸਿਖ਼ਰ-ਸਿਰਜਣਾ ਵਜੋਂ ਜਾਣਿਆ ਜਾਂਦਾ ਬਹੁ-ਕਰੋੜੀ ਜਹਾਜ਼ ਸੀ, ਸਾਜ਼ੋ/ਸਮਾਨ ਆਦਿ-ਆਦਿ ਸੀ। ਬੇਹੱਦ ਮੰਦਭਾਗਾ ਹੋਇਆ ਹੈ, ਇਹ ਸਭ।

ਹੁਣ ਤਾਂ ਇਨ੍ਹਾਂ ਯਾਤਰੂਆਂ ਦੀਆਂ, ਪਲ਼-ਪਲ਼ ਭਿਆਨਕ ਮੌਤ ਵੱਲ ਵਧਦਿਆਂ ਦੀਆਂ, ਚੀਖ/ਪੁਕਾਰਾਂ ਦੀਆਂ, ਅੰਦਰੋਂ ਧੂੰਆਂ-ਧੂੰਆਂ ਹੋ ਰਹੇ ਜਹਾਜ਼ ਦੀਆਂ ਆਖਰੀ ਵੀਡੀਓ ਵੀ ਆ ਚੁੱਕੀਆਂ ਹਨ। ਭਿਆਨਕਤਾ ਨੂੰ ਰੂਪਮਾਨ ਕਰਨ ਵਾਲਾ ਅਸੀਂ ਇੱਕ ਸ਼ਬਦ ਵੀ ਜਾਣ ਅਤੇ ਸੁਣ ਲਿਆ ਹੈ 'ਮੇ ਡੇ, ਮੇ ਡੇ'। ਇਹੋ ਸ਼ਬਦ ਵਿਸਫੋਟ ਹੋਣ ਤੋਂ ਪਹਿਲਾਂ ਜਹਾਜ਼ ਚਲਾ ਰਿਹਾ ਤਜਰਬੇਕਾਰ ਪਾਇਲਟ 'ਸੁਮਿੱਤ ਸੱਭਰਵਾਲ' ਦੁਹਰਾਉਂਦਿਆਂ ਕਹਿੰਦਾ ਹੈ, 'ਅਬ ਹਮ ਨਹੀਂ ਬਚੇਂਗੇ' ਇਸ ਤੋਂ ਬਾਅਦ ਸਾਰਾ ਕੁੱਝ ਅਗਨਭੇਟ ਹੁੰਦਾ ਹੈ।

ਸਾਡੇ ਵਿੱਚੋਂ ਬਹੁਤਿਆਂ ਨੇ ਇੱਕ ਜਾਂ ਬਹੁਤੀ ਵਾਰ ਜਹਾਜ਼ ਦਾ ਸਫਰ ਕੀਤਾ ਹੈ, ਕਿੰਨੇ ਹੀ ਲੋਕਾਂ ਨੇ ਜੀਵਨ-ਭਰ ਇਹ ਸਫਰ ਕੀਤਾ ਹੁੰਦਾ ਹੈ। ਵਿਸ਼ਵ ਨੂੰ ਪਿੰਡ ਬਣਾ ਦੇਣ ਵਾਲੀ ਹਵਾਈ ਆਵਾਜਾਈ ਵਿਗਿਆਨਕ ਖੋਜਾਂ ਦਾ ਸਿਖ਼ਰ ਹੈ, ਇਹ ਸੜਕ ਆਵਾਜਾਈ ਦੇ ਮੁਕਾਬਲੇ ਤੇਜ਼ ਅਤੇ ਸੁਰੱਖਿਅਤ ਹੈ। ਲੋੜ੍ਹਿਆਂ ਦਾ ਜੋਖ਼ਮ ਤਾਂ ਸਦਾ ਹੀ ਇਸ ਦੇ ਨਾਲ ਰਹਿੰਦਾ ਹੈ, ਇਹ ਹਾਦਸੇ, ਇਹ ਵੀ ਅਹਿਸਾਸ ਕਰਾਉਂਦੇ ਹਨ ਕਿ ਜਦੋਂ ਵੀ ਮਨੁੱਖ/ਮਨੁੱਖੀ-ਪੂਰ ਹਵਾਈ ਅੱਡਿਆਂ 'ਤੇ ਸੁਰੱਖਿਅਤ ਉੱਤਰਦੇ ਹਨ, ਤਾਂ ਹਰ ਵਾਰ ਇੱਕ ਹੋਰ ਜਨਮ ਦਿਨ ਦਾ ਵਰਦਾਨ ਹਾਸਲ ਕਰਦੇ ਹਨ। ਹੁਣ ਤਾਂ ਅਸੀਂ ਇਹ ਵੀ ਨੋਟ ਕਰ ਲਿਆ ਹੈ ਕਿ ਹਰ ਜਹਾਜ਼ ਵਿੱਚ ਜ਼ਿੰਦਗੀ ਵੀ ਧੜਕ ਰਹੀ ਹੁੰਦੀ ਹੈ ਅਤੇ ਇਸ ਵਿੱਚ ਮਣਾਂ-ਮੂੰਹੀਂ ਮੌਤ ਦਾ ਸਮਾਨ ਵੀ ਨਾਲ-ਨਾਲ ਚੱਲ ਰਿਹਾ ਹੁੰਦਾ ਹੈ।

ਹਵਾਈ ਸਫਰ ਦਾ ਆਪਣਾ ਇਤਿਹਾਸ ਹੈ, ਇਤਿਹਾਸ ਜੋ ਵਿਗਿਆਨੀਆਂ ਦੀਆਂ ਜਾਨਾਂ ਨੂੰ ਜੋਖਮ ਵਿੱਚ ਪਾਉਂਦੀ ਰਹੀ, ਅਣਥੱਕ ਖੋਜ ਨਾਲ ਜੁੜਿਆ ਹੈ। ਦੁਨੀਆਂ ਭਰ ਦੀਆਂ ਛੋਟੀਆਂ/ਵੱਡੀਆਂ ਏਅਰਪੋਰਟਾਂ ਨਾਲ ਜੁੜਿਆ ਹੋਇਆ ਹੈ, ਹਵਾਈ-ਸਨਅਤ ਨਾਲ ਜੁੜਿਆ ਹੈ, ਉੱਚ ਪਾਏ ਦੀ ਤਕਨੀਕ ਅਤੇ ਤਕਨੀਕੀ ਕਾਮਿਆਂ ਨਾਲ ਜੁੜਿਆ ਹੈ, ਵੱਖ-ਵੱਖ ਦੇਸ਼ਾਂ ਦੇ ਹਵਾਈ ਵਿਭਾਗਾਂ ਨਾਲ ਜੁੜਿਆ ਹੈ, ਵਿਗਿਆਨਕ ਸਿੱਖਿਆ ਦੇ ਨਾਲ, ਭਿੰਨ-ਭਿੰਨ ਪ੍ਰਕਾਰ ਦੀ ਮਨੁੱਖ-ਸ਼ਕਤੀ ਦੀਆਂ ਚੋਣ ਵਿਧੀਆਂ ਅਤੇ ਟ੍ਰੇਨਿੰਗ-ਸੰਸਥਾਵਾਂ ਨਾਲ ਜੁੜਿਆ ਹੈ। ਇਸ ਅਦਭੁੱਤਤਾ ਨਾਲ ਵੀ ਜੁੜਿਆ ਹੈ ਕਿ ਜਹਾਜ਼ ਨਾਂਅ ਦਾ ਇਹ ਯੰਤਰ ਕਈ ਸੈਕੜੇ ਯਾਤਰੀਆਂ, ਉਨ੍ਹਾਂ ਦਾ ਸਾਜ਼ੋ-ਸਮਾਨ, ਅਮਲੇ, ਆਪਣੇ ਵਜ਼ਨ ਅਤੇ ਲੱਖਾਂ ਲੀਟਰ ਤੇਲ ਲੈ ਕੇ ਕਿਵੇਂ ਆਕਾਸ਼ ਵਿੱਚ ਹਜ਼ਾਰਾਂ ਫੁੱਟ ਦੀ ਉਚਾਈ 'ਤੇ ਤੇਜ਼ ਅਤੇ ਲੰਮੀਂ ਉਡਾਰੀ ਭਰਦਾ ਹੈ। ਧੜਕਦੀ ਜ਼ਿੰਦਗੀ ਦਾ ਜ਼ਬਰਦਸਤ ਅੰਗ ਬਣ ਕੇ ਰਹਿ ਗਿਆ ਹੈ ਹੁਣ ਹਵਾਈ ਸਫਰ।

ਹਾਲ ਵੀ ਵਿੱਚ ਹੋਏ ਹਾਦਸੇ ਨੇ ਦੁਨੀਆ ਭਰ ਵਿੱਚ ਪ੍ਰੇਸ਼ਾਨੀ ਅਤੇ ਮਾਯੂਸੀ ਪੈਦਾ ਕੀਤੀ ਹੈ। ਹਰ ਸੰਵੇਦਨ ਮਨੁੱਖ ਦੇ ਮੂੰਹੋਂ ਹਾਉਕਾ ਨਿਕਲਿਆ ਹੈ। ਸਭ ਨੇ ਕਾਮਨਾ ਕੀਤੀ ਹੈ ਕਿ ਮੁੜ ਅਜਿਹਾ ਕਦੇ ਵੀ ਅਤੇ ਕਿਤੇ ਵੀ ਨਾ ਵਾਪਰੇ। ਜਿਨ੍ਹਾਂ ਨੇ ਵੀ 'ਏਅਰ ਇੰਡੀਆ' ਦੇ ਜਹਾਜ਼ਾਂ ਵਿੱਚ ਸਫਰ ਕੀਤਾ ਹੈ, ਉਨ੍ਹਾਂ ਚੰਗੀ ਤਰ੍ਹਾਂ ਨੋਟ ਕੀਤਾ ਹੈ ਕਿ ਜਹਾਜ਼ ਦੇ ਅੰਦਰਲੇ ਪ੍ਰਬੰਧਾਂ ਵਿੱਚ ਤਰੁਟੀਆਂ ਸਨ। ਕਿਹਾ ਜਾਂਦਾ ਹੈ ਕਿ 'ਘਰ ਦੇ ਭਾਗ ਦੇਹਲੀਆਂ ਤੋਂ ਪਹਿਚਾਣੇ ਜਾਂਦੇ ਹਨ' ਅਨੁਸਾਰ ਇਸ ਨਸਲ ਦੇ ਕਿੰਨੇ ਹੀ ਜਹਾਜ਼ਾਂ ਦੀਆਂ ਸੀਟਾਂ ਖ਼ਰਾਬ ਹੁੰਦੀਆਂ ਹਨ, ਸਕਰੀਨਾਂ ਖਰਾਬ ਹੁੰਦੀਆਂ ਹਨ। ਅਜਿਹਾ ਹੋਣ ਕਾਰਨ, ਅਸੀਂ ਸਹਿਜੇ ਹੀ ਇਸ ਸਿੱਟੇ 'ਤੇ ਪਹੁੰਚ ਸਕਦੇ ਹਾਂ ਕਿ ਇਹ ਤਰੁਟੀਆਂ ਸਮੁੱਚੀ ਪਹਿਰੇਦਾਰੀ ਨੂੰ ਰੂਪਮਾਨ ਕਰਦੀਆਂ ਹਨ। ਦੱਸਿਆ ਜਾਂਦਾ ਹੈ, ਕਿ ਇਹ ਕਸਰ ਚਿਰ ਤੋਂ ਰਹਿੰਦੀ ਆ ਰਹੀ ਹੈ ਅਤੇ ਇਹ ਦੁਖਦਾਈ ਹਾਦਸਾ ਵੀ ਇਸੇ ਅਣਗਹਿਲੀ ਦਾ ਸਿਖ਼ਰ ਸੀ।

ਇਸ ਹਾਲਤ ਵਿੱਚ ਮਾਹਰ ਪਾਇਲਟ ਕੀ ਕਰ ਸਕਦੇ ਸਨ? ਸਕਿੰਟਾਂ ਵਿੱਚ ਹੀ ਮਨੁੱਖੀ ਜਾਨਾਂ ਸਮੇਤ ਸਾਰਾ ਕੁਝ ਮਲਬੇ ਦੇ ਢੇਰ ਵਿੱਚ ਬਦਲ ਗਿਆ। ਇਹ ਅਣਗਹਿਲੀ ਕੋਈ ਛੋਟੀ ਨਹੀਂ ਹੈ, ਇਸ ਅਣਗਹਿਲੀ ਨੇ ਜਾਨਾਂ ਦੇ ਰੂਪ ਵਿੱਚ ਛੋਟੇ ਵੱਡੇ 'ਅਜੂਬੇ' ਭੰਨ ਦਿੱਤੇ ਹਨ। ਲੰਮਾ ਸਮਾਂ ਜਿਊਣ ਵਾਲੀਆਂ ਅਤੇ ਸੰਭਾਵਨਾਵਾਂ ਭਰੀਆਂ ਨਿਰਮਲ, ਨਿਰਛਲ ਮੁਸਕਾਨਾਂ ਨੂੰ ਪਿਘਲਾ ਦਿੱਤਾ ਹੈ। ਧਰਤੀ ਦੀ ਸੰਵੇਦਨਾ ਇਨ੍ਹਾਂ ਚਿਹਰਿਆਂ ਨੂੰ ਕਦੇ ਵੀ ਨਹੀਂ ਭੁੱਲ ਸਕਦੀ।

ਕੁਝ ਵੀ ਹੈ ਮਨ ਪੀੜੋ-ਪੀੜ ਹੈ। ਇਸ ਖਲਾਅ ਦੀ ਪੂਰਤੀ ਕੋਈ ਨਹੀਂ, ਇਸ ਸਦਮੇ ਵਿੱਚੋਂ ਉੱਭਰਨਾ ਬਹੁਤ ਬਹੁਤ ਔਖਾ ਹੈ। ਇਹ ਅਹਿਸਾਸ, ਸ਼ਿੱਦਤ ਨਾਲ ਹੋਇਆ ਹੈ ਕਿ ਸਮੁੱਚੇ ਮਨੁੱਖੀ ਜੀਵਨ ਵਿੱਚ ਕਿੰਨੀ ਧੜਕਣ ਹੁੰਦੀ ਹੈ, ਕਿੰਨੇ ਮੁਸਕਰਾਉਂਦੇ, ਮਾਸੂਮ ਚਿਹਰੇ ਹੁੰਦੇ ਹਨ, ਸਖ਼ਤ ਸਾਧਨਾ ਵਿੱਚੋਂ ਸਿਰਜੀਆਂ ਹੋਈਆਂ ਪ੍ਰਿਤਭਾਵਾਂ ਹੁੰਦੀਆਂ ਹਨ। ਅਜਿਹੇ ਹਾਦਸਿਆਂ ਤੋਂ ਬਾਹਰ ਵਿਸ਼ਵ ਦੇ ਉਨ੍ਹਾਂ ਖਲਨਾਇਕਾਂ ਪ੍ਰਤੀ ਵੀ ਘ੍ਰਿਣਾ ਉਪਜਦੀ ਹੈ, ਜਿਹੜੇ ਆਪਣੇ ਜੰਗੀ ਮਨਸੂਬਿਆਂ ਦੀ ਪੂਰਤੀ ਲਈ ਇੱਕ-ਦੂਜੇ ਦੀ ਧਰਤੀ 'ਤੇ ਲੋਕਾਂ 'ਤੇ ਮੌਤ ਦਾ ਛੱਟਾ ਦੇ ਰਹੇ ਹਨ, ਜਿਨ੍ਹਾਂ ਕਰਕੇ ਜੀਵਨ ਸਹਿਕ ਰਿਹਾ ਹੈ, ਨਿਰਮਾਣ ਰਾਖ ਬਣ ਰਿਹਾ ਹੈ।

# ਰੈਡੀਮੇਡ ਰਿਸ਼ਤਿਆਂ ਦੇ ਦੌਰ 'ਚੋਂ ਗੁਜ਼ਰਦਿਆਂ


ਗੁਰਚਰਨ ਸਿੰਘ ਨੂਰਪੁਰ

ਅਸੀਂ ਜਿਸ ਦੌਰ ਵਿੱਚੋਂ ਗੁਜ਼ਰ ਰਹੇ ਹਾਂ, ਇਸ ਵਿੱਚ ਸਾਨੂੰ 'ਵਰਤੋ ਤੇ ਸੁੱਟੋ' ਦਾ ਪਾਠ ਪੜ੍ਹਾਇਆ ਜਾ ਰਿਹਾ ਹੈ। ਰੈਡੀਮੇਡ ਵਸਤਾਂ ਦੇ ਇਸ ਦੌਰ ਵਿੱਚ ਸਾਡੇ ਰਿਸ਼ਤੇ-ਨਾਤੇ ਰੈਡੀਮੇਡ ਜਿਹੇ ਬਣਦੇ ਜਾ ਰਹੇ ਹਨ। ਮਨੁੱਖ ਦੀ ਜ਼ਿੰਦਗੀ ਵਿੱਚੋਂ ਸਬਰ-ਸ਼ੁਕਰ ਦਰਕਿਨਾਰ ਹੋ ਰਿਹਾ ਹੈ ਅਤੇ ਮਨੁੱਖ ਦੀ ਲਾਲਚੀ ਮਨੋਬਿਰਤੀ ਹਰ ਦਿਨ ਵਧ ਰਹੀ ਹੈ।

ਇੰਟਰਨੈੱਟ ਦੇ ਪ੍ਰਵੇਸ਼ ਨੇ ਮਨੁੱਖ ਨੂੰ ਦੂਰਦੁਰਾਡੇ ਅਣਜਾਣੇ ਲੋਕਾਂ ਨਾਲ ਸਾਂਝ ਬਣਾਉਣ ਦੀ ਜੁਗਤ ਦੱਸੀ ਹੈ। ਅਣਜਾਣੇ ਲੋਕਾਂ ਨਾਲ ਸਾਂਝਾਂ ਵਧਾਉਣ ਦੇ ਇਸ ਦੌਰ ਵਿੱਚ ਅਸੀਂ ਆਪਣਿਆਂ ਤੋਂ ਹਰ ਦਿਨ ਦੂਰ ਹੋ ਰਹੇ ਹਾਂ। ਬਾਜ਼ਾਰੂ ਤਾਕਤਾਂ ਨੇ ਇੰਟਰਨੈੱਟ ਰਾਹੀਂ ਮਨੁੱਖ ਦੀਆਂ ਛੁਪੀਆਂ ਲਾਲਸਾਵਾਂ ਨੂੰ ਉਜਾਗਰ ਕਰਕੇ ਕਮਾਈ ਕਰਨ ਦਾ ਜ਼ਰੀਆ ਬਣਾ ਲਿਆ ਹੈ। ਵੱਖ-ਵੱਖ ਤਰ੍ਹਾਂ ਦੀਆਂ ਦਿਲਚਸਪੀਆਂ ਪੈਦਾ ਕਰਕੇ ਮਨੁੱਖ ਅੱਗੇ ਪ੍ਰੋਸੀਆਂ ਜਾ ਰਹੀਆਂ ਹਨ, ਜਿਹਨਾਂ ਦੀ ਉਸ ਅੰਦਰ ਚਾਹਤ ਹੈ। ਇਸ ਦੌਰ ਵਿੱਚ ਚੀਜ਼ਾਂ ਬੜੀ ਤੇਜ਼ੀ ਨਾਲ ਬਦਲ ਰਹੀਆਂ ਹਨ। ਤੇਜ਼ੀ ਨਾਲ ਬਦਲਦੇ ਸਮਿਆਂ ਵਿੱਚ ਸਾਡੇ ਰਿਸ਼ਤਿਆਂ ਦਾ ਤਾਣਾ-ਬਾਣਾ ਵੀ ਬੜੀ ਤੇਜ਼ੀ ਨਾਲ ਪ੍ਰਭਾਵਿਤ ਹੋ ਰਿਹਾ ਹੈ। ਭਵਿੱਖ ਵਿੱਚ ਇਹ ਅਮਲ ਹੋਰ ਤੇਜ਼ੀ ਨਾਲ ਵਧਣਾ ਹੈ। ਸਿੱਖਿਆ ਸਮੇਤ ਵੱਖ-ਵੱਖ ਤਰ੍ਹਾਂ ਦੇ ਹੁਨਰ ਸਿੱਖਣ ਲਈ ਨਿੱਕੇ, ਵੱਡੇ ਕੋਰਸ ਨਿਰਧਾਰਤ ਹੋ ਗਏ ਹਨ। ਗਿਆਨ ਪੈਸੇ ਨਾਲ ਖਰੀਦੇ ਜਾਣ ਦੀ ਚੀਜ਼ ਬਣ ਗਿਆ ਹੈ। ਪੈਸੇ ਦੀ ਮਨੋਬਿਰਤੀ ਸੰਵੇਦਨਾ ਅਤੇ ਭਾਵਨਾਤਮਿਕਤਾ ਨੂੰ ਪਿੱਛੇ ਕਰ ਦਿੰਦੀ ਹੈ। ਗੁਰੂ-ਚੇਲੇ ਦਾ ਰਿਸ਼ਤਾ ਹੁਣ ਬੀਤੇ ਦੀ ਬਾਤ ਬਣ ਗਿਆ ਹੈ। ਸਿੱਖਿਆ ਵੇਚਣ ਅਤੇ ਖਰੀਦਣ ਦੀ ਚੀਜ਼ ਬਣ ਗਈ ਹੈ। ਪ੍ਰਾਈਵੇਟ ਸਕੂਲਾਂ, ਕਾਲਜਾਂ ਵਿੱਚ ਕਿਉਂਕਿ ਫੀਸਾਂ ਹੀ ਏਨੀਆਂ ਹੁੰਦੀਆਂ ਹਨ ਕਿ ਪੜ੍ਹਨ ਵਾਲੇ ਵਿਦਿਆਰਥੀਆਂ ਅੰਦਰੋਂ ਇਹ ਅਧਿਆਪਕ ਪ੍ਰਤੀ ਸਤਿਕਾਰ ਦੀ ਭਾਵਨਾ ਨੂੰ ਪੈਦਾ ਹੀ ਨਹੀਂ ਹੋਣ ਦਿੰਦੀਆਂ। ਕਾਰਪੋਰੇਟ ਮਾਡਲ ਵਾਲੇ ਸਕੂਲ, ਕਾਲਜ ਵੱਡੇ ਕਾਰੋਬਾਰ ਹਨ, ਵਿਦਿਆਰਥੀ ਇਸ ਕਾਰੋਬਾਰ ਦੇ ਗਾਹਕ ਅਤੇ ਅਧਿਆਪਕ ਨੂੰ ਜਿਸ ਦਾ ਰੁਤਬਾ ਬਹੁਤ ਵੱਡਾ ਹੋਣਾ ਚਾਹੀਦਾ ਸੀ, ਨੂੰ ਇੱਕ ਤਰ੍ਹਾਂ ਨਾਲ ਇੱਕ ਕਰਿੰਦਾ ਬਣਾ ਦਿੱਤਾ ਗਿਆ ਹੈ। ਇਹਨਾਂ ਅਦਾਰਿਆਂ 'ਚੋਂ ਮਹਿੰਗੀ ਸਿੱਖਿਆ ਲੈ ਕੇ ਨਿਕਲੇ ਬੱਚੇ ਦੁਨੀਆਂ ਦੀ ਹਰ ਸ਼ੈਅ ਨੂੰ ਪੈਸੇ ਦੀ ਐਨਕ ਨਾਲ ਵੇਖਦੇ ਹਨ।

ਜੀਵਨ ਦੀਆਂ ਤਰਜੀਹਾਂ ਤੇਜ਼ੀ ਨਾਲ ਬਦਲ ਰਹੀਆਂ ਹਨ। ਹਰ ਕੋਈ ਦੂਜੇ ਤੋਂ ਵਿੰਗੇ-ਟੇਢੇ ਢੰਗ ਨਾਲ ਅੱਗੇ ਨਿਕਲ ਜਾਣ ਲਈ ਬੇਤਾਬ ਹੈ। ਮਨੁੱਖ ਅੰਦਰੋਂ ਭਰੇ ਹੋਣ ਅਤੇ ਸਬਰ-ਸਹਿਜ ਨੂੰ ਛੱਡ ਕੇ ਬਾਹਰੀ ਵਿਖਾਵੇ ਲਈ ਜਿਉਣ ਲੱਗਿਆ ਹੈ। ਹਰ ਕੋਈ ਕਿਸੇ ਨਾ ਕਿਸੇ ਖੇਤਰ ਵਿੱਚ ਕੋਈ ਉੱਚਾ ਮੁਕਾਮ ਹਾਸਿਲ ਕਰੇ, ਇਹ ਕੋਈ ਮਾੜੀ ਗੱਲ ਨਹੀਂ, ਪਰ ਬੇਲੋੜੇ ਖਰਚੇ ਕਰਕੇ ਦੂਜੇ ਨਾਲੋਂ ਉੱਚੀ ਕੋਠੀ ਪਾ ਕੇ, ਕਰਜ਼ਾ ਚੁੱਕ ਕੇ ਮਹਿੰਗੀ ਗੱਡੀ ਲੈ ਕੇ ਵਿਖਾਵਾ ਕਰਨਾ ਸਮਾਜ ਵਿੱਚ ਹੋਰ ਕਈ ਤਰ੍ਹਾਂ ਦੀਆਂ ਕੁਰੀਤੀਆਂ ਦਾ ਕਾਰਨ ਬਣਦਾ ਹੈ।

ਦੁਨੀਆ ਦੇ ਵੱਖ-ਵੱਖ ਦੇਸ਼ਾਂ ਵਿੱਚ ਵਿਆਹ ਕਰਾਉਣ ਤੋਂ ਬਗੈਰ ਰਿਲੇਸ਼ਨਸ਼ਿਪ ਵਿੱਚ ਰਹਿਣ ਦਾ ਰਿਵਾਜ ਪ੍ਰਚੱਲਤ ਹੋ ਰਿਹਾ ਹੈ। ਤਲਾਕ ਦੇ ਕੇਸ ਵਧ ਰਹੇ ਹਨ। ਬਹੁਤੀ ਵਾਰ ਇਹ ਵੀ ਹੁੰਦਾ ਹੈ ਕਿ ਤਲਾਕ ਮਗਰੋਂ ਬੱਚੇ ਕਿੱਧਰ ਰਹਿਣ, ਮਾਂ ਕੋਲ ਜਾਂ ਬਾਪ ਕੋਲ, ਇਹ ਵੀ ਵੱਡੀ ਸਮੱਸਿਆ ਬਣਦੀ ਹੈ। ਅਜਿਹੇ ਬੱਚੇ ਜਿਹਨਾਂ ਤੋਂ ਉਹਨਾਂ ਦੀ ਮਾਂ ਜਾਂ ਬਾਪ ਦੋਹਾਂ 'ਚੋਂ ਇੱਕ ਦੂਰ ਹੋ ਜਾਂਦਾ ਹੈ, ਇਹ ਮਾਨਸਿਕ ਤੌਰ 'ਤੇ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਦੇ ਸ਼ਿਕਾਰ ਹੋ ਜਾਂਦੇ ਹਨ। ਉਹਨਾਂ ਨੂੰ ਦੁਨੀਆ ਦੇ ਲੋਕ ਧੋਖਾ ਤੇ ਫਰੇਬ ਕਰਨ ਵਾਲੇ ਪ੍ਰਤੀਤ ਹੁੰਦੇ ਹਨ। ਇਹ ਦੁਨੀਆਂ ਨਾਲੋਂ ਟੁੱਟ ਕੇ ਇੱਕ ਵੱਖਰੀ ਮਨੋਬਿਰਤੀ ਧਾਰਨ ਕਰ ਲੈਂਦੇ ਹਨ ਅਤੇ ਰਿਸ਼ਤਿਆਂ ਦੀ ਤਿਕੜਮਬਾਜ਼ੀ ਦਾ ਸਾਰੀ ਉਮਰ ਸੰਤਾਪ ਭੋਗਦੇ ਹਨ।

ਸਾਡੇ ਬਜ਼ੁਰਗ ਜਿਹਨਾਂ ਨੇ ਸਾਰੀ ਉਮਰ ਸਾਨੂੰ ਉਂਗਲੀ ਫੜ ਕੇ ਤੋਰਿਆਂ ਹੁੰਦਾ ਹੈ, ਇਸ ਜ਼ਮਾਨੇ ਦੇ ਹਾਣ ਦਾ ਬਣਾਉਣ ਵਿੱਚ ਵੱਡਾ ਰੋਲ ਅਦਾ ਕੀਤਾ ਹੁੰਦਾ ਹੈ, ਉਹ ਹੁਣ ਨਵੀਂ ਪੀੜ੍ਹੀ ਨੂੰ ਬੋਝ ਲੱਗਣ ਲੱਗ ਪਏ ਹਨ। ਮਾਨਸਿਕ ਤੌਰ 'ਤੇ ਪ੍ਰੇਸ਼ਾਨ ਇੱਕ ਬਜ਼ੁਰਗ ਨੂੰ ਉਹਦੀ ਵੱਡੀ ਉਮਰ ਦੀ ਇੱਕ ਧੀ ਡਾਕਟਰ ਕੋਲ ਲੈ ਕੇ ਆਈ, ਉਹ ਰੋ-ਰੋ ਕੇ ਦੱਸਣ ਲੱਗੀ ਕਿ ਉਸ ਦੇ ਬਾਪ ਨੂੰ ਉਸ ਦੇ ਭਰਾ ਤੇ ਭਰਜਾਈ ਨੇ ਘਰੋਂ ਬਾਹਰ ਕੱਢ ਦਿੱਤਾ ਹੈ। ਮੇਰਾ ਬਾਪ ਨਹਿਰ ਵਿੱਚ ਡੁੱਬ ਕੇ ਆਤਮਹੱਤਿਆ ਕਰਨ ਚੱਲਿਆ ਸੀ, ਐਨ ਮੌਕੇ 'ਤੇ ਪਤਾ ਲੱਗਣ 'ਤੇ ਅਸੀਂ ਇਸ ਨੂੰ ਬਚਾ ਲਿਆ। ਉਹ ਕਹਿਣ ਲੱਗੀ, "ਮੇਰਾ ਸਹੁਰਾ ਪਰਵਾਰ ਵੀ ਕੋਈ ਬਹੁਤਾ ਚੰਗਾ ਨਹੀਂ, ਪਰ ਮੈਂ ਧੀ ਹਾਂ, ਮੈਂ ਇਸ ਨੂੰ ਕਿੱਧਰ ਧੱਕਾ ਦੇ ਦਿਆਂ। ਇਹ ਮਾਨਸਿਕ ਤੌਰ ਤੇ ਪ੍ਰੇਸ਼ਾਨ ਹੈ। ਇਹ ਆਖਦਾ ਹੈ ਜਿਸ ਘਰ ਨੂੰ ਮੈਂ ਮਿਹਨਤ ਕਰਕੇ ਬਣਾਇਆ, ਸੁਵਾਰਿਆ ਹੈ, ਉਸੇ ਘਰ ਵਿੱਚ ਹੀ ਹੁਣ ਮੈਂ ਰਹਿ ਨਹੀਂ ਸਕਦਾ, ਇਹ ਕਿਵੇਂ ਹੋ ਸਕਦਾ ਹੈ?" ਨਾਲ ਹੀ ਉਹ ਰੋ-ਰੋ ਕੇ ਆਖਣ ਲੱਗੀ, "ਉੱਥੇ ਉਸ ਘਰ ਰਹਿ ਕੇ ਇਹ ਕਿਵੇਂ ਗੁਜ਼ਾਰਾ ਕਰੇਗਾ? ਜਿੱਥੇ ਇੱਜ਼ਤ ਮਾਣ, ਰੋਟੀ, ਕੱਪੜਾ, ਬਿਸਤਰਾ ਮਿਲਣ ਦੀ ਬਜਾਏ ਇਸ ਨਾਲ ਕਲੇਸ਼, ਝਿੜਕਾਂ ਅਤੇ ਹਰ ਰੋਜ਼ ਘਟੀਆ ਵਿਹਾਰ ਹੁੰਦਾ ਹੈ।"

ਸੋਸ਼ਲ ਮੀਡੀਆ ਦੇ ਵਿਸਥਾਰ ਨੇ ਰਿਸ਼ਤਿਆਂ ਨੂੰ ਨਵੇਂ ਢੰਗ ਨਾਲ ਪ੍ਰਭਾਵਿਤ ਕਰਨਾ ਸ਼ੁਰੂ ਕੀਤਾ ਹੈ। ਮਨੁੱਖ ਹੁਣ ਮੋਬਾਇਲ ਦੀ ਸਕਰੀਨ ਰਾਹੀਂ ਦੋਸਤੀਆਂ ਅਤੇ ਰਿਸ਼ਤੇਦਾਰੀਆਂ ਬਣਾਉਣ ਲੱਗਿਆ ਹੈ। ਇੰਟਰਨੈੱਟ 'ਤੇ ਬਣੀਆਂ ਦੋਸਤੀਆਂ ਸਾਡੇ ਲਈ ਖੁਸ਼ੀ, ਗਮੀ, ਅਹਿਮੀਅਤ ਅਤੇ ਬੇਗਾਨਗੀ ਦੇ ਅਹਿਸਾਸ ਪੈਦਾ ਕਰਨ ਲੱਗੀਆਂ ਹਨ। ਸਾਡਾ ਸਮਾਜ ਇਹਨਾਂ ਵਰਤਾਰਿਆਂ ਤੋਂ ਲਗਾਤਾਰ ਪ੍ਰਭਾਵਤ ਹੋਣ ਲੱਗਾ ਹੈ। ਅਕਸਰ ਲੋਕ ਖਾਸ ਕਰ ਨੌਜਵਾਨ ਪੀੜ੍ਹੀ ਬੈਠੀ ਆਪਣੀ ਪਰਵਾਰ ਵਿੱਚ ਹੋਵੇਗੀ, ਪਰ ਚੈਟਿੰਗ (ਗੱਲਬਾਤ) ਕਿਤੇ ਹੋਰ ਹੋ ਰਹੀ ਹੋਵੇਗੀ। ਇਹ ਇੱਕ ਤਰ੍ਹਾਂ ਨਾਲ ਸਾਡੀ ਫੜੀਆਂ ਛੱਡ ਕੇ ਉਡਦੀਆਂ ਫੜਨ ਵਰਗੀ ਮਾਨਸਿਕਤਾ ਹੈ, ਇਸ ਨਾਲ ਵੀ ਸਾਡੇ ਰਿਸ਼ਤੇ ਪ੍ਰਭਾਵਤ ਹੋ ਰਹੇ ਹਨ। ਇੰਟਨੈੱਟ ਦੇ ਇਸ ਦੌਰ ਵਿੱਚ ਸਾਡੇ ਅੰਦਰ ਸ਼ੱਕ, ਤੌਖਲੇ, ਡਰ, ਫਿਕਰ ਵਧ ਰਹੇ ਹਨ, ਸਹਿਜ, ਸਬਰ ਅਤੇ ਸੰਵੇਦਨਾ ਘੱਟ ਹੋ ਰਹੇ ਹਨ। ਪੰਜਾਬੀ ਸਮਾਜ ਵਿੱਚ ਪਿਛਲੇ ਅਰਸੇ ਤੋਂ ਬਾਹਰ ਜਾ ਕੇ ਵਸਣ ਦੀ ਪ੍ਰਵਿਰਤੀ ਦੇ ਬੇਸ਼ੱਕ ਹੋਰ ਬਹੁਤ ਸਾਰੇ ਕਾਰਨ ਹਨ, ਪਰ ਨਵੀਂ ਪੀੜ੍ਹੀ ਵੱਲੋਂ ਆਪਣੇ ਢੰਗ ਨਾਲ ਬਣਾਏ, ਉਸਾਰੇ ਰਿਸ਼ਤਿਆਂ ਦੀ ਇਸ ਵਿੱਚ ਬਹੁਤ ਵੱਡੀ ਭੂਮਿਕਾ ਹੈ।

ਜਾਪਾਨ ਵਿੱਚ ਬਜੁਰਗਾਂ ਦਾ ਬੜਾ ਸਤਿਕਾਰ ਕੀਤਾ ਜਾਂਦਾ ਹੈ ਇੱਥੇ ਪਰਿਵਾਰਕ ਲੜਾਈ ਝਗੜੇ ਵੀ ਘੱਟ ਹੁੰਦੇ ਹਨ। ਇੱਥੇ ਅੱਸੀ ਅੱਸੀ ਸਾਲ ਦੇ ਬਜ਼ੁਰਗ ਵੀ ਨੌਜੁਵਾਨਾਂ ਵਾਂਗ ਕੰਮ ਕਰਦੇ ਹਨ। ਇਸ ਦਾ ਕਾਰਨ ਇਹੋ ਹੀ ਹੈ ਇੱਥੇ ਬਜੁਰਗਾਂ ਦਾ ਸਤਿਕਾਰ ਹੁੰਦਾ ਹੈ। ਬਜ਼ੁਰਗਾਂ ਦਾ ਜੀਵਨ ਵਿੱਚ ਉਤਸ਼ਾਹ ਬਣਿਆ ਰਹਿੰਦਾ ਹੈ ਅਤੇ ਉਹ ਲੰਮੀ ਉਮਰ ਭੋਗਦੇ ਹਨ। ਇਹ ਵੇਖਿਆ ਗਿਆ ਹੈ ਕਿ ਜਦੋਂ ਇੱਕ ਹੀ ਵਿਹੜੇ ਵਿੱਚ ਇੱਕ ਹੀ ਪਰਵਾਰ ਦੇ ਬਜ਼ੁਰਗਾਂ ਤੋਂ ਲੈ ਬੱਚਿਆਂ ਤੱਕ ਸਾਰੇ ਜੀਅ ਹੁੰਦੇ ਹਨ ਤਾਂ ਇਹਨਾਂ ਪਰਵਾਰਾਂ ਵਿੱਚ ਜੇਕਰ ਕਿਸੇ ਇੱਕ ਮੈਂਬਰ ਦਾ ਕਿਸੇ ਦੂਜੇ ਨਾਲ ਮਨ-ਮੁਟਾਵ ਹੁੰਦਾ ਹੈ ਤਾਂ ਦੂਜੇ ਹੋਰ ਮੈਂਬਰਾਂ ਨਾਲ ਆਪਣੀ ਗੱਲ ਸਾਂਝੀ ਕਰ ਲੈਂਦਾ ਹੈ ਅਤੇ ਉਦੋਂ ਤੱਕ ਹਾਲਾਤ ਸੁਖਾਵੇਂ ਹੋ ਜਾਂਦੇ ਹਨ।

ਪਿਛਲੇ ਅਰਸੇ ਤੋਂ ਪੰਜਾਬੀ ਸਮਾਜ ਵਿੱਚ ਬਾਹਰਲੇ ਮੁਲਕਾਂ ਨੂੰ ਜਾਣ ਅਤੇ ਉੱਥੇ ਜਾ ਕੇ ਵਸਣ ਦੀ ਇਕ ਹੋੜ ਜਿਹੀ ਲੱਗੀ ਹੋਈ ਹੈ। ਬਹੁਤੇ ਘਰਾਂ ਦੇ ਬੱਚੇ ਬਾਹਰਲੇ ਮੁਲਕਾਂ ਦਾ ਰੁਖ ਕਰ ਗਏ ਹਨ। ਮਗਰ ਘਰ ਵਿੱਚ ਰਹਿ ਗਏ ਮਾਪਿਆਂ ਕੋਲ ਉਹਨਾਂ ਨਾਲ ਰਿਸ਼ਤਾ ਫੋਨ 'ਤੇ ਗੱਲ ਕਰਨ ਤੱਕ ਸੀਮਤ ਹੋ ਕੇ ਰਹਿ ਗਿਆ ਹੈ। ਫੋਨ 'ਤੇ ਹੁੰਦੀ ਇਹ ਗੱਲ ਵੀ ਹੌਲੀ-ਹੌਲੀ ਘੱਟ ਹੋਣ ਲੱਗਦੀ ਹੈ ਤੇ ਫਿਰ ਬੱਚੇ ਆਪਣੀ ਦੁਨੀਆ ਵਿੱਚ ਪ੍ਰਵੇਸ਼ ਕਰ ਜਾਂਦੇ ਹਨ ਅਤੇ ਇਧਰ ਮਾਪਿਆਂ ਨੂੰ ਉਹਨਾਂ ਦਾ ਇਕਲਾਪਾ ਵੱਢ-ਵੱਢ ਖਾਣ ਲੱਗਦਾ ਹੈ। ਇਹੋ ਹੀ ਕਾਰਨ ਹੈ ਕਿ ਇਸ ਸਮੇਂ ਸਾਡੇ ਸਮਾਜ ਦੇ ਵੱਡੀ ਗਿਣਤੀ ਲੋਕ ਡਿਪਰੈਸ਼ਨ ਦਾ ਸਿਕਾਰ ਬਣ ਰਹੇ ਹਨ।

ਅੱਜ ਲੋੜ ਹੈ ਕਿ ਅਸੀਂ ਰਿਸ਼ਤਿਆਂ ਦੀ ਅਹਿਮੀਅਤ ਨੂੰ ਸਮਝੀਏ, ਜਾਣੀਏ। ਰਿਸ਼ਤਿਆਂ ਦਾ ਮੁਲਾਂਕਣ ਪੈਸੇ ਅਤੇ ਜਾਇਦਾਦ ਦੇ ਆਧਾਰ 'ਤੇ ਕਰਨਾ ਬੰਦ ਕਰੀਏ। ਅਸੀਂ ਆਪਣਿਆਂ ਨਾਲ ਆਪਣਿਆਂ ਵਰਗਾ ਵਿਹਾਰ ਕਰੀਏ। ਜੀਵਨ ਪ੍ਰਤੀ ਬਜ਼ੁਰਗਾਂ ਦੇ ਤਜਰਬੇ ਤੋਂ ਕੁਝ ਸਿੱਖੀਏ ਅਤੇ ਉਹਨਾਂ ਦਾ ਸਤਿਕਾਰ ਕਰੀਏ।

ਚੀਨ ਦਾ ਇੱਕ ਆਖਾਣ ਹੈ, 'ਸਫਲ ਹੋਣ ਲਈ ਤਿੰਨ ਬਜ਼ੁਰਗਾਂ ਦੀ ਸਲਾਹ ਲਓ।' ਇਸ ਦੇ ਨਾਲ-ਨਾਲ ਸਾਨੂੰ ਇਹ ਵੀ ਸਮਝਣ ਦੀ ਲੋੜ ਹੈ ਕਿ ਜਿੱਥੇ ਚਾਰ ਭਾਂਡੇ ਹੋਣ, ਉੱਥੇ ਉਹ ਖੜਕਦੇ ਵੀ ਹਨ। ਜੇਕਰ ਪਰਿਵਾਰਕ ਤੌਰ 'ਤੇ ਸਾਡੇ ਵਿੱਚ ਕਿਸੇ ਨਾਲ ਕਿਹਾ, ਸੁਣੀ ਹੋਈ ਹੈ ਤਾਂ ਇਸ ਨੂੰ ਲੰਮਾ ਨਾ ਖਿੱਚਿਆ ਜਾਵੇ। ਕੁਝ ਘੰਟੇ ਦੇ ਵਕਫੇ ਮਗਰੋਂ ਹਾਲਾਤ ਨੂੰ ਸੁਖਾਵਾਂ ਬਣਾਉਣ ਦਾ ਯਤਨ ਕੀਤਾ ਜਾਣਾ ਚਾਹੀਦਾ ਹੈ। ਪਤੀ-ਪਤਨੀ ਵਿੱਚ ਹੋਇਆ ਲੜਾਈ-ਝਗੜਾ ਇੱਕ ਦਿਨ ਤੋਂ ਲੰਮਾ ਨਹੀਂ ਹੋਣਾ ਚਾਹੀਦਾ। ਆਮ ਹਾਲਤ ਵਿੱਚ ਸਾਨੂੰ ਆਪਸੀ ਝਗੜਿਆਂ ਦਾ ਵਿਸ਼ਲੇਸ਼ਣ ਕਰਦੇ ਰਹਿਣਾ ਚਾਹੀਦਾ ਹੈ ਅਤੇ ਪਰਵਾਰ ਦੇ ਹਰ ਜੀਅ ਨੂੰ ਇਸ ਗੱਲ ਲਈ ਸਹਿਮਤ ਕਰਨਾ ਚਾਹੀਦਾ ਕਿ ਆਪਣਾ ਕੋਈ ਵੀ ਲੜਾਈ-ਝਗੜਾ ਇੱਕ ਘੰਟੇ ਜਾਂ ਦੋ ਘੰਟੇ ਤੋਂ ਵੱਧ ਨਹੀਂ ਹੋਣਾ ਚਾਹੀਦਾ। ਸਾਨੂੰ ਦੂਜਿਆਂ ਨਾਲ ਚੰਗਾ ਵਿਹਾਰ ਕਰਨਾ ਚਾਹੀਦਾ ਹੈ। ਦੂਜਿਆਂ ਨਾਲ ਮਿਲਵਰਤਣ ਅਤੇ ਸਹਿਯੋਗ ਕਰਕੇ ਹੀ ਅਸੀਂ ਜੀਵਨ ਵਿੱਚ ਖੁਸ਼ਹਾਲ ਰਹਿ ਸਕਦੇ ਹਾਂ।

**# ਸੰਪਰਕ : 98550-51099**

# ਪੰਜਾਬ ਰੋਡਵੇਜ਼/ਪਨਬਸ/ਪੀ ਆਰ ਟੀ ਸੀ ਕੰਟਰੈਕਟ ਵਰਕਰਜ਼ ਵੱਲੋਂ ਗੇਟ ਰੈਲੀਆਂ

- 30 ਨੂੰ ਡਾਇਰੈਕਟਰ ਦਫਤਰ ਅੱਗੇ ਕੀਤਾ ਜਾਵੇਗਾ ਰੋਸ ਪ੍ਰਦਰਸ਼ਨ
- ਮੁੱਖ ਮੰਤਰੀ ਦੀ ਰਿਹਾਇਸ਼ ਅੱਗੇ ਧਰਨਾ 10 ਜੁਲਾਈ ਨੂੰ







**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਪੰਜਾਬ ਰੋਡਵੇਜ਼/ਪਨਬਸ/ਪੀਆਰਟੀਸੀ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ (25/11) ਵੱਲੋਂ ਸੂਬੇ ਦੇ 27 ਡਿੱਪੂਆਂ ਵਿੱਚ ਗੇਟ ਰੈਲੀਆਂ ਕੀਤੀਆਂ ਗਈਆਂ। ਇਸੇ ਤਹਿਤ ਫਿਰੋਜ਼ਪੁਰ ਡਿੱਪੂ ਦੇ ਗੇਟ 'ਤੇ ਕੀਤੀ ਗਈ ਰੈਲੀ ਦੌਰਾਨ ਸੂਬਾ ਪ੍ਰਧਾਨ ਰੇਸ਼ਮ ਸਿੰਘ ਗਿੱਲ ਤੇ ਡਿੱਪੂ ਪ੍ਰਧਾਨ ਜਤਿੰਦਰ ਸਿੰਘ ਨੇ ਦੱਸਿਆ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਪਿਛਲੇ ਤਿੰਨ ਸਾਲਾਂ ਤੋਂ ਟਰਾਂਸਪੋਰਟ ਵਿਭਾਗ ਦੇ ਕੱਚੇ ਮੁਲਾਜ਼ਮਾਂ ਦੀਆਂ ਮੰਗਾਂ ਨੂੰ ਨਜ਼ਰਅੰਦਾਜ਼ ਕਰ ਰਹੀ ਹੈ। ਸਰਕਾਰ ਨੇ ਮੁਲਾਜ਼ਮਾਂ ਨੂੰ ਵੱਖਰੀ ਪਾਲਸੀ ਲਾਗੂ ਕਰਨ ਦਾ ਭਰੋਸਾ ਦਿੱਤਾ ਸੀ, ਪਰ ਹਰ ਮੀਟਿੰਗ ਵਿੱਚ ਸਿਰਫ਼ ਸਮਾਂ ਟਪਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। 9 ਫਰਵਰੀ 2024 ਨੂੰ ਟਰਾਂਸਪੋਰਟ ਮੰਤਰੀ ਨੇ ਮੰਗਾਂ ਦੇ ਹੱਲ ਲਈ ਕਮੇਟੀ ਗਠਿਤ ਕੀਤੀ, ਜਿਸ ਨੇ ਦੋ ਮਹੀਨਿਆਂ ਵਿੱਚ ਹੱਲ ਕਰਨ ਦਾ ਲਿਖਤੀ ਵਾਅਦਾ ਕੀਤਾ ਸੀ, ਪਰ ਕੋਈ ਮੰਗ ਪੂਰੀ ਨਹੀਂ ਹੋਈ। ਜਲੰਧਰ ਜ਼ਿਮਨੀ ਚੋਣਾਂ ਦੌਰਾਨ 1 ਜੁਲਾਈ 2024 ਨੂੰ ਮੁੱਖ ਮੰਤਰੀ ਨਾਲ ਮੀਟਿੰਗ ਹੋਈ, ਜਿਸ ਵਿੱਚ ਇੱਕ ਮਹੀਨੇ ਵਿੱਚ ਹੱਲ ਦਾ ਭਰੋਸਾ ਦਿੱਤਾ ਗਿਆ, ਪਰ ਇੱਕ ਸਾਲ ਬੀਤਣ 'ਤੇ ਵੀ ਕੋਈ ਹੱਲ ਨਹੀਂ ਨਿਕਲਿਆ। ਯੂਨੀਅਨ ਦੇ ਰੋਸ ਨੂੰ ਵੇਖਦਿਆਂ 9 ਅਪ੍ਰੈਲ 2025 ਨੂੰ ਵਿੱਤ ਮੰਤਰੀ ਨੇ ਆਊਟਸੋਰਸਿੰਗ ਪ੍ਰਥਾ ਬੰਦ ਕਰਕੇ 15 ਦਿਨਾਂ ਵਿੱਚ ਮੁਲਾਜ਼ਮਾਂ ਨੂੰ ਸਿੱਧਾ ਠੇਕੇ 'ਤੇ ਲੈਣ ਦੀ ਹਦਾਇਤ ਕੀਤੀ, ਪਰ ਇਸ ਦੀ ਪਾਲਣਾ ਨਹੀਂ ਹੋਈ। ਇਸ ਦੀ ਬਜਾਏ, ਆਊਟਸੋਰਸਿੰਗ ਰਾਹੀਂ ਭ੍ਰਿਸ਼ਟਾਚਾਰ ਜਾਰੀ ਹੈ। ਮੁੱਖਪਾਲ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਦੇ ਵਿਭਾਗ ਵਿੱਚ ਕਿਲੋਮੀਟਰ ਸਕੀਮ ਤੇ ਆਊਟਸੋਰਸਿੰਗ ਰਾਹੀਂ ਭਰਤੀ ਵਿੱਚ ਵੱਡੇ ਪੱਧਰ 'ਤੇ ਭ੍ਰਿਸ਼ਟਾਚਾਰ ਹੋ ਰਿਹਾ ਹੈ। ਨੌਜਵਾਨਾਂ ਤੋਂ 1 ਤੋਂ 2 ਲੱਖ ਰੁਪਏ ਰਿਸ਼ਵਤ ਲਈ ਜਾ ਰਹੀ ਹੈ ਅਤੇ ਠੇਕੇਦਾਰ ਈਪੀਐੱਫ, ਈਐੱਸਆਈ ਤੇ ਤਨਖ਼ਾਹਾਂ ਵਿੱਚੋਂ ਨਜਾਇਜ਼ ਕਟੌਤੀਆਂ ਕਰ ਰਹੇ ਹਨ। ਟਰਾਂਸਪੋਰਟ ਵਿਭਾਗ ਦੇ ਮੁਨਾਫੇ ਵਿੱਚ ਹੋਣ ਦੇ ਬਾਵਜੂਦ, ਸਰਕਾਰ ਕੋਲ 800 ਤੋਂ 1000 ਕਰੋੜ ਰੁਪਏ ਦਾ ਮੁਫ਼ਤ ਸਫ਼ਰ ਦਾ ਬਕਾਇਆ ਪੈਂਡਿੰਗ ਹੈ, ਜੋ ਸਮੇਂ ਸਿਰ ਜਾਰੀ ਨਹੀਂ ਕੀਤਾ ਜਾ ਰਿਹਾ। ਠੇਕੇਦਾਰੀ ਪ੍ਰਥਾ ਰਾਹੀਂ ਮੁਲਾਜ਼ਮਾਂ ਦਾ ਸ਼ੋਸ਼ਣ ਜਾਰੀ ਹੈ ਅਤੇ ਸਰਕਾਰ ਇਸ ਨੂੰ ਰੋਕਣ ਲਈ ਕੋਈ ਕਾਰਵਾਈ ਨਹੀਂ ਕਰ ਰਹੀ। ਯੂਨੀਅਨ ਨੇ 19 ਦਸੰਬਰ 2022 ਨੂੰ ਮੁੱਖ ਸਕੱਤਰ ਨੂੰ ਭ੍ਰਿਸ਼ਟਾਚਾਰ ਦੇ ਸਬੂਤ ਸੌਂਪੇ, ਪਰ ਕੋਈ ਕਾਰਵਾਈ ਨਹੀਂ ਹੋਈ। ਜੇਕਰ ਸਰਕਾਰ ਨੇ ਮੰਗਾਂ ਦਾ ਹੱਲ ਨਾ ਕੀਤਾ, ਤਾਂ 30 ਜੂਨ ਨੂੰ ਡਾਇਰੈਕਟਰ ਸਟੇਟ ਟਰਾਂਸਪੋਰਟ ਦਫਤਰ ਅੱਗੇ ਧਰਨਾ ਦਿੱਤਾ ਜਾਵੇਗਾ। ਇਸ ਤੋਂ ਬਾਅਦ, 9-11 ਜੁਲਾਈ ਨੂੰ ਪੂਰਨ ਚੱਕਾ ਜਾਮ ਤੇ ਮੁੱਖ ਮੰਤਰੀ ਦੀ ਰਿਹਾਇਸ਼ ਅੱਗੇ ਪੱਕਾ ਧਰਨਾ ਦਿੱਤਾ ਜਾਵੇਗਾ। ਜੇਕਰ ਮੰਗਾਂ ਨਾ ਮੰਨੀਆਂ ਗਈਆਂ, ਤਾਂ ਅਣਮਿੱਥੇ ਸਮੇਂ ਲਈ ਹੜਤਾਲ ਜਾਰੀ ਰਹੇਗੀ। ਇਸ ਦੀ ਜ਼ਿੰਮੇਵਾਰੀ ਸਰਕਾਰ ਦੀ ਹੋਵੇਗੀ।

**ਲੁਧਿਆਣਾ (ਰੈਕਟਰ ਕਥੂਰੀਆ)** : ਪੰਜਾਬ ਰੋਡਵੇਜ਼/ਪਨਬਸ/ਪੀ.ਆਰ.ਟੀ.ਸੀ. ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ 25/11 ਵੱਲੋਂ ਲੁਧਿਆਣਾ ਡਿੱਪੂ 'ਤੇ ਗੇਟ ਰੈਲੀ ਕੀਤੀ ਗਈ, ਜਿਸ 'ਚ ਸੂਬਾ ਜਰਨਲ ਸਕੱਤਰ ਸ਼ਮਸ਼ੇਰ ਸਿੰਘ ਤੇ ਸੂਬਾ ਜੁਆਇੰਟ ਸਕੱਤਰ ਜਗਤਾਰ ਸਿੰਘ ਨੇ ਵੀ ਸਰਕਾਰ ਨੂੰ ਖਰੀਆਂ ਖਰੀਆਂ ਸੁਣਾਈਆਂ।ਇਨ੍ਹਾਂ ਆਗੂਆਂ ਨੇ ਕਿਹਾ ਕਿ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਟਰਾਂਸਪੋਰਟ ਦੇ ਕੱਚੇ ਮੁਲਾਜ਼ਮਾਂ ਦੀਆਂ ਮੰਗਾਂ ਨੂੰ ਤਿੰਨ ਸਾਲਾਂ ਤੋਂ ਨਜ਼ਰ ਅੰਦਾਜ਼ ਕਰਦੀ ਆ ਰਹੀ ਹੈ। ਤਿੰਨ ਸਾਲ ਤੋਂ ਟਰਾਂਸਪੋਰਟ ਦੇ ਮੁਲਾਜ਼ਮਾਂ ਨੂੰ ਵੱਖਰੀ ਪਾਲਸੀ ਲਾਗੂ ਕਰਨ ਦਾ ਭਰੋਸਾ ਦਿੱਤਾ ਗਿਆ ਹੈ। ਹਰ ਵਾਰ ਮੀਟਿੰਗ ਵਿੱਚ ਸਿਰਫ ਸਮਾਂ ਟਪਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।ਸਟੇਟ ਟਰਾਂਸਪੋਰਟ ਦਫ਼ਤਰ ਦੇ ਇੱਕ ਅਧਿਕਾਰੀ ਦੀ ਸ਼ਹਿ 'ਤੇ ਠੇਕੇਦਾਰ ਵੱਲੋਂ ਮੁਲਾਜ਼ਮਾਂ ਦੀ ਕਰੋੜਾਂ ਰੁਪਏ ਦੀ ਲੁੱਟ ਕੀਤੀ ਗਈ ਹੈ। ਮੁਲਾਜ਼ਮਾਂ ਦੀਆਂ ਸਕਿਉਰਟੀਆਂ ਲੈ ਕੇ ਠੇਕੇਦਾਰ ਵੀ ਭੱਜ ਗਿਆ ਹੈ, ਹੁਣ ਤੱਕ ਕੱਚੇ ਮੁਲਾਜ਼ਮਾਂ ਦੀ ਪਾਲਸੀ ਨੂੰ ਲਮਕਾਉਣ ਵਿੱਚ ਸਟੇਟ ਟਰਾਂਸਪੋਰਟ ਮੁੱਖ ਦਫਤਰ ਦੇ ਇਸੇ ਕੁਰਪਟ ਅਧਿਕਾਰੀ ਦੀ ਸਭ ਤੋਂ ਵੱਡੀ ਦੇਣ ਹੈ।ਡਿੱਪੂ ਪ੍ਰਧਾਨ ਜਤਿੰਦਰ ਸਿੰਘ ਸੋਨੀ ਤੇ ਡਿੱਪੂ ਪ੍ਰਧਾਨ ਸੰਦੀਪ ਸਿੰਘ ਅਤੇ ਮੀਤ ਪ੍ਰਧਾਨ ਸੁਖਵਿੰਦਰ ਸਿੰਘ ਬੱਬੂ, ਜੁਆਇੰਟ ਸਕੱਤਰ ਸੁਖਦੀਪ ਸਿੰਘ ਤੇ ਰਾਜਵੀਰ ਸਿੰਘ, ਗੁਰਵਿੰਦਰ ਸਿੰਘ, ਤਿਗੁਰ ਸਿੰਘ, ਤਲਵਿੰਦਰ ਸਿੰਘ ਕੈਸ਼ੀਅਰ, ਸਤੀਸ਼ ਕੁਮਾਰ ਸਹਾਇਕ ਕੈਸ਼ੀਅਰ ਤੇ ਵਰਕਸ਼ਾਪ ਤੋਂ ਅਮਰਜੀਤ ਸਿੰਘ, ਅਮਨ, ਰਾਜ, ਜੁਗਰਾਜ, ਬੂਟਾ ਸਿੰਘ ਸਮੇਤ ਪਨਬੱਸ ਪੀ ਆਰ ਟੀ ਸੀ ਦੇ ਆਗੂ ਤੇ ਵਰਕਰ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

**ਬਠਿੰਡਾ (ਪਰਵਿੰਦਰ ਜੀਤ ਸਿੰਘ)** : ਪੰਜਾਬ ਰੋਡਵੇਜ਼/ਪਨਬਸ/ਪੀ.ਆਰ.ਟੀ.ਸੀ. ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ 25/11 ਵੱਲੋਂ ਬਠਿੰਡਾ ਡਿੱਪੂ ਦੇ ਗੇਟ 'ਤੇ ਕੀਤੀ ਗਈ ਰੈਲੀ ਦੌਰਾਨ ਪ੍ਰਧਾਨ ਰਵਿੰਦਰ ਸਿੰਘ ਬਰਾੜ ਨੇ ਬੋਲਦਿਆਂ ਦੱਸਿਆ ਕਿ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਟਰਾਂਸਪੋਰਟ ਦੇ ਕੱਚੇ ਮੁਲਾਜ਼ਮਾਂ ਦੀਆਂ ਮੰਗਾਂ ਨੂੰ ਤਿੰਨ ਸਾਲਾਂ ਤੋਂ ਨਜ਼ਰ ਅੰਦਾਜ ਕਰਦੀ ਆ ਰਹੀ ਹੈ, ਤਿੰਨ ਸਾਲ ਤੋਂ ਟਰਾਂਸਪੋਰਟ ਦੇ ਮੁਲਾਜ਼ਮਾਂ ਨੂੰ ਵੱਖਰੀ ਪਾਲਸੀ ਲਾਗੂ ਕਰਨ ਦਾ ਭਰੋਸਾ ਦਿੱਤਾ ਗਿਆ ਹੈ, ਜਦੋਂਕਿ ਹਰ ਵਾਰ ਮੀਟਿੰਗ ਵਿੱਚ ਸਿਰਫ ਸਮਾਂ ਟਪਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਜਲੰਧਰ ਜ਼ਿਮਨੀ ਚੋਣਾਂ ਦੌਰਾਨ ਮੁੱਖ ਮੰਤਰੀ ਪੰਜਾਬ ਨਾਲ 1 ਜੁਲਾਈ 2024 ਨੂੰ ਮੀਟਿੰਗ ਦੌਰਾਨ ਲਿਖਤੀ ਕਮੇਟੀ ਗਠਿਤ ਕਰਕੇ ਇੱਕ ਮਹੀਨੇ ਵਿੱਚ ਮੰਗਾਂ ਦਾ ਹੱਲ ਕਰਨ ਲਈ ਕਿਹਾ ਜਾਂਦਾ ਹੈ, ਪ੍ਰੰਤੂ ਅੱਜ 1 ਸਾਲ ਬੀਤਣ ਨੂੰ ਆ ਗਿਆ ਹੈ, ਮੰਗਾਂ ਜਿਉਂ ਦੀਆਂ ਤਿਉਂ ਹੀ ਲਮਕ ਰਹੀਆਂ ਹਨ, ਇੱਕ ਵੀ ਮੰਗ ਦਾ ਹੱਲ ਨਹੀਂ ਕੀਤਾ ਗਿਆ। ਸੂਬਾ ਸੀਨੀਅਰ ਮੀਤ ਪ੍ਰਧਾਨ ਕੁਲਵੰਤ ਸਿੰਘ ਮਨੇਸ਼, ਸੈਕਟਰੀ ਅੰਗਰੇਜ ਸਿੰਘ ਨੇ ਕਿਹਾ ਕਿ ਜੇਕਰ ਪੰਜਾਬ ਸਰਕਾਰ ਨੇ ਵਰਕਰਾਂ ਦੀਆਂ ਹੱਕੀ ਮੰਗਾਂ ਨਾ ਮੰਨੀਆਂ ਤਾਂ ਆਉਣ ਵਾਲੀ 30 ਜੂਨ ਨੂੰ ਡਾਇਰੈਕਟਰ ਸਟੇਟ ਟਰਾਂਸਪੋਰਟ ਪੰਜਾਬ ਦੇ ਮੁੱਖ ਦਫਤਰ ਅੱਗੇ ਧਰਨਾ ਦਿੱਤਾ ਜਾਵੇਗਾ, 9-10-11 ਜੁਲਾਈ ਨੂੰ ਪੂਰਨ ਤੌਰ 'ਤੇ ਚੱਕਾ ਜਾਮ ਕੀਤਾ ਜਾਵੇਗਾ ਤੇ ਮੁੱਖ ਮੰਤਰੀ ਪੰਜਾਬ ਦੀ ਰਿਹਾਇਸ਼ 'ਤੇ ਪੱਕਾ ਧਰਨਾ ਦਿੱਤਾ ਜਾਵੇਗਾ, ਜੇਕਰ ਫਿਰ ਵੀ ਮੰਗਾਂ ਦਾ ਹੱਲ ਨਾ ਕੀਤਾ ਤਾਂ ਇਸ ਧਰਨੇ ਨੂੰ ਨਿਰੰਤਰ ਵੀ ਚਲਾਇਆ ਜਾਵੇਗਾ। ਇਸ ਰੋਸ ਮੁਜ਼ਾਹਰੇ, ਹੜਤਾਲ ਦੌਰਾਨ ਪੰਜਾਬ ਦੀ ਜਨਤਾ ਦੀ ਹੋਣ ਵਾਲੀ ਖੱਜਲ ਖੁਆਰੀ ਦੀ ਜ਼ਿੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ।

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)** : ਪੰਜਾਬ ਰੋਡਵੇਜ਼/ਪਨਬਸ/ਪੀ.ਆਰ.ਟੀ.ਸੀ. ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ 25/11 ਵੱਲੋਂ ਸ੍ਰੀ ਮੁਕਤਸਰ ਸਾਹਿਬ ਡਿੱਪੂ ਦੇ ਗੇਟ 'ਤੇ ਰੈਲੀ ਕੀਤੀ ਗਈ। ਇਸ ਮੌਕੇ ਡਿੱਪੂ ਪ੍ਰਧਾਨ ਜਗਸੀਰ ਸਿੰਘ ਨੇ ਦੱਸਿਆ ਕਿ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਟਰਾਂਸਪੋਰਟ ਦੇ ਕੱਚੇ ਮੁਲਾਜ਼ਮਾਂ ਦੀਆਂ ਮੰਗਾ ਨੂੰ ਤਿੰਨ ਸਾਲਾਂ ਤੋਂ ਨਜ਼ਰ ਅੰਦਾਜ਼ ਕਰਦੀ ਆ ਰਹੀ ਹੈ। ਤਿੰਨ ਸਾਲ ਤੋਂ ਟਰਾਂਸਪੋਰਟ ਦੇ ਮੁਲਾਜ਼ਮਾਂ ਨੂੰ ਵੱਖਰੀ ਪਾਲਸੀ ਲਾਗੂ ਕਰਨ ਦਾ ਭਰੋਸਾ ਦਿੱਤਾ ਗਿਆ ਹੈ, ਹਰ ਵਾਰ ਮੀਟਿੰਗ ਵਿੱਚ ਸਿਰਫ ਸਮਾਂ ਟਪਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।ਸਟੇਟ ਟਰਾਂਸਪੋਰਟ ਦਫ਼ਤਰ ਦੇ ਆਧਿਕਾਰੀ ਦੀ ਸ਼ਹਿ 'ਤੇ ਠੇਕੇਦਾਰ ਵੱਲੋਂ ਮੁਲਾਜ਼ਮਾਂ ਦੀ ਕਰੋੜਾਂ ਰੁਪਏ ਦੀ ਲੁੱਟ ਕੀਤੀ ਗਈ ਹੈ, ਮੁਲਾਜ਼ਮਾਂ ਦੀਆਂ ਸਕਿਉਰਟੀਆਂ ਲੈ ਕੇ ਠੇਕੇਦਾਰ ਭੱਜ ਗਿਆ ਹੈ, ਹੁਣ ਤੱਕ ਕੱਚੇ ਮੁਲਾਜ਼ਮਾਂ ਦੀ ਪਾਲਸੀ ਨੂੰ ਲਮਕਾਉਣ ਵਿੱਚ ਸਟੇਟ ਟਰਾਂਸਪੋਰਟ ਮੁੱਖ ਦਫਤਰ ਦੇ ਆਧਿਕਾਰੀ ਦੀ ਸਭ ਤੋਂ ਵੱਡੀ ਦੇਣ ਹੈ, ਕਿਉਂਕਿ ਜੇਕਰ ਠੇਕੇਦਾਰੀ ਸਿਸਟਮ ਖਤਮ ਹੁੰਦਾ ਤਾਂ ਸਿੱਧੇ ਤੌਰ 'ਤੇ ਕਹਿ ਸਕਦੇ ਹਾਂ ਕਿ ਜੋ ਠੇਕੇਦਾਰ ਰਾਹੀਂ ਚੋਰ ਮੋਰੀਆਂ ਹਨ, ਉਹ ਬੰਦ ਹੋ ਜਾਣਗੀਆਂ, ਮੁਲਾਜ਼ਮਾਂ ਦਾ ਸ਼ੋਸ਼ਣ ਬੰਦ ਹੋ ਜਾਵੇਗਾ, ਕੰਟਰੈਕਟ ਮੁਲਾਜ਼ਮਾਂ ਨੂੰ ਬਹਾਲ ਕਰਨ ਲਈ ਟਾਲਮਟੋਲ ਕੀਤਾ ਜਾ ਰਿਹਾ ਹੈ, ਜਿਸ ਦੇ ਰੋਸ ਵਜੋਂ 30 ਜੂਨ ਨੂੰ ਸਟੇਟ ਟਰਾਂਸਪੋਰਟ ਡਾਇਰੈਕਟਰ ਦਫਤਰ ਦਾ ਘਿਰਾਓ ਕੀਤਾ ਜਾਵੇਗਾ ਤੇ ਆਧਿਕਾਰੀ ਦੀ ਪੋਲ ਖੋਲ੍ਹੀ ਜਾਵੇਗੀ।ਇਸ ਮੌਕੇ ਡਿੱਪੂ ਚੇਅਰਮੈਨ ਤਰਸੇਮ ਸਿੰਘ, ਕੈਸ਼ੀਅਰ ਗੁਰਵਿੰਦਰ ਸਿੰਘ ਤੇ ਮਨਜੀਤ ਸਿੰਘ ਨੇ ਕਿਹਾ ਕਿ ਜੇਕਰ ਸਰਕਾਰ ਨੇ ਟਰਾਂਸਪੋਰਟ ਮੁਲਾਜ਼ਮਾਂ ਨੂੰ ਜਲਦੀ ਪੱਕਾ ਤੇ ਠੇਕੇਦਾਰੀ ਸਿਸਟਮ ਨੂੰ ਬੰਦ ਨਹੀਂ ਕੀਤਾ ਅਤੇ ਬਰਾਬਰ ਕੰਮ ਬਰਾਬਰ ਤਨਖਾਹ ਲਾਗੂ ਨਹੀਂ ਕੀਤਾ ਤੇ ਮੰਗ ਪੱਤਰ ਅਨੁਸਾਰ ਨਵੀਆਂ ਬੱਸਾਂ ਨਹੀਂ ਪਾਈਆਂ ਤਾਂ ਆਉਣ ਵਾਲੀ 9-10-11 ਜੁਲਾਈ ਨੂੰ ਪੂਰਨ ਤੌਰ 'ਤੇ ਚੱਕਾ ਜਾਮ ਕੀਤਾ ਜਾਵੇਗਾ ਅਤੇ ਮੁੱਖ ਮੰਤਰੀ ਪੰਜਾਬ ਦੀ ਰਹਾਇਸ਼ 'ਤੇ ਪੱਕਾ ਧਰਨਾ ਦਿੱਤਾ ਜਾਵੇਗਾ, ਜੇਕਰ ਮੰਗਾਂ ਦਾ ਹੱਲ ਨਾ ਕੀਤਾ ਤਾਂ ਇਸ ਧਰਨੇ ਨੂੰ ਨਿਰੰਤਰ ਵੀ ਚਲਾਇਆ ਜਾਵੇਗਾ।ਪੰਜਾਬ ਦੀ ਜਨਤਾ ਨੂੰ ਹੋਣ ਵਾਲੀ ਖੱਜਲ ਖੁਆਰੀ ਦੀ ਜ਼ਿੰਮੇਵਾਰੀ ਸਰਕਾਰ ਹੋਵੇਗੀ।

## ਕਾਤਰਾਂ

### ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵਿਖੇ ਪਲੇਸਮੈਂਟ ਕੈਂਪ ਭਲਕੇ

**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**-ਪਲੇਸਮੈਂਟ ਅਫ਼ਸਰ ਦਲਜੀਤ ਸਿੰਘ ਬਰਾੜ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਸ੍ਰੀ ਮੁਕਤਸਰ ਸਾਹਿਬ ਵਿਖੇ 26 ਜੂਨ ਨੂੰ ਪਲੇਸਮੈਂਟ ਕੈਂਪ ਲਗਾਇਆ ਜਾ ਰਿਹਾ ਹੈ।ਉਨ੍ਹਾਂ ਦੱਸਿਆ ਕਿ ਇਸ ਪਲੇਸਮੈਂਟ ਕੈਂਪ ਵਿੱਚ ਈਲਾਈਟਐੱਪ ਸਰਵਿਸਿਜ਼ ਪ੍ਰਾਈਵੇਟ ਲਿਮਟਿਡ ਕੰਪਨੀ ਵੱਲੋਂ ਰੀਕੁਇਟਮੈਂਟ ਐਸੋਸੀਏਟ ਦੀ 10 ਅਸਾਮੀਆਂ ਲਈ ਕੇਵਲ ਲੜਕੀਆਂ ਦੀ ਇੰਟਰਵਿਊ ਕੀਤੀ ਜਾਣੀ ਹੈ।ਇੰਟਰਵਿਊ ਲਈ ਵਿੱਦਿਅਕ ਯੋਗਤਾ 12ਵੀਂ ਪਾਸ, ਉਮਰ 18 ਤੋਂ 30 ਸਾਲ ਤੇ ਪ੍ਰਾਰਥੀ ਨੂੰ ਹਿੰਦੀ ਭਾਸ਼ਾ ਪੜ੍ਹਨੀ/ਲਿਖਣੀ ਆਉਣੀ ਲਾਜ਼ਮੀ ਹੈ।ਕੈਂਪ ਵਿੱਚ ਭਾਗ ਲੈਣ ਸਮੇਂ ਪ੍ਰਾਰਥੀ ਆਪਣੀ ਵਿੱਦਿਅਕ ਯੋਗਤਾ ਦੇ ਦਸਤਾਵੇਜ਼, 2 ਪਾਸਪੋਰਟ ਸਾਈਜ਼ ਫੋਟੋ, ਆਧਾਰ ਕਾਰਡ, ਜਾਤੀ ਸਰਟੀਫਿਕੇਟ (ਅਸਲ+ਫੋਟੋ ਕਾਪੀ) ਜ਼ਰੂਰ ਨਾਲ ਲੈ ਕੇ ਆਉਣ।ਇੰਟਰਵਿਊ ਵਿੱਚ ਭਾਗ ਲੈਣ ਲਈ ਕੋਈ ਵੀ ਟੀ.ਏ. ਤੇ ਡੀ.ਏ. ਦੇਣ ਯੋਗ ਨਹੀਂ ਹੋਵੇਗਾ।

### ਅਕਾਲੀ ਦਲ ਤੇ ਭਾਜਪਾ ਦਾ ਗੱਠਜੋੜ ਹੋਣਾ ਚਾਹੀਦੈ : ਮਲੂਕਾ



**ਬਠਿੰਡਾ (ਰਾਜੀਵ ਗੋਇਲ)**-ਲੁਧਿਆਣਾ ਜ਼ਿਮਨੀ ਚੋਣ ਦੇ ਨਤੀਜਿਆਂ ਵਿੱਚ ਆਮ ਆਦਮੀ ਪਾਰਟੀ ਦੀ ਜਿੱਤ ਤੋਂ ਬਾਅਦ ਗੱਲਬਾਤ ਕਰਦੇ ਹੋਏ ਅਕਾਲੀ ਦਲ ਦੇ ਸੀਨੀਅਰ ਆਗੂ ਸਿਕੰਦਰ ਸਿੰਘ ਮਲੂਕਾ ਨੇ ਕਿਹਾ ਕਿ ਅਕਾਲੀ ਦਲ ਦਾ ਭਾਜਪਾ ਨਾਲ ਗੱਠਜੋੜ ਹੋਣਾ ਚਾਹੀਦਾ ਹੈ ਅਤੇ ਜੇਕਰ ਲੁਧਿਆਣਾ ਚੋਣ ਗੱਠਜੋੜ ਸਮੇਤ ਲੜੀ ਹੁੰਦੀ ਤਾਂ ਇਹ ਸੀਟ ਜਿੱਤ ਜਾਣੀ ਸੀ। ਉਨ੍ਹਾਂ ਕਿਹਾ ਕਿ ਸਾਡੀ ਭਾਜਪਾ ਦੇ ਆਗੂਆਂ ਨਾਲ ਗੱਲਬਾਤ ਹੁੰਦੀ ਰਹਿੰਦੀ ਹੈ, ਉਹ ਵੀ ਗੱਠਜੋੜ ਕਰਨਾ ਚਾਹੁੰਦੇ ਹਨ, ਪਰ ਆਖੀਰ ਫੈਸਲਾ ਤਾਂ ਪਾਰਟੀ ਹਾਈਕਮਾਨ ਨੇ ਕਰਨਾ ਹੁੰਦਾ, ਉਹ ਕੀ ਕਰਦੇ ਹਨ, ਇਹ ਤਾਂ ਹੁਣ ਆਉਣ ਵਾਲਾ ਸਮਾਂ ਹੀ ਦੱਸੇਗਾ।

### 200 ਲੀਟਰ ਲਾਹਣ ਬਰਾਮਦ, ਪਰਚਾ ਦਰਜ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਵੈਰੋਕੇ ਦੀ ਪੁਲਸ ਵੱਲੋਂ ਲੱਧੂਵਾਲਾ ਉਤਾੜ ਵਿਖੇ ਇਕ ਘਰ ਵਿੱਚ ਰੇਡ ਕਰਕੇ 200 ਲੀਟਰ ਲਾਹਣ ਬਰਾਮਦ ਕੀਤੀ ਗਈ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਲਖਵਿੰਦਰ ਸਿੰਘ ਨੇ ਦੱਸਿਆ ਕਿ ਉਹ ਸਮੇਤ ਪੁਲਸ ਪਾਰਟੀ ਗਸ਼ਤ ਦੌਰਾਨ ਸ਼ੱਕੀ ਪੁਰਸ਼ਾਂ ਦੀ ਚੈਕਿੰਗ ਕਰਨ ਦੇ ਸੰਬੰਧ ਵਿੱਚ ਪਿੰਡ ਲੱਧੂਵਾਲਾ ਉਤਾੜ ਦੇ ਕੋਲ ਪੁੱਜੇ ਤਾਂ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਗੁਰਚਰਨ ਸਿੰਘ ਪੁੱਤਰ ਸ਼ਿੰਗਾਰਾ ਸਿੰਘ ਵਾਸੀ ਲੱਧੂ ਵਾਲਾ ਉਤਾੜ ਨਜਾਇਜ਼ ਸ਼ਰਾਬ ਕੱਢਣ ਤੇ ਵੇਚਣ ਦਾ ਆਦੀ ਹੈ, ਜੇਕਰ ਹੁਣੇ ਹੀ ਉਸ ਦੇ ਘਰ ਵਿੱਚ ਛਾਪੇਮਾਰੀ ਕੀਤੀ ਜਾਵੇ ਤਾਂ ਰੰਗੇ ਹੱਥੀਂ ਕਾਬੂ ਆ ਸਕਦਾ ਹੈ, ਜਿਸ 'ਤੇ ਪੁਲਸ ਪਾਰਟੀ ਨੇ ਛਾਪੇਮਾਰ ਕਰਕੇ 200 ਲੀਟਰ ਲਾਹਣ ਬਰਾਮਦ ਕੀਤੀ ਹੈ, ਜਦੋਂਕਿ ਗੁਰਚਰਨ ਸਿੰਘ ਮੌਕੇ ਤੋਂ ਫਰਾਰ ਹੋ ਗਿਆ, ਜਿਸ 'ਤੇ ਥਾਣਾ ਵੈਰੋਕੇ ਵਿਖੇ ਮੁਕੱਦਮਾ ਦਰਜ ਕਰਕੇ ਪੁਲਸ ਵੱਲੋਂ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

## ਲੁੱਟ-ਖੋਹ ਕਰਨ ਵਾਲੇ ਗਰੋਹ ਦੇ 4 ਮੈਂਬਰ ਗ੍ਰਿਫਤਾਰ



**ਫਰੀਦਕੋਟ (ਐਲਿਗਜੈਂਡਰ ਡਿਸੂਜਾ)**-ਫਰੀਦਕੋਟ ਪੁਲਸ ਵੱਲੋਂ ਲੁੱਟਾਂ-ਖੋਹਾਂ ਤੇ ਚੋਰੀ ਦੀਆਂ ਵਾਰਦਾਤਾਂ ਕਰਨ ਵਾਲੇ ਗਰੋਹ ਦੇ 4 ਮੈਂਬਰਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ।ਇਹ ਜਾਣਕਾਰੀ ਸ੍ਰੀ ਸੰਦੀਪ ਕੁਮਾਰ ਐੱਸ ਪੀ (ਇੰਨਵੈਸਟੀਗੇਸ਼ਨ) ਫਰੀਦਕੋਟ ਵੱਲੋਂ ਪ੍ਰੈੱਸ ਕਾਨਫਰੰਸ ਦੌਰਾਨ ਦਿੱਤੀ ਗਈ।ਗ੍ਰਿਫਤਾਰ ਦੋਸ਼ੀਆਂ ਵਿੱਚ ਗੁਰਪ੍ਰੀਤ ਸਿੰਘ ਉਰਫ ਭੀਮਾ ਪੁੱਤਰ ਕ੍ਰਿਸ਼ਨ ਸਿੰਘ ਵਾਸੀ ਪ੍ਰੇਮ ਨਗਰ ਕੋਟਕਪੂਰਾ, ਲਵਪ੍ਰੀਤ ਸਿੰਘ ਉਰਫ ਲਵ ਪੁੱਤਰ ਗੁਰਜੀਤ ਸਿੰਘ ਵਾਸੀ ਪ੍ਰੇਮ ਨਗਰ ਕੋਟਕਪੂਰਾ ਤੇ ਹੋਰ 2 ਜੁਵੇਨਾਇਲ ਸ਼ਾਮਲ ਹਨ।ਪੁਲਸ ਪਾਰਟੀ ਨੇ ਇਨ੍ਹਾਂ ਪਾਸੋਂ ਖੋਹ ਕੀਤੇ ਮੋਬਾਇਲ ਫੋਨ, ਮੋਟਰਸਾਈਕਲ ਤੇ ਖੋਹ ਕਰਨ ਲਈ ਵਰਤਿਆ ਗਿਆ ਕਾਪਾ ਵੀ ਬਰਾਮਦ ਕੀਤਾ ਹੈ।ਉਨ੍ਹਾ ਦੱਸਿਆ ਕਿ ਥਾਣਾ ਸਿਟੀ ਕੋਟਕਪੂਰਾ ਵਿਖੇ ਸੂਚਨਾ ਮਿਲੀ ਸੀ ਕਿ ਇਸ ਗਰੋਹ ਵਿੱਚ ਸ਼ਾਮਲ ਦੋਸ਼ੀਆਂ ਵੱਲੋਂ ਇੱਕ ਵਿਅਕਤੀ ਪਾਸੋਂ ਮੋਬਾਇਲ ਖੋਹ ਕੀਤੀ ਗਈ ਹੈ, ਜਿਸ 'ਤੇ ਤੁਰੰਤ ਕਾਰਵਾਈ ਕਰਦੇ ਹੋਏ ਫਰੀਦਕੋਟ ਪੁਲਸ ਵੱਲੋਂ ਇਨ੍ਹਾਂ ਦੋਸ਼ੀਆਂ ਨੂੰ ਖੋਹ ਦੌਰਾਨ ਵਰਤੇ ਗਏ ਮੋਟਰਸਾਈਕਲ ਸਮੇਤ ਕਾਬੂ ਕੀਤਾ ਗਿਆ।ਇਸ ਸਬੰਧੀ ਥਾਣਾ ਸਿਟੀ ਕੋਟਕਪੂਰਾ ਵਿਖੇ ਮੁਕੱਦਮਾ ਦਰਜ ਕੀਤਾ ਗਿਆ ਹੈ।ਤਫਤੀਸ਼ ਦੌਰਾਨ ਸਾਹਮਣੇ ਆਇਆ ਕਿ ਇਨ੍ਹਾਂ ਵੱਲੋਂ ਜਿਸ ਮੋਟਰਸਾਈਕਲ ਦੀ ਵਰਤੋਂ ਮੋਬਾਇਲ ਖੋਹ ਦੌਰਾਨ ਕੀਤੀ ਗਈ ਸੀ, ਉਹ ਵੀ ਇਸ ਗਰੋਹ ਵੱਲੋ ਖੋਹ ਕੀਤਾ ਗਿਆ ਸੀ, ਜਿਸ ਵਾਰਦਾਤ ਵਿੱਚ ਦੋਸ਼ੀ ਗੁਰਪ੍ਰੀਤ ਸਿੰਘ ਉਰਫ ਭੀਮਾ ਤੇ ਲਵਪ੍ਰੀਤ ਸਿੰਘ ਉਰਫ ਲਵ ਸ਼ਾਮਲ ਸਨ।ਇਸ ਸੰਬੰਧੀ ਥਾਣਾ ਸਿਟੀ ਕੋਟਕਪੂਰਾ ਵਿੱਚ ਮੁਕੱਦਮਾ ਦਰਜ ਹੋਇਆ ਹੈ।ਮੁੱਢਲੀ ਪੁੱਛਗਿੱਛ ਦੌਰਾਨ ਇਹ ਸਾਹਮਣੇ ਆਇਆ ਹੈ ਕਿ ਦੋਸ਼ੀ ਗੁਰਪ੍ਰੀਤ ਸਿੰਘ ਉਰਫ ਭੀਮਾ ਇਸ ਗਰੋਹ ਦਾ ਮੁੱਖ ਸਰਗਣਾ ਹੈ, ਜਿਸ ਖਿਲਾਫ ਖੋਹ, ਅਸਲਾ ਐਕਟ, ਡਿਕੈਤੀ ਦੀ ਤਿਆਰੀ ਤੇ ਹੋਰ ਸੰਗੀਨ ਧਾਰਾਵਾਂ ਤਹਿਤ ਮੁਕੱਦਮਾ ਦਰਜ ਰਜਿਸਟਰ ਹਨ।ਇਸ ਤੋਂ ਇਲਾਵਾ ਮੁਲਜ਼ਮ ਚੋਰੀ ਜਾਂ ਖੋਹ ਦਾ ਸਾਮਾਨ ਕਿੱਥੇ ਵੇਚਦੇ ਸਨ, ਇਸ ਦੀ ਵੀ ਜਾਂਚ ਕੀਤੀ ਜਾ ਰਹੀ ਹੈ।

ਉਕਤ ਮੁਕੱਦਮਿਆਂ ਵਿੱਚ ਗ੍ਰਿਫ਼ਤਾਰ ਕਥਿਤ ਦੋਸ਼ੀਆਂ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਰਿਮਾਂਡ ਹਾਸਲ ਕੀਤਾ ਜਾ ਰਿਹਾ ਹੈ।ਰਿਮਾਂਡ ਹਾਸਲ ਕਰਨ ਉਪਰੰਤ ਦੋਸ਼ੀਆਂ ਪਾਸੋਂ ਹੋਰ ਪੁੱਛਗਿੱਛ ਕੀਤੀ ਜਾਵੇਗੀ, ਜਿਸ ਦੌਰਾਨ ਇਨ੍ਹਾਂ ਤੋਂ ਹੋਰ ਵੀ ਵਾਰਦਾਤਾਂ ਟਰੇਸ ਹੋਣ ਦੀ ਉਮੀਦ ਹੈ।

## ਸ਼ੰਕਰਾ ਆਈ ਹਸਪਤਾਲ ਵੱਲੋਂ ਅੱਖਾਂ ਦਾ ਮੁਫਤ ਚੈੱਕਅੱਪ ਕੈਂਪ ਅੱਜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਰਾਧੇ ਰਾਧੇ ਵੈੱਲਫੇਅਰ ਸੁਸਾਇਟੀ ਨੇੜੇ ਮਖੂ ਗੇਟ ਸਾਹਮਣੇ ਪਟਵਾਰੀ ਪੈਟਰੋਲ ਪੰਪ, ਫਿਰੋਜ਼ਪੁਰ ਸ਼ਹਿਰ ਤੇ ਸ਼ੰਕਰਾਂ ਆਈ ਹਸਪਤਾਲ (ਲੁਧਿਆਣਾ) ਵੱਲੋਂ ਅੱਖਾਂ ਦਾ ਮੁਫਤ ਚੈੱਕਅਪ ਕੈਂਪ 25 ਜੂਨ ਨੂੰ ਸਵੇਰੇ 9 ਵਜੇ ਤੋਂ ਦੁਪਹਿਰ 1 ਵਜੇ ਤੱਕ ਸੈਂਟਰਲ ਗੁਰਦੁਆਰਾ ਕਮੇਟੀ, ਬਸਤੀ ਗੋਬਿੰਦ ਨਗਰ, ਫਿਰੋਜ਼ਪੁਰ ਸ਼ਹਿਰ ਵਿਖੇ ਲਗਾਇਆ ਜਾਵੇਗਾ।

ਕੈਂਪ ਵਿੱਚ ਮਰੀਜ਼ਾਂ ਨੂੰ ਮੁਫਤ ਦਵਾਈਆਂ ਪ੍ਰਦਾਨ ਕੀਤੀਆਂ ਜਾਣਗੀਆਂ ਤੇ ਲੋੜ ਅਨੁਸਾਰ ਚਿੱਟੇ ਮੋਤੀਏ ਦੇ ਲੈਂਜ ਵੀ ਮੁਫਤ ਪਾਏ ਜਾਣਗੇ। ਮਰੀਜ਼ਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਆਧਾਰ ਕਾਰਡ ਦੀ ਕਾਪੀ ਜ਼ਰੂਰ ਲੈ ਕੇ ਆਉਣ, ਤਾਂ ਜੋ ਰਜਿਸਟ੍ਰੇਸ਼ਨ ਪ੍ਰਕਿਰਿਆ ਨੂੰ ਸੁਖਾਲਾ ਕੀਤਾ ਜਾ ਸਕੇ। ਇਹ ਜਾਣਕਾਰੀ ਰਾਧੇ ਰਾਧੇ ਵੈੱਲਫੇਅਰ ਸੁਸਾਇਟੀ ਦੇ ਪ੍ਰਧਾਨ ਬਰਜਿੰਦਰ ਸਿੰਘ, ਜਨਰਲ ਸਕੱਤਰ ਐੱਚ ਐੱਨ ਸਿੰਘ ਤੇ ਐੱਚ ਐੱਸ ਚਾਵਲਾ ਨੇ ਦਿੱਤੀ। ਉਨ੍ਹਾਂ ਸਮੂਹ ਸ਼ਹਿਰ ਵਾਸੀਆਂ ਨੂੰ ਇਸ ਕੈਂਪ ਵਿੱਚ ਵੱਧ ਤੋਂ ਵੱਧ ਗਿਣਤੀ ਵਿੱਚ ਸ਼ਾਮਲ ਹੋਣ ਤੇ ਮੁਫਤ ਸਿਹਤ ਸੇਵਾਵਾਂ ਦਾ ਲਾਭ ਉਠਾਉਣ ਦੀ ਅਪੀਲ ਕੀਤੀ।

## ਈਰਾਨ 'ਚ ਅਗਵਾ ਕੀਤੇ ਤਿੰਨ ਭਾਰਤੀ ਨੌਜਵਾਨਾਂ ਦੀ ਵਤਨ ਵਾਪਸੀ

**ਭਾਵੁਕ ਹੋ ਕੇ ਦੱਸੀ ਅਗਵਾਕਾਰਾਂ ਵੱਲੋਂ ਕੀਤੇ ਅੰਨ੍ਹੇ ਤਸ਼ੱਦਦ ਦੀ ਦਾਸਤਾਂ, ਭਾਰਤੀ ਦੂਤਾਵਾਸ ਤੇ ਕੇਂਦਰ ਦਾ ਕੀਤਾ ਧੰਨਵਾਦ**

**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**-ਆਸਟਰੇਲੀਆ ਦੇ ਵਰਕ ਪਰਮਿਟ ਦਾ ਝਾਂਸਾ ਦੇ ਕੇ ਦੋ ਏਜੰਟ ਭਰਾਵਾਂ ਵੱਲੋਂ ਈਰਾਨ ਭੇਜੇ ਪੰਜਾਬ ਦੇ ਤਿੰਨ ਨੌਜਵਾਨਾਂ ਹੁਸਨਪ੍ਰੀਤ ਸਿੰਘ ਧੂਰੀ, ਅੰਮ੍ਰਿਤਪਾਲ ਸਿੰਘ ਹੁਸ਼ਿਆਰਪੁਰ ਤੇ ਜਸਪਾਲ ਸਿੰਘ ਨਵਾਂ ਸ਼ਹਿਰ ਦੀ ਬੀਤੀ ਰਾਤ ਵਤਨ ਵਾਪਸੀ ਹੋਣ ਮਗਰੋਂ ਪੀੜਤ ਪਰਵਾਰਾਂ ਨੇ ਸੁੱਖ ਦਾ ਸਾਹ ਲਿਆ।ਉਹ ਲੰਘੇ ਮਈ ਮਹੀਨੇ ਦੇ ਪਹਿਲੇ ਹਫ਼ਤੇ ਦਿੱਲੀ ਤੋਂ ਆਸਟਰੇਲੀਆ ਦੀ ਥਾਂ ਈਰਾਨ ਪੁੱਜ ਗਏ ਸਨ, ਜਿੱਥੇ ਉਨ੍ਹਾਂ ਨੂੰ ਅਗਵਾ ਕਰ ਲਿਆ ਗਿਆ।ਉਹ ਇੱਕ ਮਹੀਨਾ ਅਗਵਾਕਾਰਾਂ ਦੇ ਚੁੰਗਲ 'ਚ ਰਹੇ।ਤਹਿਰਾਨ ਪੁਲਸ ਨੇ ਉਨ੍ਹਾਂ ਨੂੰ ਛੁਡਵਾ ਕੇ ਉਨ੍ਹਾਂ ਦੀ ਸੁਰੱਖਿਅਤ ਵਾਪਸੀ ਯਕੀਨੀ ਬਣਾਈ।ਹੁਸਨਪ੍ਰੀਤ ਸਿੰਘ ਦੇ ਬੀਤੀ ਰਾਤ ਘਰ ਪਰਤਣ 'ਤੇ ਉਸ ਦੀ ਮਾਤਾ ਬਲਵਿੰਦਰ ਕੌਰ, ਭਰਾ ਮਨਪ੍ਰੀਤ ਸਿੰਘ ਤੇ ਲਗਾਤਾਰ ਪਰਵਾਰ ਨਾਲ ਚੱਟਾਨ ਵਾਂਗ ਖੜ੍ਹੇ ਭਾਜਪਾ ਦੇ ਰਣਦੀਪ ਸਿੰਘ ਦਿਓਲ ਨੇ ਉਸ ਦਾ ਸਵਾਗਤ ਕੀਤਾ।

ਹੁਸਨਪ੍ਰੀਤ ਸਿੰਘ ਨੇ ਧੂਰੀ ਵਿੱਚ ਪੱਤਰਕਾਰਾਂ ਕੋਲ ਆਪਣੀ ਹੱਡ-ਬੀਤੀ ਬਿਆਨ ਕਰਦਿਆਂ ਦੱਸਿਆ ਕਿ 16-18 ਲੱਖ ਰੁਪਏ ਏਜੰਟ ਨੂੰ ਦਿੱਤੇ ਸਨ, ਜਿਸ ਨੇ ਆਸਟਰੇਲੀਆ ਵਰਕ ਪਰਮਿਟ ਦੇਣ ਦਾ ਦਾਅਵਾ ਕੀਤਾ।ਏਜੰਟ ਨੇ ਉਸ ਨੂੰ ਦਿੱਲੀ ਤੋਂ ਧੋਖੇ ਨਾਲ ਈਰਾਨ ਭੇਜ ਦਿੱਤਾ, ਉੱਥੇ ਏਜੰਟ ਦੇ ਕਹਿਣ 'ਤੇ ਹੀ ਉਹ ਪਾਕਿਸਤਾਨੀ ਵਿਅਕਤੀਆਂ ਨਾਲ ਚਲੇ ਗਏ, ਜਿਨ੍ਹਾਂ ਵੱਲੋਂ ਉਨ੍ਹਾਂ ਦੇ ਪਾਸਪੋਰਟ ਤੇ ਟਿਕਟਾਂ ਜ਼ਬਤ ਕਰਨ ਮਗਰੋਂ ਜਦੋਂ ਪੈਸਿਆਂ ਦੀ ਮੰਗ ਕੀਤੀ ਗਈ ਤਾਂ ਉਨ੍ਹਾਂ ਨੂੰ ਆਪਣੇ ਅਗਵਾ ਹੋਣ ਦਾ ਪਤਾ ਚੱਲਿਆ। ਨੌਜਵਾਨਾਂ ਦੇ ਸਰੀਰਾਂ 'ਤੇ ਕੱਟ ਦੇ ਨਿਸ਼ਾਨ ਦੀਆਂ ਵੀਡੀਓ ਭੇਜ ਕੇ ਪੈਸੇ ਮੰਗਣ ਸਬੰਧੀ ਉਨ੍ਹਾਂ ਦੱਸਿਆ ਕਿ ਉਹ ਵੀਡੀਓ ਅਸਲੀ ਸਨ।ਉਨ੍ਹਾਂ ਦੱਸਿਆ ਕਿ ਉਨ੍ਹਾਂ ਨੂੰ ਇੱਕ ਕਮਰੇ ਵਿੱਚ ਲਿਜਾ ਕੇ ਸਰੀਰ 'ਤੇ ਕੱਟ ਲਗਾਏ ਗਏ, ਬੁਰੀ ਤਰ੍ਹਾਂ ਕੁੱਟਮਾਰ ਕੀਤੀ ਗਈ ਅਤੇ ਵੀਡੀਓ ਬਣਾ ਕੇ ਪਰਵਾਰਾਂ ਨੂੰ ਭੇਜੀਆਂ ਗਈਆਂ। ਹੁਸਨਪ੍ਰੀਤ ਨੇ ਪੰਜਾਬ ਸਰਕਾਰ ਵੱਲੋਂ ਮਦਦ ਨਾ ਕਰਨ 'ਤੇ ਸ਼ਿਕਵਾ ਜ਼ਾਹਰ ਕੀਤਾ।ਉਨ੍ਹਾਂ ਦੱਸਿਆ ਕਿ ਭਾਰਤੀ ਦੂਤਾਵਾਸ ਨੇ ਉਨ੍ਹਾਂ ਨੂੰ ਹੋਟਲ ਵਿੱਚ ਰੱਖਿਆ ਹੋਇਆ ਸੀ ਤੇ 22 ਜੂਨ ਨੂੰ ਈਰਾਨ ਤੋਂ ਉਹ ਸ਼ਾਮ ਸਾਢੇ ਚਾਰ ਵਜੇ ਦਿੱਲੀ ਪਹੁੰਚੇ।ਇੱਥੋਂ ਬੀਤੀ ਦੇਰ ਰਾਤ ਉਹ ਘਰ ਪੁੱਜੇ।

ਉਨ੍ਹਾਂ ਮੰਗ ਕੀਤੀ ਏਜੰਟਾਂ ਨੂੰ ਗ੍ਰਿਫ਼ਤਾਰ ਕੀਤਾ ਜਾਵੇ, ਉਨ੍ਹਾਂ ਦੇ ਪੈਸੇ ਵਾਪਸ ਕਰਵਾਏ ਜਾਣ ਤੇ ਅਜਿਹੇ ਏਜੰਟਾਂ ਦੇ ਲਾਇਸੈਂਸ ਰੱਦ ਕੀਤੇ ਜਾਣ।ਉਨ੍ਹਾਂ ਦੱਸਿਆ ਕਿ ਪਹਿਲੀ ਜੂਨ ਨੂੰ ਉਨ੍ਹਾਂ ਨੂੰ ਤਹਿਰਾਨ ਪੁਲਸ ਨੇ ਅਗਵਾਕਾਰਾਂ ਪਾਸੋਂ ਛੁਡਵਾਇਆ।ਉਨ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਭਾਰਤੀ ਦੂਤਾਵਾਸ, ਮਦਦਗਾਰ ਹਰਿੰਦਰ ਸਿੰਘ, ਭਾਜਪਾ ਆਗੂ ਰਣਦੀਪ ਦਿਓਲ ਤੇ ਮੀਡੀਆ ਦਾ ਧੰਨਵਾਦ ਕੀਤਾ।



ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਹੁਸਨਪ੍ਰੀਤ ਸਿੰਘ ਤੇ ਉਸ ਦੀ ਮਾਤਾ।

## 310 ਗ੍ਰਾਮ ਹੈਰੋਇਨ, ਅਸਲੇ, ਡਰੱਗ ਮਨੀ ਤੇ ਕਾਰ ਸਮੇਤ 2 ਸਮੱਗਲਰ ਕਾਬੂ



**ਮੋਗਾ (ਇਕਬਾਲ ਸਿੰਘ ਖਹਿਰਾ)**-ਸੀ.ਆਈ.ਏ ਸਟਾਫ ਮੋਗਾ ਦੀ ਪੁਲਸ ਪਾਰਟੀ ਵੱਲੋਂ 02 ਸਮੱਗਲਰਾਂ ਨੂੰ ਕਾਬੂ ਕਰਕੇ ਇਨ੍ਹਾਂ ਪਾਸੋਂ 310 ਗ੍ਰਾਮ ਹੈਰੋਇਨ, ਦੋ ਨਜਾਇਜ਼ ਅਸਲੇ (ਇੱਕ ਪਿਸਟਲ ਦੇਸੀ 30 ਬੋਰ ਤੇ ਇੱਕ ਕੱਟਾ 315 ਬੋਰ), 40 ਹਜ਼ਾਰ ਰੁਪਏ ਡਰੱਗ ਮਨੀ ਅਤੇ ਹੁੰਡਈ ਕਾਰ ਨੰਬਰ ਡੀ.ਐਲ.2 ਸੀ ਏ ਐਮ 0879 ਰੰਗ ਸਿਲਵਰ ਬਰਾਮਦ ਕੀਤੀ।

ਐਸ.ਪੀ.ਆਈ ਬਾਲ ਕ੍ਰਿਸ਼ਨ ਸਿੰਗਲਾ ਨੇ ਦੱਸਿਆ ਕਿ 23.06.2025 ਨੂੰ ਏ ਐਸ ਆਈ ਸੁਖਵਿੰਦਰ ਸਿੰਘ ਨੰਬਰ 490/ਮੋਗਾ ਸੀ ਆਈ ਏ ਸਟਾਫ ਮੋਗਾ ਸਮੇਤ ਪੁਲਸ ਪਾਰਟੀ ਗਸ਼ਤ ਦੌਰਾਨ ਪੁਲ ਨਹਿਰ ਬੱਧਨੀ ਕਲਾ ਮੌਜੂਦ ਸੀ ਤਾਂ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਕਰਮਵੀਰ ਕੌਰ ਉਰਫ ਕਿਰਨਾ ਪਤਨੀ ਬਲਤੇਜ ਸਿੰਘ ਵਾਸੀ ਭਲੂਰ ਜ਼ਿਲ੍ਹਾ ਮੋਗਾ ਹਾਲ ਅਬਾਦ ਨਵੀਂ ਦਾਣਾ ਮੰਡੀ ਮੋਗਾ ਤੇ ਅਕਾਸ਼ਦੀਪ ਸਿੰਘ ਉਰਫ ਨਿੱਕਾ ਪੁੱਤਰ ਕੁਲਵੰਤ ਸਿੰਘ ਵਾਸੀ ਲਧਾਈਕੇ ਜ਼ਿਲ੍ਹਾ ਮੋਗਾ, ਜੋ ਰਲ ਕੇ ਹੈਰੋਇਨ ਵੇਚਣ ਦਾ ਧੰਦਾ ਕਰਦੇ ਹਨ ਤੇ ਇਨ੍ਹਾਂ ਪਾਸ ਨਜਾਇਜ਼ ਅਸਲੇ ਵੀ ਹਨ, ਜੋ ਅੱਜ ਵੀ ਇਹ ਦੋਨੋਂ ਹੁੰਡਈ ਕਾਰ ਨੰਬਰ ਡੀ.ਐਲ.2 ਸੀ ਏ ਐਮ 0879 ਰੰਗ ਸਿਲਵਰ 'ਤੇ ਸਵਾਰ ਹੋ ਕੇ ਨੇੜੇ ਲਿੰਕ ਰੋਡ ਪਿੰਡ ਮੱਲੇਆਣਾ ਬਾਈਪਾਸ ਮੇਨ ਹਾਈਵੇਅ ਮੋਗਾ-ਬਰਨਾਲਾ ਬੱਧਨੀ ਕਲਾਂ ਪਾਸ ਖੜੇ ਹੈਰੋਇਨ ਵੇਚਣ ਲਈ ਗਾਹਕਾਂ ਦੀ ਉਡੀਕ ਕਰ ਰਹੇ ਹਨ, ਜਿਸ 'ਤੇ ਏ.ਐਸ.ਆਈ ਸੁਖਵਿੰਦਰ ਸਿੰਘ ਨੰਬਰ 490/ਮੋਗਾ ਨੇ ਇਨ੍ਹਾਂ ਖਿਲਾਫ ਥਾਣਾ ਬੱਧਨੀ ਕਲਾਂ ਵਿਖੇ ਰੋਕਾ ਲਿਖ ਕੇ ਮੁਕੱਦਮਾ ਨੰਬਰ 101 ਮਿਤੀ 23.06.2025 ਅ/ਧ 21-61-85 ਐਕਟ, 25-54-59 ਏ ਐਕਟ ਥਾਣਾ ਬੱਧਨੀ ਕਲਾਂ ਦਰਜ ਰਜਿਸਟਰ ਕਰਾਇਆ।

## ਠੇਕਾ ਸ਼ਰਾਬ ਦੀਆਂ 14 ਪੇਟੀਆਂ ਤੇ ਕਾਰ ਸਮੇਤ ਇਕ ਗ੍ਰਿਫਤਾਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਕੈਂਟ ਫਿਰੋਜ਼ਪੁਰ ਪੁਲਸ ਨੇ ਗਸ਼ਤ ਤੇ ਚੈਕਿੰਗ ਦੌਰਾਨ ਇਕ ਵਿਅਕਤੀ ਨੂੰ ਠੇਕਾ ਸ਼ਰਾਬ ਦੀਆਂ 14 ਪੇਟੀਆਂ ਸ਼ਰਾਬ ਤੇ ਕਾਰ ਸਮੇਤ ਕਾਬੂ ਕਰਕੇ ਉਸ ਖਿਲਾਫ ਆਬਕਾਰੀ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਸਲਵਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ 7 ਨੰਬਰ ਚੁੰਗੀ ਕੈਂਟ 'ਤੇ ਮੌਜੂਦ ਸੀ ਤਾਂ ਇਸ ਦੌਰਾਨ ਚੈਕਿੰਗ ਇਕ ਗੱਡੀ ਆਲਟੋ ਕੇ 10 ਨੰਬਰ ਪੀਬੀ 05 ਏਸੀ 9950 ਨੂੰ ਰੋਕਿਆ ਗਿਆ। ਪੁਲਸ ਨੇ ਦੱਸਿਆ ਕਿ ਗੱਡੀ ਦੀ ਚੈਕਿੰਗ ਕੀਤੀ ਗਈ ਤਾਂ ਉਸ ਵਿੱਚੋਂ ਸ਼ਰਾਬ ਨਾਜਾਇਜ਼ ਦੀਆਂ ਪੇਟੀਆਂ ਪਈਆਂ ਸਨ, ਜਿਸ ਬਾਰੇ ਪੁੱਛਗਿੱਛ ਕੀਤੀ ਗਈ ਤਾਂ ਕਾਰ ਚਾਲਕ ਨੇ ਆਪਣਾ ਨਾਂਅ ਰਮਨ ਕੁਮਾਰ ਪੁੱਤਰ ਸੁਰਿੰਦਰ ਪਾਲ ਵਾਸੀ ਪਿੰਡ ਕਾਮਲ ਵਾਲਾ ਖੁਰਦ ਦੱਸਿਆ ਤੇ ਉਹ ਕੋਈ ਠੋਸ ਜਵਾਬ ਨਾ ਦੇ ਸਕਿਆ ਅਤੇ ਨਾ ਹੀ ਕੋਈ ਪਰਮਿਟ ਪੇਸ਼ ਕਰ ਸਕਿਆ। ਪੁਲਸ ਨੇ ਦੱਸਿਆ ਕਿ ਚੁੰਗੀ ਨੰਬਰ 7 ਇਕ ਆਵਾਜਾਈ ਵਾਲਾ ਸਥਾਨ ਹੋਣ ਕਰਕੇ ਉਕਤ ਗੱਡੀ ਨੰਬਰ ਨੂੰ ਸਮੇਤ ਮੁਸੰਮੀ ਰਮਨ ਕੁਮਾਰ ਨੂੰ ਥਾਣਾ ਲਿਆ ਕੇ ਚੈਕਿੰਗ ਕੀਤੀ ਗਈ ਤਾਂ ਉਸ ਵਿੱਚੋਂ ਸ਼ਰਾਬ ਠੇਕਾ ਦੇਸੀ ਖਾਸਾ ਸੰਤਰਾ ਕੁੱਲ 7 ਪੇਟੀਆਂ, ਪੰਜਾਬ ਹੀਰ ਸੋਫੀ ਕੁੱਲ 5 ਪੇਟੀਆਂ ਤੇ ਬੀਅਰ ਮਿਲਰ ਕੁੱਲ 2 ਪੇਟੀਆਂ ਬਰਾਮਦ ਹੋਈਆਂ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀ ਖਿਲਾਫ ਮਾਮਲਾ ਦਰਜ ਕਰ ਕਰਕੇ ਅੱਗੇ ਦੀ ਜਾਂਚ ਕੀਤੀ ਜਾ ਰਹੀ ਹੈ।

## ਨੈਸ਼ਨਲ ਕਾਲਜ ਦਾ ਬੀ ਏ ਦਾ ਨਤੀਜਾ ਸ਼ਾਨਦਾਰ ਰਿਹਾ



**ਭੀਖੀ (ਗੁਰਿੰਦਰ ਸਿੰਘ ਔਲਖ)**-ਨੈਸ਼ਨਲ ਕਾਲਜ ਦਾ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਐਲਾਨੇ ਬੀ.ਏ ਭਾਗ ਤੀਜਾ ਸਮੈਸਟਰ ਪੰਜਵੇਂ ਦਾ ਨਤੀਜਾ ਸ਼ਾਨਦਾਰ ਰਿਹਾ।ਪ੍ਰੋ ਅਵਤਾਰ ਸਿੰਘ ਨੇ ਦੱਸਿਆ ਕਿ ਕੁਲਵਿੰਦਰ ਕੌਰ ਨੇ 84% ਅੰਕਾਂ ਨਾਲ ਪਹਿਲਾ, ਅਰਸ਼ ਗੋਇਲ ਨੇ 83.40% ਅੰਕਾਂ ਨਾਲ ਦੂਜਾ, ਅਰੁਸ਼ੀ ਗਰਗ ਨੇ 80% ਅੰਕਾਂ ਨਾਲ ਤੀਜਾ ਸਥਾਨ ਹਾਸਲ ਕੀਤਾ।ਕਾਲਜ ਪ੍ਰਿੰਸੀਪਲ ਡਾ. ਐਮ .ਕੇ ਮਿਸ਼ਰਾ ਨੇ ਕਿਹਾ ਕਿ ਹਰ ਵਾਰ ਦੀ ਤਰ੍ਹਾਂ ਯੂਨੀਵਰਸਿਟੀ ਦੇ ਨਤੀਜਿਆਂ ਵਿਚ ਕਾਲਜ ਦਾ ਨਾਂਅ ਇਲਾਕੇ ਦੀਆਂ ਨਾਮਵਰ ਸੰਸਥਾਵਾਂ ਵਿੱਚ ਆਉਂਦਾ ਹੈ। ਕਾਲਜ ਦੇ ਸਾਰੇ ਕੋਰਸਾਂ ਦੇ ਨਤੀਜੇ ਕਾਲਜ ਸਟਾਫ਼ ਦੀ ਮਿਹਨਤ ਦਾ ਨਤੀਜਾ ਹੈ। ਕਾਲਜ ਪ੍ਰਧਾਨ ਹਰਬੰਸ ਦਾਸ ਬਾਵਾ ਨੇ ਪਾਸ ਹੋਏ ਸਾਰੇ ਵਿਦਿਆਰਥੀਆਂ ਨੂੰ ਇਹਨਾਂ ਨਤੀਜਿਆਂ ਵਿੱਚ ਸ਼ਾਨਦਾਰ ਪ੍ਰਾਪਤੀ ਤੇ ਵਧਾਈ ਦਿੰਦੇ ਹੋਏ ਚੰਗੇ ਭਵਿੱਖ ਲਈ ਕਾਮਨਾ ਕੀਤੀ।

## ਸੜਕ ਹਾਦਸਾ ਪੀੜਤਾਂ ਲਈ ਡੇਢ ਲੱਖ ਦੇ ਇਲਾਜ ਦੀ ਮਿਲ ਰਹੀ ਸਹੂਲਤ : ਡੀ ਸੀ

**ਮਾਨਸਾ (ਆਤਮਾ ਸਿੰਘ ਪਮਾਰ)**-ਡਿਪਟੀ ਕਮਿਸ਼ਨਰ ਕੁਲਵੰਤ ਸਿੰਘ ਨੇ ਦੱਸਿਆ ਕਿ ਸੜਕ ਹਾਦਸੇ ਦੇ ਪੀੜਤਾਂ ਲਈ ਨਕਦੀ ਰਹਿਤ ਇਲਾਜ ਯੋਜਨਾ-2025 ਤਹਿਤ ਆਮ ਲੋਕਾਂ ਦੀ ਸਹੂਲਤ ਲਈ ਸ਼ਿਕਾਇਤ ਨਿਵਾਰਨ ਅਫ਼ਸਰ ਨਿਯੁਕਤ ਕਰ ਦਿੱਤੇ ਗਏ ਹਨ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਸਕੀਮ ਤਹਿਤ ਸੜਕ ਹਾਦਸੇ ਦੇ ਸ਼ਿਕਾਰ ਵਿਅਕਤੀ ਨੂੰ ਹਾਦਸੇ ਦੇ ਪਹਿਲੇ 07 ਦਿਨਾਂ ਦੌਰਾਨ ਡੇਢ ਲੱਖ ਰੁਪਏ ਤੱਕ ਦੇ ਨਕਦ ਰਹਿਤ ਇਲਾਜ਼ ਦੀ ਸਹੂਲਤ ਦਿੱਤੀ ਜਾਂਦੀ ਹੈ।ਇਸ ਸਕੀਮ ਤਹਿਤ ਦੇਸ਼ ਭਰ ਵਿਚ 30 ਹਜ਼ਾਰ ਦੇ ਕਰੀਬ ਸੂਚੀਬੱਧ ਹਸਪਤਾਲ ਹਨ, ਜਿੱਥੇ ਸਕੀਮ ਤਹਿਤ ਮਰੀਜ਼ ਦਾ ਇਲਾਜ ਕਰਾਇਆ ਜਾ ਸਕਦਾ ਹੈ।ਉਨ੍ਹਾਂ ਕਿਹਾ ਕਿ ਇਸ ਸਕੀਮ ਤਹਿਤ 'ਗੋਲਡਨ ਆਵਰ' (ਭਾਵ ਮਰੀਜ਼ ਨੂੰ ਸੰਕਟਕਾਲੀਨ ਹਾਲਾਤ 'ਚ ਸੀਮਤ ਸਮੇਂ) 'ਚ ਮੈਡੀਕਲ ਸਹੂਲਤ ਮਿਲ ਜਾਂਦੀ ਹੈ ਅਤੇ ਪਰਿਵਾਰ ਦਾ ਵਿੱਤੀ ਬੋਝ ਵੀ ਘਟ ਜਾਂਦਾ ਹੈ।

## ਅਮਰੀਕਾ ਵੱਲੋਂ ਈਰਾਨ 'ਤੇ ਹਮਲਿਆਂ ਦੀ ਇਨਕਲਾਬੀ ਕੇਂਦਰ ਪੰਜਾਬ ਵੱਲੋਂ ਜ਼ੋਰਦਾਰ ਨਿੰਦਾ



**ਜਗਰਾਓਂ (ਅਮਿਤ ਖੰਨਾ)**

ਇੰਨਕਲਾਬੀ ਕੇਂਦਰ ਪੰਜਾਬ ਦੇ ਸੂਬਾਈ ਆਗੂਆਂ ਪ੍ਰਧਾਨ ਨਰਾਇਣ ਦੱਤ ਤੇ ਜਨਰਲ ਸਕੱਤਰ ਕੰਵਲਜੀਤ ਖੰਨਾ ਨੇ ਅਮਰੀਕਾ ਵੱਲੋਂ ਈਰਾਨ ਉੱਤੇ ਕੀਤੇ ਨਜਾਇਜ਼ ਤੇ ਨਹੱਕੇ ਹਮਲਿਆਂ ਦੀ ਜ਼ੋਰਦਾਰ ਨਿੰਦਾ ਕੀਤੀ ਹੈ।ਉਨ੍ਹਾਂ ਕਿਹਾ ਕਿ ਇਜ਼ਰਾਈਲ ਵੱਲੋਂ ਪਿਛਲੇ ਇਕ ਹਫ਼ਤੇ ਤੋਂ ਵੱਧ ਸਮੇਂ ਤੋਂ ਈਰਾਨ ਉੱਤੇ ਬੇਤਹਾਸ਼ਾ ਹਵਾਈ ਹਮਲੇ ਕੀਤੇ ਜਾ ਰਹੇ ਸਨ।ਇਨ੍ਹਾਂ ਨਜਾਇਜ਼ ਤੇ ਨਿਹੱਕੇ ਹਮਲਿਆਂ ਦਾ ਦੁਨੀਆ ਭਰ ਵਿੱਚ ਵੱਡੇ ਪੱਧਰ 'ਤੇ ਵਿਰੋਧ ਹੋ ਰਿਹਾ ਹੈ।

ਇਜ਼ਰਾਈਲ ਵੱਲੋਂ ਹਜ਼ਾਰਾਂ ਫਲਸਤੀਨੀ ਬੱਚਿਆਂ ਤੇ ਬੇਗੁਨਾਹ ਔਰਤਾਂ ਦੇ ਕਤਲ ਕੀਤੇ ਜਾ ਰਹੇ ਹਨ।ਪੂਰੀ ਗਾਜ਼ਾ ਪੱਟੀ ਉਜਾੜ ਦਿੱਤੀ ਗਈ ਹੈ, ਰਾਸ਼ਨ ਲਈ ਇੱਕਤਰ ਲੋਕਾਂ ਨੂੰ ਗੋਲੀਆਂ ਮਾਰ ਕੇ ਖਤਮ ਕੀਤਾ ਜਾ ਰਿਹਾ ਹੈ, ਪਰ ਜਦੋਂ ਹੁਣ ਮੋੜਵੇਂ ਰੂਪ ਵਿੱਚ ਈਰਾਨ ਨੇ ਇਜ਼ਰਾਈਲ ਉੱਤੇ ਹਮਲਿਆਂ ਦੀ ਝੜੀ ਲਾ ਦਿੱਤੀ ਹੈ ਤਾਂ ਇਜ਼ਰਾਈਲੀ ਆਗੂ ਨੇਤਾਨਯਾਹੂ ਬੁਰੀ ਤਰ੍ਹਾਂ ਬੁਖਲਾਹਟ ਵਿੱਚ ਆ ਗਿਆ ਅਤੇ ਉਹ ਭੱਜ ਕੇ ਅਮਰੀਕਾ ਦੇ ਵਾਈਟ ਹਾਊਸ 'ਚ ਮਦਦ ਮੰਗਣ ਲਈ ਟਰੰਪ ਦੇ ਹਾੜੇ ਕੱਢਣ ਲੱਗ ਪਿਆ ਹੈ।ਦੂਜੇ ਪਾਸੇ ਅਮਰੀਕਾ ਨੇ ਇਜ਼ਰਾਈਲ ਨੂੰ ਜੰਗ ਰੋਕਣ ਤੇ ਸ਼ਾਂਤੀ ਲਈ ਵਾਰਤਾ ਸ਼ੁਰੂ ਕਰਨ ਬਾਰੇ ਕਹਿਣ ਦੀ ਬਜਾਏ ਈਰਾਨ ਦੇ ਤਿੰਨ ਸਿਵਲ ਪ੍ਰਮਾਣੂ ਟਿਕਾਣਿਆਂ ਉੱਤੇ ਹਮਲੇ ਕਰ ਕੇ ਭਾਰੀ ਮਾਲੀ ਤੇ ਜਾਨੀ ਨੁਕਸਾਨ ਕਰਕੇ ਸਾਮਰਾਜੀ ਗੁੰਡਾਹਰਦੀ ਦਾ ਨੰਗਾ ਨਾਚ ਨੱਚ ਲਿਆ ਹੈ।

ਇਨਕਲਾਬੀ ਕੇਂਦਰ ਪੰਜਾਬ ਦੇ ਆਗੂਆਂ ਨੇ ਕਿਹਾ ਕਿ ਅਮਰੀਕਾ ਤੇ ਇਜ਼ਰਾਈਲ ਨੂੰ ਚਾਹੀਦਾ ਹੈ ਕਿ ਉਹ ਫੌਰੀ ਜੰਗਬੰਦੀ ਕਰਕੇ ਮਸਲੇ ਦਾ ਗੱਲਬਾਤ ਰਾਹੀਂ ਹੱਲ ਕਰਨ।ਉਨ੍ਹਾਂ ਸਮੂਹ ਇਨਕਲਾਬੀ ਜਮਹੂਰੀ ਸ਼ਕਤੀਆਂ ਨੂੰ ਅਮਰੀਕਾ ਤੇ ਇਜ਼ਰਾਈਲ ਦੀ ਇਸ ਬੁਰਛਾਗਰਦੀ ਖਿਲਾਫ, ਮੱਧਪੂਰਬ ਨੂੰ ਜੰਗ ਵੱਲ ਧੱਕਣ ਖਿਲਾਫ, ਸਾਮਰਾਜੀ ਗੁੰਡਾਗਰਦੀ ਦਾ ਬੁਥਾੜ ਭੰਨਣ ਲਈ ਜ਼ੋਰਦਾਰ ਅਵਾਜ਼ ਉਠਾਉਣ ਦਾ ਸੱਦਾ ਦਿੱਤਾ ਹੈ।

## ਭਾਜਪਾ ਨੇ ਡਾ. ਸ਼ਿਆਮਾ ਪ੍ਰਸਾਦ ਮੁਖਰਜੀ ਦੇ ਇੱਕ ਸੰਵਿਧਾਨ, ਇੱਕ ਝੰਡਾ ਤੇ ਇੱਕ ਪ੍ਰਧਾਨ ਮੰਤਰੀ ਦਾ ਸੁਪਨਾ ਸਾਕਾਰ ਕੀਤਾ : ਡਾ. ਸੀਮਾਂਤ ਗਰਗ



**ਮੋਗਾ (ਇਕਬਾਲ ਸਿੰਘ ਖਹਿਰਾ)**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਕੇਂਦਰੀ ਸਰਕਾਰ ਨੇ 5 ਅਗਸਤ, 2019 ਨੂੰ ਜੰਮੂ-ਕਸ਼ਮੀਰ 'ਤੇ ਲਾਈ ਗਈ ਧਾਰਾ 370 ਨੂੰ ਖਤਮ ਕਰਕੇ ਤੇ ਸੱਤ ਦਹਾਕੇ ਪਹਿਲਾਂ ਇੱਕ ਸੰਵਿਧਾਨ, ਇੱਕ ਝੰਡਾ ਤੇ ਇੱਕ ਪ੍ਰਧਾਨ ਮੰਤਰੀ ਦੀ ਪ੍ਰਣਾਲੀ ਨੂੰ ਲਾਗੂ ਕਰਕੇ ਜਨ ਸੰਘ ਦੇ ਸੰਸਥਾਪਕ ਸ਼ਿਆਮਾ ਪ੍ਰਸ਼ਾਦ ਮੁਖਰਜੀ ਦੇ ਇੱਕ ਸੰਵਿਧਾਨ, ਇੱਕ ਝੰਡਾ ਤੇ ਇੱਕ ਪ੍ਰਧਾਨ ਮੰਤਰੀ ਦੇ ਸੁਪਨੇ ਨੂੰ ਸਾਕਾਰ ਕੀਤਾ ਹੈ, ਜਿਸ ਲਈ ਉਨ੍ਹਾਂ ਨੇ 23 ਜੂਨ, 1953 ਨੂੰ ਸ਼੍ਰੀਨਗਰ ਜੇਲ੍ਹ 'ਚ ਆਪਣੀ ਜਾਨ ਕੁਰਬਾਨ ਕਰ ਦਿੱਤੀ ਸੀ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਭਾਜਪਾ ਜ਼ਿਲ੍ਹਾ ਪ੍ਰਧਾਨ ਡਾ. ਸੀਮਾਂਤ ਗਰਗ ਨੇ ਸ਼ਿਆਮਾ ਪ੍ਰਸਾਦ ਮੁਖਰਜੀ ਨੂੰ ਉਨ੍ਹਾਂ ਦੇ ਬਲਿਦਾਨ ਦਿਵਸ 'ਤੇ ਸ਼ਰਧਾਂਜਲੀ ਭੇਟ ਕਰਦੇ ਹੋਏ ਕੀਤਾ।ਭਾਜਪਾ ਮੈਂਬਰ ਸ਼੍ਰੀ ਸ਼ਿਆਮਾ ਪ੍ਰਸਾਦ ਮੁਖਰਜੀ ਦੀ ਤਸਵੀਰ 'ਤੇ ਫੁੱਲ ਮਾਲਾਵਾਂ ਭੇਟ ਕਰਨ ਵਾਲਿਆਂ ਸੀਨੀਅਰ ਭਾਜਪਾ ਆਗੂ ਨਿਧੜਕ ਸਿੰਘ ਬਰਾੜ, ਜ਼ਿਲ੍ਹਾ ਜਨਰਲ ਸਕੱਤਰ ਮੁਖਤਿਆਰ ਸਿੰਘ, ਜਨਰਲ ਸਕੱਤਰ ਵਿੱਕੀ ਸਿਤਾਰਾ, ਮਹਿਲਾ ਮੋਰਚਾ ਆਗੂ ਗੀਤਾ ਆਰੀਆ, ਧਰਮਕੋਟ ਮੰਡਲ ਪ੍ਰਧਾਨ ਸ਼ਮਸ਼ੇਰ ਸਿੰਘ ਕੈਲਾ, ਪ੍ਰਵਾਸੀ ਸੈਲ ਦੇ ਇੰਚਾਰਜ ਵਿਜੇ ਮਿਸ਼ਰਾ, ਮੰਡਲ ਪ੍ਰਧਾਨ ਉਮਾਕਾਂਤ, ਸ਼ਸ਼ੀਕਾਂਤ, ਜਤਿੰਦਰ ਚੱਢਾ, ਹੇਮੰਤ ਸੂਦ, ਅਸ਼ੀਸ਼ ਸਿੰਗਲਾ, ਨਾਮਦੇਵ ਚੜਿੱਕ, ਧਰਮਜੀਤ ਸਿੰਘ, ਨਿਰਮਲ ਸਿੰਘ, ਗੁਰਮੇਲ ਸਿੰਘ, ਜੱਜ ਸਿੰਘ, ਬਲਵਿੰਦਰ ਸਿੰਘ, ਕਰਮਜੀਤ ਸਿੰਘ, ਰਾਮ ਅਰੋੜਾ, ਸੋਨੂੰ ਕੁਮਾਰ, ਅਜਮੇਰ ਸਿੰਘ, ਜਗਤਾਰ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਭਾਜਪਾ ਦੇ ਅਹੁਦੇਦਾਰ ਤੇ ਵਰਕਰ ਮੌਜੂਦ ਸਨ।ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਡਾ. ਸੀਮਾਂਤ ਗਰਗ ਨੇ ਕਿਹਾ ਕਿ ਡਾ. ਮੁਖਰਜੀ ਭਾਰਤੀ ਜਨ ਸੰਘ ਦੇ ਸੰਸਥਾਪਕ ਸਨ। ਇਸ ਦੇ ਨਾਲ ਹੀ ਉਹ ਇੱਕ ਮਹਾਨ ਨਾਇਕ ਵੀ ਸਨ, ਜਿਨ੍ਹਾਂ ਨੇ ਦੇਸ਼ ਦੀ ਸੇਵਾ ਲਈ ਆਪਣੀ ਜਾਨ ਕੁਰਬਾਨ ਕਰਨ ਤੋਂ ਵੀ ਨਹੀਂ ਝਿਜਕਿਆ।ਸ਼ਿਆਮਾ ਪ੍ਰਸਾਦ ਮੁਖਰਜੀ ਜੋ ਹਮੇਸ਼ਾ ਹਿੰਦੂਆਂ ਦੇ ਹਿੱਤਾਂ ਬਾਰੇ ਸੋਚਦੇ ਸਨ ਅਤੇ 1944 ਵਿੱਚ ਉਹ ਹਿੰਦੂ ਮਹਾਂਸਭਾ ਦੇ ਪ੍ਰਧਾਨ ਵੀ ਬਣੇ।ਉਨ੍ਹਾਂ ਕਿਹਾ ਕਿ ਡਾ. ਮੁਖਰਜੀ ਦਾ ਜੀਵਨ ਹਰ ਪਾਰਟੀ ਵਰਕਰ ਲਈ ਮਿਸਾਲੀ ਹੈ।ਸਾਨੂੰ ਉਨ੍ਹਾਂ ਦੇ ਨਕਸ਼ੇ ਕਦਮਾਂ 'ਤੇ ਚੱਲਣਾ ਚਾਹੀਦਾ ਹੈ ਤੇ ਅਖੰਡ ਭਾਰਤ ਦੀ ਸਿਰਜਣਾ ਵਿੱਚ ਸਹਿਯੋਗ ਕਰਨਾ ਚਾਹੀਦਾ ਹੈ।

## ਲੁਧਿਆਣਾ ਜ਼ਿਮਨੀ ਚੋਣ ਨੇ ਦਰਸਾ ਦਿੱਤਾ ਕਿ ਲੋਕ 'ਆਪ' ਦੀ ਸਰਕਾਰ ਤੋਂ ਸੰਤੁਸ਼ਟ : ਵਿਧਾਇਕ ਸੁਖਾਨੰਦ



**ਬਾਘਾ ਪੁਰਾਣਾ (ਮਨੀ ਸਿੰਗਲਾ)**

ਲੁਧਿਆਣਾ ਪੱਛਮੀ ਵਿਧਾਨ ਸਭਾ ਉੱਪ-ਚੋਣ ਵਿੱਚ ਲੋਕਾਂ ਵੱਲੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਸੰਜੀਵ ਅਰੋੜਾ ਨੂੰ ਜਿਤਾ ਕੇ ਆਮ ਆਦਮੀ ਪਾਰਟੀ ਦੇ ਕੰਮਾਂ 'ਤੇ ਮੋਹਰ ਲਗਾਈ ਹੈ।ਇਸ ਦੇ ਨਾਲ ਹੀ ਗੁਜਰਾਤ-ਪੰਜਾਬ ਵਿੱਚ ਆਪ ਦੀ ਜਿੱਤ ਨੇ ਦਰਸਾ ਦਿੱਤਾ ਹੈ ਕਿ ਦੇਸ਼ ਨੂੰ ਭਾਜਪਾ ਮੁਕਤ ਕਰਨ ਲਈ ਆਮ ਆਦਮੀ ਪਾਰਟੀ ਹੀ ਲੋਕਾਂ ਕੋਲ ਇੱਕ ਵਿਕਲਪ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਹਲਕਾ ਬਾਘਾ ਪੁਰਾਣਾ ਦੇ ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ ਨੇ ਪ੍ਰੈੱਸ ਨੂੰ ਜਾਰੀ ਬਿਆਨ ਵਿੱਚ ਕੀਤਾ।ਵਿਧਾਇਕ ਨੇ ਕਿਹਾ ਕਿ ਆਮ ਆਦਮੀ ਪਾਰਟੀ ਵੱਲੋਂ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ ਭਗਵੰਤ ਮਾਨ ਤੇ ਪਾਰਟੀ ਪ੍ਰਧਾਨ ਅਮਨ ਅਰੋੜਾ ਦੀ ਅਗਵਾਈ ਵਿੱਚ ਪ੍ਰਾਪਤ ਕੀਤੀ ਸ਼ਾਨਦਾਰ ਜਿੱਤ ਨੇ ਦਰਸਾ ਦਿੱਤਾ ਹੈ ਕਿ ਪੰਜਾਬ ਦੇ ਲੋਕ ਆਮ ਆਦਮੀ ਪਾਰਟੀ ਦੀ ਸਰਕਾਰ ਤੋਂ ਪੂਰੀ ਤਰ੍ਹਾਂ ਸੰਤੁਸ਼ਟ ਹਨ।ਵਿਧਾਇਕ ਸੁਖਾਨੰਦ ਨੇ ਕਿਹਾ ਕਿ ਆਮ ਆਦਮੀ ਪਾਰਟੀ ਵੱਲੋਂ ਸੈਮੀ ਫਾਈਨਲ ਮੁਕਾਬਲਾ ਜਿੱਤ ਕੇ ਹੁਣ ਫਾਈਨਲ ਮੁਕਾਬਲੇ ਵਿੱਚ ਵੀ ਵਿਰੁੱਧਾਂ ਨੂੰ ਚਿੱਤ ਕੀਤਾ ਜਾਵੇਗਾ ਤੇ ਮੁੜ ਪੰਜਾਬ ਵਿਚ ਆਪਣੀ ਸਰਕਾਰ ਬਣਾਈ ਜਾਵੇਗੀ।ਉਨ੍ਹਾਂ ਇਸ ਜਿੱਤ ਲਈ ਸਮੂਹ ਪਾਰਟੀ ਵਰਕਰਾਂ ਤੇ ਹਲਕੇ ਦੇ ਲੋਕਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਆਉਣ ਵਾਲੇ ਸਮੇਂ ਵਿੱਚ ਵੀ ਲੋਕਾਂ ਦੀ ਖੁਸ਼ਹਾਲੀ ਲਈ ਦਿਨ-ਰਾਤ ਇਕ ਕਰੇਗੀ ਤੇ ਪੰਜਾਬ ਅੰਦਰ ਵਿਕਾਸ ਕਾਰਜਾਂ ਦੀ ਜ਼ੋਰਦਾਰ ਹਨੇਰੀ ਚੱਲੇਗੀ।ਵਿਧਾਇਕ ਨੇ ਸੰਜੀਵ ਅਰੋੜਾ ਦੀ ਵੱਡੀ ਲੀਡ ਨਾਲ ਹੋਈ ਜਿੱਤ 'ਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਕਨਵੀਨਰ ਅਰਵਿੰਦ ਕੇਜਰੀਵਾਲ ਨੂੰ ਵਧਾਈ ਦਿੰਦਿਆਂ ਲੁਧਿਆਣਾ ਪੱਛਮੀ ਦੇ ਵੋਟਰਾਂ ਸਪੋਟਰਾਂ ਦਾ ਧੰਨਵਾਦ ਕੀਤਾ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀਆਂ ਲੋਕ ਪੱਖੀ ਨੀਤੀਆਂ ਤੋਂ ਪੰਜਾਬ ਦਾ ਹਰ ਵਰਗ ਬੇਹੱਦ ਖੁਸ਼ ਹੈ ਤੇ ਲੁਧਿਆਣਾ ਪੱਛਮੀ ਚੋਣ ਨੇ ਦੱਸ ਦਿੱਤਾ ਹੈ ਕਿ 2027 ਵਿੱਚ ਵੀ ਆਮ ਆਦਮੀ ਪਾਰਟੀ ਦੀ ਦੂਜੀ ਵਾਰ ਸਰਕਾਰ ਬਣੇਗੀ।

## ਐੱਨ ਸੀ ਸੀ ਕੈਂਪ 'ਚ ਕੀਤਾ ਨਸ਼ਿਆਂ ਦੀ ਵਰਤੋਂ ਪ੍ਰਤੀ ਜਾਗਰੂਕ



**ਭੀਖੀ (ਗੁਰਿੰਦਰ ਸਿੰਘ ਔਲਖ)**

ਸਰਵਹਿਤਕਾਰੀ ਵਿੱਦਿਆ ਮੰਦਰ 'ਚ ਭਾਰਤੀ ਫੌਜ ਦੇ ਨੇਵਲ ਯੂਨਿਟ ਵੱਲੋਂ ਦਸ ਰੋਜ਼ਾ ਐਨ.ਸੀ.ਸੀ.ਕੈਂਪ ਦਾ ਆਯੋਜਨ ਕੀਤਾ ਗਿਆ।ਕੈਂਪ ਕਮਾਂਡੈਂਟ ਕੈਪਟਨ ਇਸ਼ਰਾਜ ਸਿੰਘ ਕਮਾਂਡਿੰਗ ਅਫ਼ਸਰ 3 ਪੰਜਾਬ ਨੇਵਲ ਯੂਨਿਟ ਬਠਿੰਡਾ ਦੀ ਅਗਵਾਈ ਹੇਠ ਸਿਖਲਾਈ ਕੈਂਪ 18 ਤੋਂ 27 ਜੂਨ ਤੱਕ ਸਕੂਲ ਕੈਂਪਸ ਵਿੱਚ ਆਯੋਜਤ ਕੀਤਾ ਜਾ ਰਿਹਾ ਹੈ।

ਕੈਂਪ ਦੇ ਛੇਵੇਂ ਦਿਨ ਦੇ ਉਦਘਾਟਨੀ ਸਮਾਰੋਹ 'ਚ ਮੁੱਖ ਮਹਿਮਾਨ ਦੇ ਤੌਰ 'ਤੇ ਡਾ. ਅਵਤਾਰ ਸਿੰਘ ਜ਼ਿਲ੍ਹਾ ਪ੍ਰੋਗਰਾਮ ਮੈਨੇਜਰ ਮਾਨਸਾ ਨੇ ਸ਼ਿਰਕਤ ਕੀਤੀ।ਸ਼ੁਰੂਆਤ ਦੀਪ ਜੋਤੀ ਜਲਾ ਕੇ ਤੇ ਸਰਸਵਤੀ ਵੰਦਨਾ ਕਰਕੇ ਕੀਤੀ ਗਈ।

ਮੁੱਖ ਮਹਿਮਾਨ ਡਾ. ਅਵਤਾਰ ਸਿੰਘ ਨੇ ਕਿਹਾ ਕਿ ਗੁੰਝਲਦਾਰ ਮਨੁੱਖੀ ਜੀਵਨ ਸਮਾਜ 'ਚ ਬਹੁਤ ਸਾਰੀਆਂ ਭੈੜੀਆਂ ਅਲਾਮਤਾਂ ਦੀ ਜਕੜ ਵਿੱਚ ਆ ਗਿਆ ਹੈ, ਜਿਨ੍ਹਾਂ ਨੇ ਮਨੁੱਖੀ ਜੀਵਨ ਨੂੰ ਵਿਨਾਸ਼ ਵੱਲ ਧੱਕ ਦਿੱਤਾ ਹੈ।ਇਨ੍ਹਾਂ 'ਚੋਂ ਨਸ਼ਾ ਸਭ ਤੋਂ ਭੈੜੀ ਅਲਾਮਤ ਹੈ, ਜਿਸ ਨੇ ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਤੱਕ ਨੂੰ ਆਪਣੀ ਜਕੜ ਵਿੱਚ ਲਿਆ ਹੋਇਆ ਹੈ।ਅੱਜ-ਕੱਲ੍ਹ ਬਹੁਤ ਪ੍ਰਕਾਰ ਦੇ ਨਸ਼ੇ ਸਾਡੇ ਸਮਾਜ 'ਚ ਪ੍ਰਚੱਲਤ ਹਨ।ਨਸ਼ਾ ਵਿਅਕਤੀ ਨੂੰ ਸਰੀਰਕ, ਮਾਨਸਿਕ ਤੇ ਆਰਥਿਕ ਪੱਖ ਤੋਂ ਕੰਗਾਲ ਕਰ ਦਿੰਦਾ ਹੈ।

ਇਸ ਮੌਕੇ ਵਿਦਿਆਰਥੀਆਂ ਨੂੰ ਸਰਕਾਰ ਵੱਲੋਂ ਮਿਲ ਰਹੀਆਂ ਸਿਹਤ ਸਹੂਲਤਾਂ ਤੇ ਆਭਾ ਐਪ ਬਾਰੇ ਜਾਣਕਾਰੀ ਦਿੱਤੀ ਗਈ।ਵਿਦਿਆਰਥੀਆਂ ਨੂੰ ਨਸ਼ਾ ਨਾ ਕਰਨ ਸੰਬੰਧੀ ਸਹੁੰ ਵੀ ਚੁਕਾਈ ਗਈ। ਪ੍ਰਿੰਸੀਪਲ ਡਾ. ਗਗਨਦੀਪ ਪਰਾਸ਼ਰ ਨੇ ਦੱਸਿਆ ਕਿ ਇਸ ਦਸ ਰੋਜ਼ਾ ਸਿਖਲਾਈ ਕੈਂਪ ਵਿੱਚ ਪੂਰੇ ਪੰਜਾਬ ਵਿੱਚੋਂ ਵੱਖ-ਵੱਖ ਸਕੂਲਾਂ ਦੇ ਲਗਭਗ 600 ਕੈਡਿਟ ਹਿੱਸਾ ਲੈ ਰਹੇ ਹਨ। ਕੈਂਪ ਵਿੱਚ 03 ਪੰਜਾਬ ਨੇਵਲ ਯੂਨਿਟ ਬਠਿੰਡਾ ਦੇ ਜਵਾਨਾਂ ਵੱਲੋਂ ਐਨ ਸੀ ਸੀ ਕੈਡਿਟਾਂ ਨੂੰ ਡਰਿੱਲ, ਦੇਸ਼ ਦੇ ਵੱਖ-ਵੱਖ ਖੇਤਰਾਂ ਦੀ ਜਾਣਕਾਰੀ, ਆਪਾਤਕਾਲੀਨ ਸਥਿਤੀਆਂ ਨਾਲ ਨਜਿੱਠਣ, ਨੇਵੀ ਦੇ ਵੱਖ-ਵੱਖ ਰੈਂਕਾਂ ਦੀ ਜਾਣਕਾਰੀ, ਵੱਖ-ਵੱਖ ਕਿਸਮਾਂ ਦੇ ਹਥਿਆਰਾਂ ਦੇ ਸੰਚਾਲਨ ਅਤੇ ਰੱਖ ਰਖਾਅ ਅਤੇ ਨਿਸ਼ਾਨੇਬਾਜ਼ੀ ਆਦਿ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਜਾਵੇਗੀ।

## ਨਸ਼ਾ ਕਰਦਾ ਆਇਆ ਪੁਲਸ ਅੜਿੱਕੇ



**ਬਲਾਚੌਰ (ਜਸਵਿੰਦਰ ਬੈਂਸ)**- ਪੰਜਾਬ ਸਰਕਾਰ ਦੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਅਤੇ ਪੁਲਸ ਥਾਣਾ ਬਲਾਚੌਰ ਦੀ ਪੁਲਸ ਵੱਲੋਂ ਇੱਕ ਵਿਅਕਤੀ ਨੂੰ ਨਸ਼ਾ ਕਰਦਿਆਂ ਕਾਬੂ ਕੀਤਾ ਹੈ। ਏ ਐਸ ਆਈ ਮਨੋਹਰ ਲਾਲ ਨੇ ਦੱਸਿਆ ਕਿ ਮੁਖਬਰ ਖਾਸ ਵੱਲੋਂ ਸੂਚਨਾ ਦਿੱਤੀ ਗਈ ਸੀ ਕਿ ਟਾਹਲੀ ਸਾਹਿਬ ਗੁਰਦੁਆਰਾ ਤੋਂ ਪਿੰਡ ਬੂਲੇਵਾਲ ਨੂੰ ਜਾਂਦੇ ਰਸਤੇ ਵਿੱਚ ਖੇਤਾਂ ਨੂੰ ਜਾਂਦੇ ਕੱਚੇ ਰਸਤੇ ਵਿਖੇ ਇੱਕ ਮੋਨਾ ਨੌਜਵਾਨ ਬੈਠਾ ਸਿਲਵਰ ਪੇਪਰ ਪੰਨੀ 'ਤੇ ਕੋਈ ਜਹਿਰੀਲੀ ਚੀਜ ਰੱਖ ਕੇ ਉਸਦੇ ਥੱਲੇ ਆਪਣੇ ਹੱਥ ਵਿੱਚ ਫੜੇ ਲਾਈਟਰ ਨੂੰ ਜਲਾ ਕੇ ਸੇਕ ਦੇ ਰਿਹਾ ਹੈ ਅਤੇ ਉਸ ਵਿੱਚੋਂ ਨਿਕਲ ਰਹੇ ਧੂਏਂ ਨੂੰ ਨੋਟ ਦਾ ਪਾਈਪ ਬਣਾ ਕੇ ਸੁੰਘ ਰਿਹਾ ਹੈ ਅਤੇ ਇਹ ਜਾਪਦਾ ਹੈ ਕਿ ਉਹ ਹੈਰੋਇਨ ਦਾ ਨਸ਼ਾ ਕਰ ਰਿਹਾ ਹੈ। ਜਦੋਂ ਉਕਤ ਸਥਾਨ 'ਤੇ ਰੇਡ ਕੀਤੀ ਗਈ ਤਾਂ ਉਸ ਵਿਅਕਤੀ ਨੂੰ ਰੰਗੇ ਹੱਥੀਂ ਕਾਬੂ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਵਿਅਕਤੀ ਦੀ ਪਹਿਚਾਣ ਜਗਤਾਰ ਸਿੰਘ ਉਰਫ ਕਾਕਾ ਪੁੱਤਰ ਲੇਟ ਪ੍ਰਕਾਸ਼ ਰਾਮ ਵਾਸੀ ਪਿੰਡ ਸੁੱਜੋਵਾਲ ਥਾਣਾ ਬਲਾਚੌਰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਜੋਂ ਹੋਈ ਹੈ।

## ਡਾ.ਹਰਜਿੰਦਰ ਜੱਖੂ ਵਲੋਂ 'ਜੈ ਭੀਮ ਯੂਨਾਈਟਿਡ ਵੁਆਇਸ ਆਫ਼ ਪੰਜਾਬ' ਬਣਾਉਣ ਦਾ ਐਲਾਨ

**ਫਗਵਾੜਾ (ਡਾ. ਰਮਨ)** ਉੱਘੇ ਦਲਿਤ ਬੁੱਧੀਜੀਵੀ, ਕੱਟੜ ਅੰਬੇਡਕਰਵਾਦੀ ਅਤੇ ਮਾਨਵਤਾਵਾਦ ਦੇ ਮੁੱਦਈ ਅਤੇ ਸਮਾਜਿਕ ਮੁੱਦਿਆਂ ਦੇ ਚਿੰਤਕ ਡਾ.ਹਰਜਿੰਦਰ ਸਿੰਘ ਜੱਖੂ ਨੇ 'ਜੈ ਭੀਮ ਯੂਨਾਈਟਿਡ ਵੁਆਇਸ ਆਫ਼ ਪੰਜਾਬ' ਨਾਂਅ ਦੀ ਸਮਾਜਿਕ ਜਥੇਬੰਦੀ ਬਣਾਉਣ ਦਾ ਐਲਾਨ ਕੀਤਾ ਹੈ।ਜੱਖੂ ਨੇ ਦੱਸਿਆ ਕਿ ਲੱਗਭੱਗ ਇੱਕ ਕਰੋੜ ਪੰਦਰਾਂ ਲੱਖ ਦੀ ਅਬਾਦੀ ਵਾਲਾ ਬਾਬਾ ਸਾਹਿਬ ਡਾਕਟਰ ਅੰਬੇਡਕਰ ਜੀ ਦਾ ਪਰਵਾਰ ਪੰਜਾਬ ਦੀ ਧਰਤੀ ਤੇ ਵੱਸਦਾ ਹੈ ਜੋ 39 ਜਾਤਾਂ 'ਚ ਵੰਡਿਆ ਹੋਇਆ ਹੈ। ਸਮਾਜਿਕ, ਧਾਰਮਿਕ, ਆਰਥਿਕ ਅਤੇ ਰਾਜਨੀਤਕ ਪਛੜੇਵੇਂ ਨੇ ਇਸ ਸਮਾਜ ਨੂੰ ਗੁਰਬਤ ਮਾਰੀ ਜ਼ਿੰਦਗੀ ਜਿਉਣ ਲਈ ਮਜ਼ਬੂਰ ਕੀਤਾ ਹੋਇਆ ਹੈ। ਇਸ ਸਮਾਜ ਦੀ ਸਾਰੀ ਪੂੰਜੀ ਸਿਰਫ਼ ਤੇ ਸਿਰਫ਼ ਵੋਟ ਭੰਡਾਰ ਹੈ ਤੇ ਇਹ ਸਮਾਜ ਇਸ ਵੋਟ ਭੰਡਾਰ ਨੂੰ ਭੰਡਾਰੇ 'ਚ ਮਿਲਦੇ ਲੰਗਰ ਦੀ ਤਰ੍ਹਾਂ ਵਰਤਾ ਦਿੰਦਾ ਹੈ ਤੇ ਫਿਰ ਵੋਟਾਂ ਤੋਂ ਅਗਲੀਆਂ ਵੋਟਾਂ ਤੱਕ ਤਰਸਮਈ ਜ਼ਿੰਦਗੀ ਬਤੀਤ ਕਰਦਾ ਹੈ। ਡਾ. ਜੱਖੂ ਨੇ ਇਹ ਵੀ ਦੱਸਿਆ ਕਿ ਇਸ ਸਮਾਜ ਦਾ ਵੋਟ ਭੰਡਾਰ ਸਾਰੀਆਂ ਰਾਜਨੀਤਕ ਪਾਰਟੀਆਂ ਲਈ ਸੰਜੀਵਨੀ ਬੂਟੀ ਦਾ ਕੰਮ ਕਰਦਾ ਹੈ ਪਰ ਆਪ ਜੜ੍ਹਾਂ ਤੋਂ ਸੋਕੜੇ ਦਾ ਸ਼ਿਕਾਰ ਹੈ। 25000 ਤੋਂ ਵੱਧ ਸਮਾਜਿਕ ਜਥੇਬੰਦੀਆਂ ਅਤੇ ਇੱਕ ਰਾਜਨੀਤਿਕ ਪਾਰਟੀ ਇਹਨਾਂ ਦੇ ਆਪਣਿਆਂ ਦੀ ਹੈ ਪਰ ਨਾ ਸਮਾਜਿਕ ਤੇ ਨਾ ਰਾਜਨੀਤਿਕ ਪਛੜੇਵਾਂ ਇਹਨਾਂ ਦੇ ਘਰਾਂ ਦੀਆਂ ਬਰੂਹਾਂ ਤੋਂ ਬਾਹਰ ਹੁੰਦਾ ਹੈ, ਇਹੀ ਸਾਡੀ ਚਿੰਤਾ ਦਾ ਕਾਰਨ ਹੈ। ਡਾ. ਜੱਖੂ ਨੇ ਦੱਸਿਆ ਕਿ ਸਮਾਜਿਕ ਤੌਰ 'ਤੇ ਸਮਾਜ ਨੂੰ ਇੱਕ ਜੁੱਟ ਕਰਨਾ ਸਾਡੀ ਜਥੇਬੰਦੀ ਦੀ ਪਹਿਲ ਹੋਵੇਗੀ ਤੇ ਦਿੱਲੀ ਦੀ ਛੱਤਰੀ ਥੱਲੇ ਕੰਮ ਕਰਨ ਵਾਲੇ ਸਾਡੇ ਸਮਾਜ ਦੇ ਕਾਰਜ ਕਰਤਾਵਾਂ ਨੂੰ ਸਾਡੀ ਅਪੀਲ ਹੈ ਕਿ ਆਓ ਪਹਿਲਾਂ ਆਪਣਾ ਘਰ ਪੰਜਾਬ ਸੰਭਾਲੀਏ ਫਿਰ ਦੇਸ਼ ਵੱਲ ਤੁਰਾਂਗੇ।ਜੱਖੂ ਨੇ ਐਲਾਨ ਕੀਤਾ ਕਿ ਸੋਚ ਵਿਚਾਰਨ ਤੋਂ ਬਾਅਦ ਫੈਸਲਾ ਕੀਤਾ ਗਿਆ ਹੈ ਕਿ ਸੱਭ ਤੋਂ ਪਹਿਲਾਂ 1 ਸਟੇਟ ਕੋਆਰਡੀਨੇਟਰ ਲਗਾਏ ਜਾਣਗੇ ਤੇ ਉਹਨਾਂ ਦੇ 6 ਮਹੀਨੇ ਦੇ ਕੰਮ ਤੋਂ ਬਾਅਦ ਜਥੇਬੰਦੀ ਦਾ ਜਥੇਬੰਦਕ ਢਾਂਚਾ ਬਣਾਇਆ ਜਾਵੇਗਾ।ਜੱਖੂ ਨੇ ਇਹ ਵੀ ਐਲਾਨ ਕੀਤਾ ਕਿ ਬੀ.ਜੇ.ਪੀ ਤੋਂ ਬਿਨਾਂ ਹਰ ਸਿਆਸੀ ਪਾਰਟੀ ਦਾ ਆਗੂ ਇਸ ਸਮਾਜਿਕ ਜਥੇਬੰਦੀ ਦਾ ਮੈਂਬਰ ਬਣ ਸਕਦਾ ਹੈ ਜੋ ਕਿ ਬਾਬਾ ਸਾਹਿਬ ਡ ਅੰਬੇਡਕਰ ਜੀ ਦੇ ਵੱਡੇ ਪਰਵਾਰ ਦਾ ਹਿੱਸਾ ਹਨ।

## ਸਿਵਲ ਸਰਜਨ ਨੇ ਖਰੜ ਹਸਪਤਾਲ ਦਾ ਕੀਤਾ ਦੌਰਾ



**ਖਰੜ, (ਹਰਨਾਮ ਸਿੰਘ ਡੱਲਾ)**-ਸਰਕਾਰੀ ਸਿਹਤ ਸੰਸਥਾਵਾਂ ਦੇ ਕੰਮਕਾਜ ਨੂੰ ਬਿਹਤਰ ਅਤੇ ਪ੍ਰਭਾਵਸ਼ਾਲੀ ਬਣਾਉਣ ਦੇ ਉਦੇਸ਼ ਨਾਲ ਸਿਵਲ ਸਰਜਨ ਡਾ. ਸੰਗੀਤਾ ਜੈਨ ਨੇ ਇੱਥੇ ਖਰੜ ਦੇ ਸਬ-ਡਵੀਜ਼ਨਲ ਹਸਪਤਾਲ ਦਾ ਅਚਨਚੇਤ ਦੌਰਾ ਕੀਤਾ। ਉਨ੍ਹਾਂ ਨੇ ਹਸਪਤਾਲ ਦੇ ਸਾਰੇ ਵਿਭਾਗਾਂ, ਦਵਾਈਆਂ ਅਤੇ ਹੋਰ ਜ਼ਰੂਰੀ ਉਪਕਰਣਾਂ ਦੀ ਉਪਲਬਧਤਾ ਦੀ ਜਾਂਚ ਕੀਤੀ। ਉਨ੍ਹਾਂ ਡਾਕਟਰਾਂ ਨਾਲ ਵੀ ਗੱਲਬਾਤ ਕਰਦਿਆਂ ਟੈਸਟ ਤੇ ਇਲਾਜ ਸਹੂਲਤਾਂ ਦੀਆਂ ਸਮੱਸਿਆਵਾਂ ਬਾਰੇ ਪੁੱਛਗਿੱਛ ਕੀਤੀ।ਸਿਵਲ ਸਰਜਨ ਨੇ ਕਾਰਜਕਾਰੀ ਸੀਨੀਅਰ ਮੈਡੀਕਲ ਅਫ਼ਸਰਾਂ (ਐਸ.ਐਮ.ਓ.) ਅਤੇ ਡਾਕਟਰਾਂ ਨੂੰ ਹਦਾਇਤ ਕੀਤੀ ਕਿ ਉਹ ਲੋਕਾਂ ਨੂੰ ਵਧੀਆ ਸਿਹਤ ਸਹੂਲਤਾਂ ਪ੍ਰਦਾਨ ਕਰਨ ਅਤੇ ਡਾਕਟਰੀ ਸਹੂਲਤਾਂ ਪ੍ਰਦਾਨ ਕਰਨ ਵਿੱਚ ਕਿਸੇ ਵੀ ਤਰ੍ਹਾਂ ਦੀ ਲਾਪਰਵਾਹੀ ਨੂੰ ਬਿਲਕੁਲ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਡਾਕਟਰਾਂ ਨੂੰ ਕਿਹਾ ਕਿ ਉਹ ਸਿਰਫ਼ ਜੈਨਰਿਕ ਅਤੇ ਹੋਰ ਦਵਾਈਆਂ ਹੀ ਲਿਖਣ ਜੋ ਹਸਪਤਾਲ ਦੀ ਫਾਰਮੇਸੀ ਵਿੱਚ ਉਪਲਬਧ ਹਨ ਅਤੇ ਮਰੀਜ਼ਾਂ ਨੂੰ ਨਿੱਜੀ ਕੈਮਿਸਟ ਦੁਕਾਨਾਂ ਤੋਂ ਦਵਾਈਆਂ ਖਰੀਦਣ ਲਈ ਮਜਬੂਰ ਨਾ ਕਰਨ। ਜੈਨ ਨੇ ਨਸ਼ਾ ਛੁਡਾਊ, ਮੁਫ਼ਤ ਦਵਾਈਆਂ ਅਤੇ ਟੈਸਟ, ਆਮ ਆਦਮੀ ਕਲੀਨਿਕ, ਕਾਇਆਕਲਪ ਆਦਿ ਵਰਗੇ ਵੱਖ-ਵੱਖ ਸਿਹਤ ਪ੍ਰੋਗਰਾਮਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ 'ਤੇ ਵੀ ਜ਼ੋਰ ਦਿੱਤਾ ਤਾਂ ਜੋ ਲੋਕ ਸਿਹਤ ਯੋਜਨਾਵਾਂ ਦਾ ਪੂਰਾ ਲਾਭ ਪ੍ਰਾਪਤ ਕਰ ਸਕਣ। ਸਿਵਲ ਸਰਜਨ ਨੇ ਡਾਕਟਰਾਂ ਨੂੰ ਮਰੀਜ਼ਾਂ ਨਾਲ ਚੰਗਾ ਵਿਵਹਾਰ ਕਰਨ ਅਤੇ ਸਹੀ ਸੇਵਾਵਾਂ ਪ੍ਰਦਾਨ ਕਰਨ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ। ਇਸ ਮੌਕੇ ਕਾਰਜਕਾਰੀ ਐਸ ਐਮ ਓ ਡਾ. ਰਾਹੁਲ ਭੱਲਾ ਅਤੇ ਹੋਰ ਅਧਿਕਾਰੀ ਵੀ ਮੌਜੂਦ ਸਨ।


## ਉੱਤਰ ਰੇਲਵੇ

### ਟੈਂਡਰ ਸੂਚਨਾ

ਭਾਰਤ ਦੇ ਰਾਸ਼ਟਰਪਤੀ ਦੇ ਲਈ ਅਤੇ ਉਨ੍ਹਾਂ ਦੀ ਤਰਫ ਤੋਂ ਮੁੱਖ ਇੰਜੀਨੀਅਰ / ਨਿਰਮਾਣ /ਰੋਡ ਸੁਰੱਖਿਆ ਪ੍ਰੋਜੇਕਟ, ਉੱਤਰ ਰੇਲਵੇ, 901 ਬੀ, ਟਾਵਰ-I, ਵੀਂ ਮੰਜ਼ਿਲ, ਕਨੇਕਟਸ ਟਾਵਰ, ਡੀਐਮਆਰਬੀ ਬਿਲਡਿੰਗ, ਅਜਮੇਰੀ ਗੇਟ, ਨਵੀਂ ਦਿੱਲੀ-110002 ਹੇਠਾ ਲਿਖੇ ਕੰਮ ਦੇ ਲਈ ਦੋ ਪੈਕੇਟ ਪ੍ਰਣਾਲੀ ਦੇ ਅੰਤਰਗਤ ਈ-ਟੈਂਡਰਾ ਮੰਗ ਕਰਦੇ ਹਨ।

| | |
|---|---|
| 1 | ਕੰਮ ਦਾ ਪੂਰਾ ਨਾਮ : ਉੱਤਰ ਰੇਲਵੇ ਦੀ ਸੀਏਓ ਨਿਰਮਾਣ (ਆਰਐਸਪੀ) ਇਕਾਈ ਦੇ ਤਹਿਤ ਉੱਤਰ ਰੇਲਵੇ ਦੇ ਦਿੱਲੀ, ਅੰਬਾਲਾ ਅਤੇ ਫ਼ਿਰੋਜ਼ਪੁਰ ਡਵੀਜਨਾਂ ਵਿਚ ਆਰਓਬੀ/ਆਰਯੂਬੀ ਕੰਮ ਦੇ ਲਈ ਪਰਿਯੋਜਨਾ ਪਰਯਵੇਖਸ਼ਣ ਸੇਵਾ ਏਜੰਸੀ (ਪੀਐਸਐਸਏ) ਦੀ ਨਿਯੁਕਤੀ ਦੇ ਲਈ ਪ੍ਰਸਤਾਵ ਲਈ ਅਨੁਰੋਧ (ਆਰਐਫਪੀ) |
| 2 | ਲਗਭਗ ਕੰਮ ਦੀ ਲਾਗਤ : ਰੁ: 29,58,26,277,84 ਰੁਪਏ ਕੇਵਲ ( ਉਨਤੀਸ ਕਰੋੜ ਅਠਾਵਨ ਲੱਖ ਛਬੀਸ ਹਜ਼ਾਰ ਦੋ ਸੋ ਸਤਹਤਰ ਰੁਪਏ ਅਤੇ ਚੋਰਾਸੀ ਪੈਸੇ ਕੇਵਲ) |
| 3 | ਕੰਮ ਪੂਰਾ ਕਰਨ ਦ ਸਮਾਂ : 36 ਮਹੀਨੇ ਦਾ ਸਮਾਂ |
| 4 | ਬਿਆਨਾ ਰਾਸ਼ੀ : ਰੁ:16,29,100/- ਰੁਪਏ ਕੇਵਲ (ਸੋਲਹ ਲੱਖ ਉਨਤੀਸ ਹਜ਼ਾਰ ਇਕ ਸੌ ਰੁਪਏ ਕੇਵਲ) |
| 5 | ਰੇਲਵੇ ਉਤੇ ਟੈਂਡਰ ਦਸਤਾਵੇਜ ਦੀ ਵਿਕਰੀ/ਉਪਲਬਧਤਾ : ਟੈਂਡਰ ਦਸਤਾਵੇਜ ਆਈਆਰਈਪੀਐਸ ਵੈੱਬਸਾਈਟ ਯਾਨੀ www.ireps.gov.in ਉਤੇ 20.06.2025 ਤੋਂ 15.07.2025 ਤਕ ਉਪਲਬਧ ਰਹਿਣਗੇ। |
| 6 | ਟੈਂਡਰਾ ਅਪਲੋਡ ਕਰਨ ਦੀ ਆਖਰੀ ਮਿਤੀ/ਸਮਾਂ : ਟੈਂਡਰ ਦਸਤਾਵੇਜ ਆਈਆਰਈਪੀਐਸ ਵੈੱਬਸਾਈਟ ਯਾਨੀ ਉਤੇ 15.07.2025, 11:30 ਵਜੇ ਤਕ ਅਪਲੋਡ ਕੀਤੇ ਜਾਂ ਸਕਦੇ ਹਨ। |
| 7 | ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ : 15.07.2025, 11:30 ਵਜੇ ਦੇ ਬਾਦ ਕਿਸੀ ਵੀ ਸਮੇਂ। |

ਨੰ: 14/W/09/2025/WA/Dy.CE/C/RSP ਮਿਤੀ : 20.06.2025 1880/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ


## ਅਦਾਲਤੀ ਇਸ਼ਤਿਹਾਰ

ਬਾ ਅਦਾਲਤ ਨਾਇਬ ਤਹਿਸੀਲਦਾਰ-ਕਮ-ਸਹਾਇਕ-ਕੁਲੈਕਟਰ ਦਰਜਾ ਅੱਵਲ, ਅਟਾਰੀ, ਅੰਮ੍ਰਿਤਸਰ

ਕੇਸ ਨੰ. : 39/ਅਧਰ/ਕੇਸ, 40/ਅਧਰ/ਕੇਸ 41/ਅਧਰ/ਕੇਸ, 42/ਅਧਰ/ਕੇਸ, 43/ਅਧਰ/ਕੇਸ

ਕੇਸ ਅਨੁਵਾਨ : ਲਖਬੀਰ ਸਿੰਘ ਆਦਿ ਬਨਾਮ ਜੋਗਿੰਦਰਪਾਲ ਸਿੰਘ ਵਗੈਰਾ ਪਿੰਡ ਭਕਨਾ ਖੁਰਦ

ਇਸ ਨੋਟਿਸ ਰਾਹੀਂ ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਲਖਬੀਰ ਸਿੰਘ ਆਦਿ ਵਗੈਰਾ ਵਾਸੀ ਪਿੰਡ ਭਕਨਾ ਖੁਰਦ ਨਾਲ ਸੰਬੰਧਤ ਤਕਸੀਮ ਦਾ ਕੇਸ ਦਾਇਰ ਕੀਤਾ ਹੋਇਆ ਹੈ, ਜਿਸ ਵਿੱਚ ਹੇਠ ਅਨੁਸਾਰ ਪਾਰਟੀਆਂ ਹਨ। ਫਰੀਕ ਅੱਵਲ

ਨੋਟਿਸ ਬਨਾਮ

[illegible]

ਅੱਜ ਮਿਤੀ 13.06.25 ਨੂੰ ਮੇਰੇ ਦਸਤਖਤਾਂ ਤੇ ਮੋਹਰ ਅਦਾਲਤ ਨਾਲ ਇਹ ਨੋਟਿਸ ਜਾਰੀ ਕੀਤਾ ਗਿਆ।

ਸਹੀ/- ਨਾਇਬ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ, ਅਟਾਰੀ

ਨੰ. ਰੀਡਰ/206-12 ਮਿਤੀ : 13/06/2025

## ਅਦਾਲਤੀ ਇਸ਼ਤਿਹਾਰ

ਬਾ ਅਦਾਲਤ ਸ੍ਰੀਮਤੀ ਮਲਕੀਅਤ ਦੇਵੀ ਨਾਇਬ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ, ਭੋਗਪੁਰ (ਜਲੰਧਰ)

[illegible]

ਨੰ: 275/ਆਰ. ਮਿਤੀ : 24.06.25 ਸਹੀ/- ਸਹਾਇਕ ਕੁਲੈਕਟਰ ਦਰਜਾ ਅੱਵਲ, ਭੋਗਪੁਰ, ਜ਼ਿਲ੍ਹਾ ਜਲੰਧਰ।


## UMMEED HOUSING FINANCE PVT. LTD

Registered office at: 2009-2014, 20th Floor, Magnum Global Park, Sector-58, Gurugram (Haryana)-122002")

CIN:U65922HR2016PTC057984.

ਸਰਫੇਸੀ ਐਕਟ ਸੈਕਸ਼ਨ (13) 2 ਤਹਿਤ ਡਿਮਾਂਡ ਨੋਟਿਸ

[illegible]

| ਲੜੀ ਨੰ. | ਕਰਜ਼ਦਾਰ/ਬਿਨੈਕਾਰ/ਗਰੰਟਰ/ਰਹਿਣਦਾਰ ਦਾ ਨਾਂਅ | 13(2) ਨੋਟਿਸ |
|---|---|---|
| 1. | [illegible] | 10 ਜੂਨ 25 ਰੁਪਏ 332,180/- |

ਮਿਤੀ : 25-06-2025

ਸਥਾਨ : ਲੁਧਿਆਣਾ



## ਭਾਰਤੀ ਰੇਲ

ਪ੍ਰੋਗਰਾਮ 10-1

### "ਸਾਰਵਜਨਿਕ ਸੂਚਨਾ"

[illegible]

#### ਸੈਕਸ਼ਨ

ਉੱਤਰ ਰੇਲਵੇ ... 492/23 ... 490/02 ...

ਤਾਰੀਖ :- 10.07.2025

ਪ੍ਰੋਗਰਾਮ 10-02

#### ਭਾਰਤੀਯ ਰੇਲਵੇ

### ਏਸੀ 25 ਕੇਵੀ ਕਰਸ਼ਨ ਨੂੰ ਚਾਲੂ ਕਰਨਾ

### "ਸੜਕ ਉਪਯੋਗਕਰਤਾ ਨੂੰ ਚੇਤਾਵਨੀ"

[illegible]

ਨੰ. 17 ਬਿਜਲੀ ਨਿਰਮਾਣ ਟੀਆਰਡੀ ਜੇਯੂਸੀ 131ਸਿੰਗੀ 23.06.2025

1892/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



## ਉੱਤਰ ਰੇਲਵੇ

### ਟੈਂਡਰ ਸੂਚਨਾ

ਸੀਨੀ. ਮੰਡਲ ਬਿਜਲੀ ਇੰਜੀਨੀਅਰ ਉੱਤਰ ਰੇਲਵੇ, ਲੁਧਿਆਣਾ ... ਜਾਂਦੀ ਹੈ। ਟੈਂਡਰਕਰਤਾ ਅਪਣੇ ਮੂਲ/ਸੰਸ਼ੋਧਿਤ ਟੈਂਡਰ ਮਿਤੀ 17.07.2025 ਨੂੰ 15.00 ਵਜੇ ਤਕ ... ਮਾਨਯ ਨਹੀਂ ਹੈ ਅਤੇ ਐਸੇ ਕਿਸੀ ਵੀ ਮੈਨੂੰਅਲ ਪ੍ਰਾਪਤ ਪ੍ਰਸਤਾਵ ... ਭੁਗਤਾਨ ਕਰਨ ਦੇ ਲਈ ਕੇਵਲ ਆਈ.ਆਰ.ਈ.ਪੀ.ਐਸ. ਪੋਰਟਲ ... ਕ੍ਰੇਡਿਟ ਕਾਰਡ ਤੋਂ ਭੁਗਤਾਨ ਕਰ ਸਕਦੇ ਹਨ। ਮੈਨੂੰਅਲ ਭੁਗਤਾਨ ... ਭੁਗਤਾਨ ਦੀ ਅਨੁਮਤੀ ਨਹੀਂ ਹੈ।

| ਟੈਂਡਰ ਨੰਬਰ | ਕੰਮਾਂ ਦਾ ਵੇਰਵਾ | ਅਨੁਮਾਨਿਤ ਲਾਗਤ (₹) | ਟੈਂਡਰ ਦੀ ਕੀਮਤ (₹) | ਟੈਂਡਰ ਦੀ ਪੂਰਾ ਕਰਨ ਦੀ ਮਿਤੀ ਅਤੇ ਸਮਾਂ | ਬਿਆਨਾ ਰਾਸ਼ੀ (₹) | ਕੰਮ ਦਾ ਸਮਾਂ | ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ | ਵੈਬਸਾਈਟ |
|---|---|---|---|---|---|---|---|---|
| 2025-26-03 | ਇਲੈਕਿਟ੍ਰਕ ਇੰਜਨਾ ਦੀ ਛੱਤ ਉਤੇ ਲਗੇ ਇਲੈਕਿਟ੍ਰਕ ਲੋਕ ਕੈਬ ਏਯਰ ਕੰਡੀਸ਼ਨਰ ਦੀ ਏਐਮਸੀ। | ₹ 2,02,83,909.44/- | ਸਿਫਰ | 17.07.2025 15:00 ਵਜੇ ਤਕ | 251400/- | 24 ਮਹੀਨੇ | 17.07.2025 15:00 ਵਜੇ ਦੇ ਬਾਦ | www.ireps.gov.in |

ਨੰ: 230-Elect/TRS/LDH/WC/CAB-AC/OT/2025-26/03

ਮਿਤੀ : 24.06.2025 1894/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ


# ਕਲਾਸੀਫਾਈਡ ਇਸ਼ਤਿਹਾਰ

## Change of Name

I, Shakuntla Malhotra W/o Madan Lal R/o 594 Valmiki Nagar Model town Abadpura, Jalandhar have changed my name from Shakutla Malhotra to Shakuntla Malhotra. Please note.

I, Samshar Singh S/o Bakhshish Singh R/o VPO Mattewal, Tehsil Baba Bakala Sahib, Mattewal, Distt. Amritsar, Punjab-143119 have changed my name from Samshar Singh to Samsher Singh.

I Gurjeet Kaur, wife of Sulakhan Singh R/o Vill. Bhamboi P.O Dadiala Najara Tehsil Batala, District Gurdaspur. I have changed my name Gurjeet Kaur to Gurjit Kaur.

I, Pushkar Thakar S/o Dharam Singh R/o H. No. 134/12, Milap Nagar Distt. Hoshiarpur Punjab have changed my name form Pushkar Thakar to Pushkar Thakur. Concerned note.

I, Rajni W/o Prince Partap Singh Ahluwalia R/o H.No.3644/28 Gali No.2 Guru Ram Dass Nagar Sultanwind Road Amritsar have changed my name to Rajni Walia.

I, Surinder Kaur W/o Sukhjit Singh R/o Patti Ramu Ki, VPO Dhilwan, Kapurthala have changed my son's name from Ekamjeet Singh to Ekamjit Singh.

I, Suman Gill W/o John Paul Gill R/o Plot No.14, Gali No.1, Gopal Nagar, Majitha Road, Amritsar have changed my name to Suman W/o John Paul.

I, Amandeep Singh Bagga S/o Kashmir Singh R/o H.No.12, Garden Enlave, Opp Ryan International School Verka Bypass, Inside Garden Villa Amritsar have changed my name from Amandeep Singh Bagga to Amandeep Singh.

I, Nitish Kumar S/o Deepak Kumar R/o Ward No.12, Fatehgarh Churian, Tehsil Batala District Gurdaspur have declare that Nitish is my Given name and Kumar is my Surname.

I, Anand Bulb and Anand Ballabh S/o Tara Dutt R/o 4/1021, Judge Nagar, Near Bavi Mata Da Mandir, Tungpai, Amritsar have declare that above both names are mine one and same person.

I, Manjit Kaur Makar W/o Parmjit Singh D/o Gurcharan Singh R/o 98, Baba Deep Singh Colony, I/s Chatiwind Gate Amritsar have changed my name from Manjit Kaur Makar to Manjit Kaur.

I, Parmjit Singh Makar S/o Pritam Singh R/o 98, Baba Deep Singh Colony, I/s Chatiwind Gate Amritsar have changed my name from Parmjit Singh Makar to Parmjit Singh.

I, Gurdip Singh S/o Surjit Singh R/o Village Ramgarh Kullian, Tehsil Mukerian, Distt. Hoshiarpur, Punjab have changed the name of my minor daughter from Harpreet to Harpreet Kaur. Concerned Note.

I, Gurdip Singh S/o Surjit Singh R/o Village Ramgarh Kullian, Tehsil Mukerian, Distt. Hoshiarpur, Punjab have changed the name of my minor daughter from Manpreet to Manpreet Kaur. Concerned Note.

I, Manish Kumar S/O Raj Pal, Residing At House No 243, Old Ravidass Gurudwara, Chanan Chowk, VPO Dakoha, Distt. Jalandhar, Punjab 144023 Have Changed My Name From Munish Kumar To Manish Kumar.

I, Ashok Kumar Gautam S/o Brij Lal R/o Shree Satya Narayan Mandir, Tanda Road, Industrial Town, Jalandhar, Punjab-144004, India have changed my name from Ashok Kumar to Ashok Kumar Gautam. All concerned please note.

I, Amarjit Singh S/o Darshan Singh R/o Dhina Aman Enclave, Jalandhar Cantt. Jalandhar declare That Amarjit Singh And Amarjeet Singh both are my names . Both names are of one & the same person.

I, Makhan SinghS/O Sh Tarlok Singh R/o VPO Lidhran, District Jalandhar, Punjab Declare that my wife had changed her name From Gurbakhsh Kaur to Gurbaksh Kaur .

I Nidhi Gupta W/o Davinder Bansal,R/o H.No EG-1318/1319,Gobind Garh,Jalandhar have changed my name from Nidhi Gupta to Nidhi Bansal after marriage.All concerned may note.

I Amandeep Kaur Legal W/o N.2493301N CHM Amandeep Singh of 26,Punjab presently residing at H.No. 348,Guru Ram Dass Enclave,Jalandhar 144021 have changed my name/spelling from Amandip Kaur to Amandeep Kaur.

I, Garima Arora w/o Ashish Sahni r/o WG-102/1, Islam Ganj, Near Sahni Sweet, Jalandhar have changed my surname from Garima Arora to Garima Sahni. All Please Note.

I, Sandeep Kaur Sandhu w/o Jatinder Singh r/o Vill. Mansorwal Bet, Po. Dhilwan, Kapurthala have changed my name to Sandeep Kaur. All Please Note.

I, Baljit Kaur w/o Sarabjit Singh Dhillon r/o VPO. Mandi, Teh. Phillaur, Distt. Jalandhar have changed my name to Baljit Kaur Dhillon. All Please Note.

I, hitherto known as Rajinder Pal S/o Hari Ram R/o Vill. Rasulpur Brahmna, PO. Rahimpur, P.S Kartarpur, Jalandhar, Punjab- 144801 have changed my name and shall hereafter be known as Rajinder Kumar.

I, Jujhar Singh S/o Karamjeet Singh R/o VPO. Sikri, Tehsil & Distt. Hoshiarpur, Punjab have changed my name from Jujhar Singh to Singh Jujhar (Surname as Singh) All Please Note.

I, Jaskaran Singh S/o Baljinder Singh R/o VPO. Sahni, Tehsil Phagwara, Distt. Kapurthala, Punjab have changed my name from Jaskaran Singh to Singh Jaskaran (Surname as Singh) All Please Note.

I, Kanchan Bala W/o Satish R/o 231 A, Ekta Nagar, Phase-1, Rama Mandi, Jalandhar, Punjab have delete my surname from Kanchan Bala to Kanchan. All Please Note.

I, Eknoor Singh Saini S/o Sukhwinder Singh R/o Gali No. 4, Duplex No.8, Jawahar Enclave Dalla Farm Jail Road Gurdaspur, P.O./Teh./Distt. Gurdaspur, Punjab, India, have changed my name from Eknoor Singh Saini to Eknoor Singh.

I, Anita Sharma W/o Rinku Sharma R/o H.No. 75/20 New Amar Nagar, Street No. 8, Ludhiana, Punjab, India, have changed my name from Anita Sharma to Shivani Sharma.

## ਨਾਂਅ ਦੀ ਬਦਲੀ

ਮੈਂ ਪੱਲਵੀ ਪੁੱਤਰੀ ਦਵਿੰਦਰ ਸਿੰਘ ਨਿਵਾਸੀ ਨੇੜੇ ਸੁੱਖਾ ਸਿੰਘ ਗੁਰਦੁਆਰਾ, ਧੂਰੀ (ਸੰਗਰੂਰ) ਨੇ ਆਪਣਾ ਨਾਮ ਬਦਲ ਕੇ ਪਰਨੀਤ ਵਰਮਾ ਰੱਖ ਲਿਆ ਹੈ।

ਮੈਂ, ਮਨਜੋਤ ਸਿੰਘ ਦਦਰਾ ਪੁੱਤਰ ਜੋਗਿੰਦਰ ਸਿੰਘ, ਪਿੰਡ ਕਹੇਰੂ (ਸੰਗਰੂਰ) ਨੇ ਆਪਣਾ ਨਾਮ ਬਦਲ ਕੇ ਮਨਜੋਤ ਸਿੰਘ ਰੱਖ ਲਿਆ ਹੈ।

ਮੈਂ, ਗੁਰਬਚਨ ਸਿੰਘ ਪੁੱਤਰ ਪਿਆਰਾ ਸਿੰਘ ਵਾਸੀ ਪਿੰਡ ਫਿਰੋਜ ਰੋਲੀਆ, ਤਹਿਸੀਲ ਟਾਂਡਾ, ਜ਼ਿਲ੍ਹਾ ਹੁਸ਼ਿਆਰਪੁਰ। ਮੇਰਾ ਨਾਂਅ ਜਮ੍ਹਾਂਬੰਦੀ ਵਿੱਚ ਬਚਨ ਸਿੰਘ ਚੱਲ ਰਿਹਾ ਹੈ, ਹੁਣ ਮੈਂ ਆਪਣਾ ਨਾਂਅ ਗੁਰਬਚਨ ਸਿੰਘ ਰੱਖ ਲਿਆ ਹੈ। ਸੰਬੰਧਤ ਨੋਟ ਕਰਨ।

## ਆਮ ਸੂਚਨਾ

ਮੈਂ, ਗੁਰਦਿਆਲ ਸਿੰਘ ਪੁੱਤਰ ਸ੍ਰੀ ਲਛਮਣ ਸਿੰਘ ਵਾਸੀ ਪਿੰਡ ਚੱਕ ਲਮੋਚੜ, ਤਹਿਸੀਲ ਜਲਾਲਾਬਾਦ, ਜ਼ਿਲ੍ਹਾ ਫਾਜ਼ਿਲਕਾ ਬਿਆਨ ਕਰਦਾ ਹਾਂ ਕਿ ਮੈਂ ਆਪਣੇ ਲੜਕੇ ਸਵਰਨ ਸਿੰਘ ਉਰਫ ਸੋਨੂੰ ਨੂੰ ਮੇਰੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਸੀ। ਹੁਣ ਮੇਰਾ ਲੜਕਾ ਮੇਰੇ ਅਤੇ ਮੇਰੇ ਪਰਵਾਰ ਦੇ ਕਹਿਣੇ ਵਿੱਚ ਹੈ। ਇਸ ਲਈ ਮੈਂ ਇਸ ਦੀ ਬੇਦਖਲੀ ਵਾਪਸ ਲੈਂਦਾ ਹਾਂ ਅਤੇ ਹੁਣ ਮੇਰਾ ਲੜਕਾ ਮੇਰੀ ਚੱਲ ਵਾ ਅਚੱਲ ਜਾਇਦਾਦ ਦਾ ਹੱਕਦਾਰ ਹੋਵੇਗਾ।

ਮੈਂ, ਰਾਮ ਸਿੰਘ ਪੁੱਤਰ ਭਗਤ ਸਿੰਘ ਵਾਸੀ ਮਕਾਨ ਨੰ: ਐੱਲ-12/570, ਗਲੀ ਨੰਬਰ 12, ਕੋਟ ਹਰਨਾਮ ਦਾਸ, ਸੁਲਤਾਨਵਿੰਡ ਰੋਡ, ਅੰਮ੍ਰਿਤਸਰ ਬਿਆਨ ਕਰਦਾ ਹਾਂ ਮੈਂ ਆਪਣੇ ਬੇਟੇ ਸਵਿੰਦਰ ਸਿੰਘ ਉਰਫ ਟੀਟੂ ਅਤੇ ਉਸ ਦੀ ਪਹਿਲੀ ਪਤਨੀ ਕੰਵਲਜੀਤ ਕੌਰ ਉਰਫ ਰਜਵੰਤ ਕੌਰ ਨੂੰ ਮੇਰੇ ਕਹਿਣੇ ਵਿਚ ਨਾ ਹੋਣ ਕਾਰਨ ਮੈਂ ਇਨ੍ਹਾਂ ਨੂੰ ਮਿਤੀ 28.04.2006 ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਸੀ। ਹੁਣ ਮੇਰੇ ਲੜਕੇ ਸਵਿੰਦਰ ਸਿੰਘ ਦਾ ਉਸ ਦੀ ਪਤਨੀ ਕੰਵਲਜੀਤ ਕੌਰ ਉਰਫ ਰਜਵੰਤ ਕੌਰ ਨਾਲ ਤਲਾਕ ਹੋ ਚੁੱਕਾ ਹੈ। ਹੁਣ ਮੇਰਾ ਲੜਕਾ ਸਵਿੰਦਰ ਸਿੰਘ ਮੇਰੇ ਕਹਿਣੇ ਵਿਚ ਹੈ ਅਤੇ ਮੇਰੀ ਹਰ ਗੱਲ ਨਾਲ ਸਹਿਮਤ ਹੈ। ਮੈਂ ਆਪਣੇ ਬੇਟੇ ਸਵਿੰਦਰ ਸਿੰਘ ਦੀ ਬੇਦਖਲੀ ਕੈਂਸਲ ਕਰਦਾ ਹਾਂ। ਹੁਣ ਮੇਰਾ ਲੜਕਾ ਮੇਰੀ ਚੱਲ ਵਾ ਅਚੱਲ ਜਾਇਦਾਦ ਦੇ ਹੱਕਦਾਰ ਹੋਵੇਗਾ।

ਅਸੀਂ ਹਰਦਿਆਲ ਸਿੰਘ ਪੁੱਤਰ ਹਰਬੰਸ ਸਿੰਘ ਵਾ ਸੁਖਵਿੰਦਰ ਕੌਰ ਪਤਨੀ ਹਰਦਿਆਲ ਸਿੰਘ ਵਾਸੀਆਨ ਮਕਾਨ ਨੰ: 24/1, ਸ਼ਹੀਦ ਬਾਬਾ ਦੀਪ ਸਿੰਘ ਨਗਰ, ਜਲੰਧਰ-144012, ਪੰਜਾਬ ਬਿਆਨ ਕਰਦੇ ਹਾਂ ਕਿ ਅਸੀਂ ਆਪਣੇ ਪੁੱਤਰ ਸਵਰਾਜ ਰਤਨ ਵਾ ਉਸਦੀ ਪਤਨੀ ਮਨਦੀਪ ਕੌਰ ਵਾ ਇਨ੍ਹਾਂ ਦੀ ਲੜਕੀ ਐਲਿਜਾ ਰਤਨ ਨੂੰ ਕਹਿਣੇ ਤੋਂ ਬਾਹਰ ਹੋਣ ਕਾਰਨ ਅਖਬਾਰ ਵਿੱਚ ਇਸ਼ਤਿਹਾਰ ਰਾਹੀਂ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕੀਤਾ ਸੀ। ਹੁਣ ਇਹ ਸਾਰੇ ਮੇਰੇ ਕਹਿਣੇ ਵਿੱਚ ਹਨ। ਇਸ ਲਈ ਅਸੀਂ ਆਪਣੀ ਬੇਦਖਲੀ ਵਾਪਿਸ ਲੈਂਦੇ ਹਾਂ ਅਤੇ ਹੁਣ ਇਹ ਤਿੰਨੋ ਮੇਰੀ ਚੱਲ ਵਾ ਅਚੱਲ ਜਾਇਦਾਦ ਦੇ ਹੱਕਦਾਰ ਹੋਣਗੇ। ਸੰਬੰਧਿਤ ਨੋਟ ਕਰਨ।

ਮੈਂ ਕਾਲੂ ਪੁੱਤਰ ਲੇਟ ਸ੍ਰੀ ਕਾਲੂ ਵਾਸੀ ਮਕਾਨ ਨੰਬਰ 63, ਨੇੜੇ ਸਤਸੰਗ ਘਰ, ਬਾਹਰੀਆਂ ਤਲਾਬ, ਜਲੰਧਰ ਇਹ ਬਿਆਨ ਕਰਦਾ ਹਾਂ ਕਿ ... ਦੀ ਪਤਨੀ ਆਰਤੀ ... ਕਹਿਣੇ ਕਾਰ ਨਾ ... ਨਾਲ ਕੋਈ ਰਿਸ਼ਤਾ ... ਕੋਈ ਜਿੰਮੇਵਾਰੀ ... ਵਾਲਾ ਖੁਦ ਜਿੰਮੇਵਾਰ ਹੋਵੇਗਾ।

ਇਕ ਟਿਊਬਵੈੱਲ ਕੁਨੈਕਸ਼ਨ ਖਾਤਾ ਨੰ. ... 02/1073, ... ਪੁੱਤਰ ਵਸਾਵਾ ਸਿੰਘ ... ਜਿਲ੍ਹਾ ਅੰਮ੍ਰਿਤਸਰ ... ਕੁਨੈਕਸ਼ਨ ਬੁਝਣ ... ਅਕਾਲਗੜ੍ਹ ... ਤਬਦੀਲ ਹੋਣ ... ਦਿਨਾਂ ਦੇ ਅੰਦਰ ... ਕੋਈ ਵੀ ਇਤਰਾਜ਼ ... [illegible]

ਸ੍ਰੀ ਹਰਨੇਕ ਸਿੰਘ ... ਇਸ ਦਫ਼ਤਰ ... ਨੰ: ਏ ਪੀ 19-... ਪਿੰਡ ਕੋਰੇਵਾਲਾ ... ਕੁਨੈਕਸ਼ਨ ... ਪੁੱਤਰ ਹਰਨੇਕ ... 15 ਦਿਨਾਂ ਦੇ ... ਉਪ ਮੰਡਲ ... ਇਤਰਾਜ਼ ਹੋਣ ... ਬਾਅਦ ਕੋਈ ਇਤਰਾਜ਼ ... [illegible]

ਬਲਵੰਤ ਸਿੰਘ ... ਨਾਮ ਚਲਦੇ ... ਨੰਬਰ ਏਪੀ 16-136 ... ਕਰਨ ਦੇ ਲਈ ... ਵਾਸੀ ਗੁਰਦਾਸਪੁਰ ... ਵਿਖੇ ਅਰਜੀ ... ਦੇ ਅੰਦਰ ... ਕਾਨੂੰਨਵਾਨ ... [illegible]

## ਬੇਦਖਲੀ ਨੋਟਿਸ

ਮੈਂ ਗੀਤਾ ਪਤਨੀ ਲੇਟ ਕੇਵਲ ਵਾਸੀ ਮਕਾਨ ਨੰਬਰ 63, ਮੁਹੱਲਾ ਬਾਬਾ ... ਕਰਦੀ ਹਾਂ ਕਿ ... ਆਰਤੀ ਅਤੇ ... ਇਸ ਲਈ ਮੈਂ ... ਤੋਂ ਬੇਦਖਲ ਕਰਦੀ ਹਾਂ ... ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। [illegible]

ਮੈਂ, ਬਿੰਦਰ ... ਜਲਾਲ, ਡਾਕਖਾਨਾ ... ਕਰਦਾ ਹਾਂ ਕਿ ... ਪਤਨੀ ਰੇਖਾ, ... ਇਹਨਾਂ ਨੂੰ ਆਪਣੀ ... ਕਰਦਾ ਹਾਂ। ਮੇਰਾ ... ਕੋਈ ਵੀ ਲੈਣ ... ਲੈਣ ਦੇਣ ਕਰੇਗਾ ... ਜ਼ਿੰਮੇਵਾਰ ਹੋਵੇਗਾ। [illegible]

ਮੈਂ, ਪਰਮ... ਪਿੰਡ ਤੇ ਡਾਕਖਾਨਾ ... ਜਲੰਧਰ ਬਿਆਨ ... ਸਿੰਘ, ਜੋ ਕਿ ... ਆਪਣੀ ਚੱਲ-ਅਚੱਲ ... ਮੇਰਾ ਅਤੇ ਮੇਰੇ ... ਦੇਣ ਨਹੀਂ ਹੈ। ... ਉਹ ਆਪਣੇ ... ਸੰਬੰਧਿਤ ਨੋਟ ਕਰਨ। [illegible]

ਅਸੀਂ, ... ਵਾਸੀਆਨ ਮਕਾਨ ... ਬਿਆਨ ਕਰਦੇ ... ਉਸਦੀ ਪਤਨੀ ... ਉਤਕਰਸ਼, ਜੋ ... ਇਹਨਾਂ ਨੂੰ ਆਪਣੀ ... ਕਰਦੇ ਹਾਂ। ਸਾਡਾ ... ਕੋਈ ਵੀ ਲੈਣ ... ਲੈਣ ਦੇਣ ਕਰੇਗਾ ... ਜ਼ਿੰਮੇਵਾਰ ਹੋਵੇਗਾ। [illegible]

ਮੈਂ, ਸਰਬ... ਸੀਤਲਪੁਰ, ਡਾਕਖਾਨਾ ... ਪੰਜਾਬ ਸੂਚਿਤ ... ਕੌਰ (ਸ਼ਾਦੀਸ਼ੁਦਾ) ... ਇਸ ਨੂੰ ਆਪਣੀ ... ਕਰਦਾ ਹਾਂ। ਇਸ ... ਕਰਨ ਵਾਲਾ ਖੁਦ ... ਨਾਲ ਕੋਈ ਸੰਬੰਧ ... ਕਰਨ। [illegible]

ਮੈਂ, ਸੀਤਲ ... ਨੰ. 4, ਗੁਰੂ ਨਾਨਕ ... ਪੰਜਾਬ ਸੂਚਿਤ ... ਸਿੰਘ (ਸ਼ਾਦੀਸ਼ੁਦਾ) ... ਅਤੇ ਇਨ੍ਹਾਂ ਦੇ ... ਮੇਰੇ ਕਹਿਣੇ ਤੋਂ ... ਆਪਣੀ ਚੱਲ-ਅਚੱਲ ... ਇਨ੍ਹਾਂ ਨਾਲ ਕਿਸੇ ... ਖੁਦ ਜ਼ਿੰਮੇਵਾਰ ... ਸੰਬੰਧ ਵਾਸਤਾ ... [illegible]

ਮੈਂ, ਸੀਤਲ ... 4, ਗੁਰੂ ਨਾਨਕ ... ਸੂਚਿਤ ਕਰਦੀ ... (ਤਲਾਕਸ਼ੁਦਾ) ... ਮਹੇ ਤੇ ਕਰਨ ... ਮੈਂ ਇਨ੍ਹਾਂ ਨੂੰ ਆਪਣੀ ... ਕਰਦੀ ਹਾਂ। ਇਸ ... ਕਰਨ ਵਾਲਾ ਖੁਦ ... ਨਾਲ ਕੋਈ ਸੰਬੰਧ ... [illegible]

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਦਾ ਸਮਰਥਨ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੋਂ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

## ਬੇਦਖਲੀ ਨੋਟਿਸ

ਮੈਂ ਰਾਕੇਸ਼ ਕੁਮਾਰ ਪੁੱਤਰ ਸੁਰਿੰਦਰ ਕੁਮਾਰ ਵਾਸੀ ਮਕਾਨ ਨੰ: 1273, ਸੰਭੂ ਨਾਥ ਬਿਲਡਿੰਗ ਛੇਹਰਟਾ, ਅੰਮ੍ਰਿਤਸਰ ਆਪਣੇ ਲੜਕੇ ਨਿਖਿਲ ਜੋ ਮੇਰੇ ਕਹਿਣੇ ਵਿੱਚ ਨਹੀ ਹੈ, ਮੇਰੀ ਕੋਈ ਗੱਲ ਨਹੀਂ ਮੰਨਦਾ, ਆਪਣੀ ਮਰਜੀ ਕਰਦਾ ਹੈ ਨੂੰ ਆਪਣੀ ਚੱਲ ਅਚੱਲ, ਝੁੱਕਵੀ ਅਣਝੁਕਵੀ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਦੇ ਕਿਸੇ ਵੀ ਮਾੜੇ ਚੰਗੇ ਕੰਮ ਨਫ਼ੇ ਨੁਕਸਾਨ, ਲੈਣ ਦੇਣ, ਲੜਾਈ ਝਗੜੇ ਦੇ ਲਈ ਮੈਂ ਅਤੇ ਮੇਰਾ ਪਰਿਵਾਰ ਜਿੰਮੇਵਾਰ ਨਹੀ ਹੋਵੇਗਾ ਮੇਰਾ ਨਿਖਿਲ ਦੇ ਨਾਲ ਕੋਈ ਸਬੰਧ ਨਹੀ ਹੈ।

ਮੈਂ ਜਿੰਦਰ ਮਸੀਹ ਪੁੱਤਰ ਜੀਤ ਵਾਸੀ 5, ਬਾਬਾ ਫ਼ਰੀਦ ਨਗਰ, ਪਿੰਡ ਕਾਲੇ ਘਨੂੰਪੁਰ, ਛੇਹਰਟਾ, ਅੰਮ੍ਰਿਤਸਰ ਆਪਣੇ ਲੜਕੇ ਰਵੀ ਉਰਫ ਗੋਰਾ ਜੋ ਮੇਰੇ ਕਹਿਣੇ ਵਿੱਚ ਨਹੀ ਹੈ, ਮੇਰੀ ਕੋਈ ਗੱਲ ਨਹੀਂ ਮੰਨਦਾ, ਆਪਣੀ ਮਰਜੀ ਕਰਦਾ ਹੈ ਨੂੰ ਆਪਣੀ ਚੱਲ ਅਚੱਲ, ਝੁੱਕਵੀ ਅਣਝੁਕਵੀ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਦੇ ਕਿਸੇ ਵੀ ਮਾੜੇ ਚੰਗੇ ਕੰਮ ਨਫ਼ੇ ਨੁਕਸਾਨ, ਲੈਣ ਦੇਣ, ਲੜਾਈ ਝਗੜੇ ਦੇ ਲਈ ਮੈਂ ਅਤੇ ਮੇਰਾ ਪਰਿਵਾਰ ਜਿੰਮੇਵਾਰ ਨਹੀ ਹੋਵੇਗਾ। ਮੇਰਾ ਰਵੀ ਉਰਫ਼ ਗੋਰਾ ਦੇ ਨਾਲ ਕੋਈ ਸਬੰਧ ਨਹੀ ਹੈ।

ਮੈਂ, ਡਿੰਪਲ ਪਤਨੀ ਸ੍ਰੀ ਰੋਹਿਤ ਸ਼ਰਮਾ ਵਾਸੀ ਮਕਾਨ ਨੰ: 35 ਏ, ਨੇੜੇ ਰੇਲਵੇ ਫਾਟਕ, ਕਮਲ ਵਿਹਾਰ, ਜਲੰਧਰ ਬਿਆਨ ਕਰਦੀ ਹਾਂ ਕਿ ਮੇਰੀ ਲੜਕੀ ਗਰਿਮਾ ਸ਼ਰਮਾ ਮੇਰੇ ਕਹਿਣੇ ਤੋਂ ਬਾਹਰ ਹੈ, ਆਪਣੀ ਮਰਜ਼ੀ ਕਰਦੀ ਹੈ ਤੇ ਸਾਡੇ ਨਾਲ ਲੜਾਈ-ਝਗੜਾ ਕਰਦੀ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਇਸ ਨਾਲ ਕੋਈ ਤਲਕ-ਵਾਸਤਾ ਨਹੀਂ ਰਿਹਾ ਹੈ।

ਅਸੀਂ, ਜੈਵੀਰ ਕੁੱਲੂ ਪੁੱਤਰ ਸ੍ਰੀ ਰਫਾਲੀ ਕੁੱਲੂ ਅਤੇ ਕਾਂਤੀ ਕੁੱਲੂ ਪਤਨੀ ਜੈਵੀਰ ਕੁੱਲੂ ਦੋਨੋਂ ਵਾਸੀ ਨੇੜੇ ਬੜਾਲਾ ਚੌਕ, ਟਿੰਬਰ ਟੋਪ ਸ਼ੋਪ ਨੰ: 5, ਜਲੰਧਰ ਬਿਆਨ ਕਰਦੇ ਹਾਂ ਕਿ ਸਾਡੀ ਲੜਕੀ ਅਰਪਿਤਾ ਕੁੱਲੂ ਸਾਡੇ ਕਹਿਣੇ ਤੋਂ ਬਾਹਰ ਹੈ। ਉਸ ਨੇ ਸਾਡੀ ਮਰਜ਼ੀ ਤੋਂ ਬਗੈਰ ਪ੍ਰੇਮ ਵਿਆਹ ਕਰਵਾ ਲਿਆ ਹੈ। ਅਸੀਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੇ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡਾ ਇਸ ਨਾਲ ਕੋਈ ਤਲਕ-ਵਾਸਤਾ ਨਹੀਂ ਰਿਹਾ ਹੈ।

ਮੈਂ, ਕਰਮਜੀਤ ਕੌਰ ਪਤਨੀ ਦਰਸ਼ਨ ਸਿੰਘ ਪੁੱਤਰ ਬਚਿੱਤਰ ਸਿੰਘ ਵਾਸੀ ਖਾਈ, ਤਹਿ. ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਹਰਦੀਪ ਸਿੰਘ ਅਤੇ ਉਸ ਦੀ ਪਤਨੀ ਅਮਨਦੀਪ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਚਰਨ ਸਿੰਘ ਪੁੱਤਰ ਰੂੜ ਸਿੰਘ ਵਾਸੀ ਪਿੰਡ ਬਿਸਰਾਮਪੁਰ, ਡਾਕਖਾਨਾ ਪੱਤੜਕਲਾਂ, ਜ਼ਿਲ੍ਹਾ ਜਲੰਧਰ ਦਾ ਰਹਿਣ ਵਾਲਾ ਹਾਂ। ਮੇਰਾ ਵੱਡਾ ਲੜਕਾ ਸਰੂਪ ਸਿੰਘ, ਉਸ ਦੀ ਪਤਨੀ ਬਲਜੀਤ ਕੌਰ ਅਤੇ ਉਨ੍ਹਾਂ ਦੇ ਬੱਚੇ ਪੂਰੀ ਤਰ੍ਹਾਂ ਮੇਰੇ ਕਹਿਣੇ ਤੋਂ ਬਾਹਰ ਹਨ, ਜਿਸ ਕਾਰਨ ਮੈਂ ਆਪਣੇ ਲੜਕੇ ਸਰੂਪ ਸਿੰਘ, ਉਸ ਦੀ ਪਤਨੀ ਬਲਜੀਤ ਕੌਰ ਅਤੇ ਉਨ੍ਹਾਂ ਦੇ ਬੱਚਿਆਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ... [illegible]

[illegible]

## ਖੱਬੀਆਂ ਪਾਰਟੀਆਂ ਵੱਲੋਂ 9 ਜੁਲਾਈ ਦੀ ਆਮ ਹੜਤਾਲ ਦਾ ਸਮਰਥਨ

**ਲੁਧਿਆਣਾ (ਐੱਮ ਐੱਸ ਭਾਟੀਆ)**- ਨਵੀਂ ਦਿੱਲੀ ਤੋਂ ਭਾਰਤੀ ਕਮਿਊਨਿਸਟ ਪਾਰਟੀ, ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ), ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ-ਲੈਨਿਨਵਾਦੀ) ਲਿਬਰੇਸ਼ਨ, ਰੈਵੋਲਿਊਸ਼ਨਰੀ ਸੋਸ਼ਲਿਸਟ ਪਾਰਟੀ ਅਤੇ ਆਲ ਇੰਡੀਆ ਫਾਰਵਰਡ ਬਲਾਕ ਵੱਲੋਂ ਜਾਰੀ ਸਾਂਝੇ ਬਿਆਨ ਵਿਚ ਕਿਹਾ ਗਿਆ ਹੈ ਕਿ ਉਹ 9 ਜੁਲਾਈ ਨੂੰ ਦਸ ਕੇਂਦਰੀ ਟਰੇਡ ਯੂਨੀਅਨਾਂ ਅਤੇ ਸੁਤੰਤਰ ਆਲ ਇੰਡੀਆ ਸੈਕਟਰਲ ਫੈਡਰੇਸ਼ਨਾਂ ਅਤੇ ਐਸੋਸੀਏਸ਼ਨਾਂ ਵਾਲੇ ਸਾਂਝੇ ਪਲੇਟਫਾਰਮ ਵੱਲੋਂ ਬੁਲਾਈ ਗਈ ਦੇਸ਼ ਵਿਆਪੀ ਆਮ ਹੜਤਾਲ ਦਾ ਪੂਰਾ ਸਮਰਥਨ ਕਰਦੀਆਂ ਹਨ। ਇਹ ਆਮ ਹੜਤਾਲ ਮੁੱਖ ਤੌਰ 'ਤੇ ਕਿਰਤ ਕੋਡਾਂ ਨੂੰ ਲਾਗੂ ਕਰਨ ਦੇ ਵਿਰੁੱਧ ਬੁਲਾਈ ਗਈ ਹੈ, ਜੋ ਕਿ ਕਾਰਪੋਰੇਟ ਏਜੰਡੇ ਦਾ ਇੱਕ ਮੁੱਖ ਹਿੱਸਾ ਹਨ ਜਿਸ ਦਾ ਉਦੇਸ਼ ਮਜ਼ਦੂਰਾਂ ਦੇ ਬੁਨਿਆਦੀ ਜਮਹੂਰੀ ਅਧਿਕਾਰਾਂ ਨੂੰ ਬੁਰੀ ਤਰ੍ਹਾਂ ਘਟਾਉਣਾ ਹੈ, ਜਿਸ ਵਿੱਚ ਸਮੂਹਿਕ ਕਾਰਵਾਈ ਕਰਨ ਦਾ ਉਨ੍ਹਾਂ ਦਾ ਅਧਿਕਾਰ ਵੀ ਸ਼ਾਮਲ ਹੈ।ਡੀ ਰਾਜਾ ਜਨਰਲ ਸਕੱਤਰ ਸੀ ਪੀ ਆਈ, ਐੱਮ ਏ ਬੇਬੀ ਜਨਰਲ ਸਕੱਤਰ ਸੀ ਪੀ ਆਈ (ਐੱਮ), ਦੀਪਾਂਕਰ ਭੱਟਾਚਾਰੀਆ ਜਨਰਲ ਸਕੱਤਰ ਸੀ ਪੀ ਆਈ (ਐੱਮ ਐੱਲ) ਲਿਬਰੇਸ਼ਨ, ਮਨੋਜ ਭੱਟਾਚਾਰੀਆ ਜਨਰਲ ਸਕੱਤਰ ਆਰ ਐੱਸ ਪੀ ਅਤੇ ਜੀ. ਦੇਵਰਾਜਨ ਜਨਰਲ ਸਕੱਤਰ ਏ ਆਈ ਐੱਫ ਬੀ ਨੇ ਸਾਂਝੇ ਬਿਆਨ 'ਚ ਕਿਹਾ ਕਿ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਹੁਣ ਆਪਣੇ ਤੀਜੇ ਕਾਰਜਕਾਲ ਵਿੱਚ ਆਪਣੇ ਨਵ-ਉਦਾਰਵਾਦੀ ਏਜੰਡੇ ਨੂੰ ਹਮਲਾਵਰ ਢੰਗ ਨਾਲ ਅੱਗੇ ਵਧਾ ਰਹੀ ਹੈ, ਜਿਸ ਵਿੱਚੋਂ ਕਿਰਤ ਕੋਡ ਇੱਕ ਕੇਂਦਰੀ ਹਿੱਸਾ ਹਨ। ਇਹ ਮਹੱਤਵਪੂਰਨ ਰਾਸ਼ਟਰੀ ਸਰੋਤਾਂ ਦੇ ਨਿੱਜੀਕਰਨ ਵੱਲ ਹਮਲਾਵਰ ਢੰਗ ਨਾਲ ਵਧ ਰਿਹਾ ਹੈ, ਖਾਸ ਕਰਕੇ ਰੱਖਿਆ ਅਤੇ ਸੰਚਾਰ ਵਰਗੇ ਰਣਨੀਤਕ ਖੇਤਰਾਂ ਵਿੱਚ। ਇਹ ਇਹਨਾਂ ਮਜ਼ਦੂਰ ਵਿਰੋਧੀ ਨੀਤੀਆਂ ਦੇ ਸਾਰੇ ਵਿਰੋਧ ਨੂੰ ਦਬਾਉਣ ਦੀ ਵੀ ਕੋਸ਼ਿਸ਼ ਕਰ ਰਿਹਾ ਹੈ।

9 ਜੁਲਾਈ ਦੀ ਆਮ ਹੜਤਾਲ ਟਰੇਡ ਯੂਨੀਅਨਾਂ ਦੁਆਰਾ ਉਠਾਈਆਂ ਗਈਆਂ ਮੰਗਾਂ ਨੂੰ ਦੁਹਰਾਉਂਦੀ ਹੈ, ਜੋ ਕਿਸਾਨਾਂ, ਖੇਤੀਬਾੜੀ ਕਾਮਿਆਂ ਅਤੇ ਵਿਆਪਕ ਜਨਤਾ ਦੀਆਂ ਚਿੰਤਾਵਾਂ ਨੂੰ ਵੀ ਦਰਸਾਉਂਦੀ ਹੈ। ਖੇਤੀਬਾੜੀ ਮਜ਼ਦੂਰ ਸੰਗਠਨਾਂ, ਸੰਯੁਕਤ ਕਿਸਾਨ ਮੋਰਚਾ ਨੇ ਵੀ ਆਮ ਹੜਤਾਲ ਨੂੰ ਆਪਣਾ ਸਮਰਥਨ ਦਿੱਤਾ ਹੈ ਅਤੇ ਇਸ ਦਿਨ ਵੱਡੇ ਪੱਧਰ 'ਤੇ ਲਾਮਬੰਦੀ ਦਾ ਸੱਦਾ ਦਿੱਤਾ ਹੈ। ਆਮ ਹੜਤਾਲ ਕਿਸਾਨਾਂ ਦੁਆਰਾ ਕੀਤੀਆਂ ਗਈਆਂ ਇਹਨਾਂ ਏਕਤਾ ਕਾਰਵਾਈਆਂ ਦੇ ਨਾਲ ਮਜ਼ਦੂਰ ਲੋਕਾਂ ਨੂੰ ਵੰਡਣ ਅਤੇ ਨਫ਼ਰਤ ਫੈਲਾਉਣ ਦੀਆਂ ਕੋਸ਼ਿਸ਼ਾਂ ਦੇ ਵਿਰੁੱਧ ਏਕਤਾ ਨੂੰ ਮਜ਼ਬੂਤ ? ?ਕਰਨ ਵਿੱਚ ਮਦਦ ਕਰੇਗੀ।

ਖੱਬੀਆਂ ਪਾਰਟੀਆਂ ਲੋਕਾਂ ਨੂੰ ਆਮ ਹੜਤਾਲ ਦਾ ਸਮਰਥਨ ਕਰਨ ਦਾ ਸੱਦਾ ਦਿੰਦੀਆਂ ਹਨ ਅਤੇ ਸਾਡੀਆਂ ਸਾਰੀਆਂ ਇਕਾਈਆਂ ਨੂੰ ਇਸ ਦੀ ਸਫਲਤਾ ਨੂੰ ਯਕੀਨੀ ਬਣਾਉਣ ਲਈ ਵੱਡੀ ਗਿਣਤੀ ਵਿੱਚ ਸਰਗਰਮੀ ਨਾਲ ਮੁਹਿੰਮ ਚਲਾਉਣ ਅਤੇ ਲਾਮਬੰਦੀ ਕਰਨ ਦੀ ਅਪੀਲ ਕਰਦੀਆਂ ਹਨ।

## ਸਟੇਟ ਟਰਾਂਸਪੋਰਟ ਡਾਇਰੈਕਟਰ ਦਫਤਰ ਅੱਗੇ ਰੋਸ ਪ੍ਰਦਰਸ਼ਨ 30 ਨੂੰ : ਦਿਆਲ ਮਾਹੀ



**ਨੰਗਲ (ਸੁਰਜੀਤ ਸਿੰਘ )**— ਪੰਜਾਬ ਰੋਡਵੇਜ਼/ਪਨਬਸ/ਪੀ.ਆਰ.ਟੀ.ਸੀ ਕੰਟਰੈਕਟ ਵਰਕਰਜ ਯੂਨੀਅਨ ਪੰਜਾਬ 25/11 ਵਲੋਂ ਪੂਰੇ ਪੰਜਾਬ ਅੰਦਰ 27 ਡਿੱਪੂਆਂ ਵਿੱਚ ਗੇਟ ਰੈਲੀਆਂ ਕੀਤੀਆਂ ਗਈਆਂ ਜਿਸ ਸਦਕਾ ਨੰਗਲ ਡਿੱਪੂ ਦੇ ਗੇਟ 'ਤੇ ਜਨਰਲ ਸਕੱਤਰ ਦਿਆਲ ਮਾਹੀ ਅਤੇ ਜੁਆਇੰਟ ਸਕੱਤਰ ਸੁਖਰਾਜ ਸਿੰਘ ਨੇ ਦੱਸਿਆ ਕਿ ਪੰਜਾਬ ਦੇ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਟਰਾਂਸਪੋਰਟ ਦੇ ਕੱਚੇ ਮੁਲਾਜ਼ਮਾਂ ਦੀਆਂ ਮੰਗਾਂ ਨੂੰ ਤਿੰਨ ਸਾਲਾਂ ਤੋਂ ਨਜ਼ਰ ਅੰਦਾਜ਼ ਕਰਦੀ ਆ ਰਹੀ ਹੈ। ਸਟੇਟ ਟਰਾਂਸਪੋਰਟ ਦਫ਼ਤਰ ਦੇ ਆਧਿਕਾਰੀ ਦੀ ਸ਼ਹਿ 'ਤੇ ਠੇਕੇਦਾਰ ਵੱਲੋਂ ਮੁਲਾਜ਼ਮਾਂ ਦੀ ਕਰੋੜਾਂ ਰੁਪਏ ਦੀ ਲੁੱਟ ਕੀਤੀ ਗਈ ਹੈ। ਮੁਲਾਜ਼ਮਾਂ ਦੀਆਂ ਸਕਿਉਰਟੀਆ ਲੈ ਕੇ ਠੇਕੇਦਾਰ ਭੱਜ ਗਿਆ ਹੈ। ਹੁਣ 30 ਜੂਨ ਨੂੰ ਸਟੇਟ ਟਰਾਂਸਪੋਰਟ ਡਾਇਰੈਕਟਰ ਦਫਤਰ ਦਾ ਘਿਰਾਓ ਕੀਤਾ ਜਾਵੇਗਾ। ਜੇਕਰ ਸਰਕਾਰ ਨੇ ਟਰਾਂਸਪੋਰਟ ਦੇ ਮੁਲਾਜ਼ਮਾਂ ਨੂੰ ਜਲਦੀ ਪੱਕਾ ਤੇ ਠੇਕੇਦਾਰੀ ਸਿਸਟਮ ਨੂੰ ਬੰਦ ਨਹੀਂ ਕੀਤਾ ਅਤੇ ਬਰਾਬਰ ਕੰਮ ਬਰਾਬਰ ਤਨਖਾਹ ਲਾਗੂ ਨਹੀਂ ਕੀਤਾ ਅਤੇ ਮੰਗ ਪੱਤਰ ਦੇ ਅਨੁਸਾਰ ਨਵੀਆਂ ਬੱਸਾਂ ਨਹੀਂ ਪਾਈਆਂ ਤਾਂ ਆਉਣ ਵਾਲੀ 09 -10-11 ਜੁਲਾਈ ਨੂੰ ਪੂਰਨ ਤੌਰ 'ਤੇ ਚੱਕਾ ਜਾਮ ਕੀਤਾ ਜਾਵੇਗਾ ਅਤੇ ਮੁੱਖ ਮੰਤਰੀ ਪੰਜਾਬ ਦੀ ਰਹਾਇਸ਼ 'ਤੇ ਪੱਕਾ ਧਰਨਾ ਦਿੱਤਾ ਜਾਵੇਗਾ। ਜੇਕਰ ਮੰਗਾਂ ਦਾ ਹੱਲ ਨਾ ਕੀਤਾ ਤਾਂ ਇਸ ਧਰਨੇ ਨੂੰ ਨਿਰੰਤਰ ਵੀ ਚਲਾਇਆ ਜਾਵੇਗਾ। ਪੰਜਾਬ ਦੀ ਜਨਤਾ ਨੂੰ ਹੋਣ ਵਾਲੀ ਖੱਜਲ ਖ਼ੁਆਰੀ ਦੀ ਜ਼ਿਮੇਵਾਰੀ ਸਰਕਾਰ ਹੋਵੇਗੀ। ਇਸ ਦੌਰਾਨ ਅਮਨਦੀਪ ਸਿੰਘ ਅਮਨਦੀਪ ਗੌਤਮ ਮਨਜੀਤ ਸਿੰਘ ਹਰਪ੍ਰੀਤ ਸਿੰਘ ਬਲਜਿੰਦਰ ਸਿੰਘ ਮਨਦੀਪ ਸਿੰਘ ਸ਼ੇਰ ਸਿੰਘ ਸੁਰਿੰਦਰ ਕੁਮਾਰ ਹਰਜੀਤ ਸਿੰਘ ਆਦਿ ਹਾਜਰ ਸਨ।

## PUBLIC NOTICE

I, Rajbir Kaur (Aadhaar No. : 3723 0916 6253) W/o Dipinder Singh Sekhon R/o 276, Maya Nagar, Ludhiana, Punjab noticed that my minor daughter's Gurnaaz Kaur Sekhon (Aadhaar No. : 6705 0075 7361) certificate of 10th class CBSE Board carry Mother's name as Rajbir Kaur Sekhon instead of Rajbir Kaur. I (Rajbir Kaur,Mother of Gurnaaz Kaur Sekhon) want deletion of surname "Sekhon" from my name from the 10th class CBSE Board certificate of my daughter Gurnaaz Kaur Sekhon.

## ਸੋਧ

ਕਰਜ਼ਾ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀ ਆਰ ਟੀ 3) ਦੇ ਰੋਜ਼ਾਨਾ ਨਵਾਂ ਜ਼ਮਾਨਾ ਜਲੰਧਰ ਦੇ 6 ਜੂਨ 2025 ਦੇ ਅਖਬਾਰ 'ਚ ਪ੍ਰਕਾਸ਼ਿਤ ਡਿਮਾਂਡ ਨੋਟਿਸ ਐਕਸਿਸ ਬੈਂਕ ਲਿਮਟਿਡ ਬਨਾਮ ਸ੍ਰੀ ਨਾਹਰ ਸਿੰਘ ਅਤੇ ਹੋਰ 'ਚ ਗਲਤੀ ਨਾਲ ਆਰ ਸੀ/746/2023 ਦੀ ਬਜਾਏ ਆਰ ਸੀ 46/2023 ਛਪ ਗਿਆ ਹੈ। ਇਸ ਲਈ ਇਸ ਨੂੰ ਆਰ ਸੀ/746/2023 ਪੜ੍ਹਿਆ ਜਾਵੇ। ਬਾਕੀ ਸਭ ਪਹਿਲਾਂ ਵਾਂਗ ਹੀ ਰਹੇਗਾ।

ਇਸ਼ਤਿਹਾਰ ਮੈਨੇਜਰ

## ਨੋਟਿਸ / ਜਨਤਕ ਸੂਚਨਾ

### ਰਜਿਸਟਰੀ ਦਸਤਾਵੇਜ਼ ਗੁੰਮ ਹੋਣ ਬਾਰੇ

ਇਹ ਸੂਚਿਤ ਕੀਤਾ ਜਾਂਦਾ ਹੈ ਕਿ ਸ਼੍ਰੀ ਜਗਰੂਪ ਸਿੰਘ, ਡਾਇਰੈਕਟਰ ਡੀ. ਸੀ. ਜੀ. ਬਿਲਡਰਜ਼ ਪ੍ਰਾਈਵੇਟ ਲਿਮਟਿਡ, ਨਿਵਾਸੀ ਮਕਾਨ ਨੰ: 137, ਟਾਵਰ ਐਂਕਲੇਵ, ਫੇਜ਼-3, ਜਲੰਧਰ, ਨੇ ਦੱਸਿਆ ਹੈ ਕਿ ਉਨ੍ਹਾਂ ਨੇ ਆਪਣੇ ਕੰਪਨੀ ਦੇ ਕਰਮਚਾਰੀ ਸ਼੍ਰੀ ਦਿਲਦਾਰ ਸਿੰਘ (ਪੁੱਤਰ ਮਹਿੰਦਰ ਸਿੰਘ), ਨਿਵਾਸੀ ਮਕਾਨ ਨੰ: 08-1, ਟਾਵਰ ਐਂਕਲੇਵ, ਫੇਜ਼-2, ਜਲੰਧਰ, ਨੂੰ ਕੰਪਨੀ ਦੀ ਜਾਇਦਾਦ ਸਬੰਧੀ ਰਜਿਸਟਰੀਆਂ ਦੀਆਂ ਫੋਟੋਕਾਪੀਆਂ ਲੈਣ ਲਈ ਨਜ਼ਦੀਕੀ ਫੋਟੋਕਾਪੀ ਦੁਕਾਨ 'ਤੇ ਭੇਜਿਆ ਸੀ।

ਜਦੋਂ ਉਹ ਵਾਪਸ ਆਇਆ ਤਾਂ ਪਤਾ ਲੱਗਾ ਕਿ ਉਨ੍ਹਾਂ ਦਸਤਾਵੇਜ਼ਾਂ ਵਿੱਚੋਂ ਇੱਕ ਰਜਿਸਟਰੀ ਨੰਬਰ 1175/1 (ਕੋਡ ਨੰ: 15/273) ਗੁੰਮ ਹੋ ਚੁੱਕੀ ਹੈ। ਉਕਤ ਦਸਤਾਵੇਜ਼ ਦੀ ਭਾਲ ਫੋਟੋ ਕਾਪੀ ਦੁਕਾਨ ਅਤੇ ਰਸਤੇ ਵਿੱਚ ਕੀਤੀ ਗਈ ਪਰ ਉਹ ਨਹੀਂ ਮਿਲੀ।ਇਸ ਸੰਬੰਧੀ ਥਾਣਾ ਲਾਂਬੜਾ, ਨਕੋਦਰ ਰੋਡ, ਜਲੰਧਰ ਵਿੱਚ ਜਨਰਲ ਡਾਇਰੀ ਨੰਬਰ:023 ਮਿਤੀ 24-06-2025 ਅਨੁਸਾਰ ਰਿਪੋਰਟ ਵੀ ਦਰਜ ਕਰਵਾਈ ਗਈ ਹੈ।ਜੇਕਰ ਕਿਸੇ ਵਿਅਕਤੀ ਕੋਲ ਉਕਤ ਦਸਤਾਵੇਜ਼ ਬਾਰੇ ਕੋਈ ਜਾਣਕਾਰੀ ਹੋਵੇ ਜਾਂ ਉਹ ਦਸਤਾਵੇਜ਼ ਮਿਲ ਜਾਵੇ ਤਾਂ ਕਿਰਪਾ ਕਰਕੇ ਹੇਠ ਲਿਖੇ ਪਤੇ ਜਾਂ ਸੰਪਰਕ ਨੰਬਰ 'ਤੇ ਸੂਚਨਾ ਦਿੱਤੀ ਜਾਵੇ :

ਸ਼੍ਰੀ ਜਗਰੂਪ ਸਿੰਘ, ਡਾਇਰੈਕਟਰ, ਡੀ.ਸੀ.ਜੀ ਬਿਲਡਰਜ਼ ਪ੍ਰਾਈਵੇਟ ਲਿਮੀਟਿਡ , ਮੋਬਾਇਲ: 98140-16875

## ਜਨਤਕ ਸੂਚਨਾ

ਇਹ ਆਮ ਜਨਤਾ ਦੀ ਜਾਣਕਾਰੀ ਲਈ ਹੈ ਕਿ ਪਿੰਡ ਕਿੰਗਰਾ ਚੋ, ਤਹਿਸੀਲ ਭੋਗਪੁਰ ਅਤੇ ਜ਼ਿਲ੍ਹਾ ਜਲੰਧਰ, ਪੰਜਾਬ ਵਿੱਚ ਸਥਿਤ ਮਸ/ਕੇ.ਜੇ. ਇੰਟਰਨੈਸ਼ਨਲ ਦੇ ਮੌਜੂਦਾ ਸਟੀਲ ਨਿਰਮਾਣ ਯੂਨਿਟ ਵਿਚ ਵਾਧੇ ਲਈ ਵਾਤਾਵਰਣ ਸਾਫ਼ ਕਰਨ ਦੀ ਮਨਜ਼ੂਰੀ ਦਿੱਤੀ ਗਈ ਹੈ, ਜਿਸ ਵਿੱਚ ਸਮਰੱਥਾ 14,000 ਟਨ ਪ੍ਰਤੀ ਵਰ੍ਹਾ ਤੋਂ 1,81,300 ਟਨ ਪ੍ਰਤੀ ਵਰ੍ਹਾ ਤੱਕ ਸਟੀਲ ਇੰਗੋਟਸ/ਬਿਲੇਟਸ ਅਤੇ ਫਿਰ ਰਾਊਂਡ ਅਤੇ ਫਲੈਟਸ ਵਿੱਚ ਰੋਲ ਕੀਤਾ ਜਾਵੇਗਾ, ਜਿਸ ਵਿਚ ਈਸੀ ਪਛਾਣ ਨੰਬਰ EC22B008PB177181 ਤਾਰੀਖ 11.04.2022 ਭਾਰਤ ਸਰਕਾਰ ਦੇ ਮੋਈਐਫ਼ ਅਤੇ ਸੀਸੀ, ਐਸਈਆਈਏਏ ਪੰਜਾਬ ਦੁਆਰਾ ਦਿੱਤੀ ਗਈ ਹੈ। ਵਾਤਾਵਰਨ ਕਲੀਅਰੈਂਸ ਦੀ ਕਾਪੀ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ, ਪਟਿਆਲਾ ਕੋਲ ਉਪਲਬਧ ਹੈ ਅਤੇ ਜੇਕਰ ਚਾਹੋ ਤਾਂ ਕਿਸੇ ਵੀ ਕੰਮ ਵਾਲੇ ਦਿਨ ਉੱਥੇ ਦੇਖਿਆ ਜਾ ਸਕਦਾ ਹੈ।

ਵੱਲੋਂ : ਮੈਸਰਜ਼ ਕੇ .ਜੇ. ਇੰਟਰਨੈਸ਼ਨਲ

ਪਿੰਡ ਕਿੰਗਰਾ ਚੋ, ਤਹਿਸੀਲ ਭੋਗਪੁਰ ਅਤੇ ਜ਼ਿਲ੍ਹਾ ਜਲੰਧਰ, ਪੰਜਾਬ

## PUBLIC NOTICE

I, Sukhjinder Kaur Gill W/o Nirmal Singh R/o Village Chak Mussa, Tehsil Garhshankar, Distt. Hoshiarpur. My Correct name is Sukhjinder Kaur Gill D/o Puran Singh S/o Hajara Singh. But in Revenue record my name is registered as Harjinder Kaur D/o Puran Singh S/o Hajara Singh. Which is wrong. All related note it.

Sale deed Executed by Deepak Kumar S/o Puran Chand in favour of Madhu Bala W/o Deepak Kumar vide Document number 2021-22/91/1/1935 dated 23/02/2022 have been lost on 23/06/2025 It's FIR is submitted at police station PSOC Airport city Amritsar on 23/06/2025 it's No. Is 603697/2025 if anybody finds the sale deed Please contact 97812-93880.


## ਉੱਤਰ ਰੇਲਵੇ

### ਈ-ਟੈਂਡਰ ਸੂਚਨਾ

ਬੰਦ ਹੋਣ ਦੀ ਮਿਤੀ/ਸਮਾਂ: 16.07.2025 12:30 ਵਜੇ

ਸੀਨੀਅਰ ਡਵੀਜਨ ਸਾਕੇਤ ਅਤੇ ਦੂਰਸੰਚਾਰ ਇੰਜੀਨੀਅਰ, ਉੱਤਰ ਰੇਲਵੇ, ਫ਼ਿਰੋਜ਼ਪੁਰ ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਟੈਂਡਰ ਨੰ: 433-ਸਿੰਗ-ਟੀ-02-25-26 ਈ-ਟੈਂਡਰਿੰਗ ਦੁਆਰਾ ਤੋਂ ਮਿਤੀ 16.07.2025 ਨੂੰ 15.00 ਵਜੇ ਤਕ https://www.ireps.gov.in ਟੈਂਡਰਾਂ ਦੀ ਮੰਗ ਕੀਤੀ ਜਾਂਦੀ ਹੈ। ਟੈਂਡਰਕਰਤਾ ਅਪਣੀ ਟੈਂਡਰਾਂ ਅਸਲੀ/ਸੰਸ਼ੋਧਿਤ ਨਿਸ਼ਚਿਤ ਕੀਤੇ ਗਏ ਸਮੇਂ ਅਤੇ ਮਿਤੀ ਤਕ ਜ਼ਰੂਰ ਜਮਾਂ ਕਰਵਾਏ। ਇਸ ਟੈਂਡਰ ਦੇ ਤਹਿਤ ਮੈਨੂਅਲ ਟੈਂਡਰ ਵਰਜਿਤ ਹੈ ਅਤੇ ਜੇਕਰ ਕੋਈ ਮੈਨੂਅਲ ਟੈਂਡਰ ਪ੍ਰਾਪਤ ਹੋਵੇਗੀ ਤਾਂ ਉਹ ਮਾਨਯ ਨਹੀਂ ਹੋਵੇਗੀ। ਠੇਕੇਦਾਰਾਂ ਦੁਵਾਰਾ ਟੈਂਡਰ ਡਾਕਯੂਮੈਂਟ ਦੀ ਕੀਮਤ ਅਤੇ ਬਿਆਨਾ ਰਾਸ਼ੀ ਜੋਕਿ ਇਸ ਟੈਂਡਰ ਦੇ ਲਈ ਮਾਨਯ ਹੈ ਉਹ ਕੇਵਲ ਆਈਆਰਈਪੀਐਸ ਪੋਰਟਲ ਜਿਸ ਤਰ੍ਹਾਂ ਕਿ ਨੇਟ ਬੈਂਕਿੰਗ, ਡੇਬਿਟ ਕਾਰਡ, ਕ੍ਰੇਡਿਟ ਆਦਿ ਦੁਵਾਰਾ ਹੀ ਸਵੀਕਾਰ ਕੀਤੀ ਜਾਵੇਗੀ ਇਸਦੇ ਅਤਿਰਿਕਤ ਡਿਮਾਂਡ ਡਰਾਫਟ, ਬੈਂਕਰ ਚੈਂਕ, ਡਿਪੋਜਿਟ ਰਸੀਦ, ਐਫਡੀਆਰ ਆਦਿ ਦੇ ਦੁਵਾਰਾ ਜਮਾਂ ਕਰਵਾਈ ਗਈ ਰਾਸ਼ੀ ਮਾਨਯ ਨਹੀਂ ਹੋਵੇਗੀ।

| | | | |
|---|---|---|---|
| ਕੰਮ ਦਾ ਨਾਮ | ਹੇਠਾ ਲਿਖੇ ਤੋਂ ਸਬੰਧਿਤ ਐਸ ਐਂਡ ਟੀ ਕੰਮ 1. ਅੰਮ੍ਰਿਤਸਰ ਯਾਰਡ ਵਿਚ ਕਿਮੀ 51 / 30-31 ਉਤੇ ਰੋਗੋ ਬ੍ਰਿਜ ਆਰਓਬੀ ਨੰਬਰ 157 ਏ ਦੇ ਪੁਨਰਨਿਰਮਾਣ ਦਾ ਪ੍ਰਾਵਧਾਨ 2. ਜਲੰਧਰ ਸਿਟੀ-ਪਠਾਨਕੋਟ ਸੈਕਸ਼ਨ ਉਤੇ ਐਲਐਚਐਸ ਪ੍ਰਦਾਨ ਕਰਕੇ ਮਾਨਵਯੁਕਤ ਐਲ-ਏਕਿਸਿੰਗ ਗੇਟ ਨੰਬਰ ਸੀ-118, ਸੀ-124 ਅਤੇ ਸੀ-125 ਨੂੰ ਹਟਾਣਾ। 3. ਸਾਹਨੇਵਾਲ-ਅੰਮ੍ਰਿਤਸਰ ਸੈਕਸ਼ਨ ਉਤੇ ਕਿਮੀ 426.236 ਉਤੇ ਮਾਨਵਯੁਕਤ ਲੇਵਲ ਕਰੋਸਿੰਗ ਨੰਬਰ ਐਮ-70 ਦੇ ਬਦਲੇ ਵਿਚ ਐਲਐਚਐਸ ਦਾ ਨਿਰਮਾਣ 4. ਐਸਐਸਈ / ਡਬਲਿਯੂ / ਪੀਜੀਡਬਲਿਯੂ ਦੇ ਤਹਿਤ ਸਾਹਨੇਵਾਰ-ਜਲੰਧਰ ਸਿਟੀ ਸੈਕਸ਼ਨ ਉਤੇ ਮਾਨਵਯੁਕਤ ਐਲ-ਏਕਸਿੰਗ ਨੰਬਰ ਐਸ-79, ਐਤ ਐਸ-80 ਦੇ ਬਦਲੇ ਵਿਚ 2 ਐਲਐਚਐਸ ਪ੍ਰਦਾਨ ਕਰਨਾ 5. ਸੁਚਿ ਪਿੰਡ-ਪਠਾਨਕੋਟ ਕੈਂਟ ਸੈਕਸ਼ਨ ਉਤੇ ਕਿਮੀ 71/3-4 ਉਤੇ ਐਲ-ਏਕਸਿੰਗ ਨੰਬਰ ਸੀ-107 ਦੇ ਬਦਲੇ ਵਿਚ ਐਲਐਚਐਸ 5 ਮੀਟਰ ਐਕਸ 2.5 ਮੀਟਰ ਆਰਸੀਸੀ ਬਾਕਸ ਦਾ ਨਿਰਮਾਣ 6. ਅੰਮ੍ਰਿਤਸਰ-ਖੇਮਕਰਣ ਸੈਕਸ਼ਨ ਉਤੇ ਮਾਨਵਯੁਕਤ ਲਾਇਨ ਨੰਬਰ ਸੀ-37 ਉਤੇ ਐਲਐਚਐਸ (5.0 X 5.0 ਮੀਟਰ ਦਾ ਨਿਰਮਾਣ। 7. ਅੰਮ੍ਰਿਤਸਰ-ਖੇਮਕਰਣ ਸੈਕਸ਼ਨ ਉਤੇ ਰੇਲਵੇ ਟ੍ਰੈਕ ਕਿਮੀ 6.934 ਉਤੇ ਆਂਤਰਿਕ ਆਕਾਰ ਦੇ ਟਵਿਨ ਬਾਕਸ (ਦਾਨਾ ਮੰਡਲ ਤੋਂ ਚੌਕੀ ਕੋਟ ਮੀਤ ਸਿੰਤ ਤਕ 2 X 5.0 X 5.0 ਮੀਟਰ) ਦੇ ਆਰਯੂਬੀ ਦਾ ਨਿਰਮਾਣ। 8. ਫ਼ਿਰੋਜ਼ਪੁਰ ਡਵੀਜਨ ਦੇ ਲੁਧਿਆਣ ਅਤੇ ਜਲੰਧਰ ਸਿਟੀ ਦੀ 50 ਨੰਬਰ ਪੋਆਇੰਟ ਮਸ਼ੀਨਾਂ ਦੀ ਵਿਸ਼ਵਸਨੀਯਤਾ ਸੁਧਾਰ ਕੰਮ। | | |
| ਟੈਂਡਰ ਬੰਦ ਕਰਨ ਦੀ ਮਿਤੀ ਅਤੇ ਸਮਾਂ | 16/07/2025 12:30 | ਟੈਂਡਰ ਦੀ ਅਪਲੋਡ ਕਰਨ ਦੀ ਮਿਤੀ ਅਤੇ ਸਮਾਂ | 24/06/2025 10:35 |
| ਅਨੁਮਾਨਿਤ ਕੀਮਤ | 22194921.90 | ਬਿਡਿੰਗ ਸ਼ੁਰੂ ਦੀ ਮਿਤੀ (ਆਈਆਰਈਪੀਐਸ) | 02/07/2025 |
| ਬਿਆਨਾ ਰਾਸ਼ੀ (ਰੁ:) | 261000.00 | ਕੰਮ ਪੂਰਾ ਕਰਨ ਦਾ ਸਮਾਂ | 12 ਮਹੀਨੇ |
| ਨੋਟ | ਟੈਂਡਰਕਰਤਾ ਨਿਯਮਿਤ ਰੂਪ ਤੋਂ ਵੇਬਸਾਈਟ ਦੇ ਸੰਪਰਕ ਵਿਚ ਰਹਿਕੇ ਟੈਂਡਰ ਸੰਸ਼ੋਧਨਾਂ, ਸ਼ੁੱਧੀਪੱਤਰ ਆਦਿ ਦੇ ਬਾਰੇ ਵਿਚ ਖੁਦ ਨੂੰ ਅਪਡੇਟ ਰਖੇ। | | |

ਟੈਂਡਰ ਸੂਚਨਾ ਨੰ: 433-ਸਿਗ-ਟੀ-02-25-26 ਮਿਤੀ : 24.06.2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ 1899/25

## ਨੂਠਿਆਂਵਾਲੀ ਸਰਪੰਚੀ ਦੀ ਚੋਣ ਰੱਦ ਕਰਨ ਸੰਬੰਧੀ ਪਾਈ ਪਟੀਸ਼ਨ ਰੱਦ : ਐਡਵੋਕੇਟ ਲਖਨਪਾਲ



**ਮਾਨਸਾ (ਰੀਟਵਾਲ)**-ਪਿਛਲੇ ਸਾਲ ਪੰਜਾਬ ਦੇ ਪਿੰਡਾਂ ਵਿੱਚ ਹੋਈਆਂ ਸਰਪੰਚੀ ਦੀਆਂ ਚੋਣਾਂ ਨੂੰ ਲੈ ਕੇ ਹਾਰੇ ਹੋਏ ਕੁਝ ਉਮੀਦਵਾਰਾਂ ਵੱਲੋਂ ਚੋਣਾਂ ਵਿੱਚ ਧਾਂਦਲੀਆਂ ਨੂੰ ਲੈ ਕੇ ਚੋਣ ਪਟੀਸ਼ਨਾਂ ਪਾਈਆਂ ਗਈਆਂ ਸਨ, ਜਿਸ ਲੜੀ ਤਹਿਤ ਮਾਨਸਾ ਜ਼ਿਲ੍ਹੇ ਦੇ ਪਿੰਡ ਨੂਠਿਆਂਵਾਲੀ ਦੀ ਸਰਪੰਚੀ ਦੀ ਚੋਣ ਨੂੰ ਲੈ ਕੇ ਪਾਈ ਗਈ ਚੋਣ ਪਟੀਸ਼ਨ ਮਾਨਯੋਗ ਐੱਸ ਡੀ ਐੱਮ ਮਾਨਸਾ ਵੱਲੋਂ ਰੱਦ ਕਰ ਦਿੱਤੀ ਗਈ ਹੈ।ਹਾਰੇ ਹੋਏ ਉਮੀਦਵਾਰ ਰਮਨਦੀਪ ਕੌਰ ਵੱਲੋਂ ਦੋਸ਼ ਲਗਾਇਆ ਗਿਆ ਸੀ ਕਿ ਵੋਟਾਂ ਦੀ ਗਿਣਤੀ ਸਹੀ ਢੰਗ ਨਾਲ ਨਹੀਂ ਕੀਤੀ ਗਈ ਅਤੇ ਪ੍ਰਸ਼ਾਸਨ ਵੱਲੋਂ ਧੱਕਾ ਕੀਤਾ ਗਿਆ ਸੀ।ਇਸ ਸਾਰੀ ਚੋਣ ਪ੍ਰਕਿਰਿਆ ਨੂੰ ਚੈਲੇਂਜ ਕੀਤਾ ਗਿਆ ਸੀ, ਪ੍ਰੰਤੂ ਇਸ ਦੇ ਉਲਟ ਜੇਤੂ ਉਮੀਦਵਾਰ ਦੇ ਵਕੀਲ ਐਡਵੋਕੇਟ ਲਖਵਿੰਦਰ ਸਿੰਘ ਲਖਨਪਾਲ ਨੇ ਕਿਹਾ ਕਿ ਚੋਣ ਪਟੀਸ਼ਨ ਮਹਿਜ਼ ਕਲਾਇਟ ਨੂੰ ਤੰਗ ਪ੍ਰੇਸ਼ਾਨ ਕਰਨ ਲਈ ਪਾਈ ਗਈ ਹੈ ਤਾਂ ਜੋ ਜਿੱਤਿਆ ਹੋਇਆ ਸਰਪੰਚ ਪਿੰਡ ਦੇ ਵਿਕਾਸ ਕਾਰਜ ਨਾ ਕਰਵਾ ਸਕੇ।ਵਕੀਲ ਲਖਨਪਾਲ ਨੇ ਦੱਸਿਆ ਕਿ ਜਸਵੀਰ ਕੌਰ ਐਸੀ ਜਾਤੀ ਨਾਲ ਸੰਬੰਧਤ ਰੱਖਦੀ ਹੈ।ਦੂਜੇ ਹਾਰੇ ਉਮੀਦਵਾਰ ਜਨਰਲ ਜਾਤੀ ਨਾਲ ਸੰਬੰਧ ਰੱਖਦੇ ਹਨ, ਜਿਸ ਕਰਕੇ ਵੀ ਇਹ ਪਟੀਸ਼ਨ ਪਾਈ ਗਈ ਸੀ ਤਾਂ ਜੋ ਜਸਵੀਰ ਕੌਰ ਵੱਲੋਂ ਆਪਣਾ ਕੰਮ ਸਹੀ ਢੰਗ ਨਾਲ ਨਾ ਕੀਤਾ ਜਾ ਸਕੇ, ਪ੍ਰੰਤੂ ਐਡਵੋਕੇਟ ਲਖਨਪਾਲ ਵੱਲੋਂ ਹਰ ਵਾਰ ਦੀ ਤਰ੍ਹਾਂ ਰੱਖੀਆਂ ਦਲੀਲਾਂ ਦੇ ਆਧਾਰ 'ਤੇ ਇਹ ਚੋਣ ਪਟੀਸ਼ਨ ਵੀ ਖਾਰਜ ਕਰਵਾ ਦਿੱਤੀ ਗਈ।ਇੱਥੇ ਦੱਸਣਯੋਗ ਹੈ ਕਿ ਐਡਵੋਕੇਟ ਲਖਨਪਾਲ ਲੰਮੇ ਸਮੇਂ ਤੋਂ ਸਮਾਜਿਕ ਕੁਰੀਤੀ ਖਿਲਾਫ ਡੱਟ ਕੇ ਲੜ ਰਹੇ ਹਨ, ਜਿਸ ਲੜੀ ਤਹਿਤ ਇਸ ਪਟੀਸ਼ਨ ਨੂੰ ਰੱਦ ਕਰਵਾਇਆ ਗਿਆ ਹੈ।

# ਨਗਰ ਕੌਂਸਲ ਟੀਮ ਨੇ ਨਜਾਇਜ਼ ਕਬਜ਼ੇ ਚੁਕਾਉਣ ਲਈ ਚਲਾਈ ਵਿਸ਼ੇਸ਼ ਮੁਹਿੰਮ



**ਬਾਘਾ ਪੁਰਾਣਾ (ਮਨੀ ਸਿੰਗਲਾ)** ਸ਼ਹਿਰ ਅੰਦਰ ਵੱਡੀ ਪੱਧਰ 'ਤੇ ਦੁਕਾਨਦਾਰਾਂ ਵੱਲੋਂ ਆਪਣੀ ਦੁਕਾਨ ਦੀ ਸੀਮਿਤ ਸੀਮਾ ਤੋਂ ਅੱਗੇ ਵਧਾ ਕੇ ਰੱਖੇ ਗਏ ਸਮਾਨ ਦੇ ਕਾਰਨ ਤੇ ਉੱਤੋਂ ਆਪਣੇ ਵਹੀਕਲਾਂ ਨੂੰ ਦੁਕਾਨ ਮੂਹਰੇ ਨਜਾਇਜ਼ ਪਾਰਕਿੰਗ ਕੀਤੇ ਜਾਣ ਕਰਕੇ ਲੰਮੇ ਲੰਮੇ ਜਾਮ ਲੱਗੇ ਅਕਸਰ ਹੀ ਵੇਖੇ ਜਾਂਦੇ ਹਨ।ਤਾਜ਼ਾ ਤੋਂ ਵੱਡੀ ਗੱਲ ਤਾਂ ਇਹ ਕਿ ਬਹੁਤ ਸਾਰੇ ਦੁਕਾਨਦਾਰਾਂ ਵੱਲੋਂ ਜੋ ਸ਼ਹਿਰ ਅੰਦਰ ਨਾਲੇ ਬਣੇ ਹੋਏ ਹਨ, ਉਨ੍ਹਾਂ ਤੋਂ ਅੱਗੇ ਆਪਣੀ ਦੁਕਾਨ ਦੇ ਬੜੇ ਬਣਾਏ ਜਾਣ ਦੇ ਬਾਅਦ ਵੀ ਆਪਣੀ ਦੁਕਾਨ ਦਾ ਸਮਾਨ ਬਾਹਰ ਤੱਕ ਰੱਖੇ ਜਾਣ ਦੇ ਬਾਅਦ ਹਰ ਵੱਲੋਂ ਟ੍ਰੈਫਿਕ ਦੀ ਸਮੱਸਿਆ ਬਣੀ ਹੋਈ ਹੈ। ਉੱਤੋਂ ਸ਼ਹਿਰ ਦੇ ਮੇਨ ਹਾਈਵੇ 'ਤੇ ਨਜਾਇਜ਼ ਕੀਤੀ ਜਾਣ ਵਾਲੀ ਪਾਰਕਿੰਗ ਵੀ ਬਾਘਾ ਪੁਰਾਣਾ ਅੰਦਰ ਟ੍ਰੈਫਿਕ ਦੀ ਸਮੱਸਿਆ ਨੂੰ ਜਨਮ ਦਿੰਦੀ ਹੈ।ਇਨ੍ਹਾਂ ਸਾਰੀਆਂ ਸਮੱਸਿਆਵਾਂ ਤੋਂ ਸ਼ਹਿਰੀਆਂ ਤੇ ਰਾਹਗੀਰਾਂ ਨੂੰ ਰਾਹਤ ਦਿਵਾਉਣ ਦੇ ਲਈ ਨਗਰ ਕੌਂਸਲ ਦੇ ਕਾਰਜ ਸਾਧਕ ਅਫਸਰ ਦਵਿੰਦਰ ਸਿੰਘ ਤੂਰ ਦੀ ਅਗਵਾਈ ਹੇਠ ਸ਼ਹਿਰ ਅੰਦਰ ਨਜਾਇਜ਼ ਕਬਜ਼ਿਆਂ ਨੂੰ ਹਟਾਉਣ ਦੇ ਲਈ ਜਨਰਲ ਇੰਸਪੈਕਟਰ ਜਗਜੀਤ ਸਿੰਘ ਸੰਧੂ, ਟ੍ਰੈਫਿਕ ਪੁਲਸ ਟੀਮ ਦੇ ਏ.ਐੱਸ.ਆਈ ਜਸਵੀਰ ਸਿੰਘ, ਏ.ਐੱਸ.ਆਈ ਬਲਵੀਰ ਸਿੰਘ ਦੇ ਇਲਾਵਾ ਨਗਰ ਕੌਂਸਲ ਦੇ ਅਧਿਕਾਰੀ ਸਾਜਨ ਮੱਲਕੇ ਵੱਲੋਂ ਵਿਸ਼ੇਸ਼ ਮੁਹਿੰਮ ਚਲਾਈ ਜਾ ਰਹੀ ਹੈ, ਜਿਸ ਤਹਿਤ ਟੀਮ ਦੇ ਉਕਤ ਅਧਿਕਾਰੀਆਂ ਵੱਲੋਂ ਸ਼ਹਿਰ ਅੰਦਰ ਪਹਿਲਾਂ ਤਾਂ ਦੁਕਾਨਦਾਰਾਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਦੁਕਾਨ ਦਾ ਸਮਾਨ ਆਪਣੀ ਸੀਮਤ ਸੀਮਾ ਅੰਦਰ ਰੱਖਿਆ ਜਾਵੇ ਤਾਂ ਜੁ ਸ਼ਹਿਰ ਅੰਦਰ ਟ੍ਰੈਫਿਕ ਵਿੱਚ ਕੋਈ ਵਿਘਨ ਨਾ ਪਵੇ, ਪ੍ਰੰਤੂ ਜੋ ਦੁਕਾਨਦਾਰਾਂ ਵੱਲੋਂ ਨਗਰ ਕੌਂਸਲ ਦੀ ਟੀਮ ਦੀ ਅਪੀਲ ਨੂੰ ਟਿੱਚ ਜਾਣਿਆ ਉਨ੍ਹਾਂ ਵਿਰੁੱਧ ਕਾਰਵਾਈ ਕਰਦਿਆਂ ਉਨ੍ਹਾਂ ਨੂੰ ਇਕ ਵਾਰ ਤਾਂ ਸਮਾਨ ਪਿੱਛੇ ਹਟਾ ਕੇ ਵਾਰਨਿੰਗ ਦੇ ਕੇ ਛੱਡਿਆ ਤੇ ਬਾਅਦ ਵਿਚ ਅਜਿਹਾ ਕਰਨ 'ਤੇ ਬਣਦੀ ਕਾਰਵਾਈ ਕਰਨ ਦੀ ਚੇਤਾਵਨੀ ਦਿੱਤੀ ਗਈ।ਜਨਰਲ ਇੰਸਪੈਕਟਰ ਜਗਜੀਤ ਸਿੰਘ ਸੰਧੂ, ਟ੍ਰੈਫਿਕ ਪੁਲਸ ਟੀਮ ਦੇ ਏ.ਐੱਸ.ਆਈ ਜਸਵੀਰ ਸਿੰਘ, ਏ.ਐੱਸ.ਆਈ ਬਲਵੀਰ ਸਿੰਘ ਦੇ ਇਲਾਵਾ ਨਗਰ ਕੌਂਸਲ ਦੇ ਅਧਿਕਾਰੀ ਸਾਜਨ ਮੱਲਕੇ ਨੇ ਦੁਕਾਨਦਾਰਾਂ ਤੇ ਰੇਹੜੀ ਫੜੀ ਵਾਲਿਆਂ ਨੂੰ ਅਪੀਲ ਕੀਤੀ ਕਿ ਸ਼ਹਿਰ ਅੰਦਰ ਟਰੈਫਿਕ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਉਹ ਨਗਰ ਕੌਂਸਲ ਤੇ ਟ੍ਰੈਫਿਕ ਪੁਲਸ ਦਾ ਸਹਿਯੋਗ ਕਰਨ। ਜੇਕਰ ਕੋਈ ਵੀ ਦੁਕਾਨਦਾਰ ਆਪਣੀ ਦੁਕਾਨ ਦਾ ਸਮਾਨ ਆਪਣੀ ਸੀਮਿਤ ਤੋਂ ਬਾਹਰ ਰੱਖਦਾ ਹੈ ਤਾਂ ਉਸ ਨੂੰ ਜ਼ਬਤ ਕਰ ਲਿਆ ਜਾਵੇਗਾ।

## ਨਸ਼ੇ ਦੀਆਂ ਗੋਲੀਆਂ ਤੇ ਮੋਟਰਸਾਈਕਲ ਸਮੇਤ 3 ਕਾਬੂ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਵੈਰੋਕੇ ਦੀ ਪੁਲਸ ਵੱਲੋਂ 80 ਨਸ਼ੀਲੀਆਂ ਗੋਲੀਆਂ ਤੇ ਬਿਨਾਂ ਨੰਬਰੀ ਮੋਟਰਸਾਈਕਲ ਸਮੇਤ 3 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਮਹਿੰਦਰ ਸਿੰਘ ਨੇ ਦੱਸਿਆ ਕਿ ਉਹ ਸਮੇਤ ਪੁਲਸ ਪਾਰਟੀ ਸ਼ੱਕੀ ਪੁਰਸ਼ਾਂ ਦੀ ਚੈਕਿੰਗ ਸੰਬੰਧੀ ਕਾਠਗੜ੍ਹ ਤੋਂ ਜੈਮਲਵਾਲਾ ਨੂੰ ਜਾ ਰਹੇ ਸੀ ਤਾਂ ਸਾਹਮਣੇ ਤੋਂ ਇੱਕ ਮੋਟਰਸਾਈਕਲ 'ਤੇ 3 ਵਿਅਕਤੀ ਆਉਂਦੇ ਦਿਖਾਈ ਦਿੱਤੇ, ਜਿਨ੍ਹਾਂ ਵਿਚਕਾਰ ਬੈਠੇ ਵਿਅਕਤੀ ਨੇ ਪੁਲਸ ਪਾਰਟੀ ਦੀ ਗੱਡੀ ਵੇਖ ਕੇ ਆਪਣੇ ਸੱਜੇ ਹੱਥ ਵਿੱਚ ਫੜਿਆ ਲਿਫਾਫਾ ਸੜਕ 'ਤੇ ਸੁੱਟ ਦਿੱਤਾ, ਜਿਨ੍ਹਾਂ ਨੂੰ ਪੁਲਸ ਪਾਰਟੀ ਨੇ ਸ਼ੱਕ ਦੇ ਅਧਾਰ 'ਤੇ ਚੈੱਕ ਕੀਤਾ ਤਾਂ ਉਸ ਵਿੱਚੋਂ 8 ਪੱਤਿਆਂ (10-10 ਗੋਲੀਆਂ) ਵਿੱਚ ਕੁੱਲ 80 ਨਸ਼ੇ ਦੀਆਂ ਗੋਲੀਆਂ ਬਰਾਮਦ ਹੋਈਆਂ। ਪੁਲਸ ਨੇ ਨਸ਼ੇ ਦੀਆਂ ਗੋਲੀਆਂ, ਇਕ ਮੋਟਰਸਾਈਕਲ ਬਜਾਜ ਪਲਟੀਨਾ ਬਿਨਾਂ ਨੰਬਰੀ ਤੇ ਬਲਵਿੰਦਰ ਸਿੰਘ ਉਰਫ ਬਿੱਟੂ ਪੁੱਤਰ ਰੁਲੀਆ ਸਿੰਘ ਵਾਸੀ ਕਾਠਗੜ੍ਹ, ਜਸਵੰਤ ਸਿੰਘ ਉਰਫ ਨੈਨੀ ਪੁੱਤਰ ਬਲਵੀਰ ਸਿੰਘ ਵਾਸੀ ਕਾਠਗੜ੍ਹ ਤੇ ਨਿਰਮਲਾ ਕੌਰ ਉਰਫ ਨਿੰਮੋ ਪਤਨੀ ਚੰਦ ਸਿੰਘ ਵਾਸੀ ਚੱਕ ਬਲੋਚਾ ਉਰਫ ਮਹਾਲਮ ਨੂੰ ਕਾਬੂ ਕਰਕੇ ਥਾਣਾ ਵੈਰੋਕੇ ਵਿਖੇ ਮੁਕੱਦਮਾ ਦਰਜ ਕੀਤਾ ਗਿਆ ਹੈ।

## ਜਰਨੈਲ ਸਿੰਘ ਰਾਮਾ ਨੂੰ ਬਲਾਕ ਪ੍ਰਧਾਨ ਲਾਉਣ 'ਤੇ ਖ਼ੁਸ਼ੀ ਦਾ ਮਾਹੌਲ



**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)**-ਜਰਨੈਲ ਸਿੰਘ ਰਾਮਾ ਨੂੰ ਕਾਂਗਰਸ ਦਾ ਬਲਾਕ ਪ੍ਰਧਾਨ ਲਾਉਣ 'ਤੇ ਕਾਂਗਰਸੀ ਵਰਕਰਾਂ ਵਿੱਚ ਖੁਸ਼ੀ ਦਾ ਮਾਹੌਲ ਪਾਇਆ ਜਾ ਰਿਹਾ ਹੈ। ਇਸ ਮੌਕੇ ਚੇਅਰਮੈਨ ਜਗਰੂਪ ਸਿੰਘ ਤਖਤੂਪੁਰਾ, ਧਰਮਪਾਲ ਸਿੰਘ ਪਰਮਿੰਦਰ ਸਿੰਘ ਡਿੰਪਲ ਤੇ ਕਾਂਗਰਸੀ ਕਮੇਟੀ ਮੈਂਬਰ ਤੋਂ ਇਲਾਵਾ, ਪ੍ਰਧਾਨ ਅਮਨਦੀਪ ਸਿੰਘ, ਰਣਜੀਤ ਸਿੰਘ ਮੀਤ ਪ੍ਰਧਾਨ, ਜਗਦੇਵ ਸਿੰਘ ਸੁਸਾਇਟੀ ਪ੍ਰਧਾਨ, ਗੁਰਚਰਨ ਸਿੰਘ ਸਾਬਕਾ ਸਰਪੰਚ, ਬਲਵੀਰ ਸਿੰਘ ਰਾਮਾ, ਲੇਮਾ ਰਾਮਾ, ਇੰਦਰਜੀਤ ਸਿੰਘ, ਜੰਗਾ ਸਿੰਘ, ਤਰਸੇਮ ਸਿੰਘ, ਮਲਕੀਤ ਗਿੱਲ, ਹਰਦੀਪ ਸਿੰਘ, ਬਲਦੇਵ ਰਾਜ, ਸੁਖਮਿੰਦਰ ਸਿੰਘ, ਰਛਪਾਲ ਸਿੰਘ ਕਨੇਡਾ, ਭਿੰਦਰ ਮਡੀਲਾ, ਕਰਮਜੀਤ ਸਿੰਘ ਦੇਵੀ ਤੇ ਗੁਰਮੇਲ ਸਿੰਘ ਗੋਗੀ ਆਦਿ ਹਾਜ਼ਰ ਸਨ।

## ਸੀ ਏ ਸਟਾਫ਼ ਦੇ ਗੁਰਮੀਤ ਸਿੰਘ ਨੂੰ ਡਿਸਕ ਨਾਲ ਸਨਮਾਨਤ ਕੀਤਾ



**ਫਿਰੋਜ਼ਪੁਰ (ਗੁਰਬਚਨ ਸਿੰਘ)**-ਪੰਜਾਬ ਪੁਲਸ ਦੇ ਡਾਇਰੈਕਟਰ ਜਨਰਲ ਆਫ ਪੁਲਸ (ਡੀਜੀਪੀ) ਗੌਰਵ ਦੀ ਅਗਵਾਈ ਹੇਠ ਸ਼ਾਨਦਾਰ ਸਮਾਗਮ ਵਿੱਚ ਸੀਨੀਅਰ ਸੁਪਰਡੈਂਟ ਆਫ ਪੁਲਸ (ਐਸਐਸਪੀ) ਭੁਪਿੰਦਰ ਸਿੰਘ ਸਿੱਧੂ ਨੇ ਸੀਏ ਸਟਾਫ਼ ਵਿੱਚ ਸੇਵਾ ਨਿਭਾਉਣ ਵਾਲੇ ਗੁਰਮੀਤ ਸਿੰਘ ਨੂੰ ਉਨ੍ਹਾਂ ਦੀ ਨਿਸ਼ਠਾਵਾਨ ਸੇਵਾ ਤੇ ਸਮਰਪਣ ਲਈ ਡਿਸਕ ਨਾਲ ਸਨਮਾਨਿਤ ਕੀਤਾ।ਇਹ ਸਮਾਰੋਹ ਪੰਜਾਬ ਪੁਲਸ ਦੀਆਂ ਸੇਵਾਵਾਂ ਨੂੰ ਮਾਨਤਾ ਦੇਣ ਤੇ ਸਮਾਜ ਪ੍ਰਤੀ ਉਨ੍ਹਾਂ ਦੀ ਜ਼ਿੰਮੇਵਾਰੀ ਨੂੰ ਸਰਾਹਣ ਲਈ ਆਯੋਜਤ ਕੀਤਾ ਗਿਆ।ਗੁਰਮੀਤ ਸਿੰਘ ਦੀਆਂ ਸ਼ਾਨਦਾਰ ਸੇਵਾਵਾਂ ਨੇ ਫ਼ਿਰੋਜ਼ਪੁਰ ਪੁਲਸ ਦੇ ਮਾਣ ਨੂੰ ਹੋਰ ਉੱਚਾ ਕੀਤਾ। ਡੀਜੀਪੀ ਗੌਰਵ ਨੇ ਇਸ ਮੌਕੇ ਗੁਰਮੀਤ ਸਿੰਘ ਦੀ ਤਾਰੀਫ਼ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਮਿਹਨਤ ਤੇ ਇਮਾਨਦਾਰੀ ਸਾਰੇ ਪੁਲਿਸ ਵਿਭਾਗ ਲਈ ਪ੍ਰੇਰਣਾ ਸਰੋਤ ਹੈ।

## ਅਕਾਲੀ ਦਲ ਵਾਰਸ ਪੰਜਾਬ ਵੱਲੋਂ ਲਾਪਰਾਂ 'ਚ ਕਮੇਟੀ ਦਾ ਗਠਨ



**ਦੋਰਾਹਾ (ਹਰਮਿੰਦਰ ਸੇਠ)**-'ਮੌਜੂਦਾ ਰਵਾਇਤੀ ਪਾਰਟੀਆਂ ਤੋਂ ਤੰਗ ਆ ਕੇ ਲੋਕ ਤੀਸਰੇ ਬਦਲ ਦੀ ਭਾਲ ਵਿੱਚ ਵੱਡਾ ਧੋਖਾ ਖਾ ਚੁੱਕੇ ਹਨ, ਕਿਉਂਕਿ ਸਮੂਹ ਪੰਜਾਬੀਆਂ ਨੇ ਬੜੇ ਚਾਅ ਦੇ ਨਾਲ ਅਕਾਲੀ ਦਲ ਤੇ ਕਾਂਗਰਸ ਦੇ ਮੁਕਾਬਲੇ ਆਮ ਆਦਮੀ ਪਾਰਟੀ ਦੀ ਚੋਣ ਕੀਤੀ ਸੀ, ਜੋ ਹਾਲਾਤ ਪੰਜਾਬ ਵਿੱਚ ਬਣੇ ਹੋਏ, ਨੇ ਉਸ ਨਾਲ ਪੰਜਾਬੀਆਂ ਨਾਲ ਵੱਡਾ ਧੋਖਾ ਹੋਇਆ ਹੈ। ਝੂਠ ਬੋਲ ਕੇ ਕਾਇਮ ਕੀਤੀ ਸਰਕਾਰ ਦਾ ਲੋਕਾਂ ਤੋਂ ਮੋਹ ਹੀ ਨਹੀਂ ਭੰਗ ਹੋਇਆ, ਬਲਕਿ ਲੋਕਾਂ ਵਿੱਚ ਬੇਵਿਸ਼ਵਾਸੀ ਫੈਲ ਚੁੱਕੀ ਹੈ।' ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਅਕਾਲੀ ਦਲ ਵਾਰਸ ਪੰਜਾਬ ਦੇ ਭਾਰਤੀ ਕਮੇਟੀ ਮੈਂਬਰ ਪੰਜਾਬ ਸੰਦੀਪ ਸਿੰਘ ਰੁਪਾਲੋਂ ਨੇ ਪਿੰਡ ਲਾਪਰਾਂ ਵਿਖੇ ਪਾਰਟੀ ਦੀ ਪਿੰਡ ਦੀ ਇਕਾਈ ਕਾਇਮ ਕਰਦੇ ਹੋਏ ਕੀਤਾ। ਉਨ੍ਹਾਂ ਕਿਹਾ ਕਿ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਦੇ ਆਉਣ ਨਾਲ ਲੋਕਾਂ ਵਿੱਚ ਇੱਕ ਨਵੀਂ ਆਸ ਦੀ ਕਿਰਨ ਜਾਗੀ ਹੈ, ਸਾਨੂੰ ਪੂਰਨ ਵਿਸ਼ਵਾਸ ਹੈ ਕਿ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਲੋਕਾਂ ਦੇ ਯਕੀਨ 'ਤੇ ਖਰਾ ਉਤਰਨਗੇ ਅਤੇ ਪੰਜਾਬ ਦੀ ਮਿੱਟੀ ਦੇ ਨਾਲ ਇਮਾਨਦਾਰੀ ਤੇ ਵਫਾਦਾਰੀ ਕਰਨਗੇ ਹੁਣ ਰੌਲਾ ਕੇਵਲ ਵੋਟਾਂ ਦਾ ਨਹੀਂ ਅਤੇ ਨਾ ਹੀ ਜਿੱਤ ਹਾਰਦਾ ਹੈ, ਬਲਕਿ ਪੰਜਾਬੀਆਂ ਦੀ ਇੱਜ਼ਤ ਤੇ ਹੋਂਦ ਦਾ ਹੈ, ਕਿਉਂਕਿ ਸਿੱਖ ਪੰਜਾਬ ਵਿੱਚ ਹੀ ਬੇਗਾਨੇ ਹੋ ਕੇ ਰਹਿ ਗਏ ਹਨ। ਸਰਕਾਰਾਂ ਵੱਲੋਂ ਸਾਡੇ ਨੌਜਵਾਨਾਂ ਉੱਤੇ ਝੂਠੇ ਕੇਸ ਦਰਜ ਕਰਕੇ ਜੇਲ੍ਹਾਂ ਵਿੱਚ ਡੱਕਿਆ ਜਾ ਰਿਹਾ ਹੈ। ਪੰਜਾਬ ਵਿੱਚ ਹਰ ਵਰਗ ਦਾ ਬੁਰਾ ਹਾਲ ਹੈ। ਅਕਾਲੀ ਦਲ ਵਾਰਸ ਪੰਜਾਬ ਵੱਲੋਂ ਆਪਣੇ ਜਥੇਬੰਦਕ ਢਾਂਚੇ ਨੂੰ ਮਜ਼ਬੂਤ ਤੇ ਉਸਾਰੂ ਢੰਗ ਨਾ ਤਿਆਰ ਕਰਨ ਲਈ ਪਿੰਡ ਪੱਧਰ ਦੀਆਂ ਕਮੇਟੀਆਂ ਕਾਇਮ ਕੀਤੀਆਂ ਜਾ ਰਹੀਆਂ, ਅਸੀਂ ਪਿੰਡ ਲਾਪਰਾਂ ਦੇ ਵਾਸੀਆਂ ਨੂੰ ਵਧਾਈ ਦਿੰਦੇ ਹਾਂ, ਜਿਨ੍ਹਾਂ ਨੇ ਬੜੇ ਉਤਸ਼ਾਹ ਨਾਲ ਪਾਰਟੀ ਦੇ ਮਿਸ਼ਨ ਨੂੰ ਪ੍ਰਵਾਨ ਕਰਦੇ ਹੋਏ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਤੇ ਭਾਈ ਸਰਬਜੀਤ ਸਿੰਘ ਖਾਲਸਾ ਦੀ ਸੋਚ 'ਤੇ ਪਹਿਰਾ ਦੇਣ ਦਾ ਦ੍ਰਿੜ੍ਹ ਨਿਸ਼ਚਾ ਕੀਤਾ ਹੈ। ਚੁਣੀ ਗਈ ਕਮੇਟੀ ਨੂੰ ਅਕਾਲੀ ਦਲ ਵਾਰਸ ਪੰਜਾਬ ਵੱਲੋਂ ਸਿਰੋਪਾਓ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਜ਼ਿਲ੍ਹਾ ਲੁਧਿਆਣਾ ਦੇ ਭਰਤੀ ਕਮੇਟੀ ਮੈਂਬਰ ਕਰਨੈਲ ਸਿੰਘ ਬਰਮਾਲੀਪੁਰ, ਗਗਨਦੀਪ ਸਿੰਘ ਪਾਇਲ, ਜੋਗਾ ਸਿੰਘ ਪਾਇਲ, ਹਰਬੰਤ ਸਿੰਘ ਗਿੱਲ ਪਾਇਲ, ਹਰਕਮਲਦੀਪ ਸਿੰਘ, ਹਿਟਲਰ ਸਿੰਘ, ਗਗਨਪ੍ਰੀਤ ਸਿੰਘ, ਸਤਪਾਲ ਸਿੰਘ, ਗੁਰਵਿੰਦਰ ਸਿੰਘ, ਜਗਜੀਤ ਸਿੰਘ, ਬਲਦੇਵ ਸਿੰਘ, ਗਿਆਨੀ ਬਲਬੀਰ ਸਿੰਘ ਹਾਜ਼ਰ ਸਨ।

## ਹੈਰੋਇਨ ਸਣੇ ਔਰਤ ਗ੍ਰਿਫਤਾਰ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਸਦਰ ਜਲਾਲਾਬਾਦ ਦੀ ਪੁਲਸ ਵੱਲੋਂ ਟੀ-ਪੁਆਇੰਟ ਨਾਨਕ ਨਗਰੀ (ਧਰਮੂਵਾਲਾ) ਨਜ਼ਦੀਕ 7 ਗ੍ਰਾਮ ਹੈਰੋਇਨ ਸਣੇ ਇੱਕ ਔਰਤ ਨੂੰ ਕਾਬੂ ਕੀਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਜਾਂਚ ਅਧਿਕਾਰੀ ਏ.ਐੱਸ.ਆਈ. ਬਿਸ਼ਨ ਰਾਮ ਨੇ ਦੱਸਿਆ ਕਿ ਉਹ ਸਮੇਤ ਸਾਥੀ ਕਰਮਚਾਰੀਆਂ ਨਾਲ ਗਸ਼ਤ ਦੌਰਾਨ ਸ਼ੱਕੀ ਪੁਰਸ਼ਾਂ ਦੀ ਚੈਕਿੰਗ ਕਰਨ ਲਈ ਥਾਣਾ ਏਰੀਏ ਵਿੱਚ ਮੌਜੂਦ ਸੀ ਤੇ ਜਦੋਂ ਪੁਲਸ ਪਾਰਟੀ ਗਸ਼ਤ ਕਰਦੀ ਹੋਈ ਟੀ-ਪੁਆਇੰਟ ਨਾਨਕ ਨਗਰੀ ਦਾਖਲੀ ਧਰਮੂਵਾਲਾ ਪੁੱਜੀ ਤਾਂ ਇਕ ਔਰਤ ਆਉਂਦੀ ਦਿਖਾਈ ਦਿੱਤੀ, ਜਿਸ ਦੇ ਕਬਜ਼ੇ ਵਿੱਚੋਂ 7 ਗ੍ਰਾਮ ਹੈਰੋਇਨ ਬਰਾਮਦ ਹੋਈ ਹੈ, ਜਿਸ 'ਤੇ ਪੁਲਸ ਵੱਲੋਂ ਕ੍ਰਿਸ਼ਨ ਰਾਣੀ ਪਤਨੀ ਹਰਮੀਤ ਸਿੰਘ ਵਾਸੀ ਹਜ਼ਾਰਾ ਰਾਮ ਸਿੰਘ ਨੂੰ ਹੈਰੋਇਨ ਸਮੇਤ ਕਾਬੂ ਕਰਨ ਉਪਰੰਤ ਥਾਣਾ ਸਦਰ ਜਲਾਲਾਬਾਦ ਵਿਖੇ ਮੁਕੱਦਮਾ ਰਜਿਸਟਰ ਕੀਤਾ ਗਿਆ ਹੈ।

# 'ਆਪ' ਨੇ ਲੁਧਿਆਣਾ 'ਚ ਇਤਿਹਾਸਕ ਜਿੱਤ ਦਰਜ ਕੀਤੀ : ਹਡਾਣਾ, ਗੋਗੀਆ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਆਮ ਆਦਮੀ ਪਾਰਟੀ ਨੇ ਲੁਧਿਆਣਾ ਵਿੱਚ ਹੋਈਆਂ ਚੋਣਾਂ ਵਿੱਚ ਇਤਿਹਾਸਕ ਜਿੱਤ ਹਾਸਲ ਕੀਤੀ ਹੈ, ਜੋ ਪਾਰਟੀ ਦੇ ਪੰਜਾਬ ਵਿੱਚ ਮਜ਼ਬੂਤ ਹੋਣ ਦਾ ਸੰਕੇਤ ਦਿੰਦੀ ਹੈ।ਇਹ ਪ੍ਰਗਟਾਵਾ ਰਣਜੋਧ ਸਿੰਘ ਹਡਾਣਾ ਚੇਅਰਮੈਨ ਪੀਆਰਟੀਸੀ, ਮੇਅਰ ਕੁੰਦਨ ਗੋਗੀਆ, ਡਿਪਟੀ ਮੇਅਰ ਹਰਿੰਦਰ ਕੋਹਲੀ, ਚੇਅਰਮੈਨ ਹਨੀ ਮਾਹਲਾ, ਰਾਜਬੰਸ ਸਿੰਘ ਤੇ ਹੋਰ ਆਪ ਆਗੂਆਂ ਨੇ ਆਪ ਦੀ ਲੁਧਿਆਣਾ ਜਿੱਤ ਤੇ ਗੁਜਰਾਤ ਵਿਚਲੀ ਵਿਧਾਨ ਸਭਾ ਸੀਟ ਦੀ ਜਿੱਤ ਦਾ ਜਸ਼ਨ ਮਨਾਉਂਦਿਆ ਮੁੱਖ ਦਫਤਰ ਪੀ ਆਰ ਟੀ ਸੀ ਵਿਖੇ ਕੀਤਾ।ਉਪਰੋਕਤ ਨੇ ਸਾਂਝੇ ਤੌਰ 'ਤੇ ਕਿਹਾ ਕਿ ਇਸ ਜਿੱਤ ਨਾਲ ਨਾ ਸਿਰਫ਼ ਪੰਜਾਬ ਦੀ ਸਿਆਸੀ ਤਸਵੀਰ ਨੂੰ ਬਦਲ ਦਿੱਤਾ ਹੈ, ਬਲਕਿ ਇਹ ਵੀ ਦਿਖਾਇਆ ਹੈ ਕਿ ਪੰਜਾਬ ਦੀ ਜਨਤਾ ਨੂੰ ਪੁਰਾਣੀਆਂ ਪਾਰਟੀਆਂ ਦੀ ਬਜਾਏ ਨਵੇਂ ਵਿਕਲਪਾਂ 'ਤੇ ਭਰੋਸਾ ਹੈ।ਇਹ ਚੋਣ ਨਤੀਜਾ ਪੰਜਾਬ ਵਿੱਚ ਆਪ ਦੀ ਵਧ ਰਹੀ ਪਕੜ ਨੂੰ ਦਰਸਾਉਂਦਾ ਹੈ ਅਤੇ ਇਸ ਨੂੰ 2027 ਦੀਆਂ ਵਿਧਾਨ ਸਭਾ ਚੋਣਾਂ ਲਈ ਹੋਣ ਵਾਲੀ ਇੱਕ ਮਹੱਤਵਪੂਰਨ ਜਿੱਤ ਵਜੋਂ ਵੀ ਦੇਖਿਆ ਜਾ ਸਕਦਾ ਹੈ। ਚੇਅਰਮੈਨ ਰਣਜੋਧ ਸਿੰਘ ਹਡਾਣਾ ਨੇ ਕਿਹਾ ਕਿ ਲੁਧਿਆਣਾ ਵਿੱਚ ਆਪ ਦੇ ਉਮੀਦਵਾਰ ਨੇ ਵੱਡੇ ਫਰਕ ਨਾਲ ਜਿੱਤ ਹਾਸਲ ਕੀਤੀ ਹੈ, ਜਿਸ ਵਿੱਚ ਪਾਰਟੀ ਨੂੰ ਕਾਂਗਰਸ ਤੇ ਸ਼੍ਰੋਮਣੀ ਅਕਾਲੀ ਦਲ ਵਰਗੀਆਂ ਪ੍ਰੰਪਰਾਗਤ ਪਾਰਟੀਆਂ ਤੋਂ ਕਿਤੇ ਵੱਧ ਵੋਟਾਂ ਮਿਲੀਆਂ ਹਨ।ਭਾਰਤੀ ਜਨਤਾ ਪਾਰਟੀ ਨੂੰ ਵੀ ਇਸ ਚੋਣ ਹਾਰ ਦਾ ਸਾਹਮਣਾ ਕਰਨਾ ਪਿਆ ਹੈ, ਜੋ ਸਾਫ਼ ਦਿਖਾਉਂਦਾ ਹੈ ਕਿ ਪੰਜਾਬ ਵਿੱਚ ਦੀ ਰਾਜਨੀਤੀ ਬਦਲਾਅ ਚਾਹੁੰਦੀ ਹੈ।ਉਨ੍ਹਾਂ ਕਿਹਾ ਕਿ ਆਪ ਦਾ ਮੁੱਖ ਏਜੰਡਾ ਭ੍ਰਿਸ਼ਟਾਚਾਰ ਵਿਰੋਧੀ ਰਿਹਾ ਹੈ, ਜੋ ਪੰਜਾਬੀਆਂ ਨੂੰ ਖ਼ਾਸਕਰ ਨੌਜਵਾਨਾਂ ਨੂੰ ਆਕਰਸ਼ਿਤ ਕਰਦਾ ਹੈ।ਸਕੂਲਾਂ ਤੇ ਹਸਪਤਾਲਾਂ ਦਾ ਸੁਧਾਰ, ਯੂਥ ਲਈ ਰੋਜ਼ਗਾਰ ਦੇ ਨਵੇਂ ਅਵਸਰ ਅਤੇ ਹੋਰ ਲੋਕ ਪੱਖੀ ਕੰਮਾਂ ਵਿਚਲੀ ਆਮ ਆਦਮੀ ਪਾਰਟੀ ਦੀ ਪਹਿਲ ਨੇ ਹੀ ਇਹ ਜਿੱਤ ਦਾ ਸਿਹਰਾ ਆਪ ਦੇ ਸਿਰ ਬੰਨ੍ਹਿਆ ਹੈ।

## ਬਾਜੀਦਪੁਰ 'ਚ ਚੱਲੀ ਗੋਲੀ ਨਾਲ ਇਕ ਜ਼ਖਮੀਂ, 6 ਖਿਲਾਫ ਮਾਮਲਾ ਦਰਜ


**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫਿਰੋਜ਼ਪੁਰ ਅਧੀਨ ਆਉਂਦੇ ਪਿੰਡ ਬਾਜੀਦਪੁਰ ਵਿਖੇ ਗੋਲੀ ਚੱਲਣ ਨਾਲ ਇੱਕ ਵਿਅਕਤੀ ਦੇ ਜ਼ਖਮੀਂ ਹੋਣ ਦੀ ਖਬਰ ਮਿਲੀ ਹੈ। ਇਸ ਸਬੰਧੀ ਥਾਣਾ ਕੁੱਲਗੜ੍ਹੀ ਪੁਲਸ ਨੇ 5 ਬਾਏ ਨੇਮ ਵਿਅਕਤੀਆਂ ਤੇ ਇਕ ਅਣਪਛਾਤੇ ਵਿਅਕਤੀ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਕੁਲਵਿੰਦਰ ਸਿੰਘ ਪੁੱਤਰ ਬਾਜ ਸਿੰਘ ਵਾਸੀ ਪਿੰਡ ਬਾਜੀਦਪੁਰ ਨੇ ਦੱਸਿਆ ਕਿ ਉਹ ਖੇਤੀਬਾੜੀ ਦਾ ਕੰਮ ਕਰਦਾ ਹੈ। ਮਿਤੀ 22 ਜੂਨ 2025 ਨੂੰ ਕਰੀਬ 9.18 ਪੀ ਐੱਮ ਵਜੇ ਉਸ ਦੇ ਚਾਚੇ ਦੇ ਲੜਕੇ ਲਖਵਿੰਦਰ ਸਿੰਘ ਪੁੱਤਰ ਸੁਖਦੇਵ ਸਿੰਘ ਵਾਸੀ ਪਿੰਡ ਬਾਜੀਦਪੁਰ ਦੇ ਮੋਬਾਇਲ ਫੋਨ ਉੱਪਰ ਲਵਪ੍ਰੀਤ ਸਿੰਘ ਪੁੱਤਰ ਰੇਸ਼ਮ ਸਿੰਘ ਆਪਣੇ ਮੋਬਾਇਲ ਫੋਨ ਰਾਹੀਂ ਵਟਸਐਪ ਤੇ ਕਾਲ ਕਰਕੇ ਕਿਹਾ ਕਿ ਅੱਜ ਤੁਹਾਡੇ ਸਾਰੇ ਪਰਿਵਾਰ ਸਮੇਤ ਤੇਰੇ ਚਾਚੇ, ਤਾਏ ਨੂੰ ਮਾਰਨਾ ਹੈ। ਕੁਲਵਿੰਦਰ ਸਿੰਘ ਨੇ ਦੱਸਿਆ ਕਿ ਲਖਵਿੰਦਰ ਸਿੰਘ ਨੇ ਕਿਹਾ ਕਿ ਤੂੰ ਹੁਣੇ ਆ ਜਾ ਅਸੀਂ ਚਾਚੇ ਸੁਰਿੰਦਰ ਸਿੰਘ ਦੇ ਘਰ ਦੇ ਬਾਹਰ ਸਾਰਾ ਪਰਿਵਾਰ ਖੜੇ ਹਾਂ। ਉਸ ਵਕਤ ਉਸ ਦੇ ਚਾਚੇ ਸੁਰਿੰਦਰ ਸਿੰਘ ਦੇ ਘਰ ਦੇ ਬਾਹਰ ਉਹ ਤੇ ਉਸ ਦਾ ਚਾਚਾ ਸੁਰਿੰਦਰ ਸਿੰਘ ਖੜ੍ਹੇ ਸੀ ਤਾਂ ਵਕਤ ਕਰੀਬ 9.25 ਪੀਐੱਮ 'ਤੇ ਪਿੰਡ ਬਾਜੀਦਪੁਰ ਵੱਲੋਂ ਇਕ ਕਾਰ ਆਈ-20, ਜਿਸ ਵਿੱਚ ਉਕਤ ਦੋਸ਼ੀਆਨ ਲਵਪ੍ਰੀਤ ਸਿੰਘ ਪੁੱਤਰ ਰੇਸ਼ਮ ਸਿੰਘ, ਗੁਰਜੀਤ ਸਿੰਘ ਪੁੱਤਰ ਕਰਤਾਰ ਸਿੰਘ, ਹਰਮਨ ਸਿੰਘ ਪੁੱਤਰ ਗੁਰਜੀਤ ਸਿੰਘ, ਪ੍ਰਭਦੀਪ ਸਿੰਘ ਪੁੱਤਰ ਬੋਹੜ ਸਿੰਘ, ਅਨਮੋਲਦੀਪ ਸਿੰਘ ਪੁੱਤਰ ਸੁਖਬੀਰ ਸਿੰਘ ਉਰਫ ਗੋਗੀ ਭੁੱਲਰ ਵਾਸੀਅਨ ਬਾਜੀਦਪੁਰ ਅਤੇ ਇਕ ਅਣਪਛਾਤਾ ਵਿਅਕਤੀ ਆਏ, ਜਿਨ੍ਹਾਂ ਨੇ ਸਾਡੇ ਨੇੜੇ ਆਉਂਦਿਆਂ ਹੀ ਕਾਰ ਦੇ ਅੰਦਰੋਂ ਹੀ ਸਾਡੇ ਉੱਪਰ ਮਾਰ ਦੇਣ ਦੀ ਨੀਯਤ ਨਾਲ ਆਪਣੇ ਹਥਿਆਰਾਂ ਨਾਲ ਸਿੱਧੇ ਫਾਇਰ ਕੀਤੇ, ਜੋ ਇੱਕ ਫਾਇਰ ਉਸ ਦੇ ਚਾਚੇ ਸੁਰਿੰਦਰ ਸਿੰਘ ਦੇ ਸੱਜੇ ਪਾਸੇ ਛਾਤੀ ਉੱਪਰ ਲੱਗਾ ਤੇ ਇੱਕ ਛਰਾ ਉਸ ਦੀ ਸੱਜੀ ਬਾਂਹ ਉਪਰ ਲੱਗਾ। ਕੁਲਵਿੰਦਰ ਸਿੰਘ ਨੇ ਦੱਸਿਆ ਕਿ ਸਾਰੇ ਦੋਸ਼ੀਆਨ ਆਪਣੇ ਹਥਿਆਰਾਂ ਸਮੇਤ ਕਾਰ ਮੌਕੇ ਤੋਂ ਭਜਾ ਕੇ ਲੈ ਗਏ। ਕੁਲਵਿੰਦਰ ਸਿੰਘ ਨੇ ਦੱਸਿਆ ਕਿ ਸੁਰਿੰਦਰ ਸਿੰਘ ਦਾ ਇਲਾਜ ਅਮਨਦੀਪ ਜੈਨਸਿਸ ਹਸਪਤਾਲ ਫਿਰੋਜ਼ਪੁਰ ਵਿਖੇ ਚੱਲ ਰਿਹਾ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਐੱਸਆਈ ਨਿਰਮਲ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਦੋਸ਼ੀਆਨ ਖਿਲਾਫ ਮਾਮਲਾ ਦਰਜ ਕਰਕੇ ਅੱਗੇ ਦੀ ਜਾਂਚ ਕੀਤੀ ਜਾ ਰਹੀ ਹੈ।

## ਵਿਧਾਇਕ ਤੇ ਬੂਟਾ ਜਲਾਲ ਦੇ ਸਮਰਥਕਾਂ ਲੱਡੂ ਵੰਡੇ



**ਭਗਤਾ ਭਾਈਕਾ (ਰਾਜੀਵ ਗੋਇਲ)** : ਲੁਧਿਆਣਾ ਜ਼ਿਮਨੀ ਚੋਣ ਵਿੱਚ ਆਮ ਆਦਮੀ ਪਾਰਟੀ ਦੀ ਜਿੱਤ ਨੂੰ ਲੈ ਕੇ ਹਲਕਾ ਰਾਮਪੁਰਾ ਫੂਲ ਦੇ ਦੂਜੇ ਵੱਡੇ ਸ਼ਹਿਰ ਭਗਤਾ ਭਾਈ ਕਾ ਦੇ ਮੁੱਖ ਚੌਂਕ 'ਚ ਪਾਟੋਧਾੜ ਹੋਏ ਆਮ ਆਦਮੀ ਪਾਰਟੀ ਦੇ ਦੋ ਧੜਿਆਂ ਵੱਲੋਂ ਆਪੋ-ਆਪਣੇ ਸਮਰਥਕਾਂ ਨਾਲ ਲੱਡੂ ਵੰਡੇ ਗਏ।ਇਸ ਮੌਕੇ ਨਾਅਰੇ ਲਗਾਉਂਦੇ ਹੋਏ ਦੋਹਾਂ ਹੀ ਧੜਿਆਂ ਦੇ ਸਮਰਥਕਾਂ ਵੱਲੋਂ ਪਟਾਕੇ ਚਲਾਏ ਗਏ।ਇਸ ਮੌਕੇ ਗੱਲਬਾਤ ਕਰਦਿਆਂ ਬੂਟਾ ਸਿੰਘ ਜਲਾਲ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਜਿੱਤ ਨੂੰ ਲੈ ਕੇ ਉਨ੍ਹਾਂ ਵੱਲੋਂ ਲੱਡੂ ਵੰਡੇ ਗਏ ਹਨ।ਇਸ ਮੌਕੇ ਪੰਜਾਬ ਖਾਦੀ ਤੇ ਗ੍ਰਾਮ ਉਦਯੋਗ ਬੋਰਡ ਦੇ ਚੇਅਰਮੈਨ ਇੰਦਰਜੀਤ ਸਿੰਘ ਮਾਨ ਵੀ ਉਨ੍ਹਾਂ ਨਾਲ ਮੌਜੂਦ ਸਨ।ਚੇਅਰਮੈਨ ਮਾਨ ਤੇ ਬੂਟਾ ਜਲਾਲ ਵੱਲੋਂ ਸਮੂਹ ਆਪ ਸਮਰਥਕਾਂ ਸਮੇਤ ਪਾਰਟੀ ਹਾਈਕਮਾਨ ਨੂੰ ਲੁਧਿਆਣਾ ਦੀ ਜਿੱਤ ਨੂੰ ਲੈ ਕੇ ਵਧਾਈ ਦਿੱਤੀ ਗਈ ਤੇ ਨਾਲ ਹੀ ਉਨ੍ਹਾਂ ਇਹ ਵੀ ਕਿਹਾ ਕਿ ਉਹ ਪਾਰਟੀ ਲਈ ਕੰਮ ਕਰ ਰਹੇ ਹਨ ਤੇ ਆਪਸੀ ਮੱਤਭੇਦ ਭੁਲਾ ਕੇ ਸਾਰੇ ਹੀ ਆਪ ਆਗੂਆਂ ਨੂੰ ਪਾਰਟੀ ਦੀ ਬਿਹਤਰੀ ਲਈ ਕੰਮ ਕਰਨਾ ਚਾਹੀਦਾ ਹੈ।ਦੱਸਣਾ ਬਣਦਾ ਹੈ ਕਿ ਹਲਕਾ ਰਾਮਪੁਰਾ ਫੂਲ 'ਚ ਇੱਕੋ ਹੀ ਪਾਰਟੀ ਦਾ ਇਹ ਦੂਜਾ ਧੜਾ ਬਣ ਚੁੱਕਾ ਹੈ ਭਾਵੇਂ ਹੀ ਇਹ ਧੜੇਬੰਦੀ ਕਾਂਗਰਸ ਵਿੱਚ ਵੀ ਹੈ, ਪਰ ਇਨ੍ਹਾਂ ਧੜੇਬੰਦੀਆਂ ਕਾਰਨ ਨੁਕਸਾਨ ਪਾਰਟੀ ਹਾਈਕਮਾਨ ਨੂੰ ਵੀ ਝੱਲਣਾ ਪੈਂਦਾ ਹੈ।ਇਸ ਮੌਕੇ ਪਾਰਟੀ ਦੇ ਪੁਰਾਣੇ ਆਗੂ ਨਛੱਤਰ ਸਿੰਘ ਸਿੱਧੂ ਸਮੇਤ ਹੋਰ ਵੀ ਲੋਕ ਹਾਜ਼ਰ ਸਨ।

# ਰੋਟਰੀ ਕਲੱਬ ਰੋਇਲ ਵੱਲੋਂ ਮੈਂਬਰ ਮਿਲਣੀ ਦਾ ਆਯੋਜਨ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਇਲਾਕੇ ਦੀ ਮੋਹਰੀ ਸਮਾਜ ਸੇਵੀ ਸੰਸਥਾ ਰੋਟਰੀ ਕਲੱਬ ਪਾਤੜਾਂ ਰੋਇਲ ਵੱਲੋਂ ਮੈਂਬਰ ਮਿਲਣੀ ਦਾ ਆਯੋਜਨ ਕੀਤਾ ਗਿਆ।ਇਸ ਮੈਂਬਰ ਮਿਲਣੀ ਵਿੱਚ ਰੋਟਰੀ ਇੰਟਰਨੈਸ਼ਨਲ ਦੇ ਡਿਸਟ੍ਰਿਕਟ 3090 ਦੇ ਗਵਰਨਰ ਰੋਟੇਰੀਅਨ ਡਾਕਟਰ ਸੰਦੀਪ ਚੌਹਾਨ ਨੇ ਮੁੱਖ ਮਹਿਮਾਨ ਦੇ ਤੌਰ 'ਤੇ ਵਿਸ਼ੇਸ਼ ਮਹਿਮਾਨ ਵਜੋਂ ਪ੍ਰੇਮ ਅਗਰਵਾਲ ਨੇ ਸ਼ਿਰਕਤ ਕੀਤੀ।ਸਮਾਗਮ ਦੀ ਰਸਮੀ ਸ਼ੁਰੂਆਤ ਰਾਸ਼ਟਰੀ ਗਾਇਨ ਨਾਲ ਕਰਨ ਉਪਰੰਤ ਗਵਰਨਰ ਤੇ ਕਲੱਬ ਪ੍ਰਧਾਨ ਕਪਿਲ ਕੌਸ਼ਲ ਮਲਿਕ ਦੀ ਕਾਲਰ ਸੈਰੇਮਨੀ ਕੀਤੀ ਗਈ।ਸਮਾਗਮ ਦੌਰਾਨ ਰੋਟਰੀ ਕਲੱਬ ਪਾਤੜਾਂ ਰੋਇਲ ਦੁਆਰਾ ਪੂਰੇ ਸਾਲ ਸਮਾਜ ਸੇਵਾ ਦੇ ਖੇਤਰ ਵਿੱਚ ਕੀਤੇ ਕੰਮਾਂ ਦੀ ਰਿਪੋਰਟ ਪੇਸ਼ ਕਰਦਿਆਂ ਕਲੱਬ ਪ੍ਰਧਾਨ ਕਪਿਲ ਕੌਸ਼ਲ ਮਲਿਕ ਤੇ ਉਨ੍ਹਾਂ ਦੀ ਟੀਮ ਵੱਲੋਂ ਪਿਛਲੇ ਸਾਲ ਵਿੱਚ ਲਗਾਏ ਗਏ ਖੂਨਦਾਨ ਕੈਂਪ, ਮੈਡੀਕਲ ਚੈੱਕਅਪ ਕੈਂਪ, ਸਕੂਲ ਨੂੰ ਪੱਖੇ, ਬੱਚਿਆਂ ਨੂੰ ਸਟੇਸ਼ਨਰੀ ਕਿੱਟਾਂ, ਰੁੱਖ ਲਗਾਉਣ, ਗਰੀਬ ਬੱਚੀ ਨੂੰ ਇਲੈਕਟ੍ਰਿਕ ਸਾਈਕਲ, ਵਾਟਰ ਕੂਲਰ ਲਗਾਉਣ ਵਰਗੇ ਸਮਾਜ ਭਲਾਈ ਦੇ ਕੰਮਾਂ ਬਾਰੇ ਜਾਣਕਾਰੀ ਸਾਂਝੀ ਕੀਤੀ ਗਈ।ਇਸ ਦੌਰਾਨ ਡਿਸਟ੍ਰਿਕਟ ਗਵਰਨਰ ਨੂੰ ਕਲੱਬ ਵੱਲੋਂ 2000 ਡਾਲਰ, ਰੋਟਰੀ ਫਾਊਂਡੇਸ਼ਨ ਲਈ ਅਸਿਸਟੈਂਟ ਗਵਰਨਰ ਰੋਟੇਰੀਅਨ ਰਾਕੇਸ਼ ਗਰਗ ਵੱਲੋਂ 500 ਡਾਲਰ, ਜਦੋਂਕਿ ਕਪਿਲ ਕੌਸ਼ਲ ਮਲਿਕ, ਕੁਨਾਲ ਗੋਇਲ, ਅਰੁਣ ਸਿੰਗਲਾ ਤੇ ਵਿਸ਼ਾਲ ਗੋਇਲ ਵੱਲੋਂ 300-300 ਡਾਲਰ ਦਿੱਤੇ ਗਏ।ਕਲੱਬ ਮੈਂਬਰਾਂ ਨੇ ਮਹਿਮਾਨਾਂ ਦਾ ਭਰਵਾਂ ਸਵਾਗਤ ਕਰਦਿਆਂ ਮਾਨ ਸਨਮਾਨ ਕੀਤਾ।ਸਮਾਗਮ ਵਿੱਚ ਹੋਰਨਾਂ ਤੋਂ ਇਲਾਵਾ ਸੈਕਟਰੀ ਕੁਨਾਲ ਗੋਇਲ, ਕੈਸ਼ੀਅਰ ਅਰੁਣ ਕੁਮਾਰ, ਅਮਨਦੀਪ ਸਿੰਘ, ਰਾਕੇਸ਼ ਗਰਗ ਚੇਅਰਮੈਨ ਮਦਰ ਇੰਡੀਆ, ਨਰਾਇਣ ਗਰਗ, ਅਸ਼ੋਕ ਗਰਗ, ਹਰਮੇਸ਼ ਸਿੰਗਲਾ, ਰਾਕੇਸ਼ ਗੋਇਲ, ਨਰਾਇਣ ਦਾਸ, ਰਾਕੇਸ਼ ਸਿੰਗਲਾ ਚੇਅਰਮੈਨ ਗੁਰੂਕੁਲ ਸਕੂਲ, ਵਿਸ਼ਾਲ ਗੋਇਲ, ਡਾ. ਜੀਵਨ ਸਿੰਗਲਾ, ਡਾ. ਮੋਹਨ ਲਾਲ ਸਿੰਗਲਾ, ਸੋਨੂੰ ਬਾਂਸਲ, ਸੁਨੀਲ ਮਿੱਤਲ, ਹੈਪੀ ਸਿੰਗਲਾ, ਡਾ. ਅਮਨ ਸ਼ਰਮਾ, ਦੀਪਕ ਗਰਗ, ਰਾਕੇਸ਼ ਸਿੰਗਲਾ, ਸੰਦੀਪ ਗੁਪਤਾ ਤੇ ਰਜਿੰਦਰ ਬਾਂਸਲ ਆਦਿ ਮੈਂਬਰ ਹਾਜ਼ਰ ਸਨ।

## ਰਿਟਾਇਰਡ ਮਿਊਂਸਪਲ ਮੁਲਾਜ਼ਮਾਂ ਦੀ ਇਕੱਤਰਤਾ 27 ਨੂੰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਪੰਜਾਬ ਰਿਟਾਇਰਡ ਮਿਊਂਸਪਲ ਵਰਕਰਜ਼ ਯੂਨੀਅਨ ਵੱਲੋਂ 27 ਜੂਨ 2025 ਨੂੰ ਸਵੇਰੇ 10 ਵਜੇ ਲੁਧਿਆਣਾ ਦੇ ਸ਼ਹੀਦ ਕਰਨੈਲ ਸਿੰਘ ਈਸੜੂ ਭਵਨ, ਨੇੜੇ ਭਾਈ ਚਤਰ ਸਿੰਘ ਪਾਰਕ, ਇੰਦਰਾ ਨਗਰ, ਅਬਦੁਲਾਪੁਰ ਬਸਤੀ ਵਿਖੇ ਸੂਬਾ, ਰੀਜਨ ਤੇ ਜ਼ਿਲ੍ਹਾ ਕਮੇਟੀਆਂ ਦੇ ਅਹੁਦੇਦਾਰਾਂ ਅਤੇ ਮੈਂਬਰਾਂ ਦੀ ਵਿਸ਼ਾਲ ਇਕੱਤਰਤਾ ਸੱਦੀ ਗਈ ਹੈ। ਯੂਨੀਅਨ ਦੇ ਸੂਬਾ ਪ੍ਰਧਾਨ ਭੋਲਾ ਸਿੰਘ ਬਠਿੰਡਾ ਨੇ ਦੱਸਿਆ ਕਿ ਇਸ ਮੀਟਿੰਗ 'ਚ ਮਿਊਂਸਪਲ ਮੁਲਾਜ਼ਮਾਂ ਦੀਆਂ ਮੰਗਾਂ, ਖਾਸ ਕਰਕੇ ਨਵੀਂ ਪੈਨਸ਼ਨ ਫਿਕਸੇਸ਼ਨ ਤੇ ਏਰੀਅਰ ਸਬੰਧੀ ਡੂੰਘੀ ਚਰਚਾ ਹੋਵੇਗੀ।

ਉਨ੍ਹਾਂ ਸਮੂਹ ਮੈਂਬਰਾਂ ਨੂੰ ਸਮੇਂ ਸਿਰ ਪਹੁੰਚਣ ਦੀ ਅਪੀਲ ਕੀਤੀ, ਤਾਂ ਜੋ ਸਾਂਝੇ ਤੌਰ 'ਤੇ ਮਹੱਤਵਪੂਰਨ ਫੈਸਲੇ ਲਏ ਜਾ ਸਕਣ।

## ਡੀ.ਸੀ. ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਰੋਡ ਸੇਫਟੀ ਕਮੇਟੀ ਦੀ ਮੀਟਿੰਗ ਹੋਈ



**ਫ਼ਰੀਦਕੋਟ (ਐਲਿਗਜੈਂਡਰ ਡਿਸੂਜਾ)**-ਜ਼ਿਲ੍ਹੇ ਵਿੱਚ ਸੜਕ ਸੁਰੱਖਿਆ ਸੰਬਧੀ ਨਿਯਮਾਂ ਨੂੰ ਸਖਤੀ ਨਾਲ ਲਾਗੂ ਕਰਨ ਲਈ ਜ਼ਿਲ੍ਹਾ ਰੋਡ ਸੇਫਟੀ ਕਮੇਟੀ ਅਤੇ ਸੇਫ ਸਕੂਲ ਵਾਹਨ ਸਕੀਮ ਸਬੰਧੀ ਜਾਇਜ਼ਾ ਲੈਣ ਲਈ ਮੀਟਿੰਗ ਡਿਪਟੀ ਕਮਿਸ਼ਨਰ ਮੈਡਮ ਪੂਨਮਦੀਪ ਕੌਰ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੇ ਭਾਗ ਲਿਆ।ਡਿਪਟੀ ਕਮਿਸ਼ਨਰ ਨੇ ਕਿਹਾ ਕਿ ਆਮ ਲੋਕਾਂ ਨੂੰ ਟ੍ਰੈਫ਼ਿਕ ਨਿਯਮਾਂ ਦੀ ਪਾਲਣਾ ਪੂਰੀ ਕਰਾਉਣ ਲਈ ਸਖਤੀ ਵਰਤੀ ਜਾਵੇ।ਉਨ੍ਹਾਂ ਅਣਅਧਿਕਾਰਤ ਪਾਰਕਿੰਗ, ਵੱਧ ਸਪੀਡ, ਓਵਰ ਲੋਡ ਵਾਹਨਾਂ ਦੇ ਚਲਾਨ ਕੱਟਣ ਤੇ ਔਰਤਾਂ ਦੀ ਬੱਸਾਂ ਵਿੱਚ ਸੁਰੱਖਿਆ ਸਬੰਧੀ ਵਿਸਥਾਰ ਜਾਣਕਾਰੀ ਹਾਸਲ ਕੀਤੀ।ਮੀਟਿੰਗ ਦੌਰਾਨ ਉਨ੍ਹਾਂ ਸਕੂਲੀ ਬੱਚਿਆਂ ਦੀ ਸੁਰੱਖਿਆ ਲਈ ਸੇਫ ਸਕੂਲ ਵਾਹਨ ਪਾਲਿਸੀ ਨੂੰ ਪੂਰੀ ਤਰ੍ਹਾਂ ਲਾਗੂ ਕਰਨ ਤੇ ਡਰਾਈਵਰਾਂ ਦੀ ਕਰਵਾਈ ਜਾਂਦੀ ਸਿਹਤ ਜਾਂਚ ਬਾਰੇ ਵੀ ਵਿਚਾਰ ਚਰਚਾ ਕੀਤੀ। ਉਨ੍ਹਾਂ ਕਿਹਾ ਕਿ ਸੜਕਾਂ 'ਤੇ ਦੁਰਘਟਨਾਵਾਂ ਤੋਂ ਬਚਾਅ ਲਈ ਸੜਕ ਸੁਰੱਖਿਆ ਨਿਯਮਾਂ ਦੀ ਪਾਲਣਾ ਕੀਤੀ ਜਾਵੇ ਤੇ ਪਾਲਣਾ ਨਾ ਕਰਨ ਵਾਲਿਆਂ ਦੇ ਚਾਲਾਨ ਕੱਟੇ ਜਾਣ।ਉਨ੍ਹਾਂ ਕਿਹਾ ਕਿ ਦੋ ਪਹੀਆਂ ਵਾਹਨ ਚਲਾਉਣ ਲਈ ਹੈਲਮਟ ਤੇ ਚਾਰ ਪਹੀਆਂ ਲਈ ਬੈਲਟ ਲਾਈ ਜਾਣੀ ਵੀ ਯਕੀਨੀ ਬਣਾਈ ਜਾਵੇ।ਰਿਜਨਲ ਟਰਾਂਸਪੋਰਟ ਅਫ਼ਸਰ ਮੈਡਮ ਹਰਜੋਤ ਕੌਰ ਨੇ ਡਿਪਟੀ ਕਮਿਸ਼ਨਰ ਨੂੰ ਵਿਸ਼ਵਾਸ ਦਿਵਾਇਆ ਕਿ ਜ਼ਿਲ੍ਹੇ ਵਿੱਚ ਸੜਕ ਸੁਰੱਖਿਆ ਨਿਯਮਾਂ ਦੀ ਸਖ਼ਤੀ ਨਾਲ ਪਾਲਣਾ ਕਰਾਈ ਜਾਵੇਗੀ ਤੇ ਸੇਫ ਸਕੂਲ ਪਾਲਿਸੀ ਤਹਿਤ ਸਮੇਂ-ਸਮੇਂ 'ਤੇ ਸਕੂਲੀ ਬੱਸਾਂ/ਵੈਨਾਂ ਦੀ ਜਾਂਚ ਕਰਾਈ ਜਾਵੇਗੀ।ਉਨ੍ਹਾਂ ਦੱਸਿਆ ਕਿ ਅਧਿਕਾਰੀਆਂ/ਕ੍ਰਮਚਾਰੀਆਂ ਨੂੰ ਈ-ਦਾਰ ਤੇ ਆਈ-ਦਾਰ ਪੋਰਟਲ ਸਬੰਧੀ ਟ੍ਰੇਨਿੰਗ ਦਿੱਤੀ ਗਈ ਹੈ ਤੇ ਇਸ ਦੇ ਨਾਲ ਹੀ ਕੈਸ਼ਲੈੱਸ ਟਰੀਟਮੈਂਟ ਸਕੀਮ ਸਬੰਧੀ ਵੀ ਉਨ੍ਹਾਂ ਨੂੰ ਜਾਣਕਾਰੀ ਦਿੱਤੀ ਗਈ ਹੈ।


## ਰੈਡੀਮੇਡ ਗਾਰਮੈਂਟਸ ਵਪਾਰੀਆਂ ਦੀ ਮਾਲਟਾ 'ਚ ਕਾਨਫਰੰਸ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਰੈਡੀਮੇਡ ਵਪਾਰ ਵਿੱਚ ਆ ਰਹੀਆਂ ਮੁਸ਼ਕਲਾਂ ਤੇ ਵਪਾਰ ਵਿੱਚ ਵਾਧੇ ਨੂੰ ਲੈ ਕੇ ਇੰਟਰਨੈਸ਼ਨਲ ਪੱਧਰ 'ਤੇ ਭਾਰਤ ਦੇ ਰੈਡੀਮੇਡ ਗਾਰਮੈਂਟਸ ਵਪਾਰੀਆਂ ਦੀ ਇੱਕ ਕਾਨਫਰੰਸ ਤੇ ਐਗਜ਼ੀਬੀਸ਼ਨ ਦਾ ਆਯੋਜਨ ਯੂਰਪ ਦੇ ਸ਼ਹਿਰ ਮਾਲਟਾ ਵਿਖੇ ਕੀਤਾ ਗਿਆ, ਜਿਸ ਵਿੱਚ ਭਾਰਤ ਦੇ ਵੱਖ-ਵੱਖ ਰਾਜਾਂ ਦੇ ਪ੍ਰਤੀਨਿਧੀਆਂ ਨੇ ਵੱਡੇ ਪੱਧਰ 'ਤੇ ਭਾਗ ਲਿਆ।ਇਸ ਵਿੱਚ ਪੰਜਾਬ ਦੇ ਪ੍ਰਤੀਨਿਧੀ ਦੇ ਤੌਰ 'ਤੇ ਰੈਡੀਮੇਡ ਗਾਰਮੈਂਟ ਐਸੋਸੀਏਸ਼ਨ ਪੰਜਾਬ ਦੇ ਚੇਅਰਮੈਨ ਨਰੇਸ਼ ਸਿੰਗਲਾ ਨੇ ਆਪਣੀ ਟੀਮ ਨਾਲ ਭਾਗ ਲਿਆ।ਇਸ ਕਾਨਫਰੰਸ ਵਿੱਚ ਨਰੇਸ਼ ਸਿੰਗਲਾ ਨੇ ਬੋਲਦਿਆਂ ਕਿਹਾ ਕਿ ਗਾਰਮੈਂਟ ਵਪਾਰ ਵਿੱਚ ਸੀਜ਼ਨ ਆਉਣ ਤੋਂ ਪਹਿਲਾਂ ਹੀ ਸੇਲਾਂ ਲੱਗ ਜਾਂਦੀਆਂ ਹਨ ਅਤੇ ਆਨਲਾਈਨ ਖਰੀਦਾਰੀ ਹੋਣ ਕਰਕੇ ਹਰ ਵਾਰ ਮੁਨਾਫਾ ਘੱਟ ਹੁੰਦਾ ਜਾ ਰਿਹਾ ਹੈ।ਭਾਰਤ ਦੀ ਟੈਕਸ ਪ੍ਰਣਾਲੀ ਵੀ ਵਪਾਰ ਨੂੰ ਪ੍ਰਭਾਵਿਤ ਕਰਦੀ ਹੈ।ਕੰਪਨੀਆਂ ਵੱਲੋਂ ਹਰ ਸੀਜ਼ਨ ਵਿੱਚ ਓਵਰ ਸਟੋਕ ਭੇਜਣ ਨਾਲ ਅਤੇ ਸੇਲ ਘੱਟ ਹੋਣ ਕਰਕੇ ਵੀ ਵਪਾਰੀਆਂ ਨੂੰ ਵਪਾਰ ਵਿੱਚ ਨੁਕਸਾਨ ਦਾ ਸਾਹਮਣਾ ਕਰਨਾ ਪੈਂਦਾ ਹੈ।ਇਸ ਵਿਸ਼ੇ 'ਤੇ ਖੁੱਲ੍ਹ ਕੇ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਸਹੀ ਵਪਾਰ ਕਰਨ ਲਈ ਕਾਨਫਰੰਸ ਵਿੱਚ ਆਏ ਹੋਏ ਸਾਰੇ ਵਪਾਰੀਆਂ ਨੂੰ ਪ੍ਰੇਰਿਤ ਕੀਤਾ ਗਿਆ।ਇਸ ਮੌਕੇ ਵਪਾਰੀਆਂ ਨੂੰ ਵੱਖ ਵੱਖ ਤਰ੍ਹਾਂ ਦੇ ਸੇਲ ਟਿਪਸ ਵੀ ਦਿੱਤੇ ਗਏ।

## ਵਧਦੇ ਤਾਪਮਾਨ ਨਾਲ ਨਜਿੱਠਣ ਲਈ ਗਰਮੀ-ਪ੍ਰਤੀਰੋਧਕ ਪੌਦੇ ਲਗਾਏ ਜਾਣ : ਮੋਨਿਕਾ ਸ਼ਰਮਾ

**ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)**-ਸਟੀਫਨ ਇੰਟਰਨੈਸ਼ਨਲ ਸਕੂਲ ਦੀ ਡਾਇਰੈਕਟਰ ਪ੍ਰਿੰਸੀਪਲ ਮੋਨਿਕਾ ਸ਼ਰਮਾ ਨੇ ਤਾਪਮਾਨ ਵਿੱਚ ਵਾਧੇ ਨੂੰ ਘਟਾਉਣ ਵਿੱਚ ਮਦਦ ਕਰਨ ਲਈ ਗਰਮੀ-ਪ੍ਰਤੀਰੋਧਕ ਪੌਦੇ ਉਗਾਉਣ ਦਾ ਸੁਝਾਅ ਦਿੱਤਾ ਹੈ।ਉਨ੍ਹਾ ਕਿਹਾ



ਕਿ ਤਾਪਮਾਨ ਲਗਾਤਾਰ ਵਧ ਰਿਹਾ ਹੈ, ਇਸ ਲਈ ਇਹ ਜ਼ਰੂਰੀ ਹੈ ਕਿ ਅਸੀਂ ਗਰਮੀ ਦੇ ਪ੍ਰਭਾਵਾਂ ਨੂੰ ਘੱਟ ਕਰਨ ਲਈ ਸਰਗਰਮ ਕਦਮ ਚੁੱਕੀਏ।ਗਰਮੀ-ਪ੍ਰਤੀਰੋਧਕ ਪੌਦੇ ਉਗਾਉਣਾ ਅਜਿਹਾ ਕਰਨ ਦਾ ਇੱਕ ਸਧਾਰਣ ਪਰ ਪ੍ਰਭਾਵਸ਼ਾਲੀ ਤਰੀਕਾ ਹੈ।ਡਾਇਰੈਕਟਰ ਪ੍ਰਿੰਸੀਪਲ ਨੇ ਨਿੰਮ, ਤੁਲਸੀ, ਐਲੋਵੇਰਾ, ਪਿੱਪਲ, ਬੋਹੜ ਆਦਿ ਪੌਦੇ ਉਗਾਉਣ ਦੀ ਸਿਫਾਰਸ਼ ਕੀਤੀ, ਜੋ ਹਵਾ ਵਿੱਚ ਨਮੀ ਛੱਡਦੇ ਹਨ ਤੇ ਇਸ ਨਾਲ ਤਾਪਮਾਨ ਘਟਦਾ ਹੈ।ਉਨ੍ਹਾ ਕਿਹਾ ਕਿ ਸਟੀਫਨ ਇੰਟਰਨੈਸ਼ਨਲ ਸਕੂਲ ਇੱਕ ਪ੍ਰਮੁੱਖ ਵਿੱਦਿਅਕ ਸੰਸਥਾ ਹੈ, ਜੋ ਆਪਣੇ ਵਿਦਿਆਰਥੀਆਂ ਨੂੰ ਸੰਪੂਰਨ ਸਿੱਖਿਆ ਪ੍ਰਦਾਨ ਕਰਨ ਲਈ ਵਚਨਬੱਧ ਹੈ।ਸਕੂਲ ਸਥਿਰਤਾ ਤੇ ਵਾਤਾਵਰਣ ਦੀ ਜ਼ਿੰਮੇਵਾਰੀ ਦੇ ਸੱਭਿਆਚਾਰ ਨੂੰ ਉਤਸ਼ਾਹਤ ਕਰਨ ਲਈ ਸਮਰਪਤ ਹੈ।

# ਬਚਾਓ ਸੰਘਰਸ਼ ਕਮੇਟੀ ਵੱਲੋਂ ਚੱਲ ਰਿਹਾ ਸੰਘਰਸ਼ ਨੌਵੇਂ ਦਿਨ 'ਚ ਦਾਖਲ

**ਭੀਖੀ (ਗੁਰਿੰਦਰ ਸਿੰਘ ਔਲਖ)**

ਬੀ.ਡੀ.ਪੀ.ਓ. ਦਫ਼ਤਰ ਵਿਖੇ ਦਿੱਤਾ ਜਾ ਰਿਹਾ ਧਰਨਾ ਨੌਵੇਂ ਦਿਨ 'ਚ ਦਾਖਲ ਹੋ ਗਿਆ ਹੈ।ਧਰਨੇ ਵਿੱਚ ਕਾਮਰੇਡ ਨਛੱਤਰ ਸਿੰਘ ਖੀਵਾ ਮੈਂਬਰ ਕੇਂਦਰੀ ਕੰਟਰੋਲ ਕਮਿਸ਼ਨ ਸੀਪੀਆਈ ਐਮਐਲ ਲਿਬਰੇਸ਼ਨ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਇਨ੍ਹਾਂ ਤੋਂ ਇਲਾਵਾ ਰੂਪ ਸਿੰਘ ਕੁੱਲ ਹਿੰਦ ਕਿਸਾਨ ਸਭਾ ਭੋਲਾ ਸਿੰਘ ਸਮਾਓ ਆਗੂ ਪੰਜਾਬ ਕਿਸਾਨ



ਯੂਨੀਅਨ, ਦਿਨੇਸ਼ ਸੋਨੀ ਆਗੂ ਮਜ਼ਦੂਰ ਮੁਕਤੀ ਮੋਰਚਾ ਲਿਬਰੇਸ਼ਨ, ਧਰਮਪਾਲ ਨੀਟਾ ਆਗੂ ਸੀਪੀਆਈ ਐਮਐਲ ਲਿਬਰੇਸ਼ਨ, ਰਘਵੀਰ ਸਿੰਘ ਆਗੂ ਰੇਹੜੀ ਫੜੀ ਮਜ਼ਦੂਰ ਯੂਨੀਅਨ, ਜਗਤਾਰ ਸਿੰਘ ਸਮਾਓ, ਸੁਖਪਾਲ ਸਿੰਘ ਸਮਾਓ, ਕੇਵਲ ਸਿੰਘ ਸਮਾਉ ਖੇਤ ਮਜ਼ਦੂਰ ਸਭਾ, ਧੰਨਾ ਸਿੰਘ ਖੀਵਾ ਸਾਬਕਾ ਸਰਪੰਚ, ਵਿੰਦਰ ਸਿੰਘ, ਪੀ ਕੇ ਯੂ, ਨਾਜਰ ਸਿੰਘ ਮਾਨਸ਼ਹੀਆ ਸਾਬਕਾ ਵਿਧਾਇਕ, ਸੰਦੀਪ ਮਹਿਤਾ ਕਾਂਗਰਸ, ਮਲਕੀਤ ਸਿੰਘ ਸਾਬਕਾ ਐਮ ਸੀ, ਪ੍ਰਗਟ ਖੀਵਾ ਕਲਾਂ ਸਾਬਕਾ ਸਰਪੰਚ, ਬਲਮ ਸਿੰਘ ਢੈਪਈ ਮਜ਼ਦੂਰ ਮੁਕਤੀ ਮੋਰਚਾ ਆਜ਼ਾਦ, ਰਣ ਸਿੰਘ ਚੇਅਰਮੈਨ ਗਮਦੂਰ ਸਿੰਘ, ਕਾਮਰੇਡ ਕੁਲਦੀਪ ਸੀ ਪੀ ਆਈ . ਸੁਖਵਿੰਦਰ ਸਿੰਘ ਅਤਲਾ, ਬੀਕੇਯੂ ਸਿੱਧੂਪੁਰ ਸੰਬੋਧਨ ਕਰਦਿਆਂ ਆਗੂਆਂ ਨੇ ਕਿਹਾ ਕਿ ਸਰਕਾਰ ਜਲਦੀ ਤੋਂ ਜਲਦੀ ਇਸ ਬਲਾਕ ਨੂੰ ਤੋੜਨ ਦੇ ਫੈਸਲੇ ਨੂੰ ਵਾਪਸ ਲਵੇ ਆਪਣੀਆਂ ਸਿਆਸੀ ਗਿਣਤੀਆਂ ਮਿਣਤੀਆਂ ਦੇ ਵਿੱਚ ਲੋਕਾਂ ਦਾ ਕੰਜੂਮਰ ਨਾ ਕੱਢੇ ਆਮ ਲੋਕਾਂ ਦੀ ਕਹਾਉਂਦੀ ਸਰਕਾਰ ਗਰੀਬ ਲੋਕਾਂ ਦੇ ਵਿਰੋਧੀ ਫੈਸਲੇ ਨਾ ਲਵੇ ਤੇ ਆਪਣੇ ਗਲਤ ਫੈਸਲੇ ਨੂੰ ਜਲਦੀ ਦਰੁਸਤ ਕਰੇ ਤਾਂ ਜੁ ਆਉਣ ਵਾਲੇ ਸਮੇਂ 'ਚ ਲੋਕਾਂ ਨੂੰ ਮੁਸ਼ਕਲਾਂ ਸਾਹਮਣਾ ਨਾ ਕਰਨਾ ਪਵੇ।

## 'ਆਪ' ਦੀ ਜਿੱਤ 'ਤੇ ਡਾ. ਅਮਨਦੀਪ ਕੌਰ ਅਰੋੜਾ ਤੇ ਵਰਕਰਾਂ ਮਨਾਇਆ ਜਸ਼ਨ

**ਮੋਗਾ (ਇਕਬਾਲ ਸਿੰਘ ਖਹਿਰਾ)**-ਸ੍ਰੀ ਸੰਜੀਵ ਅਰੋੜਾ ਦੀ ਇਤਿਹਾਸਕ ਜਿੱਤ ਦਾ ਜਸ਼ਨ ਮਨਾਉਣ ਲਈ ਆਮ ਆਦਮੀ ਪਾਰਟੀ ਮਹਿਲਾ ਵਿੰਗ ਦੇ ਪੰਜਾਬ ਪ੍ਰਧਾਨ ਤੇ ਮੋਗਾ ਹਲਕਾ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਦੀ ਅਗਵਾਈ ਹੇਠ ਮੋਗਾ ਦੇ ਜੋਗਿੰਦਰ ਸਿੰਘ ਚੌਕ ਵਿਖੇ ਆਮ ਆਦਮੀ ਪਾਰਟੀ ਦੇ ਵਰਕਰਾਂ, ਆਗੂਆਂ ਨੇ ਲੱਡੂ ਵੰਡ ਕੇ ਜਸ਼ਨ ਮਨਾਇਆ।ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੂੰ ਮਠਿਆਈਆਂ ਖੁਆਈਆਂ ਤੇ ਇੱਕ ਦੂਜੇ ਨੂੰ ਸ਼ੁਭਕਾਮਨਾਵਾਂ ਦਿੱਤੀਆਂ।ਡਾ. ਅਮਨਦੀਪ ਕੌਰ ਅਰੋੜਾ, ਨਗਰ ਨਿਗਮ ਦੇ ਮੇਅਰ ਬਲਜੀਤ ਸਿੰਘ ਚਾਨੀ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸ਼ਰਮਾ, ਡਿਪਟੀ ਮੇਅਰ ਅਸ਼ੋਕ ਧਮੀਜਾ, 'ਆਪ' ਮਹਿਲਾ ਵਿੰਗ ਆਗੂ ਲਵਲੀ ਸਿੰਗਲਾ, ਮੈਡਮ ਰਵਿੰਦਰ ਕੌਰ, ਕੌਂਸਲਰ




ਪ੍ਰਵੀਨ ਮੱਕੜ, ਜਗਦੀਸ਼ ਸ਼ਰਮਾ, ਅਮਿਤ ਪੁਰੀ, ਜਗਤਾਰ ਸੈਂਭੀ, ਅਮਨ ਰੱਖੜਾ, ਮਾਰਕੀਟ ਕਮੇਟੀ ਦੇ ਚੇਅਰਮੈਨ ਹਰਦੀਪ ਸਿੰਘ ਰਾਮ ਸਿੰਘ, ਸੰਨੀ ਧਾਲੀਵਾਲ, ਲੱਖਾ ਸਿੰਘ, ਸੋਮਿੰਦਰ ਸਿੰਘ ਸੋਨੀ, ਸੋਨੂੰ ਰਾਮ ਸਿੰਘ, ਤੇਜਿੰਦਰ ਸੋਨੂੰ, ਨਿਤੀਸ਼ ਗਰਗ, ਜੋਗਿੰਦਰ ਸਿੰਘ, ਸਾਗਰ, ਅਵਤਾਰ ਸਿੰਘ, ਪ੍ਰਿੰਸ, ਵਿਸ਼ਾਲ, ਰਾਕੇਸ਼ ਮਿੱਡਾ, ਰੋਸ਼ਨ ਲਾਲ, ਤੇਜਿੰਦਰ ਸਿੰਘ, ਜਗਰੂਪ ਸਿੰਘ, ਪਿੰਟੂ ਗਿੱਲ, ਕੌਂਸਲਰ ਬੂਟਾ ਸਿੰਘ, ਸੁਖਚੈਨ ਉੱਪਲ, ਦੀਪ ਦਾਰਾਪੁਰ, ਰਮਨ ਦੌਧਰ, ਸਰਪੰਚ ਨਿਸ਼ਾਨ ਦੌਲਤਪੁਰਾ ਆਦਿ ਤੋਂ ਇਲਾਵਾ ਵਰਕਰ ਹਾਜ਼ਰ ਸਨ।ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਕਿਹਾ ਕਿ ਪੰਜਾਬ ਦਾ ਹਰ ਵਰਗ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਤੋਂ ਖ਼ੁਸ਼ ਹੋ ਕੇ ਵੱਡੀ ਗਿਣਤੀ ਵਿੱਚ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਗੁਜਰਾਤ ਵਿੱਚ ਵੀ ਸੀਟ ਜਿੱਤ ਕੇ 'ਆਪ' ਉਮੀਦਵਾਰ ਨੇ ਸਾਬਤ ਕਰ ਦਿੱਤਾ ਹੈ ਕਿ ਲੋਕ ਆਮ ਆਦਮੀ ਪਾਰਟੀ ਪ੍ਰਤੀ ਬਹੁਤ ਉਤਸ਼ਾਹਤ ਹੋ ਰਹੇ ਹਨ।ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਕੀਤੇ ਗਏ ਪੰਜਾਬ ਦੇ ਸਰਬਪੱਖੀ ਵਿਕਾਸ ਤੇ ਪੰਜਾਬ ਨੂੰ ਤਰੱਕੀ ਦੇ ਰਾਹ 'ਤੇ ਲਿਜਾਣ ਕਾਰਨ ਅੱਜ ਹਰ ਵਰਗ ਪਾਰਟੀ ਤੋਂ ਖ਼ੁਸ਼ ਹੈ।

## ਸ਼ਰਧਾਲੂਆਂ ਦੇ ਸਹਿਯੋਗ ਨਾਲ ਬਾਬਾ ਖੇਤਰਪਾਲ ਮੰਦਰ 'ਚ ਲਗਾਇਆ ਲੰਗਰ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਸਥਾਨਕ ਸ਼ਹਿਰ ਦੇ ਚੰਨੂੰਵਾਲਾ ਰੋਡ ਉੱਪਰ ਮਹਿੰਦਰਾ ਪੈਲੇਸ ਦੀ ਬੈਕਸਾਈਡ ਤਿਆਰ ਹੋ ਰਹੇ ਬਾਬਾ ਖੇਤਰਪਾਲ ਜੀ ਦੇ ਮੰਦਰ ਨੂੰ ਲੈ ਕੇ ਸੰਗਤਾਂ 'ਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ ਅਤੇ ਵੱਡੀ ਗਿਣਤੀ ਵਿੱਚ ਸ਼ਰਧਾਲੂ ਇੱਥੇ ਨਤਮਸਤਕ ਹੋ ਕੇ ਖੁਸ਼ੀਆਂ ਪ੍ਰਾਪਤ ਕਰਦੇ ਹਨ ਅਤੇ ਹਰ ਐਤਵਾਰ ਦੀ ਐਤਵਾਰ ਸੰਗਤਾਂ ਵੱਲੋਂ ਇਸ ਜਗ੍ਹਾ 'ਤੇ ਭੰਡਾਰਾ ਲਗਾਇਆ ਜਾਂਦਾ ਹੈ, ਜਿਸ ਦੇ ਤਹਿਤ ਬਾਬਾ ਖੇਤਰ ਪਾਲ ਜੀ ਦੇ ਮੰਦਰ ਵਿਖੇ ਵਿਸ਼ਾਲ ਲੰਗਰ ਲਗਾਇਆ ਗਿਆ।ਬਾਬਾ ਖੇਤਰ ਪਾਲ ਜੀ ਸੰਮਤੀ ਦੇ ਚੇਅਰਮੈਨ ਵਿਜੇ ਬਾਂਸਲ, ਪ੍ਰਧਾਨ ਸੰਜੀਵ ਗਰਗ, ਕੈਸ਼ੀਅਰ ਰਕੇਸ਼ ਜਿੰਦਲ ਤੋਤਾ ਤੇ ਹੋਰ ਆਗੂਆਂ ਨੇ ਗੱਲਬਾਤ ਕਰਦਿਆਂ ਕਿਹਾ ਕਿ ਜੋ ਵੀ ਸ਼ਰਧਾਲੂ ਸੱਚੇ ਮਨ ਨਾਲ ਇੱਥੇ ਅਰਦਾਸ ਕਰਦਾ ਹੈ, ਬਾਬਾ ਖੇਤਰਪਾਲ ਜੀ ਉਸ ਦੀ ਮਨੋਕਾਮਨਾ ਪੂਰੀ ਕਰਦੇ ਹਨ।ਉਨ੍ਹਾਂ ਦੱਸਿਆ ਕਿ ਹਰ ਐਤਵਾਰ ਸੰਗਤਾਂ ਦੇ ਸਹਿਯੋਗ ਨਾਲ ਭੰਡਾਰਾ ਲਗਾਇਆ ਜਾਂਦਾ ਹੈ।ਇਸ ਮੌਕੇ ਅਜੇ ਪੂਰੀ, ਮੁਕੇਸ਼ ਗੋਇਲ, ਨਵੀਨ ਗੋਇਲ, ਪ੍ਰਸੰਨ ਕੁਮਾਰ, ਅਜੇ, ਗਰਗ ਤੇ ਹੋਰ ਸੇਵਾਦਾਰ ਹਾਜ਼ਰ ਸਨ।

# ਝਾੜ ਸਾਹਿਬ ਕਾਲਜ ਦੇ ਸਟਾਫ ਤੇ ਵਿਦਿਆਰਥੀਆਂ ਨੇ ਹਰਿਮੰਦਰ ਸਾਹਿਬ ਵਿਖੇ ਕੀਤੀ ਸੇਵਾ



**ਸਮਰਾਲਾ/ਮਾਛੀਵਾੜਾ ਸਾਹਿਬ (ਸੁਰਜੀਤ ਸਿੰਘ/ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਗਰਮੀ ਦੀਆਂ ਛੁੱਟੀਆਂ ਦੌਰਾਨ ਗੁਰੂ ਗੋਬਿੰਦ ਸਿੰਘ ਖ਼ਾਲਸਾ ਕਾਲਜ ਫਾਰ ਵੂਮੈਨ ਝਾੜ ਸਾਹਿਬ ਦੇ ਵਿਦਿਆਰਥੀਆਂ ਤੇ ਸਟਾਫ ਨੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਸ਼ਰਧਾ ਭਾਵ ਨਾਲ ਸੇਵਾ ਨਿਭਾਈ।ਇਹ ਸੇਵਾ ਕਾਲਜ ਦੀ ਪ੍ਰਿੰਸੀਪਲ ਡਾ. ਰਜਿੰਦਰ ਕੌਰ ਦੀ ਅਗਵਾਈ ਹੇਠ ਕੀਤੀ ਗਈ।ਇਸ ਦੌਰਾਨ ਸ੍ਰੀ ਦਰਬਾਰ ਸਾਹਿਬ ਵਿੱਚ ਭਾਰੀ ਗਿਣਤੀ ਵਿੱਚ ਆਉਣ ਵਾਲੇ ਸ਼ਰਧਾਲੂਆਂ ਲਈ ਵਿਦਿਆਰਥੀਆਂ ਨੇ ਜਲ ਤੇ ਲੰਗਰ ਦੀ ਸੇਵਾ ਨਿਭਾਈ।

ਉਨ੍ਹਾਂ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਸਫ਼ਾਈ ਦੀ ਸੇਵਾ ਕੀਤੀ।ਇਸੇ ਤਰ੍ਹਾਂ ਮੱਥਾ ਟੇਕਣ ਲਈ ਆਉਣ ਵਾਲੇ ਸ਼ਰਧਾਲੂਆਂ ਦਾ ਮਾਰਗ ਦਰਸ਼ਨ ਕਰਨ ਤੇ ਉਨ੍ਹਾਂ ਵਿੱਚ ਅਨੁਸ਼ਾਸਨ ਬਣਾਈ ਰੱਖਣ ਲਈ ਵਿਦਿਆਰਥੀਆਂ ਨੇ ਦਰਸ਼ਨੀ ਡਿਓੜੀ ਵਿੱਚ ਪਲੇਕਾਰਡ ਹੱਥਾਂ ਵਿੱਚ ਫੜ੍ਹ ਕੇ ਸਤਨਾਮ ਵਾਹਿਗੁਰੂ ਦਾ ਜਾਪ ਕਰਦੇ ਹੋਏ ਸੇਵਾ ਨਿਭਾਈ।

ਇਸ ਧਾਰਮਿਕ ਅਸਥਾਨ ਦੇ ਵਾਤਾਵਰਨ ਦੀ ਰੂਹਾਨੀਅਤ ਤੋਂ ਪ੍ਰਭਾਵਿਤ ਹੋ ਕੇ ਵਿਦਿਆਰਥੀਆਂ ਤੇ ਸਟਾਫ ਨੇ ਭਵਿੱਖ ਵਿੱਚ ਵੀ ਇਨ੍ਹਾਂ ਰੂਹਾਨੀ ਸੇਵਾਵਾਂ ਵਿੱਚ ਭਾਗ ਲੈਣ ਦੀ ਇੱਛਾ ਪ੍ਰਗਟਾਈ।ਇਸ ਮੌਕੇ ਕਾਲਜ ਪ੍ਰਿੰਸੀਪਲ ਡਾ. ਰਜਿੰਦਰ ਕੌਰ ਨੇ ਕਿਹਾ ਕਿ ਇਹ ਉਪਰਾਲਾ ਵਿਦਿਆਰਥੀਆਂ ਵਿੱਚ ਸੇਵਾ ਭਾਵਨਾ ਜਗਾਉਣ ਵਾਸਤੇ ਸ਼ਲਾਘਾਯੋਗ ਉਪਰਾਲਾ ਹੈ।ਉਨ੍ਹਾਂ ਕਿਹਾ ਕਿ ਅਜਿਹੀ ਗਤੀਵਿਧੀਆਂ ਰਾਹੀਂ ਨੌਜਵਾਨ ਪੀੜ੍ਹੀ ਵਿੱਚ ਗੁਰਸਿੱਖੀ, ਆਪਸੀ ਸਹਿਯੋਗ ਤੇ ਨਿਮਰਤਾ ਦੀ ਭਾਵਨਾ ਵਿਕਸਿਤ ਹੁੰਦੀ ਹੈ।ਉਨ੍ਹਾਂ ਕਿਹਾ ਕਿ ਸੇਵਾ ਦੀ ਭਾਵਨਾ ਜਗਾਉਣੀ ਬਹੁਤ ਜ਼ਰੂਰੀ ਹੈ, ਕਿਉਂਕਿ ਸੇਵਾ ਹੀ ਮਨੁੱਖੀ ਜੀਵਨ ਦੀ ਸੱਚੀ ਸ਼ਾਨ ਹੈ ਤੇ ਇਹ ਪ੍ਰਮਾਤਮਾ ਦੀ ਭਗਤੀ ਦਾ ਸਭ ਤੋਂ ਪਵਿੱਤਰ ਰੂਪ ਹੈ।ਸੇਵਾ ਦੀ ਭਾਵਨਾ ਸਾਨੂੰ ਗੁਰੂ ਸਾਹਿਬਾਨ ਦੀ ਅਨਮੋਲ ਬਖ਼ਸ਼ਿਸ਼ ਹੈ।ਇਸ ਸੇਵਾ ਵਿੱਚ ਭਾਗ ਲੈਣ ਵਾਲੇ ਅਧਿਆਪਕ ਡਾ. ਰਣਜੀਤ ਕੌਰ, ਬਲਜਿੰਦਰ ਕੌਰ, ਰਣਬੀਰ ਸਿੰਘ, ਸੁਖਨਪ੍ਰੀਤ ਕੌਰ, ਮਿਸ ਅਰਤੀ ਰਾਣੀ, ਮਿਸ ਸੁਖਦੀਪ ਕੌਰ, ਸੁਖਵੀਰ ਸਿੰਘ, ਮਿਸ ਗੁਰਪ੍ਰੀਤ ਕੌਰ, ਸਰਬਜੀਤ ਕੌਰ ਤੇ ਕਈ ਵਿਭਾਗਾਂ ਦੇ ਵਿਦਿਆਰਥੀ ਸ਼ਾਮਲ ਸਨ।

## 'ਸਫ਼ਾਈ ਅਪਣਾਓ-ਬੀਮਾਰੀ ਭਜਾਓ' ਮੁਹਿੰਮ ਪਹਿਲੀ ਤੋਂ ਹੋਵੇਗੀ ਸ਼ੁਰੂ : ਮੋਹਿਤ ਕੁੰਦਰਾ

**ਮਾਛੀਵਾੜਾ ਸਾਹਿਬ, (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਥਾਨਕ ਸਰਕਾਰਾ ਵਿਭਾਗ ਵੱਲੋਂ ਦਿੱਤੀਆਂ ਗਈਆਂ ਹਦਾਇਤਾਂ 'ਤੇ ਚੱਲਦਿਆਂ 'ਸਫ਼ਾਈ ਅਪਣਾਓ-ਬੀਮਾਰੀ ਭਜਾਓ' ਮੁਹਿੰਮ ਤਹਿਤ ਇਤਿਹਾਸਕ ਨਗਰ ਮਾਛੀਵਾੜਾ ਸਾਹਿਬ ਦੀ ਨੁਹਾਰ ਬਦਲੀ ਜਾਵੇਗੀ। ਇਸ ਸਬੰਧੀ ਜਾਣਕਾਰੀ ਦਿੰਦਿਆਂ ਨਗਰ ਕੌਂਸਲ ਦੇ ਪ੍ਰਧਾਨ ਮੋਹਿਤ ਕੁੰਦਰਾ ਨੇ ਦੱਸਿਆ ਕਿ ਇਹ ਸਫ਼ਾਈ ਅਭਿਆਨ ਕਾਰਜ ਸਾਧਕ ਅਫ਼ਸਰ ਹਰਨਰਿੰਦਰ ਸਿੰਘ ਦੀ ਅਗਵਾਈ ਤੇ ਸੈਨੇਟਰੀ ਇੰਸਪੈਕਟਰ ਸੁਖਦੇਵ ਸਿੰਘ ਬਿੱਟੂ, ਸੀ. ਐੱਫ. ਸੁਖਵਿੰਦਰ ਸਿੰਘ ਤੇ ਸ਼ਹਿਰ ਵਾਸੀਆਂ ਦੇ ਸਹਿਯੋਗ ਨਾਲ ਸ਼ੁਰੂ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਮੌਸਮ ਦੇ ਬਦਲਦੇ ਮਿਜਾਜ਼ ਕਾਰਨ 1 ਜੁਲਾਈ ਤੋਂ 31 ਜੁਲਾਈ ਤੱਕ ਇਹ ਮੁਹਿੰਮ ਜਾਰੀ ਰੱਖੀ ਜਾਵੇਗੀ। ਉਨ੍ਹਾਂ ਨਗਰ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ ਛੋਹ ਪ੍ਰਾਪਤ ਇਸ ਪਵਿੱਤਰ ਨਗਰੀ ਦੀ ਕਾਇਆ ਕਲਪ ਕਰਨ ਲਈ ਉਹ ਨਗਰ ਕੌਂਸਲ ਨੂੰ ਸਹਿਯੋਗ ਦੇਣ।

## 'ਆਪ' ਨੇ ਸੈਮੀਫਾਈਨਲ ਜਿੱਤਿਆ, ਹੁਣ ਫਾਈਨਲ ਦੀ ਤਿਆਰੀ : ਐਡ. ਮੋਹਿਤ ਗਰਗ



**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**-ਆਮ ਆਦਮੀ ਪਾਰਟੀ ਨੇ ਸੈਮੀਫਾਈਨਲ ਵਿੱਚ ਵਿਰੋਧੀ ਪਾਰਟੀਆਂ ਨੂੰ ਹਰਾ ਕੇ ਵੱਡੀ ਜਿੱਤ ਹਾਸਲ ਕੀਤੀ ਹੈ ਤੇ ਹੁਣ ਪਾਰਟੀ ਨੇ ਫਾਈਨਲ ਦੀ ਤਿਆਰੀ ਖਿੱਚ ਦਿੱਤੀ ਹੈ। ਇਹ ਪ੍ਰਗਟਾਵਾ ਐਡਵੋਕੇਟ ਮੋਹਿਤ ਗਰਗ ਨੇ ਲੁਧਿਆਣਾ ਜ਼ਿਮਨੀ ਚੋਣ ਵਿੱਚ 'ਆਪ' ਦੇ ਉਮੀਦਵਾਰ ਸੰਜੀਵ ਅਰੋੜਾ ਦੀ ਹੋਈ ਜਿੱਤ ਉਪਰੰਤ ਗੱਲਬਾਤ ਕਰਦਿਆਂ ਕੀਤਾ। ਐਡਵੋਕੇਟ ਮੋਹਿਤ ਗਰਗ ਨੇ ਕਿਹਾ ਕਿ ਅਰਵਿੰਦ ਕੇਜਰੀਵਾਲ ਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਦੀਆਂ ਨੀਤੀਆਂ ਉੱਤੇ ਲੁਧਿਆਣਾ ਵੈਸਟ ਦੇ ਵੋਟਰਾਂ ਨੇ ਮੋਹਰ ਲਾਈ ਹੈ ਅਤੇ ਨਤੀਜਾ ਸਪੱਸ਼ਟ ਹੈ ਕਿ ਮਾਨ ਸਰਕਾਰ ਹੀ ਲੋਕਾਂ ਦੀ ਹਮਦਰਦ ਸਰਕਾਰ ਹੈ ਤੇ 2027 ਵਿੱਚ ਦੁਬਾਰਾ 'ਆਪ' ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੀ ਸੇਵਾ ਕਰੇਗੀ ਵਿਰੋਧੀ ਪਾਰਟੀਆਂ 'ਤੇ ਤਿੱਖਾ ਵਿਅੰਗ ਕੱਸਦਿਆਂ ਐਡਵੋਕੇਟ ਮੋਹਿਤ ਗਰਗ ਨੇ ਕਿਹਾ ਕਿ ਲੋਕਾਂ ਨੇ ਮਾਨ ਸਰਕਾਰ ਦੇ ਹੱਕ ਵਿੱਚ ਫਤਵਾ ਦਿੱਤਾ ਹੈ ਅਤੇ ਵਿਰੋਧੀਆਂ ਨੂੰ ਸਿਰੇ ਤੋਂ ਨਕਾਰ ਦਿੱਤਾ ਹੈ।

# ਡਾ. ਰਵਜੋਤ ਸਿੰਘ ਨੇ 7.76 ਕਿਲੋਮੀਟਰ ਲੰਮੀ ਸੜਕ ਦੇ ਨਿਰਮਾਣ ਕਾਰਜ ਦੀ ਕੀਤੀ ਸ਼ੁਰੂਆਤ

**ਹੁਸ਼ਿਆਰਪੁਰ (ਓ ਪੀ ਰਾਣਾ , ਬਲਵੀਰ ਸਿੰਘ ਸੈਣੀ)** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦਾ ਮੁੱਖ ਉਦੇਸ਼ ਸੂਬਾ ਵਾਸੀਆਂ ਨੂੰ ਬਿਹਤਰ ਬੁਨਿਆਦੀ ਸਹੂਲਤਾਂ ਪ੍ਰਦਾਨ ਕਰਨਾ ਹੈ ਅਤੇ ਇਸੇ ਤਹਿਤ ਹਲਕਾ ਸ਼ਾਮ ਚੁਰਾਸੀ ਦੀ ਕਾਇਆ ਕਲਪ ਲਈ ਜੰਗੀ ਪੱਧਰ 'ਤੇ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ। ਇਹ ਪ੍ਰਗਟਾਵਾ ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਨੇ ਇਲਾਕਾ ਵਾਸੀਆਂ ਦੀ ਬਹੁਤ ਦੇਰ ਤੋਂ ਚੱਲੀ ਆ ਰਹੀ ਮੰਗ ਅਤੇ ਉਨ੍ਹਾਂ ਨਾਲ ਕੀਤੇ ਹੋਏ ਵਾਅਦੇ ਨੂੰ ਪੂਰਾ ਕਰਦਿਆਂ ਹੁਸ਼ਿਆਰਪੁਰ-ਜਲੰਧਰ ਲਿੰਕ ਸੜਕ ਤੋਂ ਤਾਰਾਗੜ੍ਹ, ਰੰਧਾਵਾ ਬਰੋਟਾ, ਸਾਂਧਰਾ, ਨੰਦਾਚੌਰ ਸੜਕ ਨੂੰ ਚੌੜਾ ਅਤੇ ਮਜ਼ਬੂਤ ਕਰਨ ਦੇ ਕੰਮ ਦੀ ਸ਼ੁਰੂਆਤ ਕਰਨ ਮੌਕੇ ਕੀਤਾ। ਕੈਬਨਿਟ ਮੰਤਰੀ ਨੇ ਤਾਰਾਗੜ੍ਹ ਵਿਖੇ ਸੜਕ ਦੇ ਕੰਮ ਦੀ ਸ਼ੁਰੂਆਤ ਕਰਵਾਉਂਦੇ ਹੋਏ ਕਿਹਾ ਕਿ 7.76 ਕਿਲੋਮੀਟਰ ਲੰਬੀ ਇਸ ਸੜਕ ਨੂੰ ਹੁਸ਼ਿਆਰਪੁਰ-ਜਲੰਧਰ ਸੜਕ ਤੋਂ ਸ਼ੁਰੂ ਕਰਕੇ ਹਰਿਆਣਾ-ਸ਼ਾਮ ਚੁਰਾਸੀ ਸੜਕ ਤੱਕ 14 ਫੁੱਟ ਚੌੜਾ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਸ ਸੜਕ 'ਤੇ ਪਿੰਡ ਸਾਂਧਰਾ ਵਿਖੇ ਪੈਂਦੇ ਪੁਲ ਨੂੰ ਵੀ 8.50 ਮੀਟਰ ਚੌੜਾ ਕੀਤਾ ਜਾ ਰਿਹਾ ਹੈ। ਇਸ ਕੰਮ ਦੀ ਕੁੱਲ ਲਾਗਤ 5.33 ਕਰੋੜ ਰੁਪਏ ਹੈ। ਉਨ੍ਹਾਂ ਦੱਸਿਆ ਕਿ ਇਸ ਸੜਕ ਦੀ ਹਾਲਤ ਬਹੁਤ ਮਾੜੀ ਸੀ, ਜਿਸ ਕਾਰਨ ਲੋਕਾਂ ਨੂੰ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਸੀ। ਉਨ੍ਹਾਂ ਕਿਹਾ ਕਿ ਸੜਕ ਦਾ ਕੰਮ ਮੁਕੰਮਲ ਹੋਣ ਨਾਲ ਲੋਕਾਂ ਨੂੰ ਵੱਡੀ ਸਹੂਲਤ ਮਿਲੇਗੀ। ਇਸ ਦੌਰਾਨ ਸਮੂਹ ਇਲਾਕਾ ਵਾਸੀਆਂ ਵਲੋਂ ਪੰਜਾਬ ਸਰਕਾਰ ਅਤੇ ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਦਾ ਧੰਨਵਾਦ ਕੀਤਾ ਗਿਆ।ਇਸ ਮੌਕੇ ਨਗਰ ਸੁਧਾਰ ਟਰੱਸਟ ਹੁਸ਼ਿਆਰਪੁਰ ਦੇ ਚੇਅਰਮੈਨ ਗੁਰਵਿੰਦਰ ਸਿੰਘ ਪਾਬਲਾ, ਐਕਸੀਅਨ ਗੁਰਮੀਤ ਸਿੰਘ, ਬੀ.ਡੀ.ਪੀ.ਓ ਦਿਲਪ੍ਰੀਤ ਸਿੰਘ, ਐਸ.ਡੀ.ਓ ਪ੍ਰਦੀਪ ਸਿੰਘ, ਪੰਚਾਇਤ ਸਕੱਤਰ ਧਰਮਿੰਦਰ ਸਿੰਘ, ਜੇ.ਈ ਗੌਰਵ, ਜੇ.ਈ. ਅਸ਼ੋਕ ਕੁਮਾਰ, ਪੁਲਿਸ ਚੌਕੀ ਨਸਰਾਲਾ ਦੇ ਇੰਚਾਰਜ ਏ.ਐਸ.ਆਈ ਸੁਰਿੰਦਰ ਪਾਲ, ਏ.ਐਸ.ਆਈ ਕੁਲਵਿੰਦਰ ਸਿੰਘ, ਸਰਪੰਚ ਕੁਲਵੀਰ ਕੌਰ ਤਾਰਾਗੜ੍ਹ, ਸਰਪੰਚ ਜਰਨੈਲ ਸਿੰਘ, ਹਰਪ੍ਰੀਤ ਸਿੰਘ ਧਾਮੀ, ਮਨਜੀਤ ਸਿੰਘ, ਅਮਰਜੀਤ ਬਿਰਦੀ, ਤਰਸੇਮ ਸਿੰਘ ਮੰਡਿਆਲਾ, ਜਸਵਿੰਦਰ ਸਿੰਘ, ਜਸਵੀਰ ਸਿੰਘ, ਤਰਸੇਮ ਸਿੰਘ ਰਿੰਕੂ, ਨਿਰਮਲ ਸਿੰਘ, ਬਾਬਾ ਅਜੀਤ ਸਿੰਘ, ਸਾਬਕਾ ਸਰਪੰਚ ਦਿਆਲ ਸਿੰਘ ਕਾਲਕੱਟ, ਸਰਪੰਚ ਬਿਧੀ ਚੰਦ ਅਜੜਾਮ, ਸਰਪੰਚ ਗੁਰਦੇਵ ਸਿੰਘ ਮੇਘੋਵਾਲ, ਸਰਸੰਚ ਆਸ਼ਾ ਰਾਣੀ ਜੰਡੀ, ਸਰਪੰਚ ਕੁਲਵੰਤ ਸਿੰਘ ਪਿਆਲਾਂ, ਸਰਪੰਚ ਜਸਵੰਤ ਸਿੰਘ ਮੰਡਿਆਲਾ, ਸਰਪੰਚ ਆਸ਼ਾ ਰਾਣੀ ਬਾਦੋਵਾਲ, ਕੁਲਵੀਰ ਸਿੰਘ ਢੋਡੋਮਾਜਰਾ, ਦਾਰਾ ਸਿੰਘ ਬਾਦੋਵਾਲ, ਜਗਤਾਰ ਸਿੰਘ ਮੇਘੋਵਾਲ ਤੋਂ ਇਲਾਵਾ ਹੋਰ ਪਤਵੰਤੇ ਵੀ ਮੌਜੂਦ ਸਨ।



# ਸਾਂਝੇ ਮੋਰਚੇ ਵਲੋਂ ਮਜ਼ਦੂਰ ਮਸਲਿਆਂ 'ਤੇ ਕਨਵੈਨਸ਼ਨਾਂ ਕਰਨ ਦਾ ਫੈਸਲਾ

**ਜਲੰਧਰ (ਰਜੇਸ਼ ਥਾਪਾ)**- ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਨੇ ਇਥੇ ਮੀਟਿੰਗ ਕਰਕੇ ਐਲਾਨ ਕੀਤਾ ਹੈ ਕਿ ਮਜ਼ਦੂਰ ਮਸਲਿਆਂ 'ਤੇ ਪੰਜਾਬ ਪੱਧਰਾ ਸਾਂਝਾ ਸੰਘਰਸ਼ ਮਘਾਉਣ ਲਈ 20 ਜੁਲਾਈ ਨੂੰ ਸੰਗਰੂਰ ਅਤੇ 22 ਜੁਲਾਈ ਨੂੰ ਜਲੰਧਰ ਵਿਖੇ ਕਨਵੈਨਸ਼ਨਾਂ ਕੀਤੀਆਂ ਜਾਣਗੀਆਂ ਅਤੇ ਇਹਨਾਂ ਕਨਵੈਨਸ਼ਨਾਂ ਵਿਚ ਪੰਜਾਬ ਪੱਧਰੇ ਸਾਂਝੇ ਸੰਘਰਸ਼ ਦਾ ਐਲਾਨ ਕੀਤਾ ਜਾਵੇਗਾ ।ਇਥੇ ਸਥਾਨਕ ਦਿਹਾਤੀ ਮਜ਼ਦੂਰ ਸਭਾ ਦੇ ਸੂਬਾ ਦਫ਼ਤਰ ਵਿਖੇ ਸਾਂਝੇ ਮਜ਼ਦੂਰ ਮੋਰਚੇ ਦੀ ਮੀਟਿੰਗ ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਵਿੱਤ ਸਕੱਤਰ ਹਰਮੇਸ਼ ਮਾਲੜੀ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਮਜ਼ਦੂਰ ਆਗੂਆਂ ਨੇ ਪੰਜਾਬ ਸਰਕਾਰ 'ਤੇ ਦੋਸ਼ ਲਾਉਂਦਿਆਂ ਕਿਹਾ ਕਿ ਸਰਕਾਰ ਬੇਜ਼ਮੀਨੇ ਮਜ਼ਦੂਰਾਂ ਦੇ ਮਸਲਿਆਂ ਪ੍ਰਤੀ ਸਾਜ਼ਿਸ਼ੀ ਚੁੱਪ ਧਾਰੀ ਬੈਠੀ ਹੈ। ਉਨਾਂ ਕਿਹਾ ਕਿ, ਮਜ਼ਦੂਰਾਂ ਲਈ ਪੱਕੇ ਰੁਜ਼ਗਾਰ ਦਾ ਪ੍ਰਬੰਧ ਕਰਨ, ਮਜ਼ਦੂਰਾਂ ਦੇ ਸਮੁੱਚੇ ਕਰਜ਼ੇ ਮੁਆਫ਼ ਕਰਨ, ਵਿਧਵਾ ਬੁਢਾਪਾ ਅੰਗਹੀਣ ਪੈਨਸ਼ਨ ਪ੍ਰਤੀ ਮਹੀਨਾ 5000/- ਰੁਪਏ ਕਰਨ, ਔਰਤਾਂ ਦੇ ਖਾਤੇ ਵਿੱਚ 1100/-ਪ੍ਰਤੀ ਮਹੀਨਾ ਪਾਉਣ ਸਮੇਤ ਸਾਰੀਆਂ ਚੋਣ ਗਰੰਟੀਆਂ ਲਾਗੂ ਕਰਨ, ਮਜ਼ਦੂਰਾਂ ਨੂੰ ਰਿਹਾਇਸ਼ੀ ਪਲਾਟ ਦੇਣ ਸਮੇਤ ਪੰਚਾਇਤੀ ਜ਼ਮੀਨਾਂ 'ਚੋਂ ਰਾਖਵੇਂ ਹਿੱਸੇ ਦੀ ਜ਼ਮੀਨ ਮਜ਼ਦੂਰਾਂ ਨੂੰ ਦੇਣੀ ਯਕੀਨੀ ਬਣਾਉਣ , ਜ਼ਮੀਨੀ ਸੁਧਾਰ ਕਾਨੂੰਨ ਲਾਗੂ ਕਰਕੇ ਵਾਧੂ ਨਿਕਲਦੀਆਂ ਜ਼ਮੀਨਾਂ ਬੇਜ਼ਮੀਨੇ ਮਜ਼ਦੂਰਾਂ ਅਤੇ ਥੁੜ ਜ਼ਮੀਨੇ ਕਿਸਾਨਾਂ ਵਿਚ ਵੰਡੀਆਂ ਜਾਣ ਅਤੇ ਸਰਕਾਰੀ ਤੇ ਸਮਾਜਿਕ ਜਬਰ ਬੰਦ ਕਰਨ ਵਰਗੇ ਮੁੱਦਿਆਂ 'ਤੇ ਮਜ਼ਦੂਰਾਂ ਦਾ ਸਾਂਝਾ ਮੋਰਚਾ ਪਿਛਲੇ ਲੰਮੇ ਸਮੇਂ ਤੋਂ ਸੰਘਰਸ਼ ਕਰਦਾ ਆ ਰਿਹਾ ਹੈ ਪਰ ਭਗਵੰਤ ਮਾਨ ਸਰਕਾਰ ਲਗਾਤਾਰ ਟਾਲਮਟੋਲ ਦੀ ਨੀਤੀ ਅਪਨਾ ਕੇ ਸਮਾਜ ਦੇ ਸਭ ਤੋਂ ਲਿਤਾੜੇ ਹੋਏ ਲੋਕਾਂ ਦੀਆਂ ਮੰਗਾਂ ਨਾ ਮੰਨ ਕੇ ਘੋਰ ਵਿਤਕਰਾ ਕਰ ਰਹੀ। ਮਜ਼ਦੂਰ ਜਥੇਬੰਦੀਆਂ ਨੇ ਕਿਹਾ ਕਿ ਪੰਜਾਬ ਅੰਦਰ ਸ਼ੰਘਰਸੀ ?ਲ ਲੋਕਾਂ ਉਪਰ ਸਰਕਾਰ , ਪੁਲਸ ਰਾਹੀਂ ਜ਼ਬਰ ਕਰਕੇ ਸੰਘਰਸ਼ ਕਰਨ ਦਾ ਜਮਹੂਰੀ ਹੱਕ ਖੋਹ ਰਹੀ ਹੈ। ਉਨਾਂ ਕਿਹਾ ਕਿ ਮਜ਼ਦੂਰ ਮਸਲਿਆਂ ਦੇ ਨਾਲ ਨਾਲ ਸਰਕਾਰ ਦੇ ਇਸ ਜਾਬਰ ਰਵੱਈਏ ਖਿਲਾਫ਼ ਵੀ ਸੰਘਰਸ਼ ਤੇਜ਼ ਕੀਤਾ ਜਾਵੇਗਾ।ਇਕ ਮਤੇ ਰਾਹੀਂ ਆਗੂਆਂ ਨੇ ਪਟਿਆਲਾ ਜ਼ਿਲ੍ਹੇ ਦੇ ਪਿੰਡ ਬਿਠੋਈ ਕਲਾਂ ਦੇ ਜ਼ਮੀਨੀ ਮਸਲੇ 'ਤੇ ਕਿਹਾ ਕਿ ਸਰਕਾਰ ਅਤੇ ਜ਼ਿਲ੍ਹਾ ਪ੍ਰਸ਼ਾਸਨ ਮਜ਼ਦੂਰਾਂ ਅਤੇ ਕਿਸਾਨਾਂ ਵਿਚ ਖੂਨੀ ਟਕਰਾਅ ਕਰਵਾਕੇ ਦੋਹਾਂ ਕਿਰਤੀ ਵਰਗਾਂ ਵਿਚ ਫੁੱਟ ਪਾਉਣ ਦਾ ਕੰਮ ਕਰ ਰਹੀ ਹੈ ਜਦ ਕਿ ਹੋਰਨਾਂ ਥਾਵਾਂ 'ਤੇ ਤੀਜੇ ਹਿੱਸੇ ਦੀ ਜ਼ਮੀਨ ਮੰਗਣ 'ਤੇ ਸਰਕਾਰ ਤੇ ਪ੍ਰਸ਼ਾਸਨ ਮਜ਼ਦੂਰਾਂ ਨੂੰ ਔਰਤਾਂ ਸਮੇਤ ਜੇਲ੍ਹੀਂ ਡੱਕ ਰਿਹਾ। ਉਨਾਂ ਮਜ਼ਦੂਰਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਸਰਕਾਰ ਅਤੇ ਪ੍ਰਸ਼ਾਸਨ ਦੀਆਂ ਇਨ੍ਹਾਂ ਚਾਲਾਂ ਤੋਂ ਸੁਚੇਤ ਰਹਿਣ। ਉਨਾਂ ਅੱਗੇ ਕਿਹਾ ਜਲੰਧਰ ਜ਼ਿਲ੍ਹੇ ਦੇ ਪਿੰਡ ਬੱਖੂਨੰਗਲ ਅਤੇ ਦਿਆਲਪੁਰਾ ਵਿਚ ਕਾਬਜ਼ ਮਜ਼ਦੂਰਾਂ ਨੂੰ ਉਜਾੜਨ ਲਈ ਸਰਕਾਰ ਸਖ਼ਤ ਕਦਮ ਲੈ ਰਹੀ ਹੈ। ਜਥੇਬੰਦੀਆਂ ਨੇ ਮੰਗ ਕੀਤੀ ਕਿ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਗਿਰਫ਼ਤਾਰ ਸਾਥੀਆਂ ਨੂੰ ਤੁਰਤ ਰਿਹਾਅ ਕੀਤਾ ਜਾਵੇ।ਇਕ ਹੋਰ ਮਤੇ ਰਾਹੀਂ ਉਹਨਾਂ 9 ਜੁਲਾਈ ਦੀ ਦੇਸ਼ ਵਿਆਪੀ ਹੜਤਾਲ ਦਾ ਜ਼ੋਰਦਾਰ ਸਮਰਥਨ ਕਰਨ ਦਾ ਐਲਾਨ ਕੀਤਾ। ਅਗਲੇ ਮਤੇ ਰਾਹੀਂ ਉਹਨਾਂ ਫਲਸਤੀਨ 'ਤੇ ਇਜ਼ਰਾਈਲ ਦੇ ਨਸਲਘਾਤੀ ਹਮਲਿਆਂ ਦਾ ਵਿਰੋਧ ਕਰਦਿਆਂ ਜੰਗਬਾਜ਼ ਸਾਮਰਾਜੀਆਂ ਵਲੋਂ ਦੁਨੀਆਂ ਭਰ ਵਿੱਚ ਜੰਗਾਂ ਲਾਉਣ ਦਾ ਸਖ਼ਤ ਵਿਰੋਧ ਕੀਤਾ ਅਤੇ ਮੰਗ ਕੀਤੀ ਕਿ ਇਹ ਜੰਗਾਂ ਤੁਰੰਤ ਬੰਦ ਕੀਤੀਆਂ ਜਾਣ। ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਤਰਸੇਮ ਪੀਟਰ, ਕੁਲ ਹਿੰਦ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਜਨਰਲ ਸਕੱਤਰ ਗੁਰਮੇਸ਼ ਸਿੰਘ, ਦਿਹਾਤੀ ਮਜ਼ਦੂਰ ਸਭਾ ਦੇ ਸੂਬਾ ਪ੍ਰਧਾਨ ਦਰਸ਼ਨ ਨਾਹਰ, ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਸੂਬਾ ਆਗੂ ਗੁਰਬਿੰਦਰ ਸਿੰਘ ਅਤੇ ਸੀਨੀਅਰ ਆਗੂ ਗੁਰਨਾਮ ਸਿੰਘ ਦਾਉਦ, ਬਲਦੇਵ ਸਿੰਘ ਨੂਰਪੁਰੀ ਅਤੇ ਹਰਬੰਸ ਸਿੰਘ ਧੂਤ ਵੀ ਹਾਜ਼ਰ ਸਨ।ਇਸ ਤੋਂ ਪੰਜਾਬ ਖੇਤ ਮਜ਼ਦੂਰ ਸਭਾ ਦੇ ਸੂਬਾ ਆਗੂ ਦੇਵੀ ਕੁਮਾਰੀ ਅਤੇ ਪੇਂਡੂ ਮਜ਼ਦੂਰ ਯੂਨੀਅਨ ਕ੍ਰਾਂਤੀਕਾਰੀ ਦੇ ਸੂਬਾ ਪ੍ਰਧਾਨ ਕੁਲਵੰਤ ਸੇਲਖਾਣਾ ਨੇ ਵੀ ਮਤਿਆਂ 'ਤੇ ਸਹਿਮਤੀ ਪ੍ਰਗਟ ਕੀਤੀ।



# ਸਰਬੱਤ ਦਾ ਭਲਾ ਫਾਊਂਡੇਸ਼ਨ ਨੇ ਕਰਵਾਇਆ 53ਵਾਂ ਮਹੀਨਾਵਾਰ ਰਾਸ਼ਨ ਵੰਡ ਸਮਾਗਮ



**ਫਗਵਾੜਾ (ਡਾ. ਰਮਨ)** ਸਰਬੱਤ ਦਾ ਭਲਾ ਫਾਊਂਡੇਸ਼ਨ ਫਗਵਾੜਾ ਵਲੋਂ 53ਵਾਂ ਮਹੀਨਾਵਾਰ ਰਾਸ਼ਨ ਵੰਡ ਸਮਾਗਮ ਫਾਊਂਡੇਸ਼ਨ ਦੇ ਚੇਅਰਮੈਨ ਵਿਪਨ ਪਾਲ ਸਿੰਘ ਅਰੋੜਾ ਦੀ ਅਗਵਾਈ ਹੇਠ ਆਯੋਜਿਤ ਕੀਤਾ ਗਿਆ। ਜਿਸ ਵਿੱਚ ਬਤੌਰ ਮੁੱਖ ਮਹਿਮਾਨ ਜਲੰਧਰ ਤੋਂ ਸੰਦੀਪ ਅਰੋੜਾ ਸ਼ਾਮਲ ਹੋਏ। ਜਦਕਿ ਵਿਸ਼ੇਸ਼ ਮਹਿਮਾਨਾਂ ਵਜੋਂ ਡਾਇਟੀਸ਼ੀਅਨ ਮਿਸ ਆਇਸ਼ਾ ਮਲਿਕ ਅਤੇ ਕਮਲਦੀਪ ਮਲਿਕ ਪੰਚਕੂਲਾ ਨੇ ਹਾਜ਼ਰੀ ਲਵਾਈ। ਉਹਨਾਂ ਨੇ ਲੋੜਵੰਦਾਂ ਨੂੰ ਰਾਸ਼ਨ ਦੀ ਵੰਡ ਕਰਦਿਆਂ ਭਰੋਸਾ ਦਿੱਤਾ ਕਿ ਆਪਣੇ ਵਲੋਂ ਵੀ ਇਸ ਭਲਾਈ ਦੇ ਕੰਮ 'ਚ ਹਰ ਸੰਭਵ ਸਹਿਯੋਗ ਕਰਨਗੇ। ਫਾਊਂਡੇਸ਼ਨ ਦੇ ਪ੍ਰਧਾਨ ਕਰਮਵੀਰ ਅਰੋੜਾ ਨੇ ਦੱਸਿਆ ਕਿ ਪਹਿਲਾਂ ਇਹ ਰਾਸ਼ਨ ਵੰਡ ਸਮਾਗਮ ਵਿਪਕਿਰਨ ਸੇਵਾ ਸੁਸਾਇਟੀ ਦੇ ਬੈਨਰ ਹੇਠ ਕਰਵਾਇਆ ਜਾਂਦਾ ਸੀ। ਹੁਣ ਸਮੂਹ ਮੈਂਬਰਾਂ ਦੀ ਸਹਿਮਤੀ ਦੇ ਨਾਲ ਸਰਬੱਤ ਦਾ ਭਲਾ ਫਾਊਂਡੇਸ਼ਨ ਦਾ ਗਠਨ ਕੀਤਾ ਗਿਆ ਹੈ ਅਤੇ ਫਾਊਂਡੇਸ਼ਨ ਵਲੋਂ ਹਰ ਮਹੀਨੇ ਰਾਸ਼ਨ ਵੰਡਿਆ ਜਾਵੇਗਾ। ਸਮਾਗਮ ਦੌਰਾਨ ਮੌਜੂਦ ਰਹੇ ਬਲੱਡ ਬੈਂਕ ਗੁਰੂ ਹਰਗੋਬਿੰਦ ਨਗਰ ਫਗਵਾੜਾ ਦੇ ਪ੍ਰਧਾਨ ਮਲਕੀਅਤ ਸਿੰਘ ਰਘਬੋਤਰਾ ਨੇ ਸਰਬੱਤ ਦਾ ਭਲਾ ਫਾਊਂਡੇਸ਼ਨ ਨੂੰ ਆਪਣੀਆਂ ਸ਼ੁੱਭ ਇੱਛਾਵਾਂ ਦਿੰਦਿਆਂ ਅਤੇ ਆਸ ਪ੍ਰਗਟਾਈ ਕਿ ਇਹ ਫਾਊਂਡੇਸ਼ਨ ਆਪਣੇ ਨਾਮ ਦੇ ਮੁਤਾਬਕ ਬਿਨਾਂ ਕਿਸੇ ਭੇਦ-ਭਾਵ ਤੋਂ ਸਰਬੱਤ ਦੇ ਭਲੇ ਲਈ ਯਤਨਸ਼ੀਲ ਰਹੇਗੀ। ਸਮਾਗਮ ਦੇ ਅਖੀਰ 'ਚ ਚੇਅਰਮੈਨ ਵਿਪਨ ਪਾਲ ਸਿੰਘ ਅਰੋੜਾ ਨੇ ਸਮੂਹ ਪਤਵੰਤਿਆਂ ਅਤੇ ਸਹਿਯੋਗੀਆਂ ਦਾ ਸਮਾਗਮ ਨੂੰ ਸਫਲ ਬਣਾਉਣ ਲਈ ਤਹਿ ਦਿਲੋਂ ਧੰਨਵਾਦ ਕੀਤਾ। ਉਹਨਾਂ ਭਰੋਸਾ ਦਿੱਤਾ ਕਿ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰਸਾਏ ਮਾਰਗ 'ਤੇ ਚਲਦਿਆਂ ਸਰਬੱਤ ਦੇ ਲਈ ਫਾਉਂਡੇਸ਼ਨ ਹਮੇਸ਼ਾ ਯਤਨਸ਼ੀਲ ਰਹੇਗੀ। ਇਸ ਮੌਕੇ ਹਰਬੰਸ ਲਾਲ, ਸਲੋਨੀ ਜੈਨ, ਰਣਜੀਤ ਸਿੰਘ ਕਿੰਨੜਾ, ਨਰੇਸ਼ ਸੁਧੀਰ, ਮੋਹਨ ਲਾਲ ਤਨੇਜਾ ਆਦਿ ਹਾਜ਼ਰ ਸਨ।

# ਨਕੋਦਰ ਇਲਾਕੇ ਦੀਆਂ ਮਜ਼ਦੂਰ ਜਥੇਬੰਦੀਆਂ ਨੇ ਕੀਤੀ ਕਾਡਰ ਚੇਤਨਾ ਮੀਟਿੰਗ

**ਨਕੋਦਰ (ਗਿਆਨ ਸੈਦਪੁਰੀ)**- ਇਥੇ ਇਲਾਕੇ ਅੰਦਰ ਲੰਮੇ ਸਮੇਂ ਤੋਂ ਬੇਜ਼ਮੀਨੇ ਮਜ਼ਦੂਰਾਂ/ ਦਲਿਤਾਂ ਦੇ ਹੱਕਾਂ ਹਿੱਤਾਂ ਲਈ ਸੰਘਰਸ਼ਸ਼ੀਲ ਜਥੇਬੰਦੀਆਂ ਨੇ ਸ੍ਰੀ ਗੁਰੂ ਰਵਿਦਾਸ ਜੀ ਭਵਨ ਨਕੋਦਰ ਵਿਖੇ ਕਾਡਰ ਚੇਤਨਾ ਮੀਟਿੰਗ ਕਰਕੇ ਕਈ ਅਹਿਮ ਮੁੱਦਿਆਂ 'ਤੇ ਚਰਚਾ ਕੀਤੀ। ਇਸ ਮੌਕੇ ਦਿਹਾਤੀ ਮਜ਼ਦੂਰ ਸਭਾ ਦੇ ਸੂਬਾ ਪ੍ਰਧਾਨ ਦਰਸ਼ਨ ਨਾਹਰ, ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਤਰਸੇਮ ਪੀਟਰ, ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਵਿੱਤ ਸਕੱਤਰ ਹਰਮੇਸ਼ ਮਾਲੜੀ ਅਤੇ ਪੰਜਾਬ ਖੇਤ ਮਜ਼ਦੂਰ ਸਭਾ ਦੇ ਸੂਬਾ ਆਗੂ ਗਿਆਨ ਸੈਦਪੁਰੀ ਨੇ ਜਥੇਬੰਦੀਆਂ ਦੇ ਮੁਰਲੀ ਪਰਤ ਦੇ ਸਾਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਨਾ ਪੰਜਾਬ ਸਰਕਾਰ ਵੱਲੋਂ ਮਜ਼ਦੂਰਾਂ ਨਾਲ ਕੀਤੇ ਵਾਅਦੇ ਵਫ਼ਾ ਹੋਏ ਉਲਟਾ ਪੰਜਾਬ ਸਰਕਾਰ ਪੁਲਸ ਬਲ ਦੇ ਜ਼ੋਰ ਮਜ਼ਦੂਰਾਂ ਦੀ ਆਵਾਜ਼ ਨੂੰ ਦਬਾ ਰਹੀ ਹੈ। ਉਨ੍ਹਾਂ ਪੰਜਾਬ ਸਮੇਤ ਇਲਾਕੇ ਅੰਦਰ ਹੋ ਰਹੀਆਂ ਲੁੱਟਾਂ ਖੋਹਾਂ, ਕਤਲਾਂ ਅਤੇ ਨਸ਼ਿਆਂ ਦੀ ਖੁੱਲ੍ਹੇਆਮ ਵਰਤੋਂ ਤੇ ਵਿੱਕਰੀ ਉੱਪਰ ਸਵਾਲ ਚੁੱਕਦਿਆਂ ਕਿਹਾ ਕਿ ਇਹ ਸਭ ਕੁਝ ਸਰਕਾਰ ਤੇ ਪੁਲਸ ਦੀ ਮਿਲੀਭੁਗਤ ਤੋਂ ਬਗੈਰ ਸੰਭਵ ਨਹੀਂ। ਉਨ੍ਹਾਂ ਕਈ ਪਿੰਡਾਂ ਦੀਆਂ ਉਦਾਹਰਨਾਂ ਦੇ ਕੇ ਦੱਸਿਆ ਕਿ ਆਮ ਲੋਕਾਂ ਨਾਲ ਹੋ ਰਹੇ ਧੱਕੇ ਧੋੜੇ ਦੇ ਕੇਸਾਂ ਵਿੱਚ ਪੁਲਸ ਸੁਣਵਾਈ ਨਹੀਂ ਕਰਦੀ ਤੇ ਲੋਕ ਮਹੀਨਿਆਂ-ਬੱਧੀ ਖੱਜਲ ਖੁਆਰ ਹੋ ਕੇ ਬਹਿ ਜਾਂਦੇ ਹਨ। ਉਹਨਾਂ ਕਿਹਾ ਕਿ ਸਿਆਸੀ ਅਸਰ ਰਸੂਖ ਵਾਲੇ ਲੋਕ ਗਰੀਬਾਂ 'ਤੇ ਝੂਠੇ ਪਰਚੇ ਦਰਜ ਕਰਵਾ ਰਹੇ ਹਨ। ਆਗੂਆਂ ਨੇ ਕਿਹਾ ਕਿ ਅਜਿਹੇ ਮਾਹੌਲ ਵਿਚ ਗ਼ਰੀਬ ਲੋਕ ਨਪੀੜੇ ਜਾ ਰਹੇ ਹਨ ਪਰ ਸਰਕਾਰ ਚੁੱਪ ਧਾਰੀ ਬੈਠੀ ਹੈ। ਉਹਨਾਂ ਆਪਣੇ ਕਾਡਰ ਨੂੰ ਸੱਦਾ ਦਿੱਤਾ ਕਿ ਇਸ ਮਾਹੌਲ ਨੂੰ ਸਿਰਫ ਤੇ ਸਿਰਫ ਜਥੇਬੰਦ ਲੋਕ ਲਹਿਰ ਹੀ ਬਦਲ ਸਕਦੀ ਹੈ। ਉਨ੍ਹਾਂ ਕਿਹਾ ਕਿ ਆਉਂਦੇ ਦਿਨਾਂ ਵਿੱਚ ਪੂਰੇ ਇਲਾਕੇ ਅੰਦਰ ਪਿੰਡ ਪਿੰਡ ਮੀਟਿੰਗਾਂ ਕੀਤੀਆਂ ਜਾਣਗੀਆਂ ਅਤੇ ਲੋਕ ਮਸਲਿਆਂ 'ਤੇ ਸਾਂਝਾ ਸੰਘਰਸ਼ ਤੇਜ਼ ਕੀਤਾ ਜਾਵੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਹਰਪਾਲ ਬਿੱਟੂ, ਹੰਸਰਾਜ ਪੱਬਵਾਂ, ਪਰਮਜੀਤ ਸਿੰਘ ਰੰਧਾਵਾ, ਸਿਕੰਦਰ ਸਿੰਘ, ਨਿਰਮਲ ਮਲਸੀਆਂ, ਸੁਖਜਿੰਦਰ ਲਾਲੀ ਅਤੇ ਗੁਰਪ੍ਰੀਤ ਸਿੰਘ ਚੀਦਾ ਆਦਿ ਹਾਜ਼ਰ ਸਨ।



# ਕਿਤਾਬਾਂ ਦੇ ਪੜ੍ਹਨ ਦੇ ਸ਼ੌਕ ਤੋਂ ਦੂਰ ਹੋ ਰਹੀ ਹੈ ਨੌਜਵਾਨ ਪੀੜ੍ਹੀ : ਹਲੇੜ

**ਅੱਡਾ ਸਰਾਂ (ਜਸਵੀਰ ਕਾਜਲ)** ਮੌਜੂਦਾ ਦੌਰ ਸਮੇਂ ਵਿੱਚੋਂ ਮੋਬਾਈਲ ਨੇ ਲੋਕਾਂ ਦੇ ਹਰ ਇੱਕ ਵਰਗ ਦੀ ਉਮਰ ਨੂੰ ਪ੍ਰਭਾਵਿਤ ਕੀਤਾ ਹੈ ।ਇਸ ਮੋਬਾਈਲ ਨੂੰ ਚਲਾਉਣ ਅਤੇ ਦੇਖਣ ਲਈ ਅਸੀਂ ਆਪਣੇ ਪਰਵਾਰਕ ਮੈਂਬਰਾਂ, ਦੋਸਤ ਮਿੱਤਰਾਂ ਨਾਲੋਂ ਦੂਰੀ ਬਣਾ ਰਹੇ ਹਨ,ਇਕੱਲਾ ਰਹਿਣਾ ਪਸੰਦ ਕਰ ਰਹੇ ਹਾਂ। ਇਸੇ ਤਰ੍ਹਾਂ ਪਹਿਲੇ ਕਿਤਾਬਾਂ ਨੂੰ ਪੜ੍ਹਨਾ ਆਮ ਹੀ ਸ਼ੌਕ ਹੁੰਦਾ ਸੀ। ਪਰ ਅੱਜ ਕਿਤਾਬਾਂ ਨੂੰ ਪੜ੍ਹਨ ਦੀ ਰੁਚੀ ਬਹੁਤ ਹੀ ਘੱਟ ਹੋ ਚੁੱਕੀ ਹੈ। ਸਮਾਜ ਦੀ ਨੁਹਾਰ ਬਦਲਣ ਲਈ ਸਾਨੂੰ ਧਾਰਮਿਕ, ਸਮਾਜਿਕ, ਰਾਜਨੀਤਿਕ ,ਆਰਥਿਕ ਇਤਿਹਾਸਿਕ ਆਦਿ ਸਭ ਕਿਤਾਬਾਂ ਨੂੰ ਪੜ੍ਹਨ ਦੀ ਰੁਚੀ ਪੈਦਾ ਕਰਨੀ ਚਾਹੀਦੀ ਹੈ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਸਮਾਜ ਸੇਵੀ, ਲੇਖਕ, ਕੀਰਤਨੀਏ ਭਾਈ ਅਮੋਲਕ ਹਲੇੜ ਨੇ ਕੀਤਾ।ਇੱਕ ਸਮਾਗਮ ਦੌਰਾਨ ਡਾ. ਚਰਨਜੀਤ ਸਿੰਘ ਪਰਬੱਗਾ ਸਰਪ੍ਰਸਤ ਡਾ.ਬੀ ਆਰ ਅੰਬੇਡਕਰ ਯੂਥ ਕਲੱਬ ਰਜਿ. ਕੰਧਾਲਾ ਜੱਟਾਂ ਅਤੇ ਪੰਥ ਦੇ ਕੀਰਤਨੀਏ ਭਾਈ ਸੰਦੀਪ ਸਿੰਘ ਕੂਟਾ ਵਾਲਿਆਂ ਨੂੰ ਅਮੋਲਕ ਹਲੇੜ ਨੇ ਆਪਣੀ ਲਿਖੀ ਕਿਤਾਬ ਭੇਂਟ ਕਰ ਸਨਮਾਨਿਤ ਕੀਤਾ। ਇਸ ਮੌਕੇ ਅਮੋਲਕ ਨੇ ਕਿਹਾ ਕਿ ਅਸੀਂ ਇੱਕ ਲਾਇਬ੍ਰੇਰੀ ਸ਼ੁਰੂ ਕੀਤੀ ਹੈ। ਜਿਸ ਵਿੱਚ ਬਹੁਤ ਸਾਰੀਆਂ ਕਿਤਾਬਾਂ ਹਨ, ਪਰ ਅਸੀਂ ਇਸ ਲਾਇਬ੍ਰੇਰੀ ਦੀਆਂ ਕਿਤਾਬਾਂ ਨੂੰ ਦਰਖਾਸਤ ਕਰਦਿਆਂ ਹਾਂ ਕਿ ਘਰ ਵਿੱਚ ਪਈਆਂ ਪੁਰਾਣੀਆਂ ਕਿਤਾਬਾਂ ਜੋ ਪੜ੍ਹ ਲਈਆਂ ਹਨ ਜਾਂ ਵਾਧੂ ਪਈਆਂ ਹੋਈਆਂ ਹਨ ਸਾਨੂੰ ਦਾਨ ਕੀਤੀਆਂ ਜਾਣ ਤਾਂ ਜੋ ਅਸੀਂ ਉਹ ਕਿਤਾਬ ਸਾਡੀ ਲਾਇਬ੍ਰੇਰੀ ਦੀ ਸ਼ਾਨ ਬਣ ਸਕੇ।




## ਮਲੇਰੀਆ ਤੇ ਡੇਂਗੂ ਲੱਛਣਾਂ ਸੰਬੰਧੀ ਦਿੱਤੀ ਜਾਣਕਾਰੀ

**ਬਲਾਚੌਰ (ਜਸਵਿੰਦਰ ਬੈਂਸ)**- ਸਿਵਲ ਸਰਜਨ ਸ਼ਹੀਦ ਭਗਤ ਸਿੰਘ ਨਗਰ ਡਾਕਟਰ ਗੁਰਿੰਦਰਜੀਤ ਸਿੰਘ ਅਤੇ ਐਪੀਡੀਮੋਲੋਜਿਸਟ ਡਾਕਟਰ ਰਵੇਸ਼ ਪਾਲੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਕਾਰਜਕਾਰੀ ਸੀਨੀਅਰ ਮੈਡੀਕਲ ਅਫ਼ਸਰ ਸੜੋਆ ਡਾਕਟਰ ਮੋਘਾ ਕਟਿਆਲ ਦੀ ਯੋਗ ਅਗਵਾਈ ਹੇਠ ਪਿੰਡ ਸਿਆਹੜ ਵਿਖੇ ਸਿਹਤ ਵਿਭਾਗ ਦੇ ਕਰਮਚਾਰੀ ਕਰਾਂਤੀ ਪਾਲ ਸਿੰਘ ਰੰਡੀ ਵਲੋਂ ਮਲੇਰੀਆ ਡੇਂਗੂ ਚਿਕਨਗੁਨੀਆ ਦੇ ਲੱਛਣਾਂ ਅਤੇ ਬਚਾਓ ਸੰਬੰਧੀ ਜਾਣਕਾਰੀ ਦਿੱਤੀ ਗਈ। ਜਿਵੇਂ ਹਫ਼ਤੇ ਵਿੱਚ ਇੱਕ ਦਿਨ ਡਰਾਈ ਡੇ ਮਨਾਇਆ ਜਾਵੇ, ਜਿਸ ਦੌਰਾਨ ਆਪਣੇ ਘਰ ਆਲੇ ਦੁਆਲੇ ਸਾਫ ਸਫਾਈ ਦਾ ਖਾਸ ਖਿਆਲ ਰੱਖਿਆ ਜਾਵੇ ਜਿਵੇਂ ਕੂਲਰਾਂ ਗਮਲਿਆਂ ਪੁਰਾਣੇ ਟਾਇਰਾਂ ਵਿੱਚ ਪਾਣੀ ਨਾ ਖੜਨ ਦਿੱਤਾ ਜਾਵੇ ਇਸ ਮੌਕੇ ਬਰੀਡਰ ਚੈਕਰ ਅਤੇ ਆਸ਼ਾ ਵਰਕਰ ਵਲੋਂ ਘਰ ਘਰ ਜਾ ਕੇ ਲਾਰਵਾ ਚੈਕ ਕੀਤਾ ਗਿਆ ਅਤੇ ਲਾਰਵਾ ਮਿਲਣ 'ਤੇ ਮੌਕੇ 'ਤੇ ਨਸ਼ਟ ਕਰਵਾਇਆ ਗਿਆ। ਇਸ ਤੋਂ ਬਚਾਓ ਲਈ ਅਪਣੇ ਸਰੀਰ ਨੂੰ ਕਵਰ ਕਰ ਕੇ ਰੱਖਿਆ ਜਾਵੇ ਰਾਤ ਨੂੰ ਸੌਣ ਸਮੇਂ ਮੱਛਰਦਾਨੀ ਅਤੇ ਮੱਛਰ ਭਜਾਉਣ ਵਾਲੀਆਂ ਕ੍ਰੀਮਾਂ ਦੀ ਵਰਤੋਂ ਕੀਤੀ ਜਾਵੇ। ਅਗਰ ਕਿਸੇ ਨੂੰ ਸਿਹਤ ਸਬੰਧੀ ਕੋਈ ਮੁਸ਼ਕਲ ਆਵੇ ਤਾਂ ਨੇੜੇ ਦੇ ਸਿਹਤ ਕੇਂਦਰ ਨਾਲ ਸੰਪਰਕ ਕਰੇ। ਇਸ ਮੌਕੇ ਕੁਲਦੀਪ ਕੁਮਾਰ ਬਰੀਡਰ ਚੈਕਰ ਸੁਮਨ ਆਸ਼ਾ ਵਰਕਰ ਅਤੇ ਪਿੰਡ ਵਾਸੀ ਹਾਜ਼ਰ ਸਨ।



# ਸੀ ਪੀ ਆਈ ਐੱਮ ਦੀ ਤਹਿਸੀਲ ਕਮੇਟੀ ਦੀ ਜਨਰਲ ਬਾਡੀ ਦੀ ਮੀਟਿੰਗ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਇੱਥੇ ਸੀ ਪੀ ਆਈ ਐਮ ਦੀ ਤਹਿਸੀਲ ਕਮੇਟੀ ਦੀ ਜਨਰਲ ਬਾਡੀ ਦੀ ਮੀਟਿੰਗ ਸਾਥੀ ਅੱਛਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿੱਚ ਪਾਰਟੀ ਦੇ ਪੰਜਾਬ ਦੇ ਸਕੱਤਰ ਸੁਖਵਿੰਦਰ ਸਿੰਘ ਸੇਖੋਂ, ਗੁਰਨੇਕ ਸਿੰਘ ਭੱਜਲ, ਦਰਸ਼ਨ ਸਿੰਘ ਮੱਟੂ ਤੇ ਸ਼ੁਭਾਸ਼ ਮੱਟੂ ਹਾਜ਼ਰ ਹੋਏ।ਪਾਰਟੀ ਦੇ ਤਹਿਸੀਲ ਸਕੱਤਰ ਮਹਿੰਦਰ ਕੁਮਾਰ ਬੱਡੋਆਣ ਨੇ ਪਿਛਲੇ ਕੰਮਾਂ ਅਤੇ ਸਰਗਰਮੀਆਂ ਬਾਰੇ ਦੱਸਿਆ ਅਤੇ ਅਗਲੇ ਕੰਮਾਂ 19/20 ਅਗਸਤ ਜਨਵਾਦੀ ਇਸਤਰੀ ਸਭਾ ਦਾ ਅਜਲਾਸ ਗੜ੍ਹਸ਼ੰਕਰ ਹੋ ਰਿਹਾ ਹੈ, 01 ਅਗਸਤ ਨੂੰ ਭਕਨਾ ਭਵਨ ਚੰਡੀਗੜ੍ਹ ਵਿਖੇ ਕਾਮਰੇਡ ਹਰ ਕਿਸ਼ਨ ਸਿੰਘ ਸੁਰਜੀਤ ਦੀ ਬਰਸੀ, 9 ਜੁਲਾਈ ਦੀ ਹੋ ਰਹੀ ਦੇਸ਼ ਪੱਧਰੀ ਹੜਤਾਲ ਵਾਰੇ ਜਾਣਕਾਰੀ ਦਿੱਤੀ। ਇਸ ਤੋਂ ਪਹਿਲਾਂ ਜ਼ਹਾਜ਼ ਕਰੈਸ਼ ਹੋਣ ਅਤੇ ਉਤਰਾ ਖੰਡ ਵਿਖੇ ਹੈਲੀਕਾਪਟਰ ਹਾਦਸੇ 'ਚ ਮਾਰੇ ਗਏ ਯਾਤਰੀਆਂ ਨੂੰ 2 ਮਿੰਟ ਖੜੇ ਹੋ ਕੇ ਸ਼ਰਧਾਂਜਲੀ ਦਿੱਤੀ ਗਈ। ਇਸ ਮੌਕੇ ਪਾਰਟੀ ਦੇ ਪੰਜਾਬ ਦੇ ਸਕੱਤਰ ਸੁਖਵਿੰਦਰ ਸਿੰਘ ਸੇਖੋਂ ਨੇ ਕਿਹਾ ਕੇਂਦਰ ਸਰਕਾਰ ਅਤੇ ਪੰਜਾਬ ਦੀ ਸਰਕਾਰ ਦੀਆਂ ਨੀਤੀਆਂ ਵਿੱਚ ਕੋਈ ਅੰਤਰ ਨਹੀਂ। ਦੋਹਨਾ ਸਰਕਾਰਾਂ ਦੀਆਂ ਨੀਤੀਆਂ ਮਜ਼ਦੂਰਾਂ, ਕਿਸਾਨਾਂ, ਆਮ ਲੋਕਾਂ ਦੇ ਵਿਰੋਧ ਵਿੱਚ ਹਨ। ਮੋਦੀ ਸਰਕਾਰ ਨੇ ਸਰਕਾਰੀ ਮਹਿਕਮਿਆਂ ਦਾ ਨਿੱਜੀ ਕਰਨ ਕਰਕੇ ਲੋਕਾਂ ਨੂੰ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਲੋਕਾਂ ਵਲੋ ਚਲਾਏ ਜਾ ਰਹੇ ਵਹੀਕਲ 15 ਸਾਲ ਬਾਅਦ ਰੋਡ 'ਤੇ ਨਹੀ ਚੱਲ ਸਕਦੇ, ਹਵਾ ਵਿੱਚ ਉਡਣ ਵਾਲਾ ਜ਼ਹਾਜ਼ 17 ਸਾਲ ਪੁਰਾਣਾ ਉਡ ਸਕਦਾ ਹੈ॥ ਕਾਮਰੇਡ ਸੇਖੋ ਨੇ ਕਿਹਾ ਪੰਜਾਬ ਅਮਨ ਕਾਨੂੰਨ ਦੀ ਹਾਲਤ ਦਿਨ ਪ੍ਰਤੀ ਦਿਨ ਵਿਗੜਦੀ ਜਾ ਰਹੀ ਹੈ ਲੁੱਟਾਂ, ਖੋਹਾਂ, ਕਤਲ ਰੋਜ਼ਾਨਾ ਹੋ ਰਹੇ ਹਨ। ਪੰਜਾਬ ਸਰਕਾਰ ਇਸ ਨੂੰ ਕੰਟਰੋਲ ਕਰਨ ਵਿੱਚ ਅਸਫਲ ਹੋਈ ਹੈ। ਸਰਕਾਰ ਕਹਿ ਰਹੀ ਹੈ ਅਸੀ ਬਹੁਤ ਵੱਡੇ ਪੱਧਰ 'ਤੇ ਨੌਕਰੀਆ ਦਿੱਤੀਆਂ ਹਨ ਪਰ ਸਰਕਾਰੀ ਅਰਧ ਸਰਕਾਰੀ ਮਹਿਕਮਿਆਂ ਅੰਦਰ ਲੱਖਾਂ ਅਸਾਮੀਆਂ ਖਾਲੀ ਪਈਆਂ ਹਨ। ਪੰਜਾਬ ਸਰਕਾਰ ਨੇ ਪਹਿਲੀਆਂ ਸਰਕਾਰਾਂ ਨਾਲੋ ਤਿੰਨ ਗੁਣਾ ਕਰਜ਼ਾ ਵੱਧ ਚੁੱਕ ਕੇ ਪੰਜਾਬ ਨੂੰ ਹੋਰ ਕਰਜਾਈ ਬਣਾ ਦਿੱਤਾ ਹੈ। ਇਸ ਮੌਕੇ ਗੁਰਨੇਕ ਸਿੰਘ ਭੱਜਲ, ਦਰਸ਼ਨ ਸਿੰਘ ਮੱਟੂ, ਸ਼ੁਭਾਸ਼ ਮੱਟੂ, ਨੀਲਮ ਬੱਡੋਆਣ ਨੇ ਕਿਹਾ ਕੇਂਦਰ ਤੇ ਪੰਜਾਬ ਸਰਕਾਰ ਦੀਆਂ ਮਜ਼ਦੂਰਾਂ, ਕਿਸਾਨਾਂ, ਆਮ ਲੋਕ ਵਿਰੋਧੀ ਨੀਤੀਆਂ ਵਿਰੁੱਧ ਲਾਮਬੰਦੀ ਕਰਕੇ ਤਿੱਖੇ ਸ਼ੰਘਰਸ਼ ਕੀਤੇ ਜਾਣ, ਟਰੇਡ ਯੂਨੀਅਨਾਂ ਦੀ 9 ਜੁਲਾਈ ਦੀ ਦੇਸ਼ ਪੱਧਰੀ ਹੜਤਾਲ ਸਫਲ ਕਰਨ ਵਿੱਚ ਕੋਈ ਵੀ ਕਸਰ ਬਾਕੀ ਨਾ ਛੱਡੀ ਜਾਵੇ। ਇਸ ਮੌਕੇ ਸੂਬਾ ਫੰਡ ਤਹਸੀਲ ਕਮੇਟੀ ਗੜ੍ਹਸ਼ੰਕਰ ਵਲੋਂ 50000/- ਰੁਪਏ ਦੀ ਥੈਲੀ ਤਹਿਸੀਲ ਸਕੱਤਰ ਮਹਿੰਦਰ ਕੁਮਾਰ ਬੱਡੋਆਣ ਦੀ ਅਗਵਾਈ ਵਿੱਚ ਸੁਖਵਿੰਦਰ ਸਿੰਘ ਸੇਖੋਂ ਨੂੰ ਦਿੱਤੀ ਗਈ। ਆਏ ਸਾਥੀਆਂ ਦਾ ਕਾਮਰੇਡ ਅੱਛਰ ਸਿੰਘ ਨੇ ਧੰਨਵਾਦ ਕੀਤਾ। ਇਸ ਮੌਕੇ ਹਰਭਜਨ ਅਟਵਾਲ, ਬਲਦੇਵ ਰਾਜ, ਸੁਰਿੰਦਰ ਕੌਰ ਚੁੰਬਰ, ਪਰੇਮ ਰਾਣਾ, ਪਰੇਮ ਪਰੇਮੀ, ਗਰੀਬ ਦਾਸ ਬੀਟਨ, ਸਤਨਾਮ ਸਿੰਘ ਢਿੱਲੋਂ, ਜੋਗਿੰਦਰ ਕੌਰ, ਬਲਵਿੰਦਰ ਪਾਲ ਕੌਰ, ਪਰਮੋਦ ਕੁਮਾਰ, ਸ਼ਿਗਾਰਾ ਸਿੰਘ ਬੇਬੀ ਆਦਿ ਹਾਜ਼ਰ ਸਨ।



# ਸ਼ਹੀਦ ਡਾਕਟਰ ਸ਼ਿਆਮਾ ਪ੍ਰਸਾਦ ਨੂੰ ਸ਼ਰਧਾ ਦੇ ਫੁੱਲ ਭੇਟ



**ਬਲਾਚੌਰ (ਜਸਵਿੰਦਰ ਬੈਂਸ)**- ਭਾਰਤੀ ਜਨਤਾ ਪਾਰਟੀ ਦੇ ਦਫਤਰ ਬਲਾਚੌਰ ਵਿਖੇ ਸ਼ਹੀਦ ਡਾਕਟਰ ਸ਼ਯਾਮਾ ਪ੍ਰਸ਼ਾਦ ਮੁਖ਼ਰਜੀ ਜੀ ਦੇ ਬਲੀਦਾਨ ਦਿਵਸ ਮੌਕੇ ਤੇ ਜ਼ਿਲ੍ਹਾ ਪ੍ਰਧਾਨ ਰਾਜਵਿੰਦਰ ਸਿੰਘ ਲੱਕੀ ਐਡਵੋਕੇਟ ਦੀ ਅਗਵਾਈ ਹੇਠ ਭਾਰਤੀ ਜਨਤਾ ਪਾਰਟੀ ਦਫ਼ਤਰ ਬੂਲੇਵਾਲ ਮੌੜ ਬਲਾਚੌਰ ਵਿੱਖੇ ਸ਼ਰਧਾਂਜਲੀ ਸਮਾਰੋਹ ਕੀਤਾ ਗਿਆ। ਇਹ ਜਾਣਕਾਰੀ ਪ੍ਰੈਸ ਨੂੰ ਦਿੰਦੇ ਹੋਏ ਨਰੇਂਦਰ ਨਾਥ ਸੂਦਨ ਵਲੋਂ ਦਸਿਆ ਗਿਆ ਕਿ ਇਸ ਮੌਕੇ 'ਤੇ ਹਾਜਰ ਹੋਏ ਕਾਰਜਕਰਤਾਵਾਂ ਨੂੰ ਸੰਬੋਧਨ ਕਰਦੇ ਹੋਏ ਪ੍ਰਧਾਨ ਨੇ ਡਾਕਟਰ ਸ਼ਯਾਮਾ ਪ੍ਰਸ਼ਾਦ ਮੁਖ਼ਰਜੀ ਜੀ ਦੇ ਜੀਵਨ ਬਾਰੇ ਜਾਣਕਾਰੀ ਦਿੱਤੀ ਅਤੇ ਦਸਿਆ ਕੀ ਕਸ਼ਮੀਰ ਨੂੰ ਭਾਰਤ ਦਾ ਅਨਿੱਖੜਵਾਂ ਅੰਗ ਸਮਝਦੇ ਹੋਏ ਅਪਣੀ ਜਾਨ ਕੁਰਬਾਨ ਕੀਤੀ। ਉਹ ਸੁਪਨਾ ਭਾਰਤ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਸਰਕਾਰ ਵੱਲੋਂ ਧਾਰਾ 370 ਖਤਮ ਕਰਕੇ ਪੂਰਾ ਕੀਤਾ ਗਿਆ। ਇਸ ਮੌਕੇ 'ਤੇ ਹੋਰਨਾਂ ਤੋਂ ਇਲਾਵਾ ਪਰਵੀਨ ਪੂਰੀ ਸਰਕਲ ਪ੍ਰਧਾਨ ਬਲਾਚੌਰ ਸ਼ਹਿਰੀ, ਸੁਖਦੇਵ ਲਾਲ ਬੰਟੀ ਸਰਕਲ ਪ੍ਰਧਾਨ ਪੋਜੇਵਾਲ, ਚੌਧਰੀ ਕੀਮਤੀ ਲਾਲ ਮਝੋਟ ਜਰਨਲ ਸਕੱਤਰ ਸਰਕਲ ਭੱਦੀ, ਰਮੇਸ਼ ਕੁਮਾਰ ਸ਼ਰਮਾ, ਅਜੇ ਕਟਾਰੀਆ ਜ਼ਿਲ੍ਹਾ ਉਪ ਅਧਿਅਕਸ਼, ਪੰਕਜ ਕੁਮਾਰ ਜ਼ਿਲ੍ਹਾ ਯੂਥ ਪ੍ਰਧਾਨ, ਨਵੀਨ ਕਰਾਵਰ, ਬਰਿੰਦਰ ਰਜਵਾੜਾ, ਰੋਹਿਤ ਬਾਦਲ, ਮਨੋਹਰ ਲਾਲ ਆਨੰਦ, ਸੋਨੀ ਗੜ੍ਹੀ ਕਾਨੂੰਗੋਆਂ, ਰਾਜੀਵ ਅਨੰਦ, ਸੰਦੀਪ ਭਾਟੀਆ, ਪਰਵੀਨ ਕਟਾਰੀਆ, ਮਾਸਟਰ ਮਨੋਹਰ ਲਾਲ, ਐਸ ਪੀ ਸਿੰਘ ਪ੍ਰੇਮ ਨਗਰ ਵੀ ਸ਼ਾਮਿਲ ਹੋਏ।

## ਦਰਬਾਰ ਬਾਬਾ ਚੁੱਪ ਸ਼ਾਹ ਦਾ ਮੇਲਾ ਧੂਮਧਾਮ ਨਾਲ ਮਨਾਇਆ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਪਿੰਡ ਸੰਘੇ ਜਗੀਰ ਦਰਬਾਰ ਬਾਬਾ ਚੁੱਪ ਸ਼ਾਹ ਦਾ ਦੋ ਰੋਜਾ ਜੋੜ ਮੇਲਾ ਧੂਮਧਾਮ ਨਾਲ ਕਰਵਾਇਆ ਗਿਆ। ਦਰਬਾਰ ਦੇ ਮੁੱਖ ਸੇਵਾਦਾਰ ਗੁਰਸ਼ਰਨ ਰਾਏ ਵਲੋਂ ਮੇਲੇ ਦੇ ਪਹਿਲੇ ਦਿਨ ਝੰਡੇ ਦੀ ਰਸਮ ਅਤੇ ਚਿਰਾਗ ਰੋਸ਼ਨ ਕੀਤੇ ਗਏ ਅਤੇ ਕਵਾਲੀਆਂ ਦਾ ਪ੍ਰੋਗਰਾਮ ਕਰਵਾਇਆ ਗਿਆ, ਜਿਸ ਵਿੱਚ ਕਵਾਲ ਪ੍ਰਵੇਜ਼ ਖ਼ਾਨ ਅਤੇ ਸਲਾਮਤ ਅਲੀ ਅਲੀ ਹਾਜ਼ਰੀ ਭਰੀ। ਮੇਲੇ ਦੇ ਦੂਸਰੇ ਦਿਨ ਸਟੇਜ ਦੀ ਸ਼ੁਰੂਆਤ ਦਰਬਾਰੀ ਗਾਇਕ ਹਰਮੇਸ਼ ਰਸੀਲਾ, ਜੋਤੀ ਸਭਰਵਾਲ ਤੋਂ ਬਾਅਦ ਪੰਜਾਬੀ ਗਾਇਕ ਸੁਖਵਿੰਦਰ ਪੰਛੀ ਨੇ ਆਪਣੇ ਗੀਤ ਗਾ ਕੇ ਵਾਹ ਵਾਹ ਖੱਟੀ। ਅਖੀਰ ਵਿੱਚ ਪੰਜਾਬ ਦੀ ਅਵਾਜ਼ ਮਾਸ਼ਾ ਅਲੀ ਨੇ ਧਾਰਮਿਕ ਅਤੇ ਪੰਜਾਬੀ ਗੀਤਾਂ ਰਾਹੀਂ ਹਾਜ਼ਰੀ ਭਰੀ। ਮੇਲੇ ਦੌਰਾਨ ਮੌਨਸੂਨ ਨੂੰ ਮੁੱਖ ਰੱਖਦਿਆਂ ਸ਼ਹੀਦ ਏ ਆਜ਼ਮ ਸਰਦਾਰ ਭਗਤ ਸਿੰਘ ਸਪੋਰਟਸ ਕਲੱਬ, ਐਨ ,ਆਰ, ਆਈ ਵੀਰ , ਸੰਘਾਂ ਕਲੱਬ ਅਤੇ ਗ੍ਰੀਨ ਐਂਡ ਕਲੀਨ ਕਲੱਬ ਵੱਲੋਂ ਬੂਟਿਆਂ ਦਾ ਲੰਗਰ ਲਗਾਇਆ ਗਿਆ। ਵੱਖ ਵੱਖ ਧਾਰਮਿਕ ਡੇਰਿਆਂ ਤੋਂ ਆਏ ਮਹਾਂਪੁਰਖਾ ਨੇ ਹਾਜ਼ਰੀ ਭਰੀ। ਸਟੇਜ ਦੀ ਭੂਮਿਕਾ ਮੱਖਣ ਸ਼ੇਰਪੁਰੀ, ਇੰਦਾਂ ਘਈ ਨੇ ਬਾਖੂਬੀ ਨਿਭਾਈ । ਇਹ ਦੋ ਰੋਜ਼ਾ ਮੇਲਾ ਪ੍ਰਬੰਧਕ ਕਮੇਟੀ, ਐਨ ਆਰ ਆਈਜ਼ ਵੀਰਾਂ, ਗ੍ਰਾਮ ਪੰਚਾਇਤ, ਸਮੂਹ ਨਗਰ ਨਿਵਾਸੀ ਦੇ ਸਹਿਯੋਗ ਨਾਲ ਧੂਮਧਾਮ ਨਾਲ ਮਨਾਇਆ।



## ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵੱਲੋਂ ਪਲੇਸਮੈਂਟ ਕੈਂਪ ਅੱਜ ਤੇ ਭਲਕੇ

**ਐੱਸ .ਏ.ਐੱਸ ਨਗਰ (ਗੁਰਜੀਤ ਬਿੱਲਾ)**- ਪੰਜਾਬ ਸਰਕਾਰ ਦੇ ਮਿਸ਼ਨ ਘਰ-ਘਰ ਰੋਜ਼ਗਾਰ ਤਹਿਤ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਵੱਲੋਂ 25 ਜੂਨ ਦਿਨ ਬੁੱਧਵਾਰ ਅਤੇ 26 ਜੂਨ ਦਿਨ ਵੀਰਵਾਰ ਨੂੰ ਪਲੇਸਮੈਂਟ ਕੈਂਪ ਦਾ ਆਯੋਜਨ ਕੁਐਸ ਕਾਰਪੋਰੇਸ਼ਨ ਲਿਮਟਿਡ (ਐਕਸਿਸ ਬੈਂਕ), ਐਸ.ਸੀ.ਓ ਨੰ: 66, ਦੂਜੀ ਮੰਜ਼ਿਲ, ਸੈਕਟਰ 34-ਏ,ਚੰਡੀਗੜ੍ਹ (Quess Corp Ltd (Axis Bank), SCO FF, B nd Floor, Sec CD-A, chandigarh) ਵਿਖੇ ਕੀਤਾ ਜਾ ਰਿਹਾ ਹੈ, ਜਿਸ ਦਾ ਸਮਾਂ ਸਵੇਰੇ 11:00 ਵਜੇ ਦੁਪਹਿਰ 4 ਵਜੇ ਤੱਕ ਹੋਵੇਗਾ।ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਐਸ.ਏ.ਐਸ ਨਗਰ ਦੇ ਡਿਪਟੀ ਡਾਇਰੈਕਟਰ, ਹਰਪ੍ਰੀਤ ਸਿੰਘ ਮਾਨਸ਼ਾਹੀਆਂ ਵੱਲੋਂ ਦੱਸਿਆ ਗਿਆ ਕਿ ਪੰਜਾਬ ਸਰਕਾਰ ਵੱਲੋਂ ਪ੍ਰਾਰਥੀਆਂ ਨੂੰ ਰੋਜ਼ਗਾਰ ਦੇਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ, ਜਿਸ ਵਿੱਚ 25 ਜੂਨ (ਬੁੱਧਵਾਰ) ਅਤੇ 26 ਜੂਨ ਦਿਨ ਵੀਰਵਾਰ ਨੂੰ ਪਲੇਸਮੈਂਟ ਕੈਂਪ ਦਾ ਆਯੋਜਨ ਕੀਤਾ ਜਾਣਾ ਹੈ। ਉਨ੍ਹਾਂ ਅੱਗੇ ਦੱਸਿਆ ਕਿ ਇਸ ਕੈਂਪ ਵਿੱਚ ਕੁਐਸ ਕਾਰਪੋਰੇਸ਼ਨ ਲਿਮਟਿਡ ਐਕਸਿਸ ਬੈਂਕ) ਵੱਲੋਂ ਮੌਰਗੇਜ ਅਤੇ ਸਵਾਈਪ ਮਸ਼ੀਨ ਉਤਪਾਦ (ਵਪਾਰੀ ਪ੍ਰਾਪਤੀ ਕਾਰੋਬਾਰ) ਦੀ ਆਸਾਮੀ ਲਈ ਭਰਤੀ ਕੀਤੀ ਜਾਵੇਗੀ। ਭਰਤੀ ਕੀਤੇ ਗਏ ਪ੍ਰਾਰਥੀਆਂ ਦੀ ਤਨਖਾਹ ਕੰਪਨੀ ਅਨੁਸਾਰ 12000/- ਤੋਂ 18000/- ਤੱਕ ਹੋਵੇਗੀ ਅਤੇ ਕੰਮ ਕਰਨ ਦਾ ਸਥਾਨ ਚੰਡੀਗੜ੍ਹ ਹੋਵੇਗਾ।ਉਨ੍ਹਾਂ ਦੱਸਿਆ ਕਿ ਇਸ ਪਲੇਸਮੈਂਟ ਕੈਂਪ ਵਿੱਚ ਲੜਕੇ ਅਤੇ ਲੜਕੀਆਂ ਦੋਵੇਂ ਭਾਗ ਲੈ ਸਕਦੇ ਹਨ। ਪ੍ਰਾਰਥੀਆਂ ਦੀ ਉਮਰ 21 ਤੋਂ 35 ਸਾਲ ਤੱਕ ਹੋਵੇਗੀ ਅਤੇ ਯੋਗਤਾ ਘੱਟੋ-ਘੱਟ 12ਵੀਂ ਪਾਸ ਹੋਵੇਗੀ। ਇਨ੍ਹਾਂ ਆਸਾਮੀਆਂ ਲਈ ਪ੍ਰਾਰਥੀ https://forms.gle/YJTCmECEDiKxJNEVH ਲਿੰਕ ਤੇ ਆਪਣੇ ਆਪ ਨੂੰ ਰਜਿਸਟਰ ਕਰ ਸਕਦੇ ਹਨ। ਉਨ੍ਹਾਂ ਉਮੀਦਵਾਰਾਂ ਨੂੰ ਅਪੀਲ ਕਰਦਿਆ ਕਿਹਾ ਕਿ ਇਸ ਮੌਕੇ ਦਾ ਵੱਧ ਤੋਂ ਵੱਧ ਲਾਹਾ ਲਿਆ ਜਾਵੇ। ਪ੍ਰਾਰਥੀ ਆਪਣੀ ਯੋਗਤਾ ਦੇ ਅਸਲ ਸਰਟੀਫਿਕੇਟ, Resume ਸਮੇਤ ਫਾਰਮਲ ਡਰੈੱਸ ਵਿੱਚ ਸਮੇਂ ਸਿਰ ਆਉਣ ਦੀ ਖੇਚਲ ਕਰਨ।

# ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਨੇ ਯੋਗਾ ਡੇ ਮਨਾਇਆ

**ਸੁਲਤਾਨਪੁਰ ਲੋਧੀ (ਹਨੀ)** ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸੀਨੀਅਰ ਸੈਕੈਂਡਰੀ ਸਕੂਲ ਵਿਖੇ ਪ੍ਰਿੰਸੀਪਲ ਰੇਨੂੰ ਅਰੋੜਾ ਦੀ ਅਗਵਾਈ ਵਿੱਚ ਆਨਲਾਈਨ ਯੋਗਾ ਡੇ ਮਨਾਇਆ ਗਿਆ। ਇਸ ਦੌਰਾਨ ਵਿਦਿਆਰਥੀਆਂ ਨੇ ਵੱਖ- ਵੱਖ ਯੋਗ ਆਸਣਾਂ ਨੂੰ ਦਰਸਾਉਂਦੀਆਂ ਆਪਣੀਆਂ ਤਸਵੀਰਾਂ ਸਾਂਝੀਆਂ ਕੀਤੀਆਂ। ਇਸ ਸਬੰਧੀ ਆਪਣੇ ਵਿਚਾਰ ਸਾਂਝੇ ਕਰਦਿਆਂ ਪ੍ਰਿੰਸੀਪਲ ਅਰੋੜਾ ਨੇ ਕਿਹਾ ਕਿ ਮਨ ਅਤੇ ਸਰੀਰ ਵਿੱਚ ਸਹੀ ਸੰਤੁਲਨ ਬਣਾਈ ਰੱਖਣ ਵਿੱਚ ਯੋਗ ਦੀ ਮਹੱਤਵਪੂਰਨ ਭੂਮਿਕਾ ਹੁੰਦੀ ਹੈ । ਯੋਗ ਜਿਥੇ ਮਨ ਅਤੇ ਸਰੀਰ ਤੰਦਰੁਸਤ ਰੱਖਦਾ ਹੈ, ਉੱਥੇ ਹੀ ਜੀਵਨ ਵਿੱਚ ਅਨੁਸ਼ਾਸਨ ਵੀ ਬਣਾਈ ਰੱਖਦਾ ਹੈ।ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ, ਇੰਜੀਨੀਅਰ ਸਵਰਨ ਸਿੰਘ ਪ੍ਰਧਾਨ ਗੁਰੂ ਨਾਨਕ ਖਾਲਸਾ ਕਾਲਜ ਸੁਲਤਾਨਪੁਰ ਲੋਧੀ, ਸਕੂਲ ਡਾਇਰੈਕਟਰ ਇੰਜੀਨੀਅਰ ਹਰਨਿਆਮਤ ਕੌਰ, ਪ੍ਰਸ਼ਾਸਕ ਇੰਜੀਨੀਅਰ ਨਿਮਰਤਾ ਕੌਰ ਅਤੇ ਪ੍ਰਿੰਸੀਪਲ ਰੇਨੂ ਅਰੋੜਾ ਨੇ ਸਮੂਹ ਵਿਦਿਆਰਥੀਆਂ ਨੂੰ ਤੰਦਰੁਸਤ ਅਤੇ ਅਨੁਸ਼ਾਸਿਤ ਰਹਿਣ ਦਾ ਸੰਦੇਸ਼ ਦਿੱਤਾ।



# ਚੰਦਿਆਣੀ ਖੁਰਦ ਵਿਖੇ ਵਿਸ਼ੇਸ਼ ਮੈਡੀਕਲ ਕੈਂਪ ਲਗਾਇਆ



**ਬਲਾਚੌਰ (ਜਸਵਿੰਦਰ ਬੈਂਸ)**— ਬਾਬਾ ਬਰੂਤੀ ਜੀ ਵਾਲੇ ਅਸਥਾਨ ਚੰਦਿਆਣੀ ਖੁਰਦ ਵਿਖੇ ਇਕ ਵਿਸ਼ੇਸ਼ ਕੈਂਸਰ ਮੈਡੀਕਲ ਟੈਸਟ ਕੈਂਪ ਰਾਜਵਿੰਦਰ ਸਿੰਘ ਲੱਕੀ ਦੇ ਵਿਸ਼ੇਸ ਉਪਰਾਲੇ ਸਦਕਾ ਵਰਲਡ ਕੈਂਸਰ ਕੇਅਰ ਸੰਸਥਾ ਵੱਲੋਂ ਲਗਾਇਆ ਗਿਆ। ਇਕਬਾਲ ਸਿੰਘ ਲਾਲਪੁਰਾ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਨਰੇਂਦਰ ਨਾਥ ਸੂਦਨ ਜ਼ਿਲ੍ਹਾ ਦਫ਼ਤਰੀ ਸੱਕਤਰ ਨੇ ਦੱਸਿਆ ਕਿ ਇਸ ਮੌਕੇ 'ਤੇ ਇਸ ਧਾਰਮਿਕ ਅਸਥਾਨ 'ਤੇ ਹਾਜ਼ਰ ਹੋਏ ਲੋਕਾਂ ਵਲੋਂ ਇਸ ਮੈਡੀਕਲ ਕੈਂਪ ਵਿੱਚ ਕੈਂਸਰ ਸਮੇਤ ਅੱਖਾਂ ਦੀਆਂ ਬਿਮਾਰੀਆਂ ਅਤੇ ਹੋਰ ਮੈਡੀਕਲ ਟੈਸਟ ਕਰਵਾਏ ਗਏ। ਨਜ਼ਰ ਦੀਆਂ ਐਨਕਾਂ ਵੀ ਮੁਫਤ ਦਿੱਤੀਆਂ ਗਈਆਂ। ਇਸ ਕੈਂਪ ਵਿੱਚ ਹਾਜ਼ਰ ਹੋਏ ਲੋਕਾਂ ਵਲੋਂ ਰਾਜਵਿੰਦਰ ਸਿੰਘ ਲੱਕੀ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਵੀ ਹਲਕੇ ਦੇ ਪਿੰਡਾਂ ਵਿੱਚ ਹੋਰ ਵੀ ਕੈਂਪ ਲਗਾਏ ਜਾਣ ਤਾਂ ਜੋ ਹਲਕੇ ਦੇ ਗਰੀਬ ਲੋਕਾਂ ਨੂੰ ਵੀ ਇਸ ਦਾ ਲਾਭ ਉਠਾ ਸਕਣ। ਇਸ ਮੌਕੇ 'ਤੇ ਹੋਰਨਾਂ ਤੋਂ ਇਲਾਵਾ ਜ਼ਿਲ੍ਹਾ ਉਪ ਅਧਿਅਕਸ਼ ਅਜੈ ਕਟਾਰੀਆ, ਜ਼ਿਲ੍ਹਾ ਜਰਨਲ ਸਕੱਤਰ ਅਮਨ ਕੌਸ਼ਲ ਐਡਵੋਕੇਟ, ਪਰਵੀਨ ਪੁਰੀ ਸਰਕਲ ਪ੍ਰਧਾਨ ਸ਼ਹਿਰੀ, ਰਾਮ ਕਿਸਾਨਾ ਸਰਕਲ ਪ੍ਰਧਾਨ ਕਾਠਗੜ੍ਹ, ਕੀਮਤੀ ਲਾਲ ਜਨਰਲ ਸਕੱਤਰ ਸਰਕਲ ਭੱਦੀ, ਸੰਦੀਪ ਭਾਟੀਆ, ਪੰਕਜ ਕੁਮਾਰ ਜ਼ਿਲ੍ਹਾ ਪ੍ਰਧਾਨ ਯੂਵਾ ਮੋਰਚਾ, ਜਸਵੰਤ ਸਿੰਘ ਖਰਲ ਪ੍ਰਧਾਨ ਐਨ ਆਰ ਆਈ ਸੈਲ, ਲਖਵਿੰਦਰ ਚੇਚਿ, ਸਨਦੀਪ ਭੂੰਬਲਾ ਵੀ ਸ਼ਾਮਿਲ ਹੋਏ।

# ਤਪ ਅਸਥਾਨ ਬਾਬਾ ਬਿਹਾਰੀ ਵਿਖੇ ਧਾਰਮਿਕ ਸਮਾਗਮ ਕਰਵਾਇਆ

**ਅੱਡਾ ਸਰਾਂ (ਜਸਵੀਰ ਕਾਜਲ)** ਪਿੰਡ ਕੰਧਾਲਾ ਜੱਟਾਂ ਵਿੱਚ ਬ੍ਰਹਮਲੀਨ ਬਾਬਾ ਬਿਹਾਰੀ ਦੇ ਅਸਥਾਨ 'ਤੇ ਧਾਰਮਿਕ ਸਮਾਗਮ ਕਰਵਾਇਆ ਗਿਆ। ਸਮਾਗਮ ਵਿੱਚ ਤਿੰਨ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਉਣ ਉਪਰੰਤ ਕੀਰਤਨ ਦੀਵਾਨ ਸਜਾਏ ਗਏ। ਜਿਸ ਵਿੱਚ ਪੰਥ ਦੇ ਪ੍ਰਸਿੱਧ ਕੀਰਤਨੀਏ ਭਾਈ ਹਰਭਜਨ ਸਿੰਘ ਸੋਤਲਾ ਵਾਲ਼ੇ ,ਢਾਡੀ ਹਰਜੀਤ ਸਿੰਘ ਸੋਹਲਪੁਰ ਵਾਲੇ ਅਤੇ ਬਾਬਾ ਬਿਸ਼ਨ ਸਿੰਘ ਗੁਰਮਤਿ ਵਿਦਿਆਲੇ ਵਾਲੇ ਬੱਚਿਆਂ ਨੇ ਕੀਰਤਨ ਨਾਲ ਆਈਆਂ ਹੋਈਆਂ ਸੰਗਤਾਂ ਨੂੰ ਨਿਹਾਲ ਕੀਤਾ । ਇਸ ਮੌਕੇ ਸੰਤ ਬਾਬਾ ਮੱਖਣ ਸਿੰਘ ਦਰੀਏ ਵਾਲਿਆਂ ਨੇ ਗੁਰਬਾਣੀ ਕਥਾ ਵਿਚਾਰਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਗੁਰੂ ਇਤਿਹਾਸ ਨਾਲ ਜੋੜਿਆ । ਉਹਨਾਂ ਨੇ ਸੰਗਤਾਂ ਨੂੰ ਗੁਰੂ ਨਾਮ ਸਿਮਰਨ ਨਾਲ ਜੁੜਨ ਲਈ ਪ੍ਰੇਰਿਆ ਅਤੇ ਵੱਧ ਤੋਂ ਵੱਧ ਗੁਰਬਾਣੀ ਬੱਚਿਆਂ ਨੂੰ ਕੰਠ ਕਰਾਉਣ ਲਈ ਮਾਪਿਆਂ ਨੂੰ ਉਤਸ਼ਾਹਿਤ ਕੀਤਾ।ਚਾਹ ਪਕੌੜਿਆਂ ਅਤੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। ਇਸ ਮੌਕੇ ਕਮੇਟੀ ਦੇ ਪ੍ਰਧਾਨ ਮਹਿੰਗਾ ਸਿੰਘ, ਦਲਵੀਰ ਸਿੰਘ ਖਜ਼ਾਨਚੀ, ਅਜੈਬ ਸਿੰਘ ਉਪ ਪ੍ਰਧਾਨ, ਜਸਵੀਰ ਸਿੰਘ ਸ਼ੀਰਾ, ਜਰਨੈਲ ਸਿੰਘ, ਅੰਮ੍ਰਿਤਪਾਲ ਸਿੰਘ ਪਾਲਾ,ਕਨੇਡੀਪਾਲ ਸਿੰਘ ,ਅੰਮ੍ਰਿਤਪਾਲ ਸਿੰਘ ਪ੍ਰਧਾਨ, ਕੈਪਟਨ ਸੁਰਿੰਦਰ ਸਿੰਘ, ਮਨਜੀਤ ਸਿੰਘ,ਸੁਰਿੰਦਰ ਸਿੰਘ ਗੁਗਲੀ,ਜਸਪਾਲ ਸਿੰਘ ਪਾਲਾ ਇਟਲੀ,ਗੁਰਨਾਮ ਸਿੰਘ,ਡਾ. ਸੁਖਜੀਤ ਸਿੰਘ, ਸੁਖਨਿੰਦਰ ਸਿੰਘ, ਗੁਰਮੇਲ ਸਿੰਘ, ਦਰਸਨ ਸਿੰਘ, ਤਜਿੰਦਰ ਸਿੰਘ ਬਿੱਲਾ,ਸੋਨਾ ਮਿਸਤਰੀ, ਮਹਿੰਦਰ ਸਿੰਘ ਫੌਜੀ, ਤਰਨਜੀਤ ਸਿੰਘ,ਤਮਨਪ੍ਰੀਤ ਸਿੰਘ, ਗਗਨਦੀਪ ਸਿੰਘ,ਦਿਲਰਾਜ ਸਿੰਘ, ਗੇਲਵੀਨ ਸਿੰਘ, ਹਰਜੋਤ ਸਿੰਘ, ਸਹਿਜਪਾਲ ਸਿੰਘ ਅਤੇ ਨਗਰ ਦੀਆਂ ਸੰਗਤਾਂ ਹਾਜ਼ਰ ਸਨ।



# ਨਗਰ ਪੰਚਾਇਤ ਸ਼ਾਹਕੋਟ ਨੂੰ ਦੋ ਮਿੰਨੀ ਜੈਡਿੰਗ ਮਸ਼ੀਨਾਂ ਤੇ ਦੋ ਵਾਟਰ ਪੰਪ ਮਿਲੇ




**ਸ਼ਾਹਕੋਟ (ਗਿਆਨ ਸੈਦਪੁਰੀ)**- ਨਗਰ ਪੰਚਾਇਤ ਸ਼ਾਹਕੋਟ ਦੇ ਪ੍ਰਧਾਨ ਗੁਲਜਾਰ ਸਿੰਘ ਥਿੰਦ ਨੇ ਦੱਸਿਆ ਕਿ ਸਵੱਛ ਭਾਰਤ ਯੋਜਨਾ ਤਹਿਤ ਕੇਂਦਰ ਸਰਕਾਰ ਵੱਲੋਂ ਬਰਸਾਤਾਂ ਦੇ ਮੌਸਮ ਦੇ ਮੱਦੇਨਜ਼ਰ ਸ਼ਾਹਕੋਟ ਸ਼ਹਿਰ ਦੇ ਮੁਹੱਲਿਆਂ ਦੀਆਂ ਛੋਟੀਆਂ ਗਲੀਆਂ ਵਿੱਚ ਪਾਏ ਗਏ ਸੀਵਰੇਜ ਅਤੇ ਹੋਰ ਸਾਫ ਸਫਾਈ ਲਈ ਦੋ ਮਿੰਨੀ ਜੈਡਿੰਗ ਮਸ਼ੀਨਾਂ ਅਤੇ ਦੋ ਵਾਟਰ ਪੰਪ ਮੁਹੱਈਆ ਕਰਵਾਏ ਗਏ ਹਨ। ਉਨ੍ਹਾਂ ਦੱਸਿਆ ਉਨ੍ਹਾਂ ਵੱਲੋਂ (ਗੁਲਜਾਰ ਸਿੰਘ ਥਿੰਦ) ਜਲੰਧਰ ਜਾ ਕੇ ਇਨ੍ਹਾਂ ਮਸੀਨਾਂ ਨੂੰ ਪ੍ਰਾਪਤ ਕਰਕੇ ਨਗਰ ਪੰਚਾਇਤ ਸ਼ਾਹਕੋਟ ਵਿਖੇ ਲਿਆਂਦਾ ਗਿਆ। ਉਨ੍ਹਾਂ ਦੱਸਿਆ ਕਿ ਆਉਣ ਵਾਲੇ ਬਰਸਾਤੀ ਦਿਨਾਂ ਵਿੱਚ ਸ਼ਾਹਕੋਟ ਦੇ ਹਰੇਕ ਵਾਰਡ ਵਿੱਚ ਸਾਫ ਸਫਾਈ ਦਾ ਧਿਆਨ ਰੱਖਿਆ ਜਾਵੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੈਨਟਰੀ ਇੰਸਪੈਕਟਰ ਘਣਸ਼ਿਆਮ ਕੁਮਾਰ, ਬੱਗਾ, ਸੁਨੀਲ ਕੁਮਾਰ, ਸੰਦੀਪ ਕੁਮਾਰ ਆਦਿ ਮੌਜੂਦ ਸਨ।

# ਭਲਕ ਦੀ ਮੀਟਿੰਗ ਲਈ ਪੰਜਾਬ ਸਰਕਾਰ ਗੰਭੀਰਤਾ ਦਿਖਾਵੇ : ਸਾਂਝਾ ਫਰੰਟ

**ਫ਼ਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)** ਪੰਜਾਬ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਫ਼ਗਵਾੜਾ ਦੀ ਮਾਸਿਕ ਮੀਟਿੰਗ ਸੀਨੀਅਰ ਮੀਤ ਪ੍ਰਧਾਨ ਪ੍ਰਮੋਦ ਕੁਮਾਰ ਜੋਸ਼ੀ ਦੀ ਪ੍ਰਧਾਨਗੀ ਹੇਠ ਕੀਤੀ ਗਈ। ਮੀਟਿੰਗ ਦੇ ਸ਼ੁਰੂ ਵਿੱਚ ਅਹਿਮਦਾਬਾਦ (ਗੁਜਰਾਤ) ਜਹਾਜ਼ ਦੁਰਘਟਨਾ 'ਚ ਮਾਰੇ ਗਏ ਵਿਅਕਤੀਆਂ , ਕੇਦਾਰ ਨਾਥ ਦੀ ਯਾਤਰਾ ਸਮੇਂ ਹੈਲੀਕਾਪਟਰ ਦੁਰਘਟਨਾ ਵਿੱਚ ਮਾਰੇ ਗਏ ਵਿਅਕਤੀਆਂ, ਸਾਬਕਾ ਮੰਤਰੀ ਪੰਜਾਬ ਸਰਕਾਰ ਸੁਖਦੇਵ ਸਿੰਘ ਢੀਂਡਸਾ, ਕਿਸਾਨ ਆਗੂ ਜਥੇਦਾਰ ਕਸ਼ਮੀਰ ਸਿੰਘ ਜੰਡਿਆਲਾ, ਸੇਵਾ ਮੁਕਤ ਸਾਇੰਸ ਮਾਸਟਰ ਬਲਵੀਰ ਚੰਦ, ਨਵਾਂ ਜ਼ਮਾਨਾ ਅਖ਼ਬਾਰ ਚਲਾਉਣ ਵਾਲੇ ਅਰਜਨ ਸਿੰਘ ਗੜਗੱਜ ਫਾਉਂਡੇਸ਼ਨ ਦੇ ਸਕੱਤਰ ਸਾਥੀ ਗੁਰਮੀਤ ਸ਼ੁਗਲੀ ਜੀ ਆਦਿ ਦੇ ਪਰਵਾਰਾਂ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦੇ ਹੋਏ ਮੋਨ ਧਾਰ ਕੇ ਸ਼ਰਧਾਂਜਲੀ ਭੇਟ ਕੀਤੀ ਗਈ। ਐਸੋਸੀਏਸ਼ਨ ਦੇ ਜਿਹਨਾਂ ਮੈਂਬਰਾਂ ਦਾ ਜਨਮ ਦਿਨ ਜੂਨ ਮਹੀਨੇ ਵਿੱਚ ਆਉਂਦਾ ਹੈ, ਉਹਨਾਂ ਨੂੰ ਜਨਮ ਦਿਨ ਦੀਆਂ ਮੁਬਾਰਕਾਂ ਦਿੰਦੇ ਹੋਏ, ਉਹਨਾਂ ਦੀ ਤੰਦਰੁਸਤੀ ਅਤੇ ਖੁਸ਼ੀਆਂ ਭਰਪੂਰ ਲੰਬੀ ਉਮਰ ਦੀ ਕਾਮਨਾ ਕੀਤੀ ਗਈ। ਮੀਟਿੰਗ ਦੀ ਸਮੁੱਚੀ ਕਾਰਵਾਈ ਨੂੰ ਐਸੋਸੀਏਸ਼ਨ ਦੇ ਜਨਰਲ ਸਕੱਤਰ ਕੁਲਦੀਪ ਸਿੰਘ ਕੌੜਾ ਨੇ ਚਲਾਇਆ। ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਜਨਰਲ ਸਕੱਤਰ ਕੁਲਦੀਪ ਸਿੰਘ ਕੌੜਾ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ 18/02/2025 ਪੱਤਰ ਜਾਰੀ ਕਰਨ ਦੇ ਬਾਵਜੂਦ ਵੀ 01/01/2016 ਤੋਂ 30/06/2021 ਤੱਕ ਸੇਵਾ ਮੁਕਤ ਮੁਲਾਜ਼ਮਾਂ ਨੂੰ ਕਮਾਈ ਛੁੱਟੀ ਦੇ ਬਕਾਏ ਦੀ ਅਪ੍ਰੈਲ 2025 ਵਿੱਚ ਮਿਲਣ ਵਾਲੀ ਪਹਿਲੀ ਕਿਸ਼ਤ ਵੀ ਅਜੇ ਤੱਕ ਨਹੀ ਮਿਲੀ।ਮਤਾ ਪਾਸ ਕਰਕੇ ਕਮਾਈ ਛੁੱਟੀ ਦੇ ਬਕਾਏ ਦੀ ਅਜੇ ਤੱਕ ਪਹਿਲੀ ਕਿਸ਼ਤ ਨਾ ਦੇਣ ਲਈ ਪੰਜਾਬ ਸਰਕਾਰ ਦੀ ਪੁਰਜ਼ੋਰ ਨਿਖੇਧੀ ਕਰਦੇ ਹੋਏ, ਮੰਗ ਕੀਤੀ ਕਿ ਪੈਨਸ਼ਨਰਾਂ ਦੀਆਂ ਅਦਾਇਗੀਆਂ ਨਾ ਕਰਨ ਲਈ ਖ਼ਜ਼ਾਨਾ ਦਫ਼ਤਰਾਂ ਤੇ ਲਗਾਈ ਅਣ ਐਲਾਨੀ ਪਾਬੰਦੀ ਤੁਰੰਤ ਖ਼ਤਮ ਕੀਤੀ ਜਾਵੇ ਅਤੇ ਕਮਾਈ ਛੁੱਟੀ ਦੇ ਬਣਦੇ ਬਕਾਏ ਦੀ ਪਹਿਲੀ ਕਿਸ਼ਤ ਤੁਰੰਤ ਦਿੱਤੀ ਜਾਵੇ। ਇਸੇ ਤਰ੍ਹਾਂ ਫਰਵਰੀ 2025 ਤੋਂ ਸੇਵਾ ਮੁਕਤ ਮੁਲਾਜ਼ਮਾਂ ਦੇ ਸੇਵਾ ਮੁਕਤੀ ਦੇ ਬਣਦੇ ਲਾਭਾਂ ਦੀ ਅਦਾਇਗੀ ਤੁਰੰਤ ਕੀਤੀ ਜਾਵੇ।ਦੂਜੇ ਮਤੇ ਰਾਹੀਂ ਛੇਵੇਂ ਪੇ ਕਮਿਸ਼ਨ ਦੇ 66 ਮਹੀਨਿਆਂ ਦੇ ਬਕਾਏ ਲੰਬੇ ਸਮੇਂ ਦੀਆਂ ਕਿਸ਼ਤਾਂ ਵਿੱਚ ਖੇਰੂੰ ਖੇਰੂੰ ਕਰਕੇ ਦੇਣ ਦੀ ਬਜਾਏ ਯਕਮੁਸ਼ਤ ਇੱਕੋ ਵਾਰ ਦੇਣ ਦੀ ਜ਼ੋਰਦਾਰ ਮੰਗ ਕੀਤੀ ਗਈ। ਪਿਛਲੇ ਮਹੀਨੇ ਦੀ ਮੀਟਿੰਗ ਤੋਂ ਬਾਅਦ ਹੋਏ ਸੰਘਰਸ਼ਾਂ ਦਾ ਰਿਵਿਊ ਕੀਤਾ ਗਿਆ ਅਤੇ ਕੀਤੀ ਗਈ ਸ਼ਮੂਲੀਅਤ 'ਤੇ ਤਸੱਲੀ ਦਾ ਪ੍ਰਗਟਾਵਾ ਕੀਤਾ। ਹਾਜ਼ਰ ਮੈਂਬਰਾਂ ਨੇ ਸਾਂਝੇ ਤੌਰ ਤੇ ਜ਼ੋਰਦਾਰ ਢੰਗ ਨਾਲ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਸਾਂਝਾ ਫਰੰਟ ਪੰਜਾਬ ਦੇ ਆਗੂਆਂ ਨੂੰ 26/06/2025 ਦੀ ਦਿੱਤੀ ਮੀਟਿੰਗ ਨੂੰ ਆਗੂਆਂ ਨਾਲ ਕਰਨ ਲਈ ਗੰਭੀਰਤਾ ਦਿਖਾਉਂਦੇ ਹੋਏ, ਸੁਖਾਵੇਂ ਮਾਹੌਲ ਵਿੱਚ ਗੱਲਬਾਤ ਕਰਦੇ ਹੋਏ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਮੰਗਾਂ ਨੂੰ ਮੰਨਣ ਅਤੇ ਲਾਗੂ ਕਰਨ ਲਈ ਗੰਭੀਰਤਾ ਦਾ ਸਬੂਤ ਦੇਵੇ॥ਇਸ ਸਮੇਂ ਹੋਰਨਾਂ ਤੋਂ ਇਲਾਵਾ ਪ੍ਰਮੋਦ ਕੁਮਾਰ ਜੋਸ਼ੀ, ਪ੍ਰਿੰਸੀਪਲ ਧਰਮਵੀਰ ਨਾਰੰਗ, ਮਨਿੰਦਰ ਕੁਮਾਰ ਸ਼ਰਮਾ, ਕ੍ਰਿਸ਼ਨ ਗੋਪਾਲ ਚੋਪੜਾ, ਸਤਪਾਲ ਸਿੰਘ ਖੱਟਕੜ,ਕੇ ਕੇ ਪਾਂਡੇ, ਹਰਭਜਨ ਲਾਲ ਕੌਲ, ਗੁਰਨਾਮ ਸਿੰਘ ਸੈਣੀ ਅਤੇ ਕੁਲਦੀਪ ਸਿੰਘ ਕੌੜਾ ਆਦਿ ਪੈਨਸ਼ਨਰ ਸਾਥੀ ਹਾਜ਼ਰ ਸਨ।




# ਅੰਨੇਵਾਹ ਮਜ਼ਦੂਰ ਵਿਰੋਧੀ ਫ਼ੈਸਲੇ ਲੈਣ ਦਾ ਸੀਟੂ ਵੱਲੋਂ ਜਬਰਦਸਤ ਵਿਰੋਧ

**ਖਰੜ (ਹਰਨਾਮ ਸਿੰਘ ਡੱਲਾ)**- ਸੀਟੂ ਨੇ ਪੰਜਾਬ ਦੀ ਕੈਬਨਿਟ ਵੱਲੋਂ 21 ਜੂਨ ਦੀ ਮੀਟਿੰਗ ਵਿੱਚ ਮਜ਼ਦੂਰ ਹਿੱਤਾਂ ਦਾ ਘਾਣ ਕਰਨ ਅਤੇ ਪ੍ਰਾਈਵੇਟ ਪੂੰਜੀਪਤੀਆਂ ਦੇ ਹਿੱਤਾਂ ਦੀ ਪੂਰਤੀ ਲਈ ਕਈ ਫੈਸਲੇ ਕੀਤੇ ਹਨ।ਇਹਨਾਂ ਫ਼ੈਸਲਿਆਂ ਵਿੱਚ ਕੀਤੀਆਂ ਸੋਧਾਂ ਪੰਜਾਬ ਫਾਇਰ ਅਤੇ ਹੰਗਾਮੀ ਸੇਵਾਵਾਂ, ਫੈਕਟਰੀ ਨਿਯਮਾਂ ਅਤੇ ਪੰਜਾਬ ਲੇਬਰ ਵੈਲਫੇਅਰ ਕਾਨੂੰਨ ਵਿੱਚ ਕੀਤੀਆਂ ਗਈਆਂ ਸਾਰੀਆਂ ਸੋਧਾਂ ਮਜ਼ਦੂਰ ਪ੍ਰਤੀਨਿੱਧ ਯੂਨੀਅਨਾਂ ਨੂੰ ਹਨੇਰੇ ਵਿੱਚ ਰੱਖ ਕੇ ਕੀਤੀਆਂ ਗਈਆਂ ਹਨ । ਸੀਟੂ ਦੇ ਸੂਬਾਈ ਪ੍ਰਧਾਨ ਮਹਾਂ ਸਿੰਘ ਰੌੜੀ, ਜਨਰਲ ਸਕੱਤਰ ਚੰਦਰ ਸ਼ੇਖਰ ਖਜਾਨਚੀ ਸੁੱਚਾ ਸਿੰਘ ਅਜਨਾਲਾ ਸੂਬਾਈ ਸਕੱਤਰ ਸਾਥੀ ਅਮਰਨਾਥ ਕੂੰਮਕਲਾਂ ਨੇ ਸਰਕਾਰ ਦੀ ਇਸ ਮਜ਼ਦੂਰ ਮਾਰੂ ਨੀਤੀ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ। ਸੀਟੂ ਆਗੂਆਂ ਨੇ ਸੋਧਾਂ ਦਾ ਵੇਰਵਾ ਦਿੰਦਿਆਂ ਕਿਹਾ ਕਿ ਕੁਝ ਦਿਨ ਪਹਿਲਾਂ ਪੰਜਾਬ ਸਰਕਾਰ ਨੇ ਸ਼ਾਪ ਅਤੇ ਹੋਰ ਵਪਾਰਿਕ ਅਦਾਰਿਆਂ ਵਿੱਚ ਕੰਮ ਦੇ ਘੰਟੇ 8 ਤੋਂ 12 ਘੰਟੇ ਅਤੇ ਤਿੰਨ ਮਹੀਨਿਆਂ ਦੌਰਾਨ ਓਵਰ ਟਾਈਮ 50 ਤੋਂ ਵਧਾ ਕੇ 144 ਘੰਟੇ ਤੱਕ ਕਰਨ ਦੀ ਖੁੱਲ ਦਿੱਤੀ ਸੀ। ਜਦ ਕਿ ਹੁਣ ਫੈਕਟਰੀ ਅਤੇ ਹੋਰ ਕਾਰੋਬਾਰੀ ਸਰਮਾਏਦਾਰਾਂ ਨੂੰ ਨਵੀਆਂ ਉਸਾਰੀਆਂ ਵਿਚ ਫਾਇਰ ਕੰਟਰੋਲ ਅਧਿਕਾਰੀਆਂ ਦੀ ਪਹਿਲਾਂ ਮੰਜ਼ੂਰੀ ਤੋਂ ਬਿਨਾਂ ਨਿਰਮਾਣ ਕਰਨ ਦੀ ਖੁੱਲ ਦੇ ਦਿੱਤੀ ਹੈ, ਫੈਕਟਰੀ ਐਕਟ -1948 ਵਿੱਚ ਮਜ਼ਦੂਰਾਂ ਦੀ ਜ਼ਿੰਦਗੀਆਂ ਨੂੰ ਖ਼ਤਰੇ 'ਚ ਪਾਉਣ ਫੈਕਟਰੀ ਐਕਟ ਵਿੱਚ ਮਾਰੂ ਸੋਧਾਂ ਕਰਨ ਦੇ ਤੁਗਲਕੀ ਫਰਮਾਨ ਜਾਰੀ ਕਰ ਦਿੱਤੇ ਹਨ। ਕੈਮੀਕਲ ਫੈਕਟਰੀਆਂ ਲਈ ਭੁਪਾਲ ਗੈਸ ਕਾਂਡ ਤੋਂ ਬਾਅਦ ਕੀਤੇ ਸੁਧਾਰਾਂ ਦੀ ਜੱਖਣਾ ਹੀ ਪੁੱਟ ਕੇ ਰੱਖ ਦਿੱਤੀ ਹੈ। ਇਸੇ ਤਰ੍ਹਾਂ ਬਾਕੀ ਤਿੰਨ ਧਿਰੀ ਕਮੇਟੀਆਂ ਦੀ ਤਰ੍ਹਾਂ ਪੰਜਾਬ ਲੇਬਰ ਭਲਾਈ ਕਾਨੂੰਨ ਨੂੰ ਲਾਗੂ ਕਰਨ ਲਈ ਭਲਾਈ ਬੋਰਡ ਨੂੰ ਮੁੜ ਸੰਗਠਿਤ ਕਰਨ ਦੀ ਬਜਾਏ ਅਤੇ ਵਰਕਰਾਂ ਦੀਆਂ ਅਨਕਲੇਮਡ ਬਕਾਇਆ ਰਾਸ਼ੀਆਂ ਦੀ ਉਗਰਾਹੀ ਕਰਨ ਅਤੇ ਬੋਰਡ ਵਿੱਚ ਰਿਪੋਰਟ ਕਰਨ ਦੀ ਜ਼ਿੰਮੇਵਾਰੀ ਪੂਰੀ ਕਰਨ ਦੀ ਬਜਾਏ ਸਰਮਾਏਦਾਰ ਪੱਖੀ ਐਲਾਨ ਕਰ ਮਾਰੇ ਹਨ। ਸੀਟੂ ਆਗੂਆਂ ਨੇ ਇਹਨਾਂ ਸੋਧਾਂ ਦੀਆਂ ਥਾਂ -ਥਾਂ ਉੱਤੇ ਕਾਪੀਆਂ ਸਾੜਨ, ਮਜ਼ਦੂਰ ਜਮਾਤ ਨੂੰ ਜਾਗ੍ਰਿਤ ਕਰਨ ਅਤੇ 9 ਜੁਲਾਈ ਦੇ ਦੇਸ਼ ਪੱਧਰੀ ਹੜਤਾਲ ਵਿੱਚ ਇਹਨਾਂ ਮਸਲਿਆਂ ਦੇ ਹੱਲ ਲਈ ਵੀ ਮੰਗਾਂ ਵਿੱਚ ਸ਼ਾਮਲ ਕਰਨ ਦਾ ਐਲਾਨ ਕੀਤਾ ਹੈ।

25 Jun Page-9.qxd 6/24/2025 9:08 PM Page 1



# ਬਿਨਾਂ ਮਨਜ਼ੂਰੀ ਤੋਂ ਕਰਵਾਇਆ ਜਾ ਰਿਹਾ ਮੇਲਾ ਪ੍ਰਸ਼ਾਸਨ ਨੇ ਬੰਦ ਕਰਵਾਇਆ

**ਮਾਹਿਲਪੁਰ (ਰਜ਼ਨੀ)** ਬੀਤੇ ਦਿਨੀ ਬਿਨਾਂ ਮਨਜ਼ੂਰੀ ਤੋਂ ਪਿੰਡ ਮਹਿਮਦੋਵਾਲ ਵਿਖੇ ਮੇਲਾ ਕਰਵਾਇਆ ਜਾ ਰਿਹਾ ਸੀ। ਜਿਸ ਦੌਰਾਨ ਚਲਦੇ ਮੇਲੇ ਨੂੰ ਜਦ ਪ੍ਰਸ਼ਾਸਨ ਵਲੋਂ ਰੋਕਿਆ ਗਿਆ ਤਾਂ ਗੁੱਸੇ ਵਿੱਚ ਆਏ ਪਿੰਡ ਵਾਸੀਆਂ ਵੱਲੋਂ ਥਾਣਾ ਮਾਹਿਲਪੁਰ ਵਿਖੇ ਰੋਸ ਮੁਜ਼ਾਹਰਾ ਕਰਦੇ ਹੋਏ ਪ੍ਰਸ਼ਾਸਨ ਵਿਰੁੱਧ ਜੰਮ ਕੇ ਨਾਅਰੇਬਾਜ਼ੀ ਕੀਤੀ। ਵਕੀਲ ਸਿੰਘ ਉਰਫ ਮਿੰਟੂ, ਬਲਿਹਾਰ ਸਿੰਘ ਵਾਸੀ ਮਹਿਮਦੋਵਾਲ ਖੁਰਦ ਅਮਰਜੀਤ ਕੌਰ, ਪਰਮਿੰਦਰ ਕੌਰ ,ਕੁਲਦੀਪ ਕੌਰ, ਬਲਵਿੰਦਰ ਕੌਰ ,ਸੁਰਿੰਦਰ ਕੌਰ ਸੰਦੀਪ ਕੁਮਾਰ ਸਮੇਤ ਹੋਰ ਪਿੰਡ ਵਾਸੀਆਂ ਨੇ ਦੱਸਿਆ ਕਿ ਵਕੀਲ ਸਿੰਘ ਉਰਫ ਮਿੰਟੂ



ਆਪਣੇ ਬੇਟੇ ਦੇ ਜਨਮ ਦੀ ਖੁਸ਼ੀ ਵਿੱਚ ਹਰ ਸਾਲ ਖਵਾਜਾ ਦੀ ਜਗ੍ਹਾ 'ਤੇ ਚਾਦਰ ਚੜ੍ਹਾ ਕੇ ਝੰਡਾ ਤਾਰਦੇ ਹਨ ਅਤੇ ਧਾਰਮਿਕ ਸਭਿਆਚਾਰਕ ਮੇਲਾ ਕਰਵਾਉਂਦੇ ਹਨ। ਉਹਨਾਂ ਦੱਸਿਆ ਕਿ ਪਿਛਲੇ ਕਰੀਬ13 ,14 ਸਾਲਾਂ ਤੋਂ ਉਹ ਇਹ ਮੇਲਾ ਕਰਵਾਉਂਦੇ ਆ ਰਹੇ ਹਨ। ਪਰ ਪਿਛਲੇ ਸਾਲ ਪਿੰਡ ਵਿੱਚ ਦੋ ਧੜੇ ਬਣਨ ਨਾਲ ਇਸ ਜਗ੍ਹਾ 'ਤੇ ਵੱਖ-ਵੱਖ ਸਮੇਂ ਤੇ ਇਹ ਮੇਲਾ ਦੋ ਵਾਰ ਕਰਵਾਇਆ ਜਾ ਰਿਹਾ ਹੈ। ਉਹਨਾਂ ਦੱਸਿਆ ਕਿ ਇਸ ਵਾਰ ਇਹ ਮੇਲਾ ਪਿੰਡ ਮਹਿੰਦੋਵਾਲ ਖੁਰਦ ਤੇ ਮਹਿਮਦੋਵਾਲ ਕਲਾਂ ਦੋਹਾਂ ਪਿੰਡਾਂ ਦੀਆਂ ਪੰਚਾਇਤਾਂ ਨੇ ਸਾਂਝੇ ਤੌਰ ਤੇ ਕਰਵਾਇਆ ਜਦੋਂ ਵਕੀਲ ਸਿੰਘ ਉਰਫ ਮਿੰਟੂ ਸਮੇਤ ਹੋਰ ਪਿੰਡ ਵਾਸੀਆਂ ਇਹ ਮੇਲਾ ਕਰਵਾਉਣ ਲੱਗੇ ਤਾਂ ਪਿੰਡ ਦੀਆਂ ਪੰਚਾਇਤਾਂ ਵੱਲੋਂ ਇਹ ਮੇਲਾ ਉਸ ਧਾਰਮਿਕ ਸਥਾਨ ਤੋਂ ਕਰਵਾਉਣ ਨਹੀਂ ਦਿੱਤਾ ਜਾ ਰਿਹਾ। ਜਿਸ 'ਤੇ ਉਹਨਾਂ ਪਿੰਡ ਦੀ ਕਿਸੇ ਹੋਰ ਜਗ੍ਹਾ 'ਤੇ ਇਹ ਮੇਲਾ ਕਰਵਾਉਣ ਲਈ ਪ੍ਰਸ਼ਾਸਨ ਕੋਲੋਂ ਮਨਜ਼ੂਰੀ ਲਈ ਅਰਜੀ ਦਿੱਤੀ , ਪਰ ਪ੍ਰਸ਼ਾਸਨ ਵੱਲੋਂ ਮਨਜ਼ੂਰੀ ਨਹੀਂ ਦਿੱਤੀ ਗਈ। ਉਹਨਾਂ ਦੱਸਿਆ ਕਿ ਇੱਕ ਵਾਰ ਨਹੀਂ ਸਗੋਂ ਦੋ ਵਾਰ ਮਨਜ਼ੂਰੀ ਲੈਣ ਲਈ ਅਰਜੀ ਦਿੱਤੀ ਗਈ ਪਰ ਮਨਜ਼ੂਰੀ ਨਹੀਂ ਮਿਲੀ। ਉਹਨਾਂ ਦੱਸਿਆ ਕਿ ਮੇਲਾ ਕਰਵਾਉਣ ਲਈ ਲੱਖਾਂ ਰੁਪਏ ਖਰਚ ਕੀਤੇ ਗਏ ਜਦੋਂ ਅੱਜ ਮੇਲਾ ਚੱਲ ਰਿਹਾ ਸੀ ਤਾਂ ਨਾਇਬ ਤਹਿਸੀਲਦਾਰ ਅਤੇ ਡੀਐਸਪੀ ਗੜ੍ਹਸ਼ੰਕਰ ਅਤੇ ਮਹਿਲਪੁਰ ਪੁਲਸ ਨੇ ਆ ਕੇ ਮੇਲਾ ਬੰਦ ਕਰਵਾ ਦਿੱਤਾ। ਮੇਲਾ ਕਰਵਾ ਰਹੇ ਪ੍ਰਬੰਧਕਾਂ ਨੇ ਥਾਣਾ ਮਾਹਿਲਪੁਰ ਅੱਗੇ ਧਰਨਾ ਲਾ ਦਿੱਤਾ ਅਤੇ ਪ੍ਰਸ਼ਾਸਨ ਵਿਰੁੱਧ ਜੰਮ ਕੇ ਨਾਅਰੇਬਾਜ਼ੀ ਕੀਤੀ। ਮਾਹਿਲਪੁਰ ਦੇ ਥਾਣਾ ਮੁਖੀ ਗਗਨਦੀਪ ਸਿੰਘ ਸੇਖੋਂ ਨੇ ਧਰਨਾਕਾਰੀਆਂ ਨੂੰ 20 ਮਿੰਟ ਵਿੱਚ ਮਾਮਲਾ ਹੱਲ ਕਰਨ ਦਾ ਭਰੋਸਾ ਦੇ ਕੇ ਧਰਨਾ ਖਤਮ ਕਰਵਾਇਆ। ਗਗਨਦੀਪ ਸਿੰਘ ਸੇਖੋਂ ਨੇ ਦੱਸਿਆ ਕਿ ਮੇਲਾ ਬੰਦ ਕਰਾਉਣ ਦਾ ਮੁੱਖ ਕਾਰਨ ਇਹ ਸੀ ਕਿ ਉਹਨਾਂ ਕੋਲ ਮੇਲਾ ਕਰਵਾਉਣ ਦੀ ਮਨਜ਼ੂਰੀ ਨਹੀਂ ਸੀ ਤੇ ਜਬਰੀ ਮੇਲਾ ਕਰਵਾ ਰਹੇ ਸਨ। ਉਹਨਾਂ ਦੱਸਿਆ ਕਿ ਦੋਹਾਂ ਪਿੰਡਾਂ ਦੀਆਂ ਪੰਚਾਇਤਾਂ ਨੇ ਸ਼ਿਕਾਇਤ ਕੀਤੀ ਸੀ ਕਿ ਅਸੀਂ ਮੇਲਾ ਕਰਵਾ ਚੁੱਕੇ ਹਾਂ ਇਹ ਪਾਰਟੀ ਬਿਨਾਂ ਮਨਜ਼ੂਰੀ ਮੇਲਾ ਕਰਵਾ ਰਹੀ ਹੈ।

# ਸਰਕਾਰ ਖਿਲਾਫ ਪੈਨਸ਼ਨਰਾਂ ਕੀਤਾ ਰੋਸ ਪ੍ਰਗਟਾਵਾ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਢਿਲੋਂ)-** ਪਾਵਰਕਾਮ ਅਤੇ ਟ੍ਰਾਂਸਕੋ ਪੈਨਸ਼ਨਰ ਯੂਨੀਅਨ ਜਲੰਧਰ ਮੰਡਲ ਪੀ. ਐਸ. ਪੀ.ਸੀ. ਐੱਲ ਮੰਡਲ ਸ੍ਰੀ ਅਨੰਦਪੁਰ ਸਾਹਿਬ ਵਿਖੇ ਮਹੀਨਾਵਾਰ ਮੀਟਿੰਗ ਕੀਤੀ ਗਈ। ਜਿਸ ਵਿੱਚ ਰਿਟਾਇਰੀ ਪੈਨਸ਼ਨਰਜ਼ ਨੇ ਭਾਗ ਲਿਆ। ਇਸ ਮੀਟਿੰਗ ਨੂੰ ਸੁਰਜੀਤ ਸਿੰਘ, ਦੌਲਤ ਰਾਮ ਪ੍ਰਧਾਨ, ਭੁਪਿੰਦਰ ਸਿੰਘ, ਗੋਪਾਲ ਕ੍ਰਿਸ਼ਨ ਸ਼ਰਮਾ, ਚੈਨ ਸਿੰਘ ਅਤੇ ਸਾਬੀ ਕੁਲਦੀਪ ਸਿੰਘ, ਰਾਮ ਪ੍ਰਕਾਸ਼ ਨੇ ਸੰਬੋਧਨ ਕੀਤਾ। ਬੁਲਾਰਿਆਂ ਨੇ ਸਰਕਾਰ ਵੱਲੋਂ 1-01-2016 ਤੋਂ ਸੋਧੇ ਗਏ ਸਕੇਲਾਂ ਦੇ ਏਰੀਅਰ ਦੀ ਅਦਾਇਗੀ ਬਾਰੇ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ। ਜਿਸ ਵਿੱਚ ਮਹੀਨਾ ਅਪ੍ਰੈਲ ਦੀ ਪੈਨਸ਼ਨ ਵਿੱਚ ਏਰੀਅਰ ਦੀ ਅਦਾਇਗੀ ਕਰਨੀ ਸੀ। ਪਰੰਤੂ ਅਜਿਹਾ ਨਹੀ ਕੀਤਾ ਗਿਆ। ਉਸ ਤੋਂ ਬਾਅਦ ਸਰਕਾਰ ਵੱਲੋਂ ਇੱਕ ਹੋਰ ਨੋਟੀਵੇਕਸ਼ਨ ਜਾਰੀ ਕਰਕੇ ਅਗਲੇ ਹੁਕਮਾਂ ਤੱਕ ਏਰੀਅਰ ਦੇਣ ਤੋਂ ਰੋਕ ਲਗਾ ਦਿੱਤੀ ਗਈ। ਇਸ ਕਰਕੇ ਪੈਨਸ਼ਨਰ ਸਾਥੀਆਂ ਵਿੱਚ ਭਾਰੀ ਰੋਸ ਪਾਇਆ ਗਿਆ। ਇਸ ਤੋਂ ਬਾਅਦ ਸਟੇਟ ਕਮੇਟੀ ਦੇ ਹੁਕਮਾਂ ਅਨੁਸਾਰ ਡਵੀਜ਼ਨ ਪੱਧਰ



'ਤੇ ਰੋਸ ਧਰਨੇ ਦਿੱਤੇ ਗਏ। ਇਸ ਬਾਅਦ ਵਿੱਚ ਸਰਕਾਰ ਨੇ ਇਹ ਏਰੀਅਰ ਦੀ ਕਿਸ਼ਤਾਂ ਵਿੱਚ ਅਦਾਇਗੀ ਕਰਨ ਲਈ ਨੋਟੀਫਿਕੇਸ਼ਨ ਕੀਤਾ ਗਿਆ ਜਿਸ ਦੀ ਅਦਾਇਗੀ ਮਹੀਨਾ ਅਪ੍ਰੈਲ 2025 ਤੋਂ ਕਰਨ ਲਈ ਸਾਰੇ ਡੀ.ਡੀ.ਓਜ਼ ਨੂੰ ਹਦਾਇਤਾਂ ਜਾਰੀ ਕੀਤੀਆਂ ਗਈਆਂ । ਪਰੰਤੂ ਹੁਣ ਤੱਕ ਡੀ.ਡੀ.ਓਜ਼. ਵੱਲੋ ਇਸ ਦੀ ਅਦਾਇਗੀ ਨਹੀਂ ਕੀਤੀ ਗਈ ਅਤੇ ਸਰਕਾਰ ਤੋਂ ਮੰਗ ਕੀਤੀ ਕਿ ਏਰੀਅਰ ਦੀ ਅਦਾਇਗੀ ਜਲਦੀ ਤੋਂ ਜਲਦੀ ਕੀਤੀ ਜਾਵੇ।ਇਸ ਧਰਨੇ ਵਿੱਚ ਸਾਥੀਆਂ ਨੇ ਇਹ ਵੀ ਦੱਸਿਆ ਕਿ ਹਾਈਕੋਰਟ ਦੇ ਫੈਸਲੇ ਅਨੁਸਾਰ ਇੱਕ 01-01-2016 ਤੋਂ 113 % ਦੀ ਬਜਾਏ 119% ਦੇ ਨਾਲ ਪੈਨਸ਼ਨਰੀ ਸੋਧੀਆਂ ਜਾਣ । ਇਹ ਵੀ ਮੰਗ ਕੀਤੀ ਗਈ ਕੋਰਟ ਕੇਸਾਂ ਵਿੱਚ ਜਿੱਤੇ ਹੋਏ ਪੈਨਸ਼ਨਰਾਂ ਨੂੰ 23 ਸਾਲਾ ਸਮਾਬੱਧ ਤੱਰਕੀ ਦਾ ਏਰੀਅਰ ਦਿੱਤਾ ਜਾਵੇ । ਸਾਥੀਆਂ ਵੱਲੋਂ ਇਹ ਵੀ ਦੱਸਿਆ ਗਿਆ ਕਿ ਮੈਨੇਜਮੈਂਟ ਵੱਲੋਂ ਹਮੇਸ਼ਾ ਹੀ ਜਥੇਬੰਦੀ ਨੂੰ ਮੀਟਿੰਗ ਦੇਣ ਤੋਂ ਟਾਲ ਮਟੋਲ ਕੀਤੀ ਜਾਂਦੀ ਹੈ। ਜਥੇਬੰਦੀ ਵੱਲੋਂ ਪੁਰਜ਼ੋਰ ਮੰਗ ਕੀਤੀ ਜਾਂਦੀ ਹੈ 01-01-2016 ਤੋਂ 2.45 ਦੀ ਬਜਾਏ 2.59 ਦੇ ਗੁਣਾਕ ਨਾਲ ਸੋਧੇ ਸਕੇਲਾਂ ਦਾ ਏਰੀਅਰ ਜਲਦ ਤੋਂ ਜਲਦ ਦਿੱਤਾ ਜਾਵੇ, ਨਹੀਂ ਤਾਂ ਜਥੇਬੰਦੀ ਵੱਲੋਂ ਇਸ ਸੰਬੰਧ ਵਿੱਚ ਹੋਰ ਸਖਤ ਰੁਖ ਅਖਤਿਆਰ ਕੀਤਾ ਜਾਵੇਗਾ ।

# ਸੱਤਪਾਲ ਸਾਹਲੋਂ ਬਹੁਜਨ ਰਤਨ ਐਵਾਰਡ ਨਾਲ ਸਨਮਾਨਤ



**ਫਗਵਾੜਾ (ਜਸਵਿੰਦਰ ਢੱਡਾ)-** ਬਹੁਜਨ ਸਮਾਜ ਪਾਰਟੀ ਹਲਕਾ ਨਵਾਂਸ਼ਹਿਰ ਵੱਲੋਂ ਨਾਮਵਰ ਮਿਸ਼ਨਰੀ ਲੇਖਕ ਜਨਾਬ ਸੱਤਪਾਲ ਸਾਹਲੋਂ ਨੂੰ ਉਨ੍ਹਾਂ ਵਲੋਂ ਕੀਤੇ ਗਏ ਮਿਸ਼ਨਰੀ ਸਮਾਜਿਕ ਕਾਰਜਾਂ ਲਈ ਬਹੁਜਨ ਰਤਨ ਐਵਾਰਡ ਨਾਲ ਸਨਮਾਨਤ ਕੀਤਾ ਗਿਆ। ਇੱਕ ਸੰਖੇਪ ਸਮਾਗਮ ਵਿੱਚ ਉਨ੍ਹਾਂ ਨੂੰ ਇਹ ਸਨਮਾਨ ਡਾ. ਨਛੱਤਰ ਪਾਲ ਹਲਕਾ ਵਿਧਾਇਕ ਨਵਾਂਸ਼ਹਿਰ ਨੇ ਆਪਣੇ ਕਰ ਕਮਲਾਂ ਨਾਲ ਪ੍ਰਦਾਨ ਕੀਤਾ। ਇਸ ਮੌਕੇ ਵਿਧਾਇਕ ਨੇ ਸੱਤਪਾਲ ਸਾਹਲੋਂ ਵਲੋਂ ਸਮਾਜ ਲਈ ਕੀਤੇ ਕਾਰਜਾਂ ਦੀ ਪ੍ਰਸ਼ੰਸਾ ਕੀਤੀ। ਉਨ੍ਹਾਂ ਕਿਹਾ ਸਮਾਜ ਇੱਜ਼ਤ ਅਣਖ ਨਾਲ ਜ਼ਿੰਦਗੀ ਜਿਉਣ ਦੇ ਸਮਰੱਥ ਬਣਾਉਣ ਲਈ ਇਨ੍ਹਾਂ ਦਾ ਵੱਡਾ ਯੋਗਦਾਨ ਹੈ ਜਿਸ ਨੂੰ ਕਿ ਝੁਠਲਾਇਆ ਨਹੀਂ ਜਾ ਸਕਦਾ। ਇਸ ਮੌਕੇ ਧੰਨਵਾਦ ਕਰਦਿਆਂ ਸੱਤਪਾਲ ਸਾਹਲੋਂ ਨੇ ਕਿਹਾ ਕਿ ਇਸ ਸਨਮਾਨ ਨਾਲ ਤੁਸੀਂ ਮੇਰੇ ਤੇ ਹੋਰ ਵੱਡੀ ਜ਼ਿੰਮੇਵਾਰੀ ਪਾ ਦਿੱਤੀ ਹੈ ਜਿਸ ਨੂੰ ਨਿਭਾਉਣ ਦਾ ਪੂਰਾ ਯਤਨ ਕੀਤਾ ਜਾਵੇਗਾ। ਗੌਰਤਲਬ ਹੈ ਕਿ ਸਾਹਲੋਂ ਨੇ ਅਨੇਕਾਂ ਆਪਣੇ ਮਿਸ਼ਨਰੀ ਗੀਤ ਰਿਕਾਰਡ ਕਰਵਾ ਕੇ ਟੈਲੀਫਿਲਮਾਂ ਬਣਾ ਕੇ ਦਲਿਤ ਸਮਾਜ ਵਿੱਚ ਜਾਗਰਤੀ ਪੈਦਾ ਕੀਤੀ ਗਈ।ਇਸ ਮੌਕੇ ਸਰਬਜੀਤ ਜਾਫਰਪੁਰ ਜ਼ਿਲ੍ਹਾ ਪ੍ਰਧਾਨ ਬਸਪਾ, ਗੁਰਮੁਖ ਸਿੰਘ ਨੌਰਥ ਵਾਈਸ ਪ੍ਰਧਾਨ ਮਿਉਂਸਪਲ ਕਮੇਟੀ, ਪਰਮਜੀਤ ਮਹਾਲੋਂ ਸਕੱਤਰ ਸ੍ਰੀ ਗੁਰੂ ਰਵਿਦਾਸ ਵੈੱਲਫੇਅਰ ਟਰੱਸਟ, ਦਰਸ਼ਨ ਰਾਮ ਪੱਲੀ ਉਚੀ, ਬਲਵਿੰਦਰ ਮਾਹੀ, ਮੇਜਰ ਸਿੰਘ ਘਟਾਰੋਂ, ਬਲਵਿੰਦਰ ਸਿੰਘ ਭੰਗਲ, ਸੁਰਜੀਤ ਕਰੀਹਾ, ਪ੍ਰਸ਼ੋਤਮ ਲੱਧੜ, ਬਲਜਿੰਦਰ ਦੜੋਚ, ਆਦਿ ਵੀ ਹਾਜ਼ਰ ਸਨ।

# ਗ੍ਰੰਥੀ ਸਿੰਘ ਨੂੰ ਬੀਬੀ ਪੰਡੋਰੀ ਦੀਆਂ ਸੰਗਤਾਂ ਵੱਲੋਂ ਏ ਸੀ ਭੇਟ

**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)** ਹਰੇਕ ਪਿੰਡਾਂ ਦੀਆਂ ਸੰਗਤਾਂ ਵੱਲੋਂ ਗੁਰੂ ਘਰਾਂ ਵਿੱਚ ਅਕਸਰ ਹੀ ਵੱਧ ਚੜ੍ਹ ਕੇ ਸੇਵਾਵਾਂ ਕੀਤੀਆਂ ਜਾਂਦੀਆਂ ਹਨ। ਪਿੰਡ ਪੰਡੋਰੀ ਬੀਬੀ ਦੀਆਂ ਸਮੂਹ ਸੰਗਤਾਂ ਵੱਲੋਂ ਗੁਰਦੁਆਰਾ ਸ੍ਰੀ ਅਕਾਲ ਬੁੰਗਾ ਸਾਹਿਬ ਪਿੰਡ ਪੰਡੋਰੀ ਬੀਬੀ



ਵਿਖੇ ਗ੍ਰੰਥੀ ਸਿੰਘ ਦੀ ਸੇਵਾ ਨਿਭਾ ਰਹੇ ਭਾਈ ਕੁਲਵੰਤ ਸਿੰਘ ਨੂੰ ਅੱਤ ਦੀ ਪੈ ਰਹੀ ਗਰਮੀ ਤੋਂ ਰਾਹਤ ਦੁਆਉਣ ਲਈ ਸੇਵਾ ਵਜੋਂ ਏ.ਸੀ ਭੇਂਟ ਕਰਨ ਦੀ ਨਿਵੇਕਲੀ ਪਹਿਲ ਕੀਤੀ ਗਈ ਹੈ। ਇਹ ਸੇਵਾ ਨਗਰ ਦੀ ਸਮੂਹ ਸੰਗਤ ਅਤੇ ਪ੍ਰਬੰਧਕ ਕਮੇਟੀ ਵੱਲੋਂ ਰਲ ਮਿਲ ਕੇ ਨਿਭਾਈ ਗਈ ਹੈ। ਜਿਸ ਸਬੰਧੀ ਜਾਣਕਾਰੀ ਦਿੰਦਿਆਂ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਨੇਕ ਸਿੰਘ ਸੇਵਾਦਾਰ ਨੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਗੁਰੂ ਘਰਾਂ ਦੇ ਗ੍ਰੰਥੀ ਸਿੰਘਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ। ਕਿਉਂਕਿ ਅਜਿਹੇ ਗ੍ਰੰਥੀ ਸਿੰਘ ਗੁਰੂ ਜੀ ਦੀ ਬਾਣੀ ਨਾਲ ਜੁੜੇ ਰਹਿਣ ਕਰਕੇ ਪਰਮਾਤਮਾ ਦੇ ਬਹੁਤ ਨੇੜੇ ਹੁੰਦੇ ਹਨ। ਉਹਨਾਂ ਕਿਹਾ ਕਿ ਨਗਰ ਦੀ ਸਾਰੀ ਸੰਗਤ ਗੁਰੂ ਘਰ ਵਿੱਚ ਬਿਨਾਂ ਕਿਸੇ ਭੇਦ ਭਾਵ ਅਤੇ ਵੈਰ ਵਿਰੋਧ ਤੋਂ ਸੇਵਾ ਕਰਦੀ ਹੈ। ਇਸ ਮੌਕੇ ਭਾਈ ਕੁਲਵੰਤ ਸਿੰਘ ਮੁੱਖ ਗ੍ਰੰਥੀ ਨੇ ਸਰਬੱਤ ਦੇ ਭਲੇ ਦੀ ਅਰਦਾਸ ਕਰਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਕੋਟਨ ਕੋਟ ਧੰਨਵਾਦ ਕੀਤਾ।

# ਲੁਧਿਆਣਾ ਦੀ ਜਿੱਤ 'ਆਪ' ਸਰਕਾਰ ਦੀਆਂ ਲੋਕ ਪੱਖੀ ਨੀਤੀਆਂ ਦਾ ਨਤੀਜਾ : ਮਾਨ

**ਫਗਵਾੜਾ (ਡਾ. ਰਮਨ)** ਆਮ ਆਦਮੀ ਪਾਰਟੀ ਨੂੰ ਵਿਧਾਨ ਸਭਾ ਹਲਕਾ ਫਗਵਾੜਾ 'ਚ ਹੋਰ ਮਜਬੂਤ ਕਰਨ ਦੇ ਮਕਸਦ ਨਾਲ ਇਕ ਮੀਟਿੰਗ ਹਲਕਾ ਇੰਚਾਰਜ ਜੋਗਿੰਦਰ ਸਿੰਘ ਮਾਨ ਦੇ ਗ੍ਰਿਹ ਵਿਖੇ ਆਯੋਜਿਤ ਕੀਤੀ ਗਈ। ਜਿਸ ਵਿਚ ਜਿਲ੍ਹਾ ਕਪੂਰਥਲਾ ਦੇ ਪਾਰਟੀ ਪ੍ਰਧਾਨ ਸਰਬਜੀਤ ਸਿੰਘ ਲੁਬਾਣਾ, ਸੂਬਾ ਸਪੋਕਸ ਪਰਸਨ ਹਰਨੂਰ ਸਿੰਘ ਮਾਨ ਤੋਂ ਇਲਾਵਾ ਜਰਨੈਲ ਨੰਗਲ ਚੇਅਰਮੈਨ ਨਗਰ ਸੁਧਾਰ ਟਰੱਸਟ, ਮੇਅਰ ਰਾਮਪਾਲ ਉੱਪਲ, ਡਿਪਟੀ ਮੇਅਰ ਵਿੱਕੀ ਸੂਦ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ। ਇਸ ਦੌਰਾਨ ਵਰਕਰਾਂ ਨੂੰ



ਸੰਬੋਧਨ ਕਰਦੇ ਹੋਏ ਜੋਗਿੰਦਰ ਸਿੰਘ ਮਾਨ, ਸਰਬਜੀਤ ਸਿੰਘ ਲੁਬਾਣਾ ਅਤੇ ਹੋਰਨਾਂ ਬੁਲਾਰਿਆਂ ਨੇ ਲੁਧਿਆਣਾ ਜਿਮਨੀ ਚੋਣ 'ਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਦੀ ਸ਼ਾਨਦਾਰ ਜਿੱਤ ਲਈ ਵਧਾਈ ਦਿੱਤੀ। ਮਾਨ ਅਤੇ ਲੁਬਾਣਾ ਨੇ ਕਿਹਾ ਕਿ ਲੁਧਿਆਣਾ ਜਿਮਨੀ ਚੋਣ ਦੀ ਜਿੱਤ ਨੇ ਪੰਜਾਬ ਸਰਕਾਰ ਦੀਆਂ ਲੋਕ ਭਲਾਈ ਨੀਤੀਆਂ 'ਤੇ ਮੋਹਰ ਲਗਾਈ ਹੈ। ਉਹਨਾਂ ਨੇ ਵਰਕਰਾਂ ਨੂੰ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਲਈ ਹੁਣ ਤੋਂ ਹੀ ਤਿਆਰੀ ਕਰਨ ਦੀ ਅਪੀਲ ਕੀਤੀ। ਉਹਨਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬਾ ਸਰਕਾਰ ਵਲੋਂ ਪਿਛਲੇ ਸਮੇਂ ਦੌਰਾਨ ਹਾਸਲ ਕੀਤੀਆਂ ਪ੍ਰਾਪਤੀਆਂ ਅਤੇ ਲੋਕ ਭਲਾਈ ਦੀਆਂ ਲਾਗੂ ਕੀਤੀਆਂ ਸਕੀਮਾਂ ਬਾਰੇ ਜਾਣੂ ਕਰਵਾਇਆ ਜਾਵੇ। ਇਸ ਦੌਰਾਨ ਪੰਜਾਬ ਸਪੋਕਸਪਰਸਨ ਹਰਨੂਰ ਸਿੰਘ ਮਾਨ ਨੇ ਵਰਕਰਾਂ ਨੂੰ ਦੱਸਿਆ ਕਿ ਸੂਬਾ ਸਰਕਾਰ ਡਰੱਗ ਮਾਫੀਆ ਨੂੰ ਠੱਲ੍ਹ ਪਾਉਣ ਲਈ ਪੁਰਜੋਰ ਯਤਨ ਕਰ ਰਹੀ ਹੈ ਪਰ ਵਿਰੋਧੀ ਧਿਰਾਂ ਨੂੰ ਇਹ ਬਰਦਾਸ਼ਤ ਨਹੀਂ ਹੈ ਅਤੇ ਸਰਕਾਰ ਨੂੰ ਬਦਨਾਮ ਕਰਨ ਦੀ ਹਰ ਸੰਭਵ ਕੋਸ਼ਿਸ਼ ਕੀਤੀ ਜਾ ਰਹੀ ਹੈ। ਜਿਸ ਬਾਰੇ ਵੀ ਆਮ ਜਨਤਾ ਨੂੰ ਸੁਚੇਤ ਕੀਤਾ ਜਾਵੇ। ਇਸ ਮੌਕੇ ਸੀਨੀਅਰ ਆਗੂ ਹਰਮੇਸ਼ ਪਾਠਕ, ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਪਰਸਨ ਲਲਿਤ ਸਕਲਾਨੀ, ਦਲਜੀਤ ਸਿੰਘ ਰਾਜੂ, ਤਵਿੰਦਰ ਰਾਮ ਚੇਅਰਮੈਨ ਮਾਰਕਿਟ ਕਮੇਟੀ, ਗੁਰਦੀਪ ਸਿੰਘ ਦੀਪਾ, ਓਮ ਪ੍ਰਕਾਸ਼ ਬਿੱਟੂ, ਬਲਾਕ ਪ੍ਰਧਾਨ ਬਲਵੀਰ ਠਾਕੁਰ, ਬਲਾਕ ਪ੍ਰਧਾਨ ਸਮਰ ਗੁਪਤਾ, ਕੌਂਸਲਰ ਰਵੀ ਸਿੱਧੂ, ਕੌਂਸਲਰ ਪਰਵੀਨ ਠਾਕੁਰ, ਵਿਜੇ ਬਸੰਤ ਨਗਰ, ਬਲਾਕ ਪ੍ਰਧਾਨ ਫੌਜੀ ਸ਼ੇਰਗਿਲ, ਨਰੇਸ਼ ਸ਼ਰਮਾ, ਵਿਪਨ ਮਹਿਤਾ, ਗੁਰਦੀਪ ਸਿੰਘ ਤੁਲੀ, ਮਨਜੀਤ ਸਿੰਘ, ਵਰੁਣ ਬੰਗੜ ਸਰਪੰਚ ਚੱਕ ਹਕੀਮ, ਰਣਜੀਤ ਸਿੰਘ, ਸੁਰਿੰਦਰ ਸਿੰਘ ਸਰਪੰਚ, ਸੋਨੂੰ ਪਹਿਲਵਾਨ, ਰਾਜਕੁਮਾਰ, ਜਸਵਿੰਦਰ ਸਿੰਘ, ਲਖਵੀਰ ਲਾਲ, ਹਰਜੀਤ ਸਿੰਘ, ਅਮਰਿੰਦਰ ਸਿੰਘ ਬਲਾਕ ਪ੍ਰਧਾਨ, ਮਨਮੋਹਨ ਸਿੰਘ ਬਲਾਕ ਪ੍ਰਧਾਨ, ਅਮਨਦੀਪ ਸਿੰਘ, ਸੀਮਾ ਰਾਣਾ, ਮਨਦੀਪ ਕੌਰ, ਸੋਨੂੰ ਮਦਾਨ, ਜਿੰਦਰ ਬਸਰਾ, ਦੇਸਰਾਜ ਸਰਪੰਚ, ਮਨਜੀਤ ਸਿੰਘ ਵਾਹਦ ਸਰਪੰਚ, ਦਲਜੀਤ ਸਿੰਘ, ਨਵਦੀਪ ਸਿੰਘ, ਵਿਜੇ ਕੁਮਾਰ ਸਰਪੰਚ ਢੱਕ ਪੰਡੋਰੀ, ਮੋਨੂੰ, ਮਹਿੰਗਾ ਰਾਮ, ਆਸ਼ੂ ਮੱਟੂ, ਜਗਦੀਸ਼ ਕੁਮਾਰ ਆਦਿ ਹਾਜਰ ਸਨ।

# ਸਿਵਲ ਹਸਪਤਾਲ ਵਿਖੇ ਨਸ਼ਾ ਮੁਕਤ ਭਾਰਤ ਅਭਿਆਨ ਤਹਿਤ ਸੈਮੀਨਾਰ ਕਰਵਾਇਆ

**ਬਲਾਚੌਰ (ਜਸਵਿੰਦਰ ਬੈਂਸ)** ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ ਦੇ ਨਿਰਦੇਸ਼ਾਂ ਅਨੁਸਾਰ ਸੀਨੀਅਰ ਮੈਡੀਕਲ ਅਫ਼ਸਰ ਡਾ. ਗੀਤਾਂਜਲੀ ਸਿੰਘ ਦੀ ਅਗਵਾਈ ਵਿੱਚ ਲੈਫ. ਜਨਰਲ ਬਿਕਰਮ ਸਿੰਘ ਸਬ ਡਵੀਜ਼ਨਲ ਹਸਪਤਾਲ ਬਲਾਚੌਰ ਵਿਖੇ ਨਸ਼ਾ ਮੁਕਤ ਭਾਰਤ ਅਭਿਆਨ ਤਹਿਤ ਸੈਮੀਨਾਰ ਕਰਵਾਇਆ ਗਿਆ। ਇਹ ਸੈਮੀਨਾਰ ਰੈਡ ਕਰਾਸ ਨਸ਼ਾ ਪੀੜਤਾਂ ਲਈ ਏਕੀਕ੍ਰਿਤ ਮੁੜ ਵਸੇਬਾ ਕੇਂਦਰ ਨਵਾਂਸ਼ਹਿਰ ਵੱਲੋਂ ਆਯੋਜਿਤ ਕੀਤਾ ਗਿਆ।ਨਸ਼ਿਆਂ ਦੇ ਖਾਤਮੇ ਲਈ ਸਮੂਹਿਕ ਯਤਨਾਂ ਦੀ ਮਹੱਤਤਾ 'ਤੇ ਜ਼ੋਰ ਦਿੰਦੇ ਹੋਏ ਕੇਂਦਰ ਦੇ ਪ੍ਰੋਜੈਕਟ ਡਾਇਰੈਕਟਰ ਚਮਨ ਸਿੰਘ ਨੇ ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਬਾਰੇ ਲੋਕਾਂ ਨੂੰ ਜਾਗਰੂਕ ਕੀਤਾ। ਨਸ਼ਾ ਮੁਕਤ ਭਾਰਤ ਮੁਹਿੰਮ ਦਾ ਉਦੇਸ਼ ਨਸ਼ੇ ਦੇ ਖ਼ਤਰਿਆਂ ਬਾਰੇ ਜਾਗਰੂਕਤਾ ਪੈਦਾ ਕਰਨਾ ਅਤੇ ਇੱਕ ਸਿਹਤਮੰਦ, ਨਸ਼ਾ ਮੁਕਤ ਸਮਾਜ ਦੀ ਸਿਰਜਣਾ ਕਰਨਾ ਹੈ। ਉਨ੍ਹਾਂ ਕਿਹਾ ਕਿ ਸਿਹਤ ਵਿਭਾਗ ਤੇ ਰੈਡ ਕਰਾਸ ਵੱਲੋਂ ਨਸ਼ੇ ਦੇ ਖ਼ਾਤਮੇ ਲਈ ਨਸ਼ਾ ਮੁਕਤੀ ਕੇਂਦਰਾਂ ਨੂੰ ਨਵਾਂਸ਼ਹਿਰ ਵਿਖੇ ਸਫ਼ਲਤਾਪੂਰਵਕ ਢੰਗ ਨਾਲ਼ ਚਲਾਇਆ ਜਾ ਰਿਹਾ ਹੈ। ਇਨ੍ਹਾਂ ਕੇਂਦਰਾਂ ਵਿਚ ਇਲਾਜ ਦੇ ਨਾਲ ਨਾਲ ਮਾਹਿਰ ਕਾਊਂਸਲਰਾਂ ਅਤੇ ਮਨੋਰੋਗ ਮਾਹਿਰਾਂ ਵੱਲੋਂ



ਕਾਊਂਸਲਿੰਗ ਕੀਤੀ ਜਾਂਦੀ ਹੈ ਤਾਂ ਜੋ ਮਰੀਜ ਨਸ਼ਾ ਛੱਡਣ ਲਈ ਮਾਨਸਿਕ ਤੌਰ ਤੇ ਵੀ ਮਜਬੂਤ ਹੋ ਸਕਣ। ਇਸ ਦੇ ਨਾਲ ਹੀ ਸਿਵਲ ਹਸਪਤਾਲ ਬਲਾਚੌਰ ਅਤੇ ਸੀ ਐਚ ਸੀ ਕਾਠਗੜ ਵਿੱਖੇ ਨਸ਼ਾ ਮੁਕਤੀ ਦਵਾਈ ਕੇਂਦਰਾਂ ਵਿਚ ਮਰੀਜਾਂ ਨੂੰ ਦਵਾਈ ਵੀ ਦਿੱਤੀ ਜਾਂਦੀ ਹੈ। ਆਯੂਰਵੈਦਿਕ ਮੈਡੀਕਲ ਅਫ਼ਸਰ ਡਾ. ਸਦੇਸ਼ ਕੁਮਾਰ ਨੇ ਕਿਹਾ ਕਿ ਨਸ਼ਿਆਂ ਨਾਲ ਪੀੜਤ ਵਿਅਕਤੀ ਇੱਕ ਕਿਸਮ ਦਾ ਮਰੀਜ਼ ਹੁੰਦਾ ਹੈ, ਜਿਸਨੂੰ ਇਲਾਜ ਦੀ ਸਖਤ ਜਰੂਰਤ ਹੁੰਦੀ ਹੈ ਅਤੇ ਸਮਾਜ ਦੀ ਵੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਉਸ ਨਾਲ ਵਿਤਕਰੇ ਦੀ ਥਾਂ 'ਤੇ ਪਿਆਰ ਅਤੇ ਅਪਣੱਤ ਦੀ ਭਾਵਨਾ ਨਾਲ ਉਸਨੂੰ ਇਸ ਸਮੱਸਿਆ ਵਿਚੋਂ ਕੱਢਣ ਦਾ ਯਤਨ ਕਰੇ। ਨਸ਼ਾ ਪੀੜਤ ਲੋਕਾਂ ਨੂੰ ਅਕਸਰ ਇੱਕ ਜਾਂ ਇੱਕ ਤੋਂ ਵੱਧ ਸੰਬੰਧਿਤ ਸਿਹਤ ਸਮੱਸਿਆਵਾਂ ਹੁੰਦੀਆਂ ਹਨ, ਜਿਸ ਵਿੱਚ ਹੈਪੇਟਾਇਟਿਸ, ਫੇਫੜਿਆਂ ਜਾਂ ਦਿਲ ਦੀ ਬਿਮਾਰੀ, ਸਟ੍ਰੋਕ, ਕੈਂਸਰ, ਜਾਂ ਮਾਨਸਿਕ ਸਿਹਤ ਸਥਿਤੀਆਂ ਸ਼ਾਮਲ ਹੋ ਸਕਦੀਆਂ ਹਨ। ਨਸ਼ਾ ਸਾਡੇ ਪਰਵਾਰ ਦੀ ਆਰਥਿਕਤਾ ਨੂੰ ਵੀ ਖ਼ਰਾਬ ਕਰ ਦਿੰਦਾ ਹੈ, ਜਿਸ ਨਾਲ ਵਧੇਰੇ ਪਰਵਾਰਾਂ ਦੀ ਟੁੱਟਣ ਦੀ ਨੌਬਤ ਆ ਜਾਂਦੀ ਹੈ।ਇਸ ਮੌਕੇ ਬਲਾਕ ਐਕਸਟੈਂਸ਼ਨ ਐਜੂਕੇਟਰ ਨਿਰਮਲ ਸਿੰਘ, ਸਿਹਤ ਇੰਸਪੈਕਟਰ ਦਿਲਬਾਗ ਸਿੰਘ ਤੇ ਕੌਂਸਲਰ ਕਮਲਜੀਤ ਕੌਰ ਸਮੇਤ ਹੋਰ ਵੀ ਹਾਜ਼ਰ ਸਨ।

# ਮਾਨਸਰੋਵਰ ਸਾਹਿਤ ਅਕਾਦਮੀ ਨੇ ਕਵੀ ਦਰਬਾਰ ਕਰਵਾਇਆ

**ਫ਼ਗਵਾੜਾ (ਜਸਵਿੰਦਰ ਢੱਡਾ)-** ਪੰਜਾਬੀ ਭਾਸ਼ਾ ਇਕਾਈ ਮਾਨਸਰੋਵਰ ਸਾਹਿਤ ਅਕਾਦਮੀ ਰਾਜਸਥਾਨ ਵੱਲੋਂ ਬੀਤੇ ਦਿਨੀਂ




ਪੰਜਾਬੀ ਕਵੀ ਦਰਬਾਰ ਕਰਵਾਇਆ ਗਿਆ। ਜਿਸ ਵਿੱਚ ਕਵੀ ਕਮਲਜੀਤ ਕੌਰ ਜਲੰਧਰ, ਪੰਜਾਬੀ ਸ਼ਾਇਰ ਹਰਮੀਤ ਸਿਵੀਆਂ, ਪਿਆਰਾ ਸਿੰਘ ਰਾਹੀ, ਪਿੰਦੂ ਰਾਹੋਂ ਵਾਲਾ, ਮਾਸਟਰ ਅਜੈਬ ਸਿੰਘ ਰੁਪਾਣਾ ਸ਼ਾਮਲ ਹੋਏ। ਪ੍ਰੋਗਰਾਮ ਦਾ ਆਗਾਜ਼ ਸੰਚਾਲਕ ਮਹਿੰਦਰ ਸੂਦ ਵਿਰਕ ਨੇ ਸ਼ਾਨਦਾਰ ਅੰਦਾਜ਼ ਵਿੱਚ ਕੀਤਾ। ਫਿਰ ਕਮਲਜੀਤ ਕੌਰ ਨੇ ਕੌੜਾ ਸੱਚ ਬਿਆਨ ਕਰਦੀਆਂ ਕਵਿਤਾਵਾਂ ਪੇਸ਼ ਕੀਤੀਆਂ ਅਤੇ ਹਰਮੀਤ ਸਿਵੀਆਂ ਨੇ ਸਮਾਜਿਕ ਵਿਸ਼ਿਆਂ ਬਾਰੇ ਕਵਿਤਾਵਾਂ ਪੇਸ਼ ਕੀਤੀਆਂ। ਪਿਆਰਾ ਸਿੰਘ ਰਾਹੀ ਨੇ ਵੀ ਸੇਧ-ਵਰਧਕ ਕਵਿਤਾਵਾਂ ਨਾਲ ਖੂਬ ਸਮਾਂ ਬੰਨ੍ਹਿਆ। ਮਾਸਟਰ ਅਜੈਬ ਸਿੰਘ ਨੇ ਵੀ ਸੱਚੇ ਸੁੱਚੇ ਹਰਫ਼ਾਂ ਦੀ ਰੰਗਤ ਭਰਪੂਰ ਕਵਿਤਾਵਾਂ ਨਾਲ ਸਰੋਤਿਆਂ ਤੋਂ ਵਾਹ-ਵਾਹ ਖੱਟੀ। ਪਿੰਦੂ ਰਾਹੋਂ ਵਾਲਾ ਨੇ ਵੀ ਦਰਦ ਭਰੀਆਂ ਕਵਿਤਾਵਾਂ ਦੇ ਨਾਲ ਹਾਜ਼ਰੀ ਭਰੀ। ਪ੍ਰੋਗਰਾਮ ਪ੍ਰਬੰਧਕ ਇਕਬਾਲ ਸਿੰਘ ਸਹੋਤਾ ਅਤੇ ਸੰਸਥਾਪਕ ਮਾਨ ਸਿੰਘ ਸੁਥਾਰ ਤੇ ਚੇਅਰਮੈਨ ਮੈਡਮ ਸੀਯਾ ਭਾਰਤੀ ਨੇ ਕਵੀ ਦਰਬਾਰ ਵਿੱਚ ਸ਼ਾਮਲ ਸਾਰੇ ਕਵੀ ਸਾਹਿਬਾਨ ਨੂੰ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨਤ ਕਰਨ ਦਾ ਐਲਾਨ ਕੀਤਾ। ਅਖੀਰ ਸੰਚਾਲਕ ਸੂਦ ਵਿਰਕ ਨੇ ਹਰ ਮਨੁੱਖ ਜ਼ਰੂਰ ਲਗਾਵੇ ਇੱਕ ਰੁੱਖ ਦਾ ਸੁਨੇਹਾ ਦਿੱਤਾ।

# ਸਿਹਤ ਵਿਭਾਗ ਵੱਲੋਂ ਡੇਂਗੂ ਤੇ ਮਲੇਰੀਆ ਖਿਲਾਫ਼ ਜਾਗਰੂਕਤਾ ਮੁਹਿੰਮ



**ਮਹਿਤਪੁਰ (ਰਾਜਾ)-** ਪ੍ਰਾਇਮਰੀ ਹੈਲਥ ਸੈਂਟਰ ਮਹਿਤਪੁਰ ਦੇ ਸਟਾਫ ਵੱਲੋਂ ਸਿਹਤ ਵਿਭਾਗ ਪੰਜਾਬ ਦੇ ਹੁਕਮਾਂ ਅਨੁਸਾਰ 'ਡ੍ਰਾਈ ਡੇ' ਮਨਾਇਆ ਗਿਆ। ਇਸ ਦਿਨ ਦੌਰਾਨ ਸਾਰੇ ਪਿੰਡਾਂ ਵਿੱਚ ਮਲਟੀਪਰਪਜ਼ ਹੈਲਥ ਵਰਕਰਾਂ ਅਤੇ ਸੈਨੇਟਰੀ ਇੰਸਪੈਕਟਰਾਂ ਨੇ ਲੋਕਾਂ ਨੂੰ ਡੇਂਗੂ ਤੇ ਮਲੇਰੀਆ ਬਾਰੇ ਜਾਗਰੂਕ ਕੀਤਾ। ਟਾਇਰਾਂ, ਪਾਈਪਾਂ, ਕੂਲਰਾਂ ਅਤੇ ਹੋਰ ਜਗ੍ਹਾ 'ਤੇ ਖੜ੍ਹੇ ਪਾਣੀ ਦੀ ਜਾਂਚ ਕੀਤੀ ਗਈ ਅਤੇ ਲੋਕਾਂ ਨੂੰ ਸਮਝਾਇਆ ਗਿਆ ਕਿ ਕਿਵੇਂ ਇਸ ਪਾਣੀ ਨੂੰ ਖਤਮ ਕਰਕੇ ਮੱਛਰਾਂ ਤੋਂ ਬਚਿਆ ਜਾ ਸਕਦਾ ਹੈ। ਡੇਂਗੂ ਅਤੇ ਮਲੇਰੀਆ ਵਰਗੀਆਂ ਬਿਮਾਰੀਆਂ ਤੋਂ ਬਚਾਅ ਲਈ ਘਰਾਂ ਅਤੇ ਆਲੇ ਦੁਆਲੇ ਦੀ ਸਫ਼ਾਈ ਰੱਖਣ ਦੀ ਸਲਾਹ ਵੀ ਦਿੱਤੀ ਗਈ। ਇਹ ਸਾਰੀ ਕਾਰਵਾਈ ਸਿਵਲ ਸਰਜਨ ਡਾ. ਗੁਰਮੀਤ ਲਾਲ ਦੇ ਦਿਸ਼ਾ-ਨਿਰਦੇਸ਼ ਅਤੇ ਸੀਨੀਅਰ ਮੈਡੀਕਲ ਅਫਸਰ ਡਾ. ਮਹੇਸ਼ ਕੁਮਾਰ ਪ੍ਰਭਾਕਰ ਦੀ ਮੌਜੂਦਗੀ ਹੇਠ ਕੀਤੀ ਗਈ। ਸਿਹਤ ਵਿਭਾਗ ਵੱਲੋਂ ਲੋਕਾਂ ਨੂੰ ਅਪੀਲ ਕੀਤੀ ਗਈ ਕਿ ਹਰ ਹਫ਼ਤੇ ਇਕ ਵਾਰ ਘਰ ਵਿੱਚ ਡ੍ਰਾਈ ਡੇ ਮਨਾਇਆ ਜਾਵੇ ਤਾਂ ਜੋ ਡੇਂਗੂ ਅਤੇ ਮਲੇਰੀਆ ਦੇ ਖ਼ਤਰੇ ਤੋਂ ਬਚਿਆ ਜਾ ਸਕੇ।

# ਡਾ. ਰਵਜੋਤ ਸਿੰਘ ਨੇ ਕੀਤਾ ਲੰਮੇ- ਸੰਧਮਾ ਲਿੰਕ ਸੜਕ ਦੇ ਨਿਰਮਾਣ ਕਾਰਜ ਦਾ ਆਰੰਭ

**ਹੁਸ਼ਿਆਰਪੁਰ (ਓ ਪੀ ਰਾਣਾ, ਬੀ ਐੱਸ ਸੈਣੀ)** ਸ਼ਾਮ ਚੁਰਾਸੀ ਵਿਧਾਨ ਸਭਾ ਹਲਕੇ ਵਿਚ ਵਿਕਾਸ ਕਾਰਜਾਂ ਨੂੰ ਹੁਲਾਰਾ ਦਿੰਦੇ ਹੋਏ ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਨੇ ਪਿੰਡ ਲੰਮੇ ਤੋਂ ਪਿੰਡ ਸੰਧਮਾ ਨੂੰ ਜੋੜਨ ਵਾਲੀ ਲਿੰਕ ਸੜਕ ਦੇ ਨਿਰਮਾਣ ਕਾਰਜ ਦਾ ਰਸਮੀ ਉਦਘਾਟਨ ਕੀਤਾ।



ਇਹ ਸੜਕ ਲੱਗਭਗ 1.30 ਕਿਲੋਮੀਟਰ ਲੰਬੀ ਹੋਵੇਗੀ ਅਤੇ ਇਸ ਦੇ ਨਿਰਮਾਣ 'ਤੇ ਕੁੱਲ 51 ਲੱਖ ਰੁਪਏ ਦੀ ਲਾਗਤ ਆਵੇਗੀ। ਡਾ. ਰਵਜੋਤ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਪੇਂਡੂ ਖੇਤਰਾਂ ਦੇ ਸਰਬਪੱਖੀ ਵਿਕਾਸ ਲਈ ਵਚਨਬੱਧ ਹੈ ਅਤੇ ਅਧੂਰੇ ਪ੍ਰੋਜੈਕਟਾਂ ਨੂੰ ਪਹਿਲ ਦੇ ਆਧਾਰ 'ਤੇ ਪੂਰਾ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ ਸੜਕ ਕਈ ਸਾਲਾਂ ਤੋਂ ਕੱਚੀ ਸੀ ਅਤੇ ਬਰਸਾਤ ਦੇ ਮੌਸਮ ਵਿਚ ਲੋਕਾਂ ਨੂੰ ਬਹੁਤ ਸਾਰੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਹੁਣ ਇਸ ਸੜਕ ਦੇ ਪੱਕੇ ਹੋਣ ਨਾਲ, ਨਾ ਸਿਰਫ਼ ਆਵਾਜਾਈ ਆਸਾਨ ਹੋ ਜਾਵੇਗੀ, ਸਗੋਂ ਕਾਰੋਬਾਰ, ਸਿੱਖਿਆ ਅਤੇ ਸਿਹਤ ਸੇਵਾਵਾਂ ਤੱਕ ਪਹੁੰਚ ਵੀ ਆਸਾਨ ਹੋ ਜਾਵੇਗੀ। ਉਨ੍ਹਾਂ ਕਿਹਾ ਕਿ ਇਹ ਲਿੰਕ ਸੜਕ ਦੋਵਾਂ ਜ਼ਿਲ੍ਹਿਆਂ ਨੂੰ ਜੋੜੇਗੀ, ਜਿਸ ਨਾਲ ਖੇਤਰੀ ਤਾਲਮੇਲ ਅਤੇ ਸਮਾਜਿਕ-ਆਰਥਿਕ ਗਤੀਵਿਧੀਆਂ ਨੂੰ ਨਵੀਂ ਦਿਸ਼ਾ ਮਿਲੇਗੀ। ਇਹ ਪ੍ਰੋਜੈਕਟ ਪੇਂਡੂ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਵੱਲ ਇਕ ਮਹੱਤਵਪੂਰਨ ਕਦਮ ਹੈ।ਪਿੰਡ ਵਾਸੀਆਂ ਨੇ ਸੜਕ ਨਿਰਮਾਣ ਸ਼ੁਰੂ ਹੋਣ 'ਤੇ ਖੁਸ਼ੀ ਪ੍ਰਗਟ ਕੀਤੀ ਅਤੇ ਕਿਹਾ ਕਿ ਇਹ ਸੜਕ ਪਿਛਲੇ 25 ਸਾਲਾਂ ਤੋਂ ਅਣਗੌਲੀ ਪਈ ਸੀ, ਜਿਸ ਕਾਰਨ ਪੇਂਡੂ ਵਿਕਾਸ ਦੀ ਰਫ਼ਤਾਰ ਮੱਠੀ ਪੈ ਗਈ ਸੀ। ਹੁਣ ਇਹ ਪਹਿਲ ਬੱਚਿਆਂ ਨੂੰ ਸਕੂਲ ਜਾਣ, ਮਰੀਜ਼ਾਂ ਨੂੰ ਹਸਪਤਾਲ ਪਹੁੰਚਣ ਅਤੇ ਕਿਸਾਨਾਂ ਨੂੰ ਆਪਣੀ ਉਪਜ ਨੂੰ ਬਾਜ਼ਾਰ ਲਿਜਾਣ ਵਿਚ ਸਹੂਲਤ ਪ੍ਰਦਾਨ ਕਰੇਗੀ। ਉਨ੍ਹਾਂ ਨੇ ਲੋਕਾਂ ਨੂੰ ਭਰੋਸਾ ਦਿੱਤਾ ਕਿ ਇਲਾਕੇ ਦੇ ਸਾਰੇ ਪਿੰਡਾਂ ਵਿਚ ਪੱਕੀਆਂ ਸੜਕਾਂ ਅਤੇ ਹੋਰ ਬੁਨਿਆਦੀ ਸਹੂਲਤਾਂ ਦੀ ਉਪਲਬੱਧਤਾ ਯਕੀਨੀ ਬਣਾਈ ਜਾਵੇਗੀ, ਤਾਂ ਜੋ ਪੇਂਡੂ ਲੋਕਾਂ ਦਾ ਜੀਵਨ ਪੱਧਰ ਬਿਹਤਰ ਹੋ ਸਕੇ। ਉਨ੍ਹਾਂ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਕੰਮ ਸਮੇਂ ਸਿਰ ਅਤੇ ਚੰਗੀ ਗੁਣਵੱਤਾ ਨਾਲ ਪੂਰਾ ਕਰਨ ਦੇ ਨਿਰਦੇਸ਼ ਦਿੱਤੇ।ਇਸ ਮੌਕੇ ਪਰਮਿੰਦਰ ਸਿੰਘ, ਸੁਰਿੰਦਰ ਸਿੰਘ, ਚਰਨਜੀਤ ਸਿੰਘ, ਭੁਪਿੰਦਰਪਾਲ ਸਿੰਘ ਅਤੇ ਮਾਸਟਰ ਅਮਰਜੀਤ ਸਿੰਘ, ਹਰਪ੍ਰੀਤ ਸਿੰਘ, ਕੁਲਵਿੰਦਰ ਕੌਰ ਤੋਂ ਇਲਾਵਾ ਹੋਰ ਵੀ ਪਤਵੰਤੇ ਹਾਜ਼ਰ ਸਨ।

# ਸਾਲਾਨਾ ਜੋੜ ਮੇਲਾ ਮਨਾਇਆ



**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੂਰਗਾਪੁਰੀਆ)-** ਪੀਰ ਬਾਬਾ ਸੰਦੀਕ ਕਾਦਰੀ ਮੁੰਹਮਦ ਬਾਰਾਦਰੀ ਵਾਲੇ ਦਾ ਸਾਲਾਨਾ ਜੋੜ ਮੇਲਾ ਬਾਰਾਦਰੀ ਵਿਖੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਗਿਆ।ਦਰਬਾਰ ਦੇ ਗੱਦੀ ਨਸ਼ੀਨ ਬੀਬੀ ਜਸਵਿੰਦਰ ਬਾਨੋ ਨੇ ਦਸਿਆ ਹੈ ਕਿ ਪਹਿਲੇ ਦਿਨ ਮਹਿੰਦੀ ਦੀ ਰਸਮ ਕੀਤੀ ਅਤੇ ਦੂਜੇ ਦਿਨ ਸਵੇਰੇ ਝੰਡੇ ਦੀ ਰਸਮ ਤੇ ਚਿਰਾਗ਼ ਰੋਸ਼ਨ ਕੀਤੇ ਗਏ। ਸ਼ਾਮ ਨੂੰ ਗਾਇਕ ਮਹੇਸ਼ ਸਾਜਨ ਵਲੋ ਧਾਰਮਿਕ ਪ੍ਰੋਗਰਾਮ ਪੇਸ਼ ਕੀਤਾ। ਰਾਤ ਨੂੰ ਚਾਦਰ ਦੀ ਰਸਮ ਵੀ ਅਦਾ ਕੀਤੀ।ਮੇਲੇ ਦੇ ਤੀਜੇ ਦਿਨ ਸਵੇਰੇ ਵੇਲੇ ਚਾਹ ਪਕੌੜਿਆਂ ਦਾ ਲੰਗਰ ਵਰਤਾਇਆ ਗਿਆ ਅਤੇ ਦੁਪਹਿਰ ਨੂੰ ਪ੍ਰੇਮ ਸੋਨੂ ਕਵਾਲ ਪਾਰਟੀ,ਕਾਦਰ ਵਲੋਂ ਆਪਣਾ ਧਾਰਮਿਕ ਪ੍ਰੋਗਰਾਮ ਪੇਸ਼ ਕੀਤਾ ਗਿਆ । ਪ੍ਰਵੀਨ ਸੁਲਤਾਨਾ ਵਲੋਂ ਨਕਲਾਂ ਦਾ ਪ੍ਰੋਗਰਾਮ ਪੇਸ਼ ਕੀਤਾ ਗਿਆ।ਇਸ ਮੌਕੇ ਬੀਬੀ ਗੇਜੋ,ਬਾਬਾ ਅਮਰੀਕ ਸਿੰਘ ਡੇਰਾ ਬੋਹੜ ਜੀ ਪੁਲਸ ਕਰਮਚਾਰੀ ਸਿੱਧੂ,ਸੱਤਪਾਲ ਬਾਬਾ ਅਤੇ ਸਮੂਹ ਸੰਗਤਾਂ ਹਾਜਰ ਸਨ। ਲੰਗਰ ਅਤੁੱਟ ਵਰਤਾਇਆ ਗਿਆ।

# ਜ਼ਿਮਨੀ ਚੋਣਾਂ 'ਚ ਹੋਈ ਜਿੱਤ 'ਤੇ 'ਆਪ' ਵਰਕਰਾਂ ਨੇ ਮਨਾਈ ਖੁਸ਼ੀ



**ਆਦਮਪੁਰ ਪਰਮਜੀਤ ਸਿੰਘ)-** ਲੁਧਿਆਣਾ ਪੱਛਮੀ ਦੀ ਸੀਟ ਲਈ ਹੋਈ ਜਿਮਨੀ ਚੋਣ ਵਿੱਚੋਂ 'ਆਪ' ਦੀ ਹੋਈ ਜਿੱਤ ਦਾ ਜਸ਼ਨ ਮਨਾਉਣ ਦੇ ਲਈ ਆਮ ਆਦਮੀ ਪਾਰਟੀ ਦੇ ਵੱਖ-ਵੱਖ ਨੇਤਾ ਤੇ ਵਰਕਰ ਆਦਮਪੁਰ ਵਿਖੇ ਇਕੱਠੇ ਹੋਏ। ਨਸ਼ਾ ਮੁਕਤੀ ਮੋਰਚਾ ਹਲਕਾ ਆਦਮਪੁਰ ਕੋਆਰਡੀਨੇਟਰ ਦਲਜੀਤ ਸਿੰਘ ਮਿਨਹਾਸ ਦੀ ਅਗਵਾਈ ਹੇਠ ਲੁਧਿਆਣਾ ਦੀ ਇਸ ਜਿੱਤ ਦੀ ਖੁਸ਼ੀ ਵਿੱਚ ਲੱਡੂ ਵੰਡੇ ਗਏ ਤੇ ਢੋਲ ਵੀ ਵਜਾਏ ਗਏ।ਇਸ ਮੌਕੇ ਤੇ ਸਾਰਿਆਂ ਵਲੋਂ ਗੁਜਰਾਤ ਦੀ ਇਸਦਾਦਰ ਸੀਟ ਅਤੇ ਲੁਧਿਆਣਾ ਪੱਛਮੀ ਦੀ ਜਿੱਤ ਦੀ ਵਧਾਈ ਦਿੱਤੀ ਗਈ ਤੇ ਲੱਡੂਆਂ ਨਾਲ ਮੂੰਹ ਮਿੱਠਾ ਕਰਵਾਇਆ ਗਿਆ। ਦਲਜੀਤ ਸਿੰਘ ਮਿਨਹਾਸ ਨੇ ਕਿਹਾ ਇਹ ਵੀ ਦੇਖਨ ਨੂੰ ਮਿਲਿਆ ਹੈ ਕਿ ਲੁਧਿਆਣਾ ਦੀ ਇਸ ਜਿੱਤ ਦੀ ਖੁਸ਼ੀ ਸਾਰੇ ਵਰਕਰਾਂ ਵਿੱਚ ਬਹੁਤ ਸੀ। ਇਸ ਜਿੱਤ ਨਾਲ ਸਾਰਿਆਂ ਨੂੰ ਪਾਰਟੀ ਪ੍ਰਤੀ ਹੋਰ ਜਿਆਦਾ ਕੰਮ ਕਰਨ ਲਈ ਹੁਲਾਰਾ ਮਿਲੇਗਾ। ਪਾਰਟੀ ਦੀ ਇਹ ਬਹੁਤ ਵੱਡੀ ਜਿੱਤ ਹੈ। ਇਸ ਮੌਕੇ ਪਰਮਜੀਤ ਸਿੰਘ ਰਾਜਵੰਸ਼ ਮਾਰਕੀਟ ਕਮੇਟੀ ਚੇਅਰਮੈਨ ਆਦਮਪੁਰ, ਬਲਜੀਤ ਸਿੰਘ ਸਰਪੰਚ ਪਤੀ ਪਧਿਆਣਾ, ਮਨਜੀਤ ਸਿੰਘ ਸਰਪੰਚ ਕੰਦੋਲਾ, ਜਸਪ੍ਰੀਤ ਸਿੰਘ ਸਰਪੰਚ ਲੁਟੇਰਾ, ਦਵਿੰਦਰ ਸਿੰਘ ਆਦਮਪੁਰ, ਪਰਦੀਪ ਤੂਰ ਆਦਮਪਰ, ਪਵਿੱਤਰ ਸਿੰਘ ਸਾਬਕਾ ਕੌਂਸਲਰ ਆਦਮਪੁਰ, ਸੁਖਬੀਰ ਸਿੰਘ ਅਲਾਵਲਪੁਰ,ਅਨਿਲ ਕਮਲ ਆਦਮਪਰ, ਸੁਖਵਿੰਦਰ ਸਿੰਘ ਢੰਡੋਰ, ਸੁਖਜੀਤ ਸਿੰਘ ਡਰੋਲੀ ਖੁਰਦ ਅਸ਼ੋਕ ਅਗਰਵਾਲ ਆਦਮਪੁਰ, ਹਰਪ੍ਰੀਤ ਸਿੰਘ ਲੁਟੇਰਾ ਖੁਰਦ ਆਦਿ ਹਾਜਰ ਸਨ।

# ਉਪਕਾਰ ਸੁਸਾਇਟੀ ਵਿਸ਼ਵ ਨਸ਼ਾ ਵਿਰੋਧੀ ਦਿਵਸ ਸੈਮੀਨਾਰ 'ਚ ਸ਼ਮੂਲੀਅਤ ਕਰੇਗੀ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)** ਉਪਕਾਰ ਕੋਆਰਡੀਨੇਸ਼ਨ ਸੋਸਾਇਟੀ 26 ਜੂਨ ਨੂੰ ਵਿਸ਼ਵ ਨਸ਼ਾ ਵਿਰੋਧੀ ਦਿਵਸ ਸੈਮੀਨਾਰ ਵਿੱਚ ਸ਼ਮੂਲੀਅਤ ਕਰੇਗੀ ਜੋ ਕਿ ਸਥਾਨਕ ਆਈ ਟੀ ਆਈ ਵਿਖੇ ਆਯੋਜਿਤ ਕੀਤਾ ਜਾ ਰਿਹਾ ਹੈ। ਇਸ ਸਬੰਧੀ ਸੋਸਾਇਟੀ ਦੀ ਵਿਸ਼ੇਸ਼ ਮੀਟਿੰਗ ਸਥਾਨਕ ਖਾਦੀ ਭੰਡਾਰ ਵਿਖੇ ਪ੍ਰਧਾਨ ਜੇ ਐਸ ਗਿੱਦਾ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਕਾਰਵਾਈ ਦਾ ਸੰਚਾਲਨ ਸਕੱਤਰ ਦੇਸ ਰਾਜ ਬਾਲੀ ਵਲੋਂ ਕੀਤਾ ਗਿਆ। ਹਾਊਸ ਨੂੰ ਦੱਸਿਆ ਗਿਆ ਕਿ ਸਥਾਨਕ ਰੈੱਡ ਕਰਾਸ ਨਸ਼ਾ ਮੁਕਤੀ ਤੇ ਪੁਨਰਵਾਸ ਕੇਂਦਰ ਵਲੋਂ ਸਮਾਜ ਸੇਵੀ ਸੰਸਥਾਵਾਂ ਦੇ ਸਹਿਯੋਗ ਨਾਲ਼ ਹੋਣ ਵਾਲੇ ਜਾਗਰੂਕਤਾ ਸੈਮੀਨਾਰ ਦੀ ਪ੍ਰਧਾਨਗੀ ਪ੍ਰਿੰਸੀਪਲ ਓਮਕਾਰ ਸਿੰਘ ਸ਼ੀਂਹਮਾਰ ਕਰਨਗੇ ਜਦ ਕਿ ਮੁੱਖ ਮਹਿਮਾਨ ਡੀ ਐਸ ਪੀ ਰਾਜ ਕੁਮਾਰ, ਵਿਸ਼ੇਸ਼ ਮਹਿਮਾਨ ਜ਼ਿਲ੍ਹਾ ਸਮਾਜਿਕ ਸੁਰੱਖਿਆ ਆਫੀਸਰ ਰਾਜ ਕਿਰਨ ਕੌਰ ਤੇ ਆਈ ਟੀ ਆਈ (ਇਸਤ੍ਰੀਆਂ) ਦੀ ਆਈ ਐਮ ਸੀ ਦੇ ਚੇਅਰਮੈਨ ਗੁਰਚਰਨ ਅਰੋੜਾ ਹੋਣਗੇ। ਨਸ਼ਿਆਂ ਦੀ ਮਾਰੂ ਸਮਾਜਿਕ ਬੁਰਾਈ ਵਿਸ਼ੇ ਦੇ ਮਾਹਰ ਵਕਤਾ ਐਮ ਡੀ



ਮਨੋਰੋਗ- ਚਿਕਿਸਤਕ ਡਾ. ਰਾਜਨ ਸ਼ਾਸ਼ਤਰੀ (ਸਿਵਲ ਹਸਪਤਾਲ) ਹੋਣਗੇ। ਸੋਸਾਇਟੀ ਵਲੋਂ ਕਟਾਈ ਸਿਲਾਈ ਟ੍ਰੇਨਿੰਗ ਸੈਂਟਰ ਦੇ ਸੰਚਾਲਨ ਵਾਰੇ ਸਤੁੰਸ਼ਟੀ ਪ੍ਰਗਟ ਕੀਤੀ ਗਈ। ਇਸ ਮੌਕੇ ਬਾਲੀ ਜਠੇਰੇ ਪ੍ਰਬੰਧਕ ਕਮੇਟੀ ਮੁਜੱਫਰਪੁਰ ਵਲੋਂ ਦੋ ਵਿਸ਼ੇਸ਼ ਸਿਲਾਈ ਮਸ਼ੀਨਾਂ ਦੇ ਸਹਿਯੋਗ ਬਾਰੇ ਜਾਣੂ ਕਰਵਾਇਆ ਗਿਆ। ਸੋਸਾਇਟੀ ਵਲੋਂ ਛੁੱਟੀਆਂ ਉਪ੍ਰੰਤ ਜ਼ਿਲ੍ਹੇ ਭਰ ਦੇ ਵਿਦਿਅਕ ਅਦਾਰਿਆਂ ਵਿੱਚ ਸਮਾਜਿਕ ਬੁਰਾਈਆਂ ਦੀ ਰੋਕਥਾਮ ਲਈ ਪੰਦਰਵਾੜਾ ਜਾਗਰੂਕਤਾ ਪ੍ਰੋਜੈਕਟ ਆਰੰਭ ਕੀਤੇ ਜਾਣਗੇ। ਮੀਟਿੰਗ ਵਿੱਚ ਪ੍ਰਧਾਨ ਜੇ ਐਸ ਗਿੱਦਾ, ਮੀਤ ਪ੍ਰਧਾਨ ਸੁਰਜੀਤ ਕੌਰ ਡੂਲਕੂ, ਸਕੱਤਰ ਦੇਸ ਰਾਜ ਬਾਲੀ, ਬੁਲਾਰਾ ਮਾ: ਨਰਿੰਦਰ ਸਿੰਘ ਭਾਰਟਾ, ਕੈਸ਼ੀਅਰ ਬੀਰਬਲ ਤੱਖੀ, ਪ੍ਰੈਸ ਸਕੱਤਰ ਨਰਿੰਦਰਪਾਲ ਤੂਰ, ਪ੍ਰਿੰਸੀਪਲ ਬਿਕਰਮਜੀਤ ਸਿੰਘ, ਰਾਜਿੰਦਰ ਕੌਰ ਗਿੱਦਾ, ਸੁਖਵਿੰਦਰ ਕੌਰ ਸੁੱਖੀ, ਸਿਮਰਨਜੀਤ ਕੌਰ ਤੱਖੀ ਹਾਜਰ ਹੋਏ।

# ਏ ਜੀ ਆਈ ਸਵਿਮਿੰਗ ਚੈਂਪੀਅਨਸ਼ਿਪ ਕੱਲ੍ਹ ਤੋਂ

**ਜਲੰਧਰ (ਰਾਜੇਸ਼ ਥਾਪਾ)** ਛੇ ਦਿਨਾਂ ਏ ਜੀ ਆਈ ਤੈਰਾਕੀ ਚੈਂਪੀਅਨਸ਼ਿਪ ਕੱਲ੍ਹ ਤੋਂ ਸ਼ੁਰੂ ਹੋਵੇਗੀ। ਇਸ ਚੈਂਪੀਅਨਸ਼ਿਪ ਦੇ ਆਯੋਜਨ ਲਈ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ ਜੋ ਕਿ ਜਲੰਧਰ ਹਾਈਟਸ 1 ਅਤੇ 2 ਦੇ ਤੈਰਾਕੀ ਪੂਲਾਂ ਵਿੱਚ ਮਸ਼ਹੂਰ ਰੀਅਲ ਅਸਟੇਟ ਅਤੇ ਨਿਰਮਾਣ ਕੰਪਨੀ ਏ ਜੀ ਆਈ ਇੰਫਰਾ ਲਿਮਟਿਡ ਦੀ ਸਹਾਇਕ ਕੰਪਨੀ ਏ ਜੀ ਆਈ ਸਪੋਰਟਸ ਇੰਸਟੀਚਿਊਟ ਆਫ਼ ਇੰਡੀਆ ਦੁਆਰਾ ਆਯੋਜਿਤ ਕੀਤੀ ਜਾਵੇਗੀ। ਚੈਂਪੀਅਨਸ਼ਿਪ ਚਾਰ ਈਵੈਂਟਾਂ ਫ੍ਰੀਸਟਾਈਲ, ਬੈਕਸਟ੍ਰੋਕ, ਬਟਰਫਲਾਈ ਅਤੇ ਬ੍ਰੈਸਟਸਟ੍ਰੋਕ ਵਿੱਚ ਆਯੋਜਿਤ ਕੀਤੀ ਜਾਵੇਗੀ।ਇੰਸਟੀਚਿਊਟ ਦੇ ਐਮਡੀ ਸ਼੍ਰੀ ਸੁਰਿੰਦਰ ਭਾਂਬਰੀ ਦੇ ਅਨੁਸਾਰ, 15 ਸਾਲ ਤੋਂ ਘੱਟ ਉਮਰ ਦੇ ਲੜਕੇ ਅਤੇ ਲੜਕੀਆਂ ਦੇ ਵਰਗ ਵਿੱਚ ਸਭ ਤੋਂ ਵੱਧ ਐਂਟਰੀਆਂ ਪ੍ਰਾਪਤ ਹੋਈਆਂ ਹਨ। ਉਨ੍ਹਾਂ ਕਿਹਾ ਕਿ ਇਹ ਬਹੁਤ ਸੰਤੁਸ਼ਟੀ ਵਾਲੀ ਗੱਲ ਹੈ ਕਿ ਦਸ ਅਤੇ ਪੰਦਰਾਂ ਸਾਲ ਤੋਂ ਘੱਟ ਉਮਰ ਦੇ ਵਰਗ ਦੇ ਵੱਡੀ ਗਿਣਤੀ ਵਿੱਚ ਖਿਡਾਰੀ, ਮੁੰਡੇ ਅਤੇ ਕੁੜੀਆਂ ਦੋਵੇਂ ਹਿੱਸਾ ਲੈਣਗੇ।ਚੈਂਪੀਅਨਸ਼ਿਪ ਦਾ ਉਦਘਾਟਨ ਜਲੰਧਰ ਹਾਈਟਸ 2, 66 ਫੁੱਟ ਰੋਡ ਜਲੰਧਰ ਦੇ ਸਵਿਮਿੰਗ ਪੂਲ ਵਿੱਚ ਸ਼ਾਮ 5 ਵਜੇ ਹੋਵੇਗਾ।ਚੈਂਪੀਅਨਸ਼ਿਪ ਦੇ ਸਾਰੇ ਜੇਤੂਆਂ ਅਤੇ ਭਾਗੀਦਾਰਾਂ ਨੂੰ ਸਰਟੀਫਿਕੇਟ, ਮੈਡਲ ਅਤੇ ਇਨਾਮ ਦੇ ਕੇ ਸਨਮਾਨਿਤ ਕੀਤਾ ਜਾਵੇਗਾ।ਭਾਗ ਲੈਣ ਵਾਲੇ ਪ੍ਰਮੁੱਖ ਖਿਡਾਰੀਆਂ ਦੇ ਨਾਮ ਹੇਠ ਲਿਖੇ ਅਨੁਸਾਰ ਹਨ:10 ਸਾਲ ਤੋਂ ਘੱਟ ਲੜਕੇ। ਨਿਹਾਨ, ਪ੍ਰੀਤਿਸ਼, ਅਵਧ, ਰਿੰਜ਼ੇਨ ਸਿੰਘ, ਆਰਵ ਖੁਰਾਣਾ, ਜਨਤ ਕਪੂਰ, ਇਕਾਗਾ, ਸਾਹਿਬ ਅਤੇ ਦਰਸ਼ੀਲ15 ਸਾਲ ਤੋਂ ਘੱਟ ਲੜਕੇ ਸੁਸ਼ਾਂਤ, ਦੈਵਿਕ, ਅਵਿੰਸ਼, ਮੇਥਲੀ, ਸਰਵੇਸ਼ ਕੁਮਾਰ ਸਿੰਘ, ਆਕਰਸ਼, ਅਧੀਰ ਸਿੰਘ, ਧਰੈਰੀਆ, ਆਰਵ ਚਾਵਲਾ, ਅਰਨਵ, ਜਾਗਰ, ਯਸ਼, ਆਰਵ, ਸ਼ਿਵਾਂਸ਼, ਰਣਵੀਰ ਸੈਂਭੀ, ਸਕਸ਼ਮ, ਆਰਵ, ਰਿਆਨ, ਸਾਗਰ, ਕੇਸ਼ਵ ਅਤੇ ਅੰਸ਼।10 ਅਤੇ 15 ਸਾਲ ਤੋਂ ਘੱਟ ਉਮਰ ਦੀਆਂ ਲੜਕੀਆਂ ਅਨੰਤ ਕੌਰ, ਅਦਰੂਪ, ਦਿਵਨੂਰ, ਮੇਹਰ, ਮਹਿਕਪ੍ਰੀਤ, ਸ੍ਰਿਸ਼ਟੀ, ਅਰਾਧਨਾ।19 ਸਾਲ ਤੋਂ ਘੱਟ ਉਮਰ ਦੇ ਮੁੰਡੇ ਮਯੰਕ ਅਤੇ ਰਾਘਵ।



# 2027 ਦੀਆਂ ਵਿਧਾਨ ਸਭਾ ਚੋਣਾਂ 'ਚ ਪੰਜਾਬ ਦੀ ਸੱਤਾ ਦਾ ਕੇਂਦਰ ਬਣੇਗੀ ਬਸਪਾ : ਵਿਪੁਲ ਕੁਮਾਰ, ਡਾ. ਕਰੀਮਪੁਰੀ

**ਜਲੰਧਰ (ਸ਼ੈਲੀ ਐਲਬਰਟ)** ਬਹੁਜਨ ਸਮਾਜ ਪਾਰਟੀ (ਬਸਪਾ) ਦੀ ਸੋਮਵਾਰ ਨੂੰ ਪਾਰਟੀ ਦੇ ਜਲੰਧਰ ਵਿਖੇ ਸੂਬਾ ਦਫਤਰ ਵਿੱਚ ਮੀਟਿੰਗ ਹੋਈ। ਇਸ ਸਮੀਖਿਆ ਮੀਟਿੰਗ ਵਿੱਚ ਪਾਰਟੀ ਦੇ ਸੂਬਾ ਇੰਚਾਰਜ ਵਿਪੁਲ ਕੁਮਾਰ ਅਤੇ ਸੂਬਾ ਪ੍ਰਧਾਨ ਡਾ. ਅਵਤਾਰ ਸਿੰਘ ਕਰੀਮਪੁਰੀ ਵਿਸ਼ੇਸ਼ ਤੌਰ 'ਤੇ ਪਹੁੰਚੇ। ਉਨ੍ਹਾਂ ਨੇ ਸੂਬਾ ਪੱਧਰੀ ਮੀਟਿੰਗ ਵਿੱਚ



ਪਹੁੰਚੇ ਅਹੁਦੇਦਾਰਾਂ ਨਾਲ ਪਾਰਟੀ ਰਣਨੀਤੀ ਬਾਰੇ ਵਿਚਾਰ ਚਰਚਾ ਕੀਤੀ ਅਤੇ ਸੰਗਠਨ ਦੇ ਕੰਮਕਾਜ ਦੀ ਸਮੀਖਿਆ ਕੀਤੀ।ਮੀਟਿੰਗ ਨੂੰ ਸੰਬੋਧਨ ਕਰਦਿਆਂ ਆਗੂਆਂ ਨੇ ਕਿਹਾ ਕਿ ਬਸਪਾ ਦੀ 'ਪੰਜਾਬ ਸੰਭਾਲੋ' ਮੁਹਿੰਮ ਨੂੰ ਲੋਕਾਂ ਦਾ ਭਾਰੀ ਸਮਰਥਨ ਮਿਲ ਰਿਹਾ ਹੈ। ਬਸਪਾ ਪੰਜਾਬ ਨੂੰ ਖੁਸ਼ਹਾਲੀ, ਤਰੱਕੀ ਦੇ ਰਾਹ ਵੱਲ ਲੈ ਕੇ ਜਾਣ ਲਈ ਵਚਨਬੱਧ ਹੈ। ਸੂਬੇ ਨੂੰ ਨਸ਼ਾ ਮੁਕਤ ਬਣਾਉਣਾ, ਨੌਜਵਾਨਾਂ ਨੂੰ ਰੁਜ਼ਗਾਰ ਉਪਲਬਧ ਕਰਾਉਣਾ, ਲੋਕਾਂ ਲਈ ਚੰਗੀ ਸਿਹਤ-ਸਿੱਖਿਆ ਵਿਵਸਥਾ ਦਾ ਪ੍ਰਬੰਧ ਕਰਨਾ ਅਤੇ ਕਿਰਤੀਆਂ ਕਿਸਾਨਾਂ, ਮੁਲਾਜ਼ਮਾਂ, ਔਰਤਾਂ, ਵਿਦਿਆਰਥੀਆਂ, ਛੋਟੇ ਵਪਾਰੀਆਂ ਪੱਖੀ ਮਾਹੌਲ ਸਿਰਜਣਾ ਬਸਪਾ ਦਾ ਮੁੱਖ ਏਜੰਡਾ ਹੈ। ਇਸਦੇ ਤਹਿਤ ਹੀ ਬਸਪਾ ਵੱਲੋਂ 'ਪੰਜਾਬ ਸੰਭਾਲੋ' ਮੁਹਿੰਮ ਤਹਿਤ ਘਰ-ਘਰ ਜਾ ਕੇ ਲੋਕਾਂ ਨਾਲ ਸੰਪਰਕ ਕੀਤਾ ਜਾ ਰਿਹਾ ਹੈ ਅਤੇ ਉਨ੍ਹਾਂ ਨੂੰ ਖੁਸ਼ਹਾਲੀ, ਤਰੱਕੀ ਲਈ ਬਸਪਾ ਦੇ ਬੈਨਰ ਹੇਠ ਇਕੱਠੇ ਹੋਣ ਦਾ ਸੱਦਾ ਦਿੱਤਾ ਜਾ ਰਿਹਾ ਹੈ। ਡਾ. ਅਵਤਾਰ ਸਿੰਘ ਕਰੀਮਪੁਰੀ ਨੇ ਕਿਹਾ ਕਿ ਪੰਜਾਬ ਭਰ ਵਿੱਚ ਬਸਪਾ ਦੇ ਸਮਾਗਮਾਂ ਵਿੱਚ ਲੋਕਾਂ ਦੇ ਹੋ ਰਹੇ ਭਾਰੀ ਇਕੱਠ ਇਸ ਗੱਲ ਦਾ ਸੰਕੇਤ ਹਨ ਕਿ ਆਉਣ ਵਾਲੀਆਂ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਬਸਪਾ ਪੰਜਾਬ ਦੀ ਸੱਤਾ ਦਾ ਕੇਂਦਰ ਬਣੇਗੀ। ਸਮੀਖਿਆ ਮੀਟਿੰਗ ਦੌਰਾਨ ਬਸਪਾ ਦੇ ਸੂਬਾ ਕੋਆਰਡੀਨੇਟਰ ਚੌਧਰੀ ਗੁਰਨਾਮ ਸਿੰਘ ਤੇ ਤੀਰਥ ਰਾਜਪੁਰਾ ਤੋਂ ਇਲਾਵਾ ਪਾਰਟੀ ਦੀ ਸੂਬਾਈ ਲੀਡਰਸ਼ਿਪ ਵੀ ਮੌਜੂਦ ਸੀ।

# ਯੂਰੋਲੋਜੀ ਸਬੰਧੀ ਰੋਗਾਂ ਦਾ ਫ੍ਰੀ ਚੈੱਕਅੱਪ ਕੈਂਪ ਪਹਿਲੀ ਤੋਂ

**ਬੰਗਾ (ਅਵਤਾਰ ਕਲੇਰ)-** ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਦੇ ਯੂਰੋਲੌਜੀ ਵਿਭਾਗ ਵਲੋਂ ਗੁਰਦਿਆਂ ਦੀਆਂ ਬਿਮਾਰੀਆਂਦਾ, ਪੱਥਰੀਆਂ ਾ ਅਤੇ ਪਿਸ਼ਾਬ ਦੇ




ਰੋਗਾਂ ਦਾ 15 ਦਿਨਾਂ ਫਰੀ ਚੈੱਕਅੱਪ ਕੈਂਪ 1 ਜੁਲਾਈ ਨੂੰ ਸਵੇਰੇ 9 ਵਜੇ ਆਰੰਭ ਹੋ ਰਿਹਾ ਹੈ। ਇਹ ਜਾਣਕਾਰੀ ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਨੇ ਦੱਸਿਆ ਕਿ ਹਸਪਤਾਲ ਵਿਖੇ ਯੂਰੋਲੌਜੀ ਵਿਭਾਗ ਵਿਚ 01 ਜੁਲਾਈ 2025 ਤੋਂ 15 ਜੁਲਾਈ 2025 ਤੱਕ ਲਗਾਏ ਜਾ ਰਹੇ 15 ਦਿਨਾਂ ਫਰੀ ਚੈੱਕਅੱਪ ਕੈਂਪ ਵਿਚ ਗੁਰਦਿਆਂ ਦੀਆਂ ਪੱਥਰੀਆਂ, ਗਦੂਦਾਂ ਦੀਆਂ ਬਿਮਾਰੀਆਂ, ਪਿਸ਼ਾਬ ਦੀਆਂ ਬਿਮਾਰੀਆਂ, ਗੁਰਦਿਆਂ ਦੀਆਂ ਬਿਮਾਰੀਆਂ ਦਾ, ਮਰਦਾਨਾ ਕਮਜ਼ੋਰੀ, ਪਿਸ਼ਾਬ ਦੀ ਥੈਲੀ (ਬਲੈਡਰ) ਦੇ ਕੈਂਸਰ ਦੇ ਮਰੀਜ਼ਾਂ ਅਤੇ ਪੇਟ ਦੇ ਹੇਠਲੇ ਹਿੱਸੇ ਜਾਂ ਵੱਖੀ ਵਿਚ ਦਰਦਾਂ ਦੀ ਬਿਮਾਰੀਆਂ ਦਾ ਫਰੀ ਚੈੱਕਅੱਪ ਹਸਪਤਾਲ ਦੇ ਯੂਰੋਲੌਜੀ ਮਾਹਿਰ ਡਾ. ਅਮਿਤ ਸੰਧੂ ਐਮ.ਐਸ., ਐਮ.ਸੀ.ਐਚ. ਵੱਲੋਂ ਰੋਜ਼ਾਨਾ 9 ਵਜੇ ਤੋਂ 1 ਵਜੇ ਤੱਕ ਕੀਤਾ ਜਾਵੇਗਾ। ਮਰੀਜ਼ਾਂ ਦੀ ਰਜਿਟਰੇਸ਼ਨ ਮੁਫਤ ਹੋਵੇਗੀ ਅਤੇ ਅਲਟਰਾ ਸਾਊਂਡ ਸਕੈਨ ਸਿਰਫ 300/- ਰੁਪਏ ਵਿਚ ਕੀਤਾ ਜਾਵੇਗਾ । ਇਸ ਤੋਂ ਇਲਾਵਾ ਕੈਂਪ ਮਰੀਜ਼ਾਂ ਨੂੰ ਹਸਪਤਾਲ ਵੱਲੋਂ ਲੈਬ ਟੈਸਟ ਜਿਵੇਂ ਪੀ ਐਸ ਏ, ਆਰ ਐਫ ਟੀ, ਸੀ ਬੀ ਸੀ ਅਤੇ ਪਿਸ਼ਾਬ ਦੇ ਟੈਸਟਾਂ ਵਿਚ 50 ਫੀਸਦੀ ਛੋਟ ਦਿੱਤੀ ਜਾ ਰਹੀ ਹੈ। ਲੋੜਵੰਦ ਮਰੀਜ਼ਾਂ ਦੇ ਅਪਰੇਸ਼ਨ ਵੀ ਰਿਆਇਤੀ ਦਰਾਂ ਵਿਚ ਕੀਤੇ ਜਾਣਗੇ। । ਇਸ ਮੌਕੇ ਜੋਗਿੰਦਰ ਸਿੰਘ ਸਾਧੜਾ, ਡਾ. ਜਸਦੀਪ ਸਿੰਘ ਸੈਣੀ ਡਾ. ਅਮਿਤ ਸੰਧੂ, ਮਹਿੰਦਰਪਾਲ ਸਿੰਘ ਵੀ ਹਾਜ਼ਰ ਸਨ।

# ਕੌਲਧਾਰ ਜਠੇਰਿਆਂ ਦਾ ਸਾਲਾਨਾ ਜੋੜ ਮੇਲਾ ਮਨਾਇਆ

**ਆਦਮਪੁਰ (ਪਰਮਜੀਤ ਸਿੰਘ) -** ਪਿੰਡ ਚਾਂਦਪੁਰ ਵਿੱਖੇ ਮੌਜੂਦ ਕੌਲਧਾਰ ਜਠੇਰਿਆਂ ਦਾ ਸਾਲਾਨਾ ਜੋੜ ਮੇਲਾ ਸਮੂਹ ਪ੍ਰਬੰਧਕ ਕਮੇਟੀ ਦੀ ਨਿਗਰਾਨੀ ਹੇਠ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਸ਼ਰਧਾਪੂਰਵਕ ਮਨਾਇਆ ਗਿਆ। ਪਹਿਲਾ ਸ਼੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਉਪਰੰਤ ਧਾਰਮਿਕ ਦੀਵਾਨ ਸਜਾਏ ਗਏ। ਜਿਸ ਵਿੱਚ ਗੁਰੂ ਕੇ ਦਾਸ ਕੀਰਤਨੀ ਜਥਾ ਤੇ ਰਾਗੀ ਭਾਈ ਜਗਦੀਸ਼ ਸਿੰਘ ਜਲਪੋਤ ਨੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਰਾਹੀਂ ਨਿਹਾਲ ਕੀਤਾ। ਸਮਾਗਮ ਮੌਕੇ ਸਾਬਕਾ ਵਿਧਾਇਕ



ਆਦਮਪੁਰ ਪਵਨ ਕੁਮਾਰ ਟੀਨੂੰ ਨੇ ਉਚੇਚੇ ਤੌਰ 'ਤੇ ਸਾਥੀਆਂ ਸਮੇਤ ਕੀਤੀ ਸ਼ਿਰਕਤ ਕੀਤੀ। ਜਿਨ੍ਹਾਂ ਨੂੰ ਕੌਲਧਾਰ ਕਮੇਟੀ ਵਲੋਂ ਸਨਮਾਨਿਤ ਕੀਤਾ ਗਿਆ। ਸਟੇਜ ਸਕੱਤਰ ਦੀ ਭੂਮਿਕਾ ਸੈਕਟਰੀ ਕਸ਼ਮੀਰੀ ਲਾਲ ਵੱਲੋਂ ਬਾਖੂਬੀ ਨਿਭਾਈ ਗਈ।ਠੰਡੇ ਮਿੱਠੇ ਜਲ ਦੀਆਂ ਛਬੀਲਾਂ ਅਤੇ ਗੁਰੂ ਕੇ ਲੰਗਰ ਸੰਗਤਾਂ ਨੂੰ ਅਤੁੱਟ ਵਰਤਾਏ ਗਏ। ਇਸ ਮੌਕੇ ਦੇਸ ਰਾਜ ਰਿਟਾਇਡ ਯੂ.ਕੋ ਬੈਂਕ, ਸੋਡੀ ਰਾਮ, ਕਿਸ਼ਨ ਦੇਵ, ਮਨੋਹਰ ਲਾਲ, ਬਨਾਰਸੀ ਰਾਮ, ਬਲਦੇਵ ਰਾਜ, ਡੀ.ਸੀ ਕੌਲ, ਰਾਮ ਲੁਬਾਇਆ, ਜਸਵੀਰ ਪਾਲ, ਸੁਨਿਹਰੀ ਲਾਲ, ਦਿਆਲ ਚੰਦ, ਪੱਪੂ, ਬਲਵੀਰ ਚੰਦ, ਜਤਿਨ, ਨਛੱਤਰ ਪਾਲ, ਰਾਮ ਲਾਲ, ਅਮਰਜੀਤ, ਕਸ਼ਮੀਰੀ ਲਾਲ, ਗੁਰਪ੍ਰੀਤ ਗੋਪੀ, ਅਮਨਪ੍ਰੀਤ, ਹਰਮੇਸ਼ ਕੁਮਾਰ, ਮਦਨ ਲਾਲ, ਹੈਪੀ, ਰਜਤ, ਦੁੰਨੀ ਚੰਦ, ਅਮਰਜੀਤ ਪਰਸਰਾਮਪੁਰ, ਜਸਵੰਤ ਰਾਏ, ਲਸ਼ਮਣ ਦਾਸ, ਸਤਨਾਮ ਰਾਏ, ਸੁੱਚਾ ਰਾਮ, ਮਾਸਟਰ ਲਾਲ ਚੰਦ, ਖੁਸ਼ਵੰਤ ਰਾਏ, ਵਰਿੰਦਰ ਸਿੰਘ ਡੀਂਗਰੀਆਂ, ਰਾਮ ਦਿਆਲ, ਸਰਪੰਚ ਨਿਰਮਲ ਕੌਲ ਹਰੀਪੁਰ, ਸਰਪੰਚ ਰਾਕੇਸ਼ ਕੁਮਾਰ ਚਾਂਦਪੁਰ, ਜਗਜੀਤ ਸਿੰਘ ਜੱਗੀ (ਕੌਲ ਟੈਂਟ ਹਾਊਸ), ਸਰਪੰਚ ਰਾਮ ਪਾਲ ਪਰਸਰਾਮਪੁਰ, ਮਲਕੀਤ ਸਿੰਘ ਪਰਸਰਾਮਪੁਰ, ਸੁਖਮਨ ਸਿੰਘ ਧਨੋਆ ਤੇ ਹੋਰ ਸੇਵਾਦਾਰ ਹਾਜ਼ਰ ਸਨ।

## ਵਿਧਾਇਕ ਭੁੱਲਰ ਵੱਲੋਂ ਸੰਜੀਵ ਅਰੋੜਾ ਦੀ ਸ਼ਾਨਦਾਰ ਜਿੱਤ 'ਤੇ ਸਮੁੱਚੀ ਲੀਡਰਸ਼ਿਪ ਤੇ ਵਲੰਟੀਅਰਾਂ ਨੂੰ ਵਧਾਈਆਂ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਵਿਧਾਇਕ ਫਿਰੋਜ਼ਪੁਰ ਸ਼ਹਿਰੀ ਰਣਬੀਰ ਸਿੰਘ ਭੁੱਲਰ ਨੇ ਵਿਧਾਨ ਸਭਾ ਹਲਕਾ ਲੁਧਿਆਣਾ ਪੱਛਮੀ ਦੀ ਜ਼ਿਮਨੀ ਚੋਣ ਵਿੱਚ ਆਮ ਆਦਮੀ ਪਾਰਟੀ ਦੀ ਸ਼ਾਨਦਾਰ ਜਿੱਤ ਦੌਰਾਨ ਸੰਜੀਵ ਅਰੋੜਾ ਤੇ ਸਮੂਹ ਲੀਡਰਸ਼ਿਪ ਤੇ ਵਲੰਟੀਅਰਾਂ ਨੂੰ ਵਧਾਈਆਂ ਦਿੱਤੀਆਂ। ਇਸ ਮੌਕੇ ਡਾਕਟਰ ਅਮਨਦੀਪ ਕੌਰ ਗੋਸਲ (ਕੋਆਰਡੀਨੇਟਰ ਨਸ਼ਾ ਮੁਕਤੀ ਮੋਰਚਾ ਹਲਕਾ ਫਿਰੋਜ਼ਪੁਰ ਸ਼ਹਿਰੀ) ਸਮੇਤ ਆਮ ਆਦਮੀ ਪਾਰਟੀ ਦੇ ਵਰਕਰ ਵੱਡੀ ਗਿਣਤੀ ਵਿੱਚ ਮੌਜੂਦ ਸਨ। ਉਨ੍ਹਾਂ ਕਿਹਾ ਕਿ ਵੱਡੀ ਲੀਡ ਨਾਲ ਮਿਲੀ ਇਹ ਜਿੱਤ ਦਰਸਾਉਂਦੀ ਹੈ ਕਿ ਪੰਜਾਬ ਦੇ ਲੋਕ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਕੰਮਾਂ ਤੋਂ ਬੇਹੱਦ ਖੁਸ਼ ਹਨ। ਪੰਜਾਬ ਦੀ ਤਰੱਕੀ ਤੇ ਖੁਸ਼ਹਾਲੀ ਲਈ ਦਿਨ-ਰਾਤ ਬਿਨਾਂ ਭੇਦਭਾਵ ਤੇ ਇਮਾਨਦਾਰੀ ਨਾਲ ਕੰਮ ਕੀਤਾ ਜਾ ਰਿਹਾ ਹੈ। ਵਿਧਾਨ ਸਭਾ ਹਲਕਾ ਲੁਧਿਆਣਾ ਪੱਛਮੀ ਦੀ ਜ਼ਿਮਨੀ ਚੋਣ ਵਿੱਚ ਆਮ ਆਦਮੀ ਪਾਰਟੀ ਦੀ ਸ਼ਾਨਦਾਰ ਜਿੱਤ ਲੁਧਿਆਣਾ ਵਾਸੀਆਂ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬੀਆਂ ਨਾਲ ਕੀਤੇ ਹਰ ਇੱਕ ਵਾਅਦੇ ਨੂੰ ਪਹਿਲ ਦੇ ਆਧਾਰ 'ਤੇ ਪੂਰਾ ਕਰਨ ਲਈ ਸਰਕਾਰ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਇਸ ਜਿੱਤ ਲਈ ਆਮ ਆਦਮੀ ਪਾਰਟੀ ਦੀ ਸਮੁੱਚੀ ਲੀਡਰਸ਼ਿਪ ਤੇ ਵਲੰਟੀਅਰ ਵਧਾਈ ਦੇ ਪਾਤਰ ਹਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਰਾਜ ਬਹਾਦਰ ਸਿੰਘ ਗਿੱਲ ਨੇਕ ਪ੍ਰਤਾਪ ਸਿੰਘ, ਹਿਮਾਂਸ਼ੂ ਠੱਕਰ, ਗੁਰਭੇਜ ਸਿੰਘ, ਗੁਰਜੀਤ ਸਿੰਘ ਚੀਮਾ, ਅਭੀ ਸ਼ਰਮਾ ਤੇ ਹੋਰ ਵੀ ਕੋਈ ਹਾਜ਼ਰ ਸਨ।

## ਓਪਨ ਸਪੀਡ ਸਕੇਟਿੰਗ ਚੈਂਪੀਅਨਸ਼ਿਪ ਕਰਵਾਈ



**ਮੋਗਾ (ਇਕਬਾਲ ਸਿੰਘ ਖਹਿਰਾ)**-ਜ਼ਿਲ੍ਹਾ ਸਕੇਟਿੰਗ ਕਲੱਬ ਮੋਗਾ ਵੱਲੋਂ ਕਲੱਬ ਚੇਅਰ ਧਰਮਿੰਦਰ ਸ਼ਰਮਾ ਦੀ ਨਿਗਰਾਨੀ ਹੇਠ ਗੋਧੇਵਾਲਾ ਇਨਡੋਰ ਸਟੇਡੀਅਮ ਵਿਖੇ ਤੀਜੀ ਸਾਲਾਨਾ ਓਪਨ ਸਪੀਡ ਸਕੇਟਿੰਗ ਚੈਂਪੀਅਨਸ਼ਿਪ-2025 ਦਾ ਆਯੋਜਨ ਕੀਤਾ ਗਿਆ। ਚੈਂਪੀਅਨਸ਼ਿਪ ਦਾ ਉਦਘਾਟਨ ਦੇਵ ਕੁਮਾਰ ਐੱਮ. ਡੀ. ਦੇਵ ਬ੍ਰੋ ਹੀਰੋ ਸਟੂਡੀਓ ਮੋਗਾ, ਨਰਿੰਦਰ ਨਾਗੀ ਸਟੇਟ ਹੈੱਡ ਰੋਲ ਬਾਲ ਐਸੋਸੀਏਸ਼ਨ ਲੁਧਿਆਣਾ, ਕੁਲਵੰਤ ਸਿੰਘ ਕਲਸੀ ਪ੍ਰਿੰਸੀਪਲ ਖਾਲਸਾ ਸਕੂਲ ਮੋਗਾ ਤੇ ਸਕੇਟਿੰਗ ਕੋਚ ਮੈਡਮ ਅਮਨਦੀਪ ਕੌਰ ਲੁਧਿਆਣਾ ਨੇ ਕੀਤਾ। ਪ੍ਰੋਗਰਾਮ ਦਾ ਉਦਘਾਟਨ ਰਿਬਨ ਕੱਟ ਕੇ ਤੇ ਸ਼ਮ੍ਹਾਂ ਰੌਸ਼ਨ ਕਰਕੇ ਕੀਤਾ। ਸਕੇਟਿੰਗ ਮੁਕਾਬਲਿਆਂ ਵਿੱਚ ਧਰਮਿੰਦਰ ਸਿੰਘ ਕੋਚ ਬਠਿੰਡੀ ਕਲਾਂ, ਮਨਦੀਪ ਕੌਰ ਕੋਚ ਧਰਮਕੋਟ ਅਤੇ ਕੋਟ ਈਸੇ ਖਾਂ ਤੋਂ ਮੋਗਾ ਦੀਆਂ ਟੀਮਾਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਜੇਤੂਆਂ ਨੂੰ ਤਮਗੇ ਤੇ ਪ੍ਰਮਾਣ ਪੱਤਰ ਦੇ ਕੇ ਸਨਮਾਨਤ ਕੀਤਾ ਗਿਆ। ਪੂਰੇ ਪ੍ਰੋਗਰਾਮ ਦਾ ਸੰਚਾਲਨ ਮਿੰਨੀ ਚਾਹਲ ਨੇ ਕੀਤਾ ਤੇ ਕਲੱਬ ਦੇ ਮੈਂਬਰਾਂ ਸਤਿਆਬੀਰ ਸਿੰਘ, ਜਗਜੀਤ ਸਿੰਘ, ਹੈਰੀ ਸਰਾਂ, ਗੁਰਮੀਤ ਕੌਰ, ਸ਼ਾਨ ਗਿੱਲ, ਸੁੱਖ ਸ਼ੇਰਗਿੱਲ, ਕਰਨ ਮਾਹੀ ਤੇ ਅਰਸ਼ ਗਿੱਲ ਨੇ ਸਾਰੀਆਂ ਟੀਮਾਂ ਦਾ ਸਵਾਗਤ ਕੀਤਾ। ਕਲੱਬ ਸਕੱਤਰ ਸੰਨੀ ਸ਼ਰਮਾ ਨੇ ਨਵਨੀਤ ਜਿੰਦਲ ਜ਼ਿਲ੍ਹਾ ਖੇਡ ਅਫ਼ਸਰ ਮੋਗਾ ਦਾ ਧੰਨਵਾਦ ਕੀਤਾ, ਜਿਨ੍ਹਾਂ ਦੇ ਮਾਰਗਦਰਸ਼ਨ ਨੇ ਇਸ ਚੈਂਪੀਅਨਸ਼ਿਪ ਨੂੰ ਯਾਦਗਾਰੀ ਬਣਾਇਆ।

## ਹਰਚੰਦ ਬਰਸਟ ਨੇ ਜ਼ਿਮਨੀ ਚੋਣ ਜਿੱਤੇ ਸੰਜੀਵ ਅਰੋੜਾ ਤੇ ਗੋਪਾਲ ਇਟਾਲੀਆ ਨੂੰ ਦਿੱਤੀ ਵਧਾਈ




**ਸਮਾਣਾ (ਗੁਰਪਿਆਰ ਸਿੰਘ ਬੱਲ)**-ਆਮ ਆਦਮੀ ਪਾਰਟੀ ਪੰਜਾਬ ਦੇ ਸੂਬਾ ਜਨਰਲ ਸਕੱਤਰ ਤੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਸ੍ਰ. ਹਰਚੰਦ ਸਿੰਘ ਬਰਸਟ ਨੇ ਵਿਧਾਨ ਸਭਾ ਹਲਕਾ ਲੁਧਿਆਣਾ ਪੱਛਮੀ ਦੀ ਜ਼ਿਮਨੀ ਚੋਣ ਵਿੱਚ ਸੰਜੀਵ ਅਰੋੜਾ ਤੇ ਗੁਜਰਾਤ ਦੇ ਵਿਧਾਨ ਸਭਾ ਹਲਕਾ ਵਿਸਾਵਦਰ ਤੋਂ ਗੋਪਾਲ ਇਟਾਲੀਆ ਦੀ ਸ਼ਾਨਦਾਰ ਜਿੱਤ 'ਤੇ ਉਨ੍ਹਾਂ ਨੂੰ ਵਧਾਈ ਦਿੱਤੀ ਹੈ।ਇਸ ਮੌਕੇ ਸ੍ਰ. ਬਰਸਟ ਨੇ ਕਿਹਾ ਕਿ ਲੋਕਾਂ ਨੇ ਆਪ ਉਮੀਦਵਾਰਾਂ ਨੂੰ ਜਿਤਾ ਕੇ ਆਮ ਆਦਮੀ ਪਾਰਟੀ ਦੇ ਵਿਕਾਸ ਕਾਰਜਾਂ ਦੀ ਚੱਲ ਰਹੀ ਹਨੇਰੀ 'ਤੇ ਮੋਹਰ ਲਗਾ ਦਿੱਤੀ ਹੈ।ਉਨ੍ਹਾਂ ਕਿਹਾ ਕਿ ਲੁਧਿਆਣਾ ਪੱਛਮੀ ਦੀ ਜ਼ਿਮਨੀ ਚੋਣ ਵਿੱਚ ਆਪ ਉਮੀਦਵਾਰ ਸੰਜੀਵ ਅਰੋੜਾ ਨੇ 35,179 ਵੋਟਾਂ ਹਾਸਲ ਕਰਕੇ 10,637 ਵੋਟਾਂ ਦੇ ਫਰਕ ਨਾਲ ਜਿੱਤ ਹਾਸਲ ਕੀਤੀ ਹੈ।ਉਨ੍ਹਾਂ ਕਿਹਾ ਕਿ ਗੁਜਰਾਤ ਦੀ ਵਿਸਾਵਦਰ ਸੀਟ ਤੋਂ ਗੋਪਾਲ ਇਟਾਲੀਆ ਨੇ 75,942 ਵੋਟਾਂ ਹਾਸਲ ਕਰਕੇ ਭਾਜਪਾ ਉਮੀਦਵਾਰ ਨੂੰ 17,554 ਵੋਟਾਂ ਦੇ ਫਰਕ ਨਾਲ ਹਰਾ ਦਿੱਤਾ ਹੈ।ਉਨ੍ਹਾਂ ਕਿਹਾ ਕਿ ਗੁਜਰਾਤ ਬੀਜੇਪੀ ਦਾ ਗੜ੍ਹ ਹੈ ਤੇ ਉੱਥੋਂ ਆਮ ਆਦਮੀ ਪਾਰਟੀ ਦੀ ਇਸ ਸ਼ਾਨਦਾਰ ਜਿੱਤ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਲੋਕ ਭਾਰਤੀ ਜਨਤਾ ਪਾਰਟੀ ਤੋਂ ਬਹੁਤ ਨਾਰਾਜ਼ ਹਨ।ਇਹ ਜਿੱਤ ਆਮ ਆਦਮੀ ਪਾਰਟੀ ਦੇ ਸੁਪਰੀਮੋ ਸ੍ਰੀ ਅਰਵਿੰਦ ਕੇਜਰੀਵਾਲ ਦੇ ਕੁਸ਼ਲ ਮਾਰਦਰਸ਼ਨ ਸਦਕਾ ਹਾਸਲ ਹੋਈ ਹੈ।ਇਸ ਜਿੱਤ ਲਈ ਸ੍ਰ. ਬਰਸਟ ਨੇ ਆਪ ਸੁਪਰੀਮੋ ਸ੍ਰੀ ਅਰਵਿੰਦ ਕੇਜਰੀਵਾਲ, ਪੰਜਾਬ ਪ੍ਰਭਾਰੀ ਸ੍ਰੀ ਮਨੀਸ਼ ਸਿਸੋਦੀਆ, ਪੰਜਾਬ ਦੇ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ, ਪੰਜਾਬ ਪ੍ਰਧਾਨ ਸ੍ਰੀ ਅਮਨ ਅਰੋੜਾ ਸਮੇਤ ਪਾਰਟੀ ਦੀ ਸਮੁੱਚੀ ਲੀਡਰਸ਼ਿਪ ਅਤੇ ਵਲੰਟੀਅਰਾਂ ਨੂੰ ਵਧਾਈ ਦਿੱਤੀ ਹੈ।ਇਸ ਦੇ ਨਾਲ ਹੀ ਜਨਤਾ ਦਾ ਵੀ ਆਮ ਆਦਮੀ ਪਾਰਟੀ 'ਤੇ ਫਿਰ ਤੋਂ ਭਰੋਸਾ ਜਤਾਉਣ ਲਈ ਧੰਨਵਾਦ ਕੀਤਾ ਹੈ ਤੇ ਵਧਾਈ ਦਿੱਤੀ ਹੈ।

## ਲੁਧਿਆਣਾ (ਪੱਛਮੀ) ਵਿਧਾਨ ਸਭਾ ਜ਼ਿਮਨੀ ਚੋਣ ਜਿੱਤਣ ਦੀ ਖੁਸ਼ੀ 'ਚ ਵੰਡੇ ਲੱਡੂ



**ਬਰੇਟਾ (ਰੀਤਵਾਲ)**-ਲੁਧਿਆਣਾ (ਪੱਛਮੀ) ਵਿਧਾਨ ਸਭਾ ਜ਼ਿਮਨੀ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੇ ਸੰਜੀਵ ਅਰੋੜਾ ਵੱਲੋਂ 35144 ਵੋਟਾਂ ਲੈ ਕੇ ਤੇ ਗੁਜਰਾਤ ਦੇ ਵਿਸਾਵਦਰ ਵਿਖੇ ਆਮ ਆਦਮੀ ਪਾਰਟੀ ਦੇ ਗੋਪਾਲ ਅਟਾਲੀਆ ਵੱਲੋਂ 75942 ਵੋਟਾਂ ਲੈ ਕੇ ਵੱਡੀ ਲੀਡ ਨਾਲ ਜਿੱਤ ਪ੍ਰਾਪਤ ਕੀਤੀ ਹੈ, ਜਿਸ ਨੂੰ ਲੈ ਕੇ ਪਾਰਟੀ ਦੇ ਸਾਰੇ ਵਰਕਰਾਂ ਵਿੱਚ ਭਾਰੀ ਖੁਸ਼ੀ ਦੀ ਲਹਿਰ ਹੈ।ਇਸ ਖੁਸ਼ੀ ਨੂੰ ਸਾਂਝੀ ਕਰਦੇ ਹੋਏ ਬੁਢਲਾਡਾ ਤੋਂ ਹਲਕਾ ਵਿਧਾਇਕ ਪ੍ਰਿੰਸੀਪਲ ਬੁੱਧ ਰਾਮ ਨੇ ਕਿਹਾ ਕਿ ਇਹ ਜਿੱਤ ਪਾਰਟੀ ਵਰਕਰਾਂ ਦੀ ਮਿਹਨਤ ਤੇ ਲੋਕਾਂ ਵੱਲੋਂ ਆਮ ਆਦਮੀ ਪਾਰਟੀ ਦੀ ਪੰਜਾਬ ਵਿੱਚ ਵਧੀਆ ਕਾਰਗੁਜ਼ਾਰੀ ਉੱਪਰ ਵਿਸ਼ਵਾਸ ਦੀ ਜਿੱਤ ਹੈ।ਇਸ ਖੁਸ਼ੀ ਵਿੱਚ ਅੱਜ ਬਰੇਟਾ ਵਿਖੇ ਆਮ ਆਦਮੀ ਪਾਰਟੀ ਦੇ ਵਰਕਰਾਂ ਵੱਲੋਂ ਲੱਡੂ ਵੰਡ ਕੇ ਖੁਸ਼ੀ ਮਨਾਈ ਗਈ।ਇਸ ਮੌਕੇ ਬਰੇਟਾ ਆਮ ਆਦਮੀ ਪਾਰਟੀ ਤੋਂ ਸ਼ਹਿਰੀ ਪ੍ਰਧਾਨ ਕੇਵਲ ਸ਼ਰਮਾ, ਮਾਰਕੀਟ ਕਮੇਟੀ ਚੇਅਰਮੈਨ ਚਮਕੌਰ ਸਿੰਘ ਖੁਡਾਲ, ਬਲਾਕ ਪ੍ਰਧਾਨ ਪ੍ਰੀਤ ਕੁਮਾਰ ਪ੍ਰੀਤਾ, ਕਾਕੂ ਬਰੇਟਾ, ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਲੱਛਮਣ ਦਾਸ, ਸੀਨੀਅਰ ਆਗੂ ਲਲਿਤ ਜੈਨ ਬਰੇਟਾ, ਨਗਰ ਕੌਂਸਲ ਪ੍ਰਧਾਨ ਗਾਂਧੀ ਰਾਮ, ਯੂਥ ਪ੍ਰਧਾਨ ਗਗਨਦੀਪ ਸਿੰਘ, ਜੀਵਨ ਸਿੰਘ, ਸੰਸਾਰ ਸਿੰਘ, ਵਿੱਕੀ ਕੁਮਾਰ, ਮਨਿੰਦਰ ਕੁਮਾਰ, ਪਾਲਾ ਸਿੰਘ ਨੰਬਰਦਾਰ, ਖੇਮ ਚੰਦ, ਰਸ਼ਪਾਲ ਫੌਜੀ, ਮਹੇਂਦਰ ਸਿੰਘ ਬਹਾਦੁਰਪੁਰ, ਸੁੱਚਾ ਸਿੰਘ, ਰਘਵੀਰ ਸਿੰਘ, ਸੱਤਪਾਲ ਕੁਮਾਰ, ਜਗਤਾਰ ਸਿੰਘ ਕਾਹਨਗੜ੍ਹ, ਸਿਕੰਦਰ ਸਿੰਘ, ਮੱਘੀ ਐੱਮ ਸੀ, ਦਰਸ਼ਨ ਐੱਮ ਸੀ ਅਤੇ ਵੱਡੀ ਗਿਣਤੀ ਵਿੱਚ ਹੋਰ ਪਾਰਟੀ ਵਰਕਰ ਹਾਜ਼ਰ ਸਨ।

## ਉੱਪ-ਕੁਲਪਤੀ ਡਾ. ਜਗਦੀਪ ਸਿੰਘ ਵੱਲੋਂ ਪੀ ਯੂ ਦੀਆਂ ਵੱਖ-ਵੱਖ ਥਾਵਾਂ ਦਾ ਦੌਰਾ



**ਪਟਿਆਲਾ (ਰਜਿੰਦਰ ਸਿੰਘ ਥਿੰਦ)**-ਪੰਜਾਬੀ ਯੂਨੀਵਰਸਿਟੀ ਦੇ ਉੱਪ-ਕੁਲਪਤੀ ਡਾ. ਜਗਦੀਪ ਸਿੰਘ ਨੇ ਯੂਨੀਵਰਸਿਟੀ ਦੀਆਂ ਵੱਖ-ਵੱਖ ਥਾਵਾਂ ਦਾ ਦੌਰਾ ਕਰਦਿਆਂ ਸਬੰਧਤ ਥਾਵਾਂ ਦਾ ਜਾਇਜ਼ਾ ਲਿਆ।ਉਹ ਯੂਨੀਵਰਸਿਟੀ ਦੇ ਸੂਖਮ ਯੰਤਰ ਕੇਂਦਰ, ਭਾਈ ਘਨੱਈਆ ਸਿਹਤ ਕੇਂਦਰ ਤੇ ਜੀਵ ਵਿਗਿਆਨ ਅਤੇ ਵਾਤਾਵਰਣ ਵਿਗਿਆਨ ਵਿਭਾਗ ਦੇ ਵਿਸ਼ੇਸ਼ ਖੋਜ ਕੇਂਦਰ 'ਐਨੀਮਲ ਹਾਊਸ' ਵਿਖੇ ਗਏ ਅਤੇ ਇਨ੍ਹਾਂ ਥਾਵਾਂ ਦੀਆਂ ਸਹੂਲਤਾਂ, ਸਮਰੱਥਾਵਾਂ, ਪ੍ਰਾਪਤੀਆਂ ਤੇ ਸਮੱਸਿਆਵਾਂ ਬਾਰੇ ਜਾਣਿਆ।ਉਨ੍ਹਾਂ ਇਸ ਗੱਲ ਉੱਤੇ ਤਸੱਲੀ ਪ੍ਰਗਟਾਈ ਕਿ ਪੰਜਾਬੀ ਯੂਨੀਵਰਸਿਟੀ ਦੇ ਸਭ ਵਿਭਾਗ ਆਪੋ ਆਪਣੇ ਖੇਤਰਾਂ ਵਿੱਚ ਪਾਏਦਾਰ ਕਾਰਜ ਕਰ ਰਹੇ ਹਨ। ਜ਼ਿਕਰਯੋਗ ਹੈ ਕਿ ਯੂਨੀਵਰਸਿਟੀ ਵਿੱਚ ਸਥਿਤ ਸੂਖਮ ਯੰਤਰ ਕੇਂਦਰ ਜੀਵਨ ਵਿਗਿਆਨ, ਮੈਡੀਕਲ ਵਿਗਿਆਨ ਤੇ ਭੌਤਿਕ ਵਿਗਿਆਨ ਦੇ ਖੇਤਰ ਵਿੱਚ ਅਗਲੇਰੇ ਪੱਧਰ ਦੇ ਖੋਜ ਕਾਰਜ ਕਰਨ ਲਈ ਇੱਕ ਕੇਂਦਰੀਕ੍ਰਿਤ ਸਹੂਲਤ ਹੈ।ਇਸੇ ਤਰ੍ਹਾਂ 4900 ਵਰਗ ਫੁੱਟ ਦਾ ਐਨੀਮਲ ਹਾਊਸ ਜੀਵ ਤੇ ਵਾਤਾਵਰਣ ਵਿਗਿਆਨ ਵਿਭਾਗ ਅਧੀਨ ਇੱਕ ਵਿਸ਼ੇਸ਼ ਖੋਜ ਸਹੂਲਤ ਹੈ, ਜਿੱਥੇ ਕੀਟ-ਪਾਲਣ ਕਮਰੇ ਦੀ ਸੁਵਿਧਾ ਵੀ ਉਪਲਬਧ ਹੈ।

# ਜ਼ਿੰਦਗੀ 'ਚ ਕੁਝ ਬਣ ਕੇ ਦਿਖਾਉਣ ਲਈ ਠਾਣੀ ਸੋਚ ਕਾਮਯਾਬੀ ਵੱਲ ਜਾਂਦਾ ਰਸਤਾ ਹੋ ਨਿੱਬੜਦੀ ਹੈ : ਡੀ ਸੀ

- ਅੱਠਵੀਂ, ਦਸਵੀਂ ਤੇ ਬਾਰ੍ਹਵੀਂ ਸ਼੍ਰੇਣੀ 'ਚੋਂ ਮੈਰਿਟ ਵਾਲੇ ਵਿਦਿਆਰਥੀ ਸਨਮਾਨਤ
- ਵਿਧਾਨ ਸਭਾ ਸਪੀਕਰ ਵੱਲੋਂ ਹਸਤਾਖ਼ਰ ਕੀਤੇ ਪ੍ਰਸ਼ੰਸਾ ਪੱਤਰ ਵੀ ਸੌਂਪੇ



**ਮਾਨਸਾ (ਆਤਮਾ ਸਿੰਘ ਪਮਾਰ)**-'ਜ਼ਿੰਦਗੀ 'ਚ ਕੁੱਝ ਬਣ ਕੇ ਦਿਖਾਉਣ ਲਈ ਠਾਣੀ ਸੋਚ ਜੀਵਨ 'ਚ ਲਾਜ਼ਮੀ ਕਾਮਯਾਬੀ ਵੱਲ ਲੈ ਕੇ ਜਾਂਦੀ ਹੈ।ਅਸੀਂ ਜ਼ਿੰਦਗੀ ਵਿੱਚ ਜੋ ਬਣਨ ਲਈ ਸੋਚਦੇ ਹਾਂ, ਉਸ ਲਈ ਆਪਣੇ ਆਪ ਰਾਹ ਖੁੱਲ੍ਹਦੇ ਨੇ, ਆਪਣੇ ਆਪ ਤੁਹਾਡੇ ਆਲੇ ਦੁਆਲੇ ਓਹੋ ਜਿਹਾ ਮਾਹੌਲ ਬਣਦਾ ਜਾਂਦਾ ਹੈ ਤੇ ਆਪ ਮੁਹਾਰੇ ਹੀ ਤੁਹਾਡੀ ਮੰਜ਼ਿਲ ਲਈ ਪੌੜੀਆਂ ਬਣ ਕੇ ਲੋਕ ਵੀ ਤੁਹਾਨੂੰ ਮਿਲ ਜਾਂਦੇ ਨੇ, ਬਸ ਗੱਲ ਸਿਰਫ਼ ਟੀਚੇ ਦੀ ਪ੍ਰਾਪਤੀ ਲਈ ਮਨ 'ਚ ਠਾਣ ਲੈਣ ਦੀ ਹੁੰਦੀ ਹੈ।' ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਡਿਪਟੀ ਕਮਿਸ਼ਨਰ ਸ. ਕੁਲਵੰਤ ਸਿੰਘ ਆਈ.ਏ.ਐੱਸ. ਨੇ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਅੱਠਵੀਂ, ਦਸਵੀਂ ਤੇ ਬਾਰ੍ਹਵੀਂ ਕਲਾਸ ਵਿੱਚ ਮੈਰਿਟ 'ਚ ਆਏ ਵਿਦਿਆਰਥੀਆਂ ਨੂੰ ਸਨਮਾਨਤ ਕਰਨ ਮੌਕੇ ਕੀਤਾ।ਡਿਪਟੀ ਕਮਿਸ਼ਨਰ ਨੇ ਕਿਹਾ ਕਿ ਮੁਸ਼ਕਲਾਂ, ਔਕੜਾਂ, ਤਕਲੀਫ਼ਾਂ ਹਰ ਖੇਤਰ ਵਿੱਚ ਆਉਂਦੀਆਂ ਹਨ, ਜੋ ਕਿ ਜ਼ਿੰਦਗੀ ਦਾ ਅਟੁੱਟ ਹਿੱਸਾ ਵੀ ਹੁੰਦੀਆਂ ਹਨ।ਅਧੂਰੀਆਂ ਜਾਂ ਟੀਚਿਆਂ ਦੀ ਪ੍ਰਾਪਤੀ ਤੋਂ ਬਾਅਦ ਵੀ ਔਕੜਾਂ, ਮੁਸ਼ਕਲਾਂ ਆਉਂਦੀਆਂ ਨੇ, ਪਰ ਉਨ੍ਹਾਂ ਨੂੰ ਹੱਲ ਕਰਕੇ ਅੱਗੇ ਕਿਵੇਂ ਵਧਣਾ ਹੈ, ਇਹੋ ਸਿੱਖਣ ਦੀ ਲੋੜ ਹੁੰਦੀ ਹੈ।ਉਨ੍ਹਾਂ ਕਿਹਾ ਕਿ ਮੈਰਿਟ 'ਚ ਆਉਣ ਵਾਲਾ ਹਰ ਵਿਦਿਆਰਥੀ ਅੱਗੇ ਹੋਰ ਮਿਹਨਤ ਕਰੇ, ਜੋ ਉਹ ਬਣਨਾ ਚਾਹੁੰਦੇ ਨੇ, ਉਸ ਦੀ ਪੜ੍ਹਾਈ ਕਰਨ, ਉਸ ਦੇ ਲਈ ਤਜਰਬੇ ਹਾਸਲ ਕਰਨ ਅਤੇ ਮਨ ਵਿੱਚ ਧਾਰ ਲੈਣ ਕਿ ਉਸ ਖੇਤਰ ਵਿੱਚ ਕਾਮਯਾਬ ਹੋ ਕੇ ਹੀ ਰਹਿਣਾ ਹੈ ਤਾਂ ਤੁਹਾਨੂੰ ਕਾਮਯਾਬ ਹੋਣ 'ਚ ਕੋਈ ਨਹੀਂ ਰੋਕ ਸਕਦਾ।ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ: ਸਿ:) ਭੁਪਿੰਦਰ ਕੌਰ ਨੇ ਵਿਦਿਆਰਥੀਆਂ ਦੀ ਹੌਸਲਾ ਅਫ਼ਜ਼ਾਈ ਕਰਦਿਆਂ ਕਿਹਾ ਕਿ ਮਿਹਨਤ ਹੀ ਹਰ ਟੀਚੇ ਦੀ ਪ੍ਰਾਪਤੀ ਦੀ ਕੁੰਜੀ ਹੈ।ਉਨ੍ਹਾਂ ਕਿਹਾ ਕਿ ਸਾਰੇ ਵਿਦਿਆਰਥੀ ਇਸੇ ਤਰ੍ਹਾਂ ਮਿਹਨਤ ਕਰਕੇ ਆਪਣੇ ਭਵਿੱਖ ਨੂੰ ਸੁਨਹਿਰਾ ਬਣਾਉਣ ਲਈ ਸਿਰਤੋੜ ਯਤਨ ਕਰਨ ਤਾਂ ਕਾਮਯਾਬੀ ਜ਼ਰੂਰ ਉਨ੍ਹਾਂ ਦੇ ਕਦਮ ਹਰ ਹਾਲ ਚੁੰਮੇਗੀ।ਉਪਰੰਤ ਡਿਪਟੀ ਕਮਿਸ਼ਨਰ ਵੱਲੋਂ ਸਾਰੇ ਵਿਦਿਆਰਥੀਆਂ ਨੂੰ ਸਪੀਕਰ ਪੰਜਾਬ ਵਿਧਾਨ ਸਭਾ ਵੱਲੋਂ ਹਸਤਾਖ਼ਰ ਕੀਤੇ ਪ੍ਰਸ਼ੰਸਾ ਪੱਤਰ ਵੀ ਸੌਂਪੇ।ਇਸ ਮੌਕੇ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਡਾ. ਪਰਮਜੀਤ ਸਿੰਘ ਭੋਗਲ ਤੋਂ ਇਲਾਵਾ ਮੈਰਿਟ 'ਚ ਆਏ ਵਿਦਿਆਰਥੀਆਂ ਦੇ ਮਾਪੇ ਤੇ ਉਨ੍ਹਾਂ ਦੇ ਅਧਿਆਪਕ ਸਾਹਿਬਾਨ ਮੌਜੂਦ ਸਨ।

## ਵਿਅਕਤੀ ਦੀ ਕੁੱਟਮਾਰ ਕਰਨ ਦੇ ਮਾਮਲੇ 'ਚ 4 ਗ੍ਰਿਫ਼ਤਾਰ

**ਸ੍ਰੀ ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਮੰਡੀ ਗੋਬਿੰਦਗੜ੍ਹ ਦੇ ਮੋਤੀਆ ਖਾਨ ਇਲਾਕੇ ਵਿਖੇ ਇੱਕ ਕਾਰੋਬਾਰੀ ਦੇ ਦਫ਼ਤਰ 'ਚ ਵੜ ਕੇ ਇੱਕ ਵਿਅਕਤੀ ਦੀ ਕੀਤੀ ਗਈ ਕਥਿਤ ਕੁੱਟਮਾਰ ਦੇ ਮਾਮਲੇ 'ਚ ਮੰਡੀ ਗੋਬਿੰਦਗੜ੍ਹ ਪੁਲਸ ਵੱਲੋਂ ਚਾਰ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤੇ ਜਾਣ ਦਾ ਸਮਾਚਾਰ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਹਜ਼ਰਤ ਅਲੀ ਵਾਸੀ ਮੰਡੀ ਗੋਬਿੰਦਗੜ੍ਹ ਨੇ ਪੁਲਸ ਨੂੰ ਦਿੱਤੇ ਬਿਆਨਾਂ 'ਚ ਦੱਸਿਆ ਸੀ ਕਿ 20 ਜੂਨ ਨੂੰ ਰਾਤ ਕਰੀਬ 9.30 ਵਜੇ ਉਹ ਬਜ਼ਾਰ 'ਚੋਂ ਸਾਮਾਨ ਲੈ ਕੇ ਘਰ ਨੂੰ ਜਾ ਰਿਹਾ ਸੀ ਤਾਂ ਬੱਸ ਸਟੈਂਡ ਦੇ ਪਿਛਲੇ ਪਾਸੇ ਪਹੁੰਚਣ 'ਤੇ ਬਿੱਲਾ ਸੰਗਤਪੁਰਾ, ਲੱਕੀ ਲੈਬਰਾ, ਗੌਰਵ ਅਗਰਵਾਲ ਤੇ ਪਿੰਟੂ ਵਾਸੀਆਨ ਮੰਡੀ ਗੋਬਿੰਦਗੜ੍ਹ ਨੇ ਉਸ ਨੂੰ ਘੇਰ ਲਿਆ, ਜੋ ਕਿ ਉਸ ਨੂੰ ਮੋਟਰਸਾਈਕਲ 'ਤੇ ਬਿਠਾ ਕੇ ਮੋਤੀ ਖਾਨ ਦਫ਼ਤਰ 'ਚ ਲੈ ਗਏ, ਜਿੱਥੇ ਪੈਸਿਆਂ ਦੇ ਹਿਸਾਬ ਦੀ ਰੰਜਿਸ਼ ਨੂੰ ਲੈ ਕੇ ਉਕਤ ਵਿਅਕਤੀਆਂ ਵੱਲੋਂ ਉਸ ਦੀ ਬੁਰੀ ਤਰ੍ਹਾਂ ਕੁੱਟਮਾਰ ਕੀਤੀ ਗਈ।ਹਜ਼ਰਤ ਅਲੀ ਦੇ ਬਿਆਨਾਂ 'ਤੇ ਥਾਣਾ ਮੰਡੀ ਗੋਬਿੰਦਗੜ੍ਹ ਵਿਖੇ ਵੱਖ-ਵੱਖ ਧਾਰਾਵਾਂ ਤਹਿਤ ਦਰਜ ਕੀਤੇ ਗਏ ਮੁਕੱਦਮੇ 'ਚ ਬਿੱਲਾ ਸੰਗਤਪੁਰਾ, ਲੱਕੀ ਲੈਬਰਾ, ਗੌਰਵ ਅਗਰਵਾਲ ਤੇ ਪਿੰਟੂ ਨੂੰ ਗ੍ਰਿਫ਼ਤਾਰ ਕਰਕੇ ਸਹਾਇਕ ਥਾਣੇਦਾਰ ਰਜਿੰਦਰ ਸਿੰਘ ਵੱਲੋਂ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ।

## ਅਪ੍ਰੇਸ਼ਨ ਸਿੰਧੂਰ ਦੌਰਾਨ ਨਿਭਾਈ ਭੂਮਿਕਾ ਲਈ ਸਪੈਸ਼ਲ ਡੀ ਜੀ ਪੀ ਕਾਲੜਾ ਦਾ ਸਨਮਾਨ



**ਪਟਿਆਲਾ (ਰਜਿੰਦਰ ਸਿੰਘ ਥਿੰਦ)**-ਭਾਰਤੀ ਫ਼ੌਜ ਦੇ ਸੀਨੀਅਰ ਅਧਿਕਾਰੀ ਵੱਲੋਂ ਆਪ੍ਰੇਸ਼ਨ ਸਿੰਧੂਰ ਵਿੱਚ ਸਿਵਲ ਡਿਫੈਂਸ ਪਟਿਆਲਾ ਦੀ ਟੀਮ ਵੱਲੋਂ ਜ਼ਿਲ੍ਹੇ ਅੰਦਰ ਸਿਵਲ ਡਿਫੈਂਸ ਮੌਕ ਡਰਿੱਲ ਦੇ ਪ੍ਰਦਰਸ਼ਨ ਰਾਹੀਂ ਆਰਮੀ ਕੰਟੋਨਮੈਂਟ ਵਿੱਚ ਰਹਿ ਰਹੇ ਸੈਨਿਕਾਂ ਦੇ ਪਰਿਵਾਰਾਂ ਨੂੰ ਹਵਾਈ ਹਮਲੇ ਦੌਰਾਨ ਆਪਣਾ ਤੇ ਦੂਸਰਿਆਂ ਦਾ ਬਚਾਓ ਕਰਨ ਬਾਰੇ ਜਾਣਕਾਰੀ ਦੇਣ ਅਤੇ ਸੈਨਾ ਦੇ ਸਹਿਯੋਗ ਲਈ ਹੋਮ ਗਾਰਡਜ਼ ਤੇ ਸਿਵਲ ਡਿਫੈਂਸ ਪੰਜਾਬ ਦੇ ਸਪੈਸ਼ਲ ਡੀ.ਜੀ.ਪੀ. ਸੰਜੀਵ ਕਾਲੜਾ ਦਾ ਸਨਮਾਨ ਕੀਤਾ ਗਿਆ।ਇਸ ਮੌਕੇ ਹੋਮ ਗਾਰਡਜ਼ ਦੇ ਡਿਪਟੀ ਕਮਾਂਡੈਂਟ ਜਨਰਲ ਹਰਮਨਜੀਤ ਸਿੰਘ ਤੇ ਜ਼ਿਲ੍ਹਾ ਪਟਿਆਲਾ ਦੇ ਜ਼ਿਲ੍ਹਾ ਕਮਾਂਡਰ ਗੁਰਵਿੰਦਰ ਸਿੰਘ ਹਾਜ਼ਰ ਸਨ।ਫ਼ੌਜ ਦੀ ਮਹਿਲਾ ਅਧਿਕਾਰੀ ਨੇ ਪਟਿਆਲਾ ਦੀ ਟੀਮ ਦੀ ਸ਼ਲਾਘਾ ਕਰਦਿਆਂ ਆਖਿਆ ਕਿ ਇਸ ਆਪ੍ਰੇਸ਼ਨ ਦੌਰਾਨ ਸਿਵਲ ਡਿਫੈਂਸ ਦੀ ਇਹ ਟ੍ਰੇਨਿੰਗ ਬਹੁਤ ਹੀ ਲਾਹੇਵੰਦ ਸਾਬਿਤ ਹੋਈ ਹੈ।ਉਨ੍ਹਾਂ ਕਿਹਾ ਕਿ ਇਸ ਟ੍ਰੇਨਿੰਗ ਦੇ ਚੱਲਦੇ ਕਿਸੇ ਵੀ ਐਮਰਜੈਂਸੀ ਦੀ ਸਥਿਤੀ ਵਿੱਚ ਸੈਨਿਕਾਂ ਦੇ ਪਰਿਵਾਰ ਇਸ ਦਾ ਲਾਭ ਲੈ ਸਕਦੇ ਹਨ।ਭਵਿੱਖ ਵਿੱਚ ਵੀ ਸਿਵਲ ਡਿਫੈਂਸ ਵੱਲੋਂ ਦਿੱਤੀ ਜਾਣ ਵਾਲੀ ਅਜਿਹੀ ਟ੍ਰੇਨਿੰਗ ਦਾ ਪ੍ਰਦਰਸ਼ਨ ਆਰਮੀ ਕੰਟੋਨਮੈਂਟ ਵਿੱਚ ਕੀਤਾ ਜਾਵੇਗਾ।ਉਨ੍ਹਾਂ ਕਿਹਾ ਕਿ ਸਿਵਲ ਡਿਫੈਂਸ ਤੇ ਹੋਮ ਗਾਰਡਜ਼ ਨੇ ਆਪ੍ਰੇਸ਼ਨ ਸ਼ੀਲਡ ਵਿੱਚ ਵੀ ਅਹਿਮ ਭੂਮਿਕਾ ਨਿਭਾਉਂਦੇ ਹੋਏ ਫ਼ੌਜ ਨਾਲ ਤਾਲਮੇਲ ਕਰਕੇ ਨਾਗਰਿਕ ਸੁਰੱਖਿਆ ਦੀ ਟ੍ਰੇਨਿੰਗ ਦਿੱਤੀ ਹੈ।ਇਸ ਸਨਮਾਨ ਦੌਰਾਨ ਭਾਰਤੀ ਫ਼ੌਜ ਨੇ ਸਿਵਲ ਡਿਫੈਂਸ ਵਲੰਟੀਅਰਜ਼ ਤੇ ਹੋਮ ਗਾਰਡਜ਼ ਜਵਾਨਾਂ ਦੀ ਰਾਸ਼ਟਰੀ ਸੇਵਾ ਵਿੱਚ ਨਿਭਾਈ ਇਸ ਭੂਮਿਕਾ ਦੀ ਸ਼ਲਾਘਾ ਕੀਤੀ ਅਤੇ ਉਨ੍ਹਾਂ ਦੇ ਮਹੱਤਵਪੂਰਨ ਯੋਗਦਾਨ ਨੂੰ ਮਾਨਤਾ ਦਿੱਤੀ।ਮਹਿਲਾ ਫ਼ੌਜੀ ਅਧਿਕਾਰੀ ਨੇ ਸਪੈਸ਼ਲ ਡੀ.ਜੀ.ਪੀ. ਸਨਮਾਨ ਚਿੰਨ੍ਹ ਤੇ ਪ੍ਰਸ਼ੰਸਾ ਪੱਤਰ ਦਿੱਤਾ ਗਿਆ।ਇਸ ਲਈ ਸੰਜੀਵ ਕਾਲੜਾ ਨੇ ਫ਼ੌਜ ਅਧਿਕਾਰੀਆਂ ਦਾ ਤਹਿਤ ਦਿਲੋਂ ਧੰਨਵਾਦ ਕਰਦਿਆਂ ਖੁਸ਼ੀ ਪ੍ਰਗਟਾਉਂਦਿਆਂ ਭਵਿੱਖ ਵਿੱਚ ਵੀ ਹੋਮ ਗਾਰਡਜ਼ ਵੱਲੋਂ ਭਾਰਤੀ ਫੌਜ ਨਾਲ ਇਸੇ ਤਰ੍ਹਾਂ ਸਹਿਯੋਗ ਦੇਣ ਦੀ ਗੱਲ ਦੁਹਰਾਈ।

## ਲੈਂਟਰ ਡਿੱਗਣ ਨਾਲ ਪਰਵਾਰ ਦਾ ਲੱਖਾਂ ਰੁਪਏ ਦਾ ਨੁਕਸਾਨ



**ਦੋਰਾਹਾ (ਹਰਮਿੰਦਰ ਸੇਠ)**-ਪਿੰਡ ਅੜੈਚਾਂ ਵਿਖੇ ਇੱਕ ਲੈਂਟਰ ਡਿਗਣ ਨਾਲ ਪਰਿਵਾਰ ਦਾ ਕਰੀਬ 20 ਲੱਖ ਰੁਪਏ ਦੇ ਨੁਕਸਾਨ ਦਾ ਅਨੁਮਾਨ ਲਗਾਇਆ ਜਾ ਰਿਹੈ।ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਾਬਕਾ ਸਰਪੰਚ ਪਤੀ ਰਿੰਕੂ ਧਾਲੀਵਾਲ ਨੇ ਕਿਹਾ ਕਿ ਤੇਜ਼ ਹਨੇਰੀ ਚੱਲਣ ਕਾਰਨ ਉਨ੍ਹਾਂ ਦਾ ਲੈਂਟਰ ਡਿਗ ਗਿਆ।ਲੈਂਟਰ ਡਿਗਣ ਨਾਲ ਉਨ੍ਹਾਂ ਦਾ ਟਰੈਕਟਰ ਬੁਰੀ ਤਰ੍ਹਾਂ ਨੁਕਸਾਨਿਆ ਗਿਆ। ਉਨ੍ਹਾਂ ਕਿਹਾ ਕਿ ਲਾਈਟ ਜਾਣ ਤੋਂ ਬਾਅਦ ਉਨ੍ਹਾਂ ਨੇ ਮੱਝਾਂ ਬਾਹਰ ਕੱਢ ਦਿੱਤੀਆਂ ਸਨ। ਉਹਨਾਂ ਵੱਲੋਂ ਰੱਖੇ ਬੰਦੇ ਵੀ ਬਾਹਰ ਆ ਗਏ ਸਨ, ਜਿਸ ਕਾਰਨ ਕੋਈ ਜਾਨੀ ਨੁਕਸਾਨ ਤੋਂ ਬਚਾ ਰਿਹਾ। ਉਨ੍ਹਾਂ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਉਹਨਾਂ ਦਾ ਕਰੀਬ 20 ਲੱਖ ਦਾ ਨੁਕਸਾਨ ਹੋ ਗਿਆ ਹੈ ਤੇ ਉਨ੍ਹਾਂ ਨੂੰ ਮੁਆਵਜ਼ਾ ਦਿੱਤਾ ਜਾਵੇ।

## ਸੀ-ਪਾਈਟ ਨਾਭਾ ਵਿਖੇ ਭਰਤੀ ਦੀ ਟ੍ਰੇਨਿੰਗ ਲਈ ਕੈਂਪ ਜਾਰੀ

**ਪਟਿਆਲਾ (ਰਜਿੰਦਰ ਥਿੰਦ)**-ਪੰਜਾਬ ਦੇ ਨੌਜਵਾਨਾਂ ਨੂੰ ਆਰਮੀ ਤੇ ਪੁਲਸ ਵਿੱਚ ਭਰਤੀ ਦੇ ਯੋਗ ਬਣਾਉਣ ਲਈ ਸੀ-ਪਾਈਟ ਕੈਂਪ ਨਾਭਾ ਵਿਖੇ ਲਿਖਤੀ ਇਮਤਿਹਾਨ ਤੇ ਸਰੀਰਕ ਪ੍ਰੀਖਿਆ ਦੀ ਤਿਆਰੀ ਲਈ ਕੈਂਪ ਚੱਲ ਰਿਹਾ ਹੈ।ਸਿਖਲਾਈ ਅਧਿਕਾਰੀ ਯਾਦਵਿੰਦਰ ਸਿੰਘ ਨੇ ਦੱਸਿਆ ਕਿ ਜਿਨ੍ਹਾਂ ਨੌਜਵਾਨਾਂ ਨੇ ਪੰਜਾਬ ਪੁਲਸ ਦਾ ਲਿਖਤੀ ਪੇਪਰ ਦੇ ਦਿੱਤਾ ਹੈ, ਉਹ ਆਪਣੇ ਅਗਲੇ ਸਰੀਰਕ ਪ੍ਰੀਖਿਆ ਦੀ ਤਿਆਰੀ ਲਈ ਕੈਂਪ ਵਿੱਚ ਆ ਸਕਦੇ ਹਨ, ਜਿੱਥੇ ਵਧੀਆ ਟ੍ਰੇਨਿੰਗ ਦਿੱਤੀ ਜਾਵੇਗੀ। ਅਗਨੀਵੀਰ ਵੱਲੋਂ ਤਿਆਰੀ ਸ਼ੁਰੂ ਕਰਵਾ ਦਿੱਤੀ ਗਈ ਹੈ।

ਉਨ੍ਹਾ ਦੱਸਿਆ ਕਿ ਇਹ ਇਕ ਸਰਕਾਰੀ ਸੰਸਥਾ ਹੈ, ਜਿਸ ਵਿੱਚ ਕੋਈ ਫ਼ੀਸ ਨਹੀਂ ਸਗੋਂ ਰਹਿਣਾ ਤੇ ਖਾਣਾ ਵੀ ਮੁਫ਼ਤ ਹੈ।ਅਗਨੀਵੀਰ ਦੇ ਪੇਪਰ ਦੀ ਤਿਆਰੀ ਅੰਤਿਮ ਦੌਰ ਵਿੱਚ ਹੈ, ਇਸ ਵਿੱਚ ਵੀ ਨੌਜਵਾਨ ਹਿੱਸਾ ਲੈ ਸਕਦੇ ਹਨ।

# ਚੇਅਰਮੈਨ ਜੱਸੀ ਦੀ ਅਗਵਾਈ 'ਚ ਆਪ ਵਲੰਟੀਅਰਾਂ ਜਿੱਤ ਦੀ ਖੁਸ਼ੀ 'ਚ ਲੱਡੂ ਵੰਡੇ

- ਜ਼ਿਮਨੀ ਚੋਣਾਂ 'ਚ ਜਿੱਤ 'ਆਪ' ਲਈ 2027 ਦਾ ਸ਼ੁੱਭ ਸੰਕੇਤ : ਜੱਸੀ



**ਨਾਭਾ (ਵਰਿੰਦਰ ਵਰਮਾ)**-ਪੰਜਾਬ ਦੇ ਵਿਧਾਨ ਸਭਾ ਲੁਧਿਆਣਾ ਵੈਸਟ ਹਲਕੇ ਤੋਂ ਆਪ ਉਮੀਦਵਾਰ ਸ੍ਰੀ ਸੰਜੀਵ ਅਰੋੜਾ ਤੇ ਗੁਜਰਾਤ ਦੇ ਵਿਸਾਵਦਰ ਹਲਕੇ ਤੋਂ ਆਪ ਉਮੀਦਵਾਰ ਗੋਪਾਲ ਇਟਾਲੀਆ ਦੀ ਹੋਈ ਸ਼ਾਨਦਾਰ ਜਿੱਤ ਦੀ ਖੁਸ਼ੀ ਵਿੱਚ ਵਿਧਾਨ ਸਭਾ ਹਲਕਾ ਨਾਭਾ ਦੇ ਹੋਣਹਾਰ ਨੌਜਵਾਨ ਆਗੂ ਤੇ ਜ਼ਿਲ੍ਹਾ ਪਲੈਨਿੰਗ ਬੋਰਡ ਪਟਿਆਲਾ ਦੇ ਚੇਅਰਮੈਨ ਜੱਸੀ ਸੋਹੀਆਂ ਵਾਲਾ ਦੀ ਅਗਵਾਈ ਹੇਠ ਨਾਭਾ ਵਿਖੇ ਉਨ੍ਹਾਂ ਦੇ ਦਫਤਰ ਵਿਖੇ ਆਮ ਆਦਮੀ ਪਾਰਟੀ ਦੇ ਵਲੰਟੀਅਰਾਂ ਨੇ ਲੱਡੂ ਵੰਡ ਕੇ ਤੇ ਢੋਲ ਵਜਾ ਕੇ ਜਿੱਤ ਦੇ ਜਸ਼ਨ ਮਨਾਏ।ਇਸ ਮੌਕੇ ਗੱਲਬਾਤ ਕਰਦਿਆਂ ਚੇਅਰਮੈਨ ਜੱਸੀ ਨੇ ਕਿਹਾ ਕਿ ਲੁਧਿਆਣਾ ਵੈਸਟ ਹਲਕੇ ਵਿੱਚ ਆਮ ਆਦਮੀ ਪਾਰਟੀ ਦੀ ਹੋਈ ਸ਼ਾਨਦਾਰ ਜਿੱਤ ਆਉਣ ਵਾਲੀਆਂ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਆਪ ਲਈ ਸ਼ੁੱਭ ਸੰਕੇਤ ਹੈ।ਉਨ੍ਹਾਂ ਕਿਹਾ ਕਿ ਲੁਧਿਆਣਾ ਵੈਸਟ ਹਲਕੇ ਦੇ ਲੋਕਾਂ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬਾ ਸਰਕਾਰ ਵੱਲੋਂ 3 ਸਾਲਾਂ ਦੇ ਕੀਤੇ ਲੋਕ ਪੱਖੀ ਕੰਮਾਂ ਨੂੰ ਦੇਖਦਿਆਂ ਆਮ ਆਦਮੀ ਪਾਰਟੀ ਦੇ ਹੱਕ ਵਿੱਚ ਫ਼ਤਵਾ ਦੇ ਕੇ ਵਿਰੋਧੀਆਂ ਦੇ ਮੂੰਹ ਬੰਦ ਕਰ ਦਿੱਤੇ ਹਨ।ਇਸ ਮੌਕੇ ਹੋਰਨਾਂ ਤੋਂ ਇਲਾਵਾ ਬਲਾਕ ਪ੍ਰਧਾਨ ਸੰਦੀਪ ਸ਼ਰਮਾ, ਗੋਪੀ ਫੈਜ਼ਗੜ੍ਹ, ਸੁੱਖ ਘੁੰਮਣ ਚਾਸਵਾਲ, ਸੁਖਜੀਤ ਸਿੰਘ ਹਾਂਸ, ਧੀਰਜ ਠਾਕੁਰ, ਜਤਿੰਦਰ ਸਿੰਘ ਕਕਰਾਲਾ, ਹਰਵਿੰਦਰ ਸਿੰਘ ਖਹਿਰਾ, ਕੁਲਦੀਪ ਸਿੰਘ ਕਕਰਾਲਾ, ਲਾਡੀ ਖਹਿਰਾ, ਸੁਖਮੀਤ ਧੀਮਾਨ, ਗੁਰਜੀਤ ਸਿੰਘ ਕੋਟ ਕਲਾਂ, ਗੁਰਪ੍ਰੀਤ ਸਿੰਘ ਸਰਪੰਚ ਦੋਦਾ, ਨਰਿੰਦਰ ਸਿੰਘ ਸੰਧੂ, ਮਨਮੋਹਨ ਸਿੰਘ, ਮਹਿੰਦਰ ਸਿੰਘ ਝੱਲ, ਕਰਨੈਲ ਸਿੰਘ ਆਸਾ ਕਲੋਨੀ, ਬਾਵਾ ਸਿੰਘ ਕਕਰਾਲਾ, ਦਰਸ਼ਨ ਸਿੰਘ ਗੁਰਦਿੱਤਪੁਰਾ, ਪਰਵਿੰਦਰ ਸਿੰਘ ਭੰਗੂ, ਲਵਪ੍ਰੀਤ ਸਿੰਘ ਲੱਭੂ, ਅਕਾਸ਼ ਕੁਮਾਰ ਗੋਲੂ, ਗੁਰਜੰਟ ਸਿੰਘ ਅੱਚਲ, ਨੀਟੂ ਸ਼ਰਮਾ ਜੱਸੋਮਜਾਰਾ, ਹੈਪੀ ਅਰੋੜਾ ਆਦਿ ਸਮੇਤ ਵੱਡੀ ਗਿਣਤੀ ਵਿੱਚ ਆਪ ਵਲੰਟੀਅਰ ਤੇ ਅਹੁਦੇਦਾਰ ਮੌਜੂਦ ਸਨ।

# ਸ਼ਰਾਬ ਪੀਣ ਤੋਂ ਰੋਕਣ 'ਤੇ ਬੀ ਐੱਸ ਐੱਫ ਦੇ ਜਵਾਨਾਂ ਨੂੰ ਕੱਢੀਆਂ ਗਾਲ੍ਹਾਂ

- ਮਹਿਲਾ ਬੀ ਐੱਸ ਐੱਫ ਕਰਮਚਾਰੀਆਂ ਸਾਹਮਣੇ ਕੱਪੜੇ ਲਾਹੁਣ ਦੀ ਕੀਤੀ ਕੋਸ਼ਿਸ਼
- 3 ਵਿਅਕਤੀਆਂ ਖਿਲਾਫ ਮਾਮਲਾ ਦਰਜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਮਮਦੋਟ ਦੇ ਸਰਹੱਦੀ ਇਲਾਕੇ ਵਿੱਚ ਬੀ ਐੱਸ ਐੱਫ ਚੌਕੀ ਗੱਟੀ ਹਯਾਤ ਗੇਟ ਦੇ ਨਜ਼ਦੀਕ ਖੇਤ ਦੀ ਮੋਟਰ 'ਤੇ ਸ਼ਰਾਬ ਪੀਣ ਤੋਂ ਰੋਕਣ 'ਤੇ ਬੀ ਐੱਸ ਐੱਫ ਦੇ ਜਵਾਨਾਂ ਨਾਲ ਗਾਲ੍ਹੀ ਗਲੋਚ ਅਤੇ ਮਹਿਲਾ ਕਰਮਚਾਰੀਆਂ ਦੇ ਸਾਹਮਣੇ ਕੱਪੜੇ ਲਾਉਣ ਦੀ ਕੋਸ਼ਿਸ਼ ਕਰਨ ਦੇ ਦੋਸ਼ ਵਿੱਚ ਥਾਣਾ ਮਮਦੋਟ ਦੀ ਪੁਲਸ ਨੇ ਤਿੰਨ ਵਿਅਕਤੀਆਂ ਖਿਲਾਫ 132, 221, 351 ਬੀਐੱਨਐੱਸ ਤਹਿਤ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਗਹਿਣਾ ਰਾਮ ਨੇ ਦੱਸਿਆ ਕਿ 20 ਜੂਨ 2025 ਨੂੰ ਇਕ ਪੱਤਰ ਨੰਬਰ ਓ ਪੀ ਐੱਸ/ਈ ਸੀ ਓ ਵਾਈ/ਕੰਪਲੈਟ/2025/352 'ਈ' ਸੀਓਵਾਈ 115 ਬੀਐੱਨ ਬੀਐੱਸਐੱਸ ਬੀਓਪੀ ਗੱਟੀ ਹਯਾਤ ਜ਼ਿਲ੍ਹਾ ਫਿਰੋਜ਼ਪੁਰ ਵੱਲੋਂ ਇੰਸਪੈਕਟਰ ਜ਼ੈੱਡ ਨਿਗੋਗੀ ਸੀਓਵਾਈ ਕਮਾਂਡਰ ਮੌਸੂਲ ਥਾਣਾ ਹੋਇਆ ਕਿ ਜਰਨੈਲ ਸਿੰਘ ਪੁੱਤਰ ਸੁਬੇਗ ਸਿੰਘ, ਹਰਜਿੰਦਰ ਸਿੰਘ, ਦਿਲਬਾਗ ਸਿੰਘ ਵਾਸੀਅਨ ਚੱਕ ਭੰਗੇ ਵਾਲਾ ਥਾਣਾ ਮਮਦੋਟ ਬੀਐੱਸਐੱਫ ਚੌਕੀ ਗੱਟੀ ਹਯਾਤ ਗੇਟ ਦੇ ਨਜ਼ਦੀਕ ਆਪਣੇ ਖੇਤ ਵਿੱਚ ਲੱਗੀ ਮੋਟਰ 'ਤੇ ਸ਼ਰਾਬ ਪੀ ਰਹੇ ਸਨ, ਜਿਨ੍ਹਾਂ ਨੂੰ ਬੀ ਐੱਸ ਐੱਫ ਦੇ ਜਵਾਨਾਂ ਤੇ ਮਹਿਲਾ ਕਰਮਚਾਰੀਆਂ ਨੇ ਮੌਕੇ 'ਤੇ ਮੋਟਰ 'ਤੇ ਜਾ ਕੇ ਅਜਿਹਾ ਕਰਨ ਤੋਂ ਰੋਕਿਆ ਤਾਂ ਅੱਗੋਂ ਉਕਤ ਵਿਅਕਤੀ ਗਾਲੀ ਗਲੋਚ ਕਰਨ ਲੱਗ ਪਏ ਤੇ ਮਹਿਲਾ ਕਰਮਚਾਰੀਆਂ ਸਾਹਮਣੇ ਕੱਪੜੇ ਲਾਉਣ ਦੀ ਕੋਸ਼ਿਸ਼ ਕੀਤੀ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਗਹਿਣਾ ਰਾਮ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਦੋਸ਼ੀਆਨ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

## ਕੁਦਰਤੀ ਸੋਮਿਆਂ ਦੀ ਸੰਭਾਲ ਲਈ ਮੱਕੀ ਦੀ ਬਿਜਾਈ ਲਾਹੇਵੰਦ : ਮੁੱਖ ਖੇਤੀਬਾੜੀ ਅਫਸਰ

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਧਰਤੀ ਹੇਠਲੇ ਪਾਣੀ ਦੇ ਡਿੱਗਦੇ ਪੱਧਰ ਨੂੰ ਬਚਾਉਣ ਲਈ ਪੰਜਾਬ ਸਰਕਾਰ ਵੱਲੋਂ ਫਸਲੀ ਵਿਭਿੰਨਤਾ ਸਕੀਮ ਤਹਿਤ ਮੱਕੀ ਦੀ ਬਿਜਾਈ ਕਰਨ ਵਾਲੇ ਕਿਸਾਨਾਂ ਨੂੰ ਵਿਸ਼ੇਸ਼ ਵਿੱਤੀ ਸਹਾਇਤਾ ਦਿੱਤੀ ਜਾਵੇਗੀ।ਇਹ ਜਾਣਕਾਰੀ ਦਿੰਦਿਆਂ ਡਾ. ਗੁਰਨਾਮ ਸਿੰਘ, ਮੁੱਖ ਖੇਤੀਬਾੜੀ ਅਫਸਰ ਨੇ ਦੱਸਿਆ ਕਿ ਕੁਦਰਤੀ ਸੋਮਿਆਂ ਦੀ ਸੰਭਾਲ ਲਈ ਸਾਉਣੀ ਰੁੱਤ ਦੀ ਮੱਕੀ ਦੀ ਕਾਸ਼ਤ ਲਾਹੇਵੰਦ ਹੈ।ਉਨ੍ਹਾਂ ਕਿਹਾ ਕਿ ਸਾਉਣੀ 2025 ਦੌਰਾਨ ਜਿਹੜੇ ਕਿਸਾਨ ਝੋਨੇ ਦੀ ਥਾਂ ਮੱਕੀ ਦੀ ਕਾਸ਼ਤ ਕਰਨਗੇ, ਉਨ੍ਹਾਂ ਨੂੰ ਮੱਕੀ ਦੇ ਬੀਜ ਤੇ ਹੋਰ ਇੰਨਪੁਟਸ ਖ੍ਰੀਦਣ ਲਈ ਵਿਸ਼ੇਸ਼ ਸਹਾਇਤਾ ਦਿੱਤੀ ਜਾਵੇਗੀ।ਇਸ ਤੋਂ ਇਲਾਵਾ ਸਹਾਇਤਾ ਦੇ ਤੌਰ 'ਤੇ ਕੁਝ ਰਾਸ਼ੀ ਲਾਭਪਾਤਰੀ ਕਿਸਾਨਾਂ ਨੂੰ ਵਿੱਤੀ ਸਹਾਇਤਾ ਵਜੋਂ ਦਿੱਤੀ ਜਾਵੇਗੀ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਆਪਣੇ ਨੇੜਲੇ ਬਲਾਕ ਖੇਤੀਬਾੜੀ ਦਫਤਰ ਵਿਖੇ ਸੰਪਰਕ ਕਰਕੇ ਮੱਕੀ ਦੀਆਂ ਪ੍ਰਵਾਨਿਤ ਕਿਸਮਾਂ ਦੀ ਸੂਚੀ ਪ੍ਰਾਪਤ ਕੀਤੀ ਜਾ ਸਕਦੀ ਹੈ।ਮੱਕੀ ਦੇ ਬੀਜ, ਕੀਟਨਾਸ਼ਕ ਤੇ ਸੂਖਮ ਤੱਤ ਖਾਦਾਂ ਦੀ ਖਰੀਦ ਕਰਨ ਸਮੇਂ ਬਿਲ ਜ਼ਰੂਰ ਪ੍ਰਾਪਤ ਕੀਤੇ ਜਾਣ।ਇਨ੍ਹਾਂ ਬਿਲਾਂ ਦੇ ਅਧਾਰ 'ਤੇ ਹੀ ਕਿਸਾਨ ਇਸ ਸਕੀਮ ਦਾ ਲਾਭ ਲੈਣ ਦਾ ਹੱਕਦਾਰ ਹੋਵੇਗਾ।ਮੁੱਖ ਖੇਤੀਬਾੜੀ ਅਫਸਰ ਨੇ ਦੱਸਿਆ ਕਿ ਝੋਨੇ ਦੇ ਮੁਕਾਬਲੇ ਮੱਕੀ ਦੀ ਫਸਲ ਨੂੰ ਪਾਣੀ ਦੀ ਘੱਟ ਲੋੜ ਪੈਂਦੀ ਹੈ।ਉਨ੍ਹਾਂ ਕਿਹਾ ਕਿ ਅੱਜ ਕੀਤੀ ਪਾਣੀ ਦੀ ਬੱਚਤ, ਆਉਣ ਵਾਲੀਆਂ ਪੀੜ੍ਹੀਆਂ ਲਈ ਵਰਦਾਨ ਸਾਬਿਤ ਹੋਵੇਗੀ।

## ਸਿਹਤ ਕੇਂਦਰ ਰਾਜਗੜ੍ਹ ਵਿਖੇ ਮਲੇਰੀਆ ਜਾਗਰੂਕਤਾ ਕੈਂਪ

**ਦੋਰਾਹਾ (ਹਰਮਿੰਦਰ ਸੇਠ)**-ਸਿਵਲ ਸਰਜਨ ਲੁਧਿਆਣਾ ਡਾਕਟਰ ਰਮਨਦੀਪ ਕੌਰ ਤੇ ਸੀਨੀਅਰ ਮੈਡੀਕਲ ਅਫਸਰ ਪਾਇਲ ਡਾਕਟਰ ਹਰਵਿੰਦਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਮਲੇਰੀਆ ਜਾਗਰੂਕਤਾ ਕੈਂਪ ਸਿਹਤ ਕੇਂਦਰ ਰਾਜਗੜ੍ਹ ਸੀ ਐੱਚ ਸੀ ਪਾਇਲ ਵਿਖੇ ਸਿਹਤ ਸੁਪਰਵਾਈਜ਼ਰ ਸੁਖਮਿੰਦਰ ਵੱਲੋਂ ਲਗਾਇਆ ਗਿਆ। ਡਾਕਟਰ ਹਰਵਿੰਦਰ ਸਿੰਘ ਐੱਸ ਐੱਮ ਓ ਪਾਇਲ ਨੇ ਦੱਸਿਆ ਕਿ ਸਿਹਤ ਵਿਭਾਗ ਵੱਲੋਂ ਹਰ ਸਾਲ ਮਹੀਨਾ ਜੂਨ ਐਂਟੀ-ਮਲੇਰੀਆ ਦੇ ਤੌਰ 'ਤੇ ਮਨਾਇਆ ਜਾਂਦਾ ਹੈ, ਜਿਸ ਦੌਰਾਨ ਹਰ ਪਿੰਡ ਤੇ ਸ਼ਹਿਰਾਂ ਵਿੱਚ ਜਾਗਰੂਕਤਾ ਕੈਂਪ ਲਗਾਏ ਜਾਂਦੇ ਹਨ।

ਭੱਠੇ, ਫੈਕਟਰੀਆਂ, ਸਲੱਮ ਏਰੀਆ 'ਚ ਫੀਵਰ ਸਰਵੇ ਕਰਾਇਆ ਜਾਂਦਾ ਹੈ।ਕੈਂਪ ਦੌਰਾਨ ਸਿਹਤ ਸੁਪਰਵਾਈਜ਼ਰ ਸੁਖਮਿੰਦਰ ਸਿੰਘ ਨੇ ਦੱਸਿਆ ਕਿ ਇਹ ਬੁਖਾਰ ਮਾਦਾ ਐਨਾਫਲੀਜ਼ ਮੱਛਰ ਦੇ ਕੱਟਣ ਨਾਲ ਹੁੰਦਾ ਹੈ ਅਤੇ ਖੜੇ ਪਾਣੀ ਉੱਪਰ ਪਲਦਾ ਹੈ।

ਇਸ ਦਾ ਇਲਾਜ ਤੇ ਟੈਸਟ ਸਾਰੇ ਸਰਕਾਰੀ ਹਸਪਤਾਲਾਂ ਵਿੱਚ ਮੁਫਤ ਹੁੰਦਾ ਹੈ, ਕੋਈ ਬੁਖਾਰ ਮਲੇਰੀਆ ਹੋ ਸਕਦਾ ਹੈ, ਤੁਰੰਤ ਨੇੜੇ ਦੇ ਸਿਹਤ ਕੇਂਦਰ ਤੋਂ ਜਾਂਚ ਕਰਵਾਈ ਜਾਵੇ। ਕੈਂਪ ਦੌਰਾਨ ਪੰਚਾਇਤ ਮੈਂਬਰ ਹਰਪ੍ਰੀਤ ਸਿੰਘ ਮੈਂਬਰ, ਕੇਵਲ ਸਿੰਘ, ਸੁਖਵਿੰਦਰ ਕੌਰ ਚੇਅਰਪਰਸਨ ਪੇਂਡੂ ਸਿਹਤ ਸਫ਼ਾਈ ਕਮੇਟੀ ਰਾਜਗੜ੍ਹ, ਸਵਰਨ ਸਿੰਘ, ਚਰਨਜੀਤ ਕੌਰ, ਸੁਖਜੀਤ ਕੌਰ, ਸਤਵੀਰ ਕੌਰ, ਆਂਗਨਵਾੜੀ ਵਰਕਰ ਚਰਨਪ੍ਰੀਤ ਕੌਰ ਤੇ ਆਸ਼ਾ ਵਰਕਰ ਪਰਮਜੀਤ ਕੌਰ, ਜਸਵਿੰਦਰ ਕੌਰ ਤੇ ਜਸਵੀਰ ਕੌਰ ਨੇ ਭਾਗ ਲਿਆ।ਪੰਚਾਇਤ ਮੈਂਬਰ ਹਰਪ੍ਰੀਤ ਸਿੰਘ ਵੱਲੋਂ ਸਿਹਤ ਵਿਭਾਗ ਦਾ ਜਾਗਰੂਤਾ ਕੈਂਪ ਲਗਵਾਉਣ ਸਬੰਧੀ ਧੰਨਵਾਦ ਕੀਤਾ ਗਿਆ।

# ਲੁਧਿਆਣਾ ਜ਼ਿਮਨੀ ਚੋਣ ਦੇ ਨਤੀਜਿਆਂ ਤੋਂ ਸਬਕ ਲਵੇ ਲੀਡਰਸ਼ਿਪ : ਮੱਖਣ ਬਰਾੜ



**ਮੋਗਾ (ਇਕਬਾਲ ਸਿੰਘ ਖਹਿਰਾ)**

ਹਾਲ ਹੀ 'ਚ ਹੋਈ ਹਲਕਾ ਲੁਧਿਆਣਾ ਵੈਸਟ ਦੀ ਜ਼ਿਮਨੀ ਚੋਣ ਦੇ ਨਤੀਜਿਆਂ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਚੌਥੇ ਸਥਾਨ 'ਤੇ ਰਹਿਣ ਤੇ ਜ਼ਮਾਨਤ ਜ਼ਬਤ ਹੋਣ 'ਤੇ ਸਿਆਸੀ ਮਾਹਰਾਂ ਅਤੇ ਪਾਰਟੀ ਦੇ ਅੰਦਰ ਦੋਵੇਂ ਪੱਖਾਂ ਵਿੱਚ ਚਿੰਤਾਵਾਂ ਪੈਦਾ ਕਰ ਦਿੱਤੀਆਂ ਹਨ।ਇਸ ਨਤੀਜੇ ਨੂੰ ਲੈ ਕੇ ਹੁਣ ਪਾਰਟੀ ਦੇ ਹੀ ਆਗੂਆਂ ਵੱਲੋਂ ਸੀਨੀਅਰ ਲੀਡਰਸ਼ਿਪ ਦੇ ਨਿਰਣਿਆਂ 'ਤੇ ਇੱਕ ਵਾਰ ਸਵਾਲ ਚੁੱਕੇ ਜਾ ਰਹੇ ਹਨ।ਇਸ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਬਰਜਿੰਦਰ ਸਿੰਘ ਮੱਖਣ ਬਰਾੜ ਨੇ ਇਕ ਵੱਡਾ ਬਿਆਨ ਜਾਰੀ ਕਰਦਿਆਂ ਕਿਹਾ ਕਿ ਜਿਹੜਾ ਖਲਾਅ ਅੱਜ ਪਾਰਟੀ ਦੇ ਅੰਦਰ ਬਣਿਆ ਹੈ, ਉਹ ਸਿੱਧਾ ਲੀਡਰਸ਼ਿਪ ਵਿੱਚ ਤਬਦੀਲੀ ਨਾ ਕਰਨ ਕਰਕੇ ਪੈਦਾ ਹੋਇਆ ਹੈ।ਕਈ ਵਰਕਰ ਤੇ ਹਮਦਰਦ ਵੋਟਰ ਨਾਰਾਜ਼ ਹੋ ਚੁੱਕੇ ਹਨ।ਉਨ੍ਹਾਂ ਨੇ ਇਸ਼ਾਰਾ ਦਿੱਤਾ ਕਿ ਪਾਰਟੀ ਦੇ ਅੰਦਰ ਸੀਨੀਅਰ ਲੀਡਰਸ਼ਿਪ ਨੇ ਹਾਲਾਤਾਂ ਨੂੰ ਸਮਝਣ 'ਚ ਦੇਰੀ ਕੀਤੀ ਹੈ ਤੇ ਅਜੇ ਵੀ ਜੇ ਲੀਡਰਸ਼ਿਪ ਨੇ ਜ਼ਮੀਨੀ ਹਕੀਕਤ ਨੂੰ ਨਾ ਸਮਝਿਆ ਤਾਂ ਸਥਿਤੀ ਹੋਰ ਵੀ ਵਿਗੜ ਸਕਦੀ ਹੈ।ਉਨ੍ਹਾਂ ਕਿਹਾ ਕਿ ਅਸੀਂ ਹਮੇਸ਼ਾ ਅਕਾਲੀ ਦਲ ਨੂੰ ਇਕ ਨੀਤੀਕ ਅਦਾਰੇ ਵਜੋਂ ਵੇਖਿਆ ਹੈ, ਪਰ ਅੱਜ ਜਿਹੜਾ ਨਿਰਣੇ ਤੰਤ੍ਰ ਹੈ, ਉਹ ਜ਼ਮੀਨੀ ਵਰਕਰਾਂ ਦੀ ਅਵਾਜ਼ ਤੋਂ ਵੱਖ ਹੋ ਗਿਆ ਹੈ।ਬਰਜਿੰਦਰ ਸਿੰਘ ਬਰਾੜ ਨੇ ਇਹ ਵੀ ਕਿਹਾ ਕਿ ਜੇਕਰ ਪਾਰਟੀ ਨੇ ਅਜੇ ਵੀ ਸਮੇਂ ਸਿਰ ਸੁਧਾਰ ਨਾ ਕੀਤਾ ਤਾਂ ਪਾਰਟੀ ਆਪਣੀਆਂ ਜੜ੍ਹਾਂ ਤੋਂ ਹਟਦੀ ਜਾਵੇਗੀ।

ਉਨ੍ਹਾਂ ਨੇ ਵਿਸ਼ੇਸ਼ ਤੌਰ 'ਤੇ ਉਨ੍ਹਾਂ ਨੌਜਵਾਨਾਂ ਤੇ ਸਮਰਥਕਾਂ ਦੀ ਨਾਰਾਜ਼ਗੀ ਦਾ ਜ਼ਿਕਰ ਕੀਤਾ, ਜੋ ਹਮੇਸ਼ਾ ਅਕਾਲੀ ਦਲ ਦੇ ਨਾਲ ਵੱਧ ਚੜ੍ਹ ਕੇ ਸ਼ਾਮਲ ਰਹੇ ਹਨ, ਪਰ ਅੱਜ ਖਾਮੋਸ਼ ਹੋ ਗਏ ਹਨ।ਲੁਧਿਆਣਾ ਵੈਸਟ ਚੋਣ ਦੇ ਨਤੀਜੇ ਸਿਰਫ ਇੱਕ ਹਾਰ ਨਹੀਂ, ਸਗੋਂ ਇੱਕ ਚੇਤਾਵਨੀ ਵਜੋਂ ਵੇਖੀ ਜਾ ਰਹੀ ਹੈ।ਅਜਿਹੇ ਵਿੱਚ ਪਾਰਟੀ ਲੀਡਰਸ਼ਿਪ ਵੱਲੋਂ ਜੇਕਰ ਨਵੇਂ ਢੰਗ ਨਾਲ ਸੋਚ ਨਾ ਕੀਤੀ ਗਈ, ਤਾਂ ਆਉਣ ਵਾਲੇ ਦਿਨ ਪਾਰਟੀ ਲਈ ਹੋਰ ਮੁਸ਼ਕਲਾਂ ਲੈ ਕੇ ਆ ਸਕਦੇ ਹਨ।ਇਸ ਦੌਰਾਨ ਬਰਜਿੰਦਰ ਸਿੰਘ ਮੱਖਣ ਬਰਾੜ ਨੇ ਕਿਹਾ ਕਿ ਅਜੇ ਵੀ ਲੀਡਰਸ਼ਿਪ ਕੋਲ ਸ਼ਮ੍ਹਾਂ ਹੈ ਕਿ ਸ੍ਰੀ ਅਕਾਲ ਤਖਤ ਸਾਹਿਬ ਦੇ ਆਦੇਸ਼ਾਂ 'ਤੇ ਹੋ ਰਹੀ ਭਰਤੀ ਅਨੁਸਾਰ ਮੈਂਬਰਸ਼ਿਪ ਦਾ ਹਿੱਸਾ ਬਣ ਕੇ ਲੀਡਰਸ਼ਿਪ ਵਿੱਚ ਤਬਦੀਲੀ ਕਰ ਲਈ ਜਾਵੇ ਤਾਂ ਜੋ 2027 ਵਿੱਚ ਪਾਰਟੀ ਨੂੰ ਚੰਗੇ ਨਤੀਜੇ ਦੇਖਣ ਨੂੰ ਮਿਲ ਸਕਣ।

# ਮਿਆਰੀ ਰਚਨਾਵਾਂ ਦੀ ਪੇਸ਼ਕਾਰੀ ਪੰਜਾਬੀ ਸਾਹਿਤ ਸਭਾ ਭੈਣੀ ਸਾਹਿਬ ਦੀ ਪਛਾਣ : ਢਿੱਲੋਂ



**ਸਮਰਾਲਾ (ਸੁਰਜੀਤ ਸਿੰਘ)**-ਪੰਜਾਬੀ ਸਾਹਿਤ ਸਭਾ ਸ੍ਰੀ ਭੈਣੀ ਸਾਹਿਬ ਵਿੱਚ ਸੰਜੀਦਾ ਲੇਖਕ ਭਾਗ ਲੈਂਦੇ ਹਨ ਤੇ ਮੀਟਿੰਗਾਂ ਵਿੱਚ ਹਮੇਸ਼ਾ ਮਿਆਰੀ ਰਚਨਾਵਾਂ ਦੀ ਪੇਸ਼ਕਾਰੀ ਹੁੰਦੀ ਹੈ, ਜਿਸ ਕਾਰਨ ਇਸ ਸਾਹਿਤ ਸਭਾ ਦੀ ਇੱਕ ਵਿਲੱਖਣ ਪਛਾਣ ਬਣੀ ਹੋਈ ਹੈ।ਇਹ ਵਿਚਾਰ ਸਾਹਿਤ ਸਭਾ ਦੇ ਪ੍ਰਧਾਨ ਗੁਰਸੇਵਕ ਸਿੰਘ ਢਿੱਲੋਂ ਨੇ ਇਸ ਪੱਤਰਕਾਰ ਨਾਲ ਗੱਲ ਕਰਦਿਆਂ ਪ੍ਰਗਟ ਕੀਤੇ।ਉਨ੍ਹਾਂ ਕਿਹਾ ਕਿ ਬੇਸ਼ੱਕ ਸਭਾ ਵਿੱਚ ਨਵੇਂ ਲੇਖਕ ਵੀ ਆਪਣੀਆਂ ਰਚਨਾਵਾਂ ਪੇਸ਼ ਕਰਦੇ ਹਨ।ਉਨ੍ਹਾਂ ਦੀਆਂ ਰਚਨਾਵਾਂ ਤੇ ਉਸਾਰੂ ਬਹਿਸ ਵੀ ਹੁੰਦੀ ਹੈ, ਪਰ ਨਵੇਂ ਲੇਖਕਾਂ ਦੀ ਹੌਸਲਾ ਅਫ਼ਜ਼ਾਈ ਕਰਨ ਲਈ ਸਥਾਪਤ ਲੇਖਕਾਂ ਵੱਲੋਂ ਉਨ੍ਹਾਂ ਨੂੰ ਭਾਸ਼ਾ ਵਿਗਿਆਨਕ ਨਜ਼ਰੀਏ ਨਾਲ ਪੰਜਾਬੀ ਭਾਸ਼ਾ ਦੇ ਸ਼ਬਦਾਂ ਦੀ ਸਹੀ ਵਰਤੋਂ ਤੇ ਲਿਖਣ ਦੇ ਗੁਰ ਸਿਖਾਏ ਜਾਂਦੇ ਹਨ।ਉਨ੍ਹਾਂ ਕਿਹਾ ਕਿ ਨਵੇਂ ਲੇਖਕਾਂ ਨੂੰ ਲਿਖਣ ਦੇ ਨਾਲ ਨਾਲ ਸਾਹਿਤ ਦਾ ਗੰਭੀਰ ਅਧਿਐਨ ਅਤੇ ਚਿੰਤਨ ਕਰਨ ਦਾ ਮਸ਼ਵਰਾ ਦਿੱਤਾ ਜਾਂਦਾ ਹੈ, ਤਾਂ ਜੁ ਉਹ ਵੱਧ ਤੋਂ ਵੱਧ ਚੰਗਾ ਸਾਹਿਤ ਪੜ੍ਹ ਕੇ ਸਭਾ ਦੀ ਮਾਸਿਕ ਮੀਟਿੰਗਾਂ ਵਿਚ ਆਉਣ।ਗੁਰਸੇਵਕ ਸਿੰਘ ਢਿੱਲੋਂ ਨੇ ਇਸ ਵਾਰ ਦੀ ਮਾਸਿਕ ਮੀਟਿੰਗ ਵਿੱਚ ਹਾਜ਼ਰ ਹੋਏ ਲੇਖਕਾਂ ਵੱਲੋਂ ਪੇਸ਼ ਕੀਤੀਆਂ ਰਚਨਾਵਾਂ ਦਾ ਵੇਰਵਾ ਦਿੰਦਿਆਂ ਦੱਸਿਆ ਕਿ ਰਚਨਾਵਾਂ ਦੇ ਦੌਰ ਵਿੱਚ ਕਵੀਸ਼ਰ ਪ੍ਰੀਤ ਸੰਦਲ ਮਕਸੂਦੜਾ, ਸੁਖਵਿੰਦਰ ਭਾਦਲਾ ਨੇ ਮਿੰਨ੍ਹੀ ਕਹਾਣੀ, ਜਸਵੀਰ ਸਿੰਘ ਝੱਜ ਨੇ ਗ਼ਜ਼ਲ, ਕਮਲਜੀਤ ਸਿੰਘ ਨੀਲੋਂ ਨੇ ਕਹਾਣੀ, ਸੁਖਦੇਵ ਸਿੰਘ ਕੁੱਕੂ ਘਲੋਟੀ, ਅਵਤਾਰ ਸਿੰਘ ਓਟਲਾਂ ਲਖਬੀਰ ਸਿੰਘ ਲਭਾ, ਜਗਦੇਵ ਮਕਸੂਦੜਾ, ਮਨਦੀਪ ਸਿੰਘ, ਹਰਬੰਸ ਸਿੰਘ ਰਾਏ ਨੇ ਗੀਤ ਪੇਸ਼ ਕੀਤੇ।

ਇਸੇ ਤਰ੍ਹਾਂ ਬਲਵੰਤ ਸਿੰਘ ਵਿਰਕ, ਨੇਤਰ ਸਿੰਘ ਮੁੱਤੋਂ, ਇੰਦਰਜੀਤ ਕੌਰ ਲੋਟੇ, ਹਜ਼ਾਰਾ ਸਿੰਘ ਮੰਡ, ਮਨਜੀਤ ਸਿੰਘ ਰਾਗੀ, ਬਲਵਿੰਦਰ ਸਿੰਘ ਆਦਿ ਨੇ ਗੀਤ ਪੇਸ਼ ਕੀਤੇ।ਗ਼ਜ਼ਲਗੋ ਜੋਰਾਵਰ ਸਿੰਘ ਪੰਛੀ ਨੇ 'ਪਾਣੀ ਦਾ ਕਰਮੰਡਲ' ਝੋਕ ਛੰਦ ਤੇ ਪੰਜਾਬੀ ਸਾਹਿਤ ਸਭਾ ਦੇ ਪ੍ਰਧਾਨ ਗੁਰਸੇਵਕ ਸਿੰਘ ਢਿੱਲੋਂ ਨੇ ਆਪਣੀ ਪਾਕਿਸਤਾਨ ਫੇਰੀ ਦੌਰਾਨ ਇਕੱਤਰ ਕੀਤੇ ਦਿਲਚਸਪ ਅਨੁਭਵ 'ਪਾਕਿਸਤਾਨ ਸਫਰਨਾਮਾ' ਦੀ ਲੜੀ ਵਜੋਂ ਹਾਜ਼ਰ ਲੇਖਕਾਂ ਦੀ ਨਜ਼ਰ ਕੀਤਾ।ਹਰਸ਼ਦੀਪ ਸਿੰਘ ਨੇ ਗੁਰੂ ਦੀ ਸਿਫ਼ਤ ਵਿਚ ਸ਼ਿਅਰ ਪੇਸ਼ ਕੀਤੇ।ਪੜ੍ਹੀਆਂ ਸੁਣੀਆਂ ਰਚਨਾਵਾਂ ਤੇ ਗੁਰਸੇਵਕ ਸਿੰਘ ਢਿੱਲੋਂ, ਪ੍ਰੀਤ ਸੰਦਲ ਮਕਸੂਦੜਾ, ਜਸਵੀਰ ਸਿੰਘ ਝੱਜ, ਕਹਾਣੀਕਾਰ ਤਰਨ ਸਿੰਘ ਬੱਲ, ਜ਼ੋਰਾਵਰ ਸਿੰਘ ਪੰਛੀ, ਨੇਤਰ ਸਿੰਘ ਮੁੱਤੋਂ ਤੇ ਹਾਜ਼ਰ ਸ਼ਾਇਰਾਂ ਨੇ ਉਸਾਰੂ ਵਿਚਾਰ ਚਰਚਾ ਕੀਤੀ।ਮੀਟਿੰਗ ਦੀ ਕਾਰਵਾਈ ਜਨਰਲ ਸਕੱਤਰ ਜਗਵੀਰ ਸਿੰਘ ਵਿੱਕੀ ਨੇ ਖੂਬਸੂਰਤ ਅੰਦਾਜ਼ ਨਾਲ ਚਲਾਈ।ਗੁਰਸੇਵਕ ਸਿੰਘ ਢਿੱਲੋਂ ਨੇ ਹਾਜ਼ਰ ਸ਼ਾਇਰਾਂ ਦਾ ਧੰਨਵਾਦ ਕੀਤਾ।

## ਲੜਕੀ ਤੋਂ ਪਰਸ ਖੋਹ ਕੇ ਭੱਜਣ ਵਾਲਾ ਪੁਲਸ ਅੜਿੱਕੇ

**ਬਰੇਟਾ (ਰੀਤਵਾਲ)**-ਸਥਾਨਕ ਡੀ ਏ ਵੀ ਸਕੂਲ ਦੇ ਨਜ਼ਦੀਕ ਜਾ ਰਹੀਆਂ ਦੋ ਨੌਜਵਾਨ ਲੜਕੀਆਂ ਵਿੱਚੋਂ ਇੱਕ ਲੜਕੀ ਦੇ ਹੱਥ ਵਿੱਚ ਫੜੇ ਪਰਸ ਨੂੰ ਚੋਰ ਲੁੱਟ ਕੇ ਫ਼ਰਾਰ ਹੋ ਗਿਆ ਤਾਂ ਮੌਕੇ 'ਤੇ ਗਸ਼ਤ ਕਰ ਰਹੀ ਬਰੇਟਾ ਪੁਲਸ ਨੇ ਚੋਰ ਨੂੰ ਕਾਬੂ ਕਰ ਲਿਆ।ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਮੁਨਸ਼ੀ ਜਗਵਿੰਦਰ ਸਿੰਘ ਨੇ ਦੱਸਿਆ ਕਿ ਸੋਮਵਾਰ ਦੀ ਸ਼ਾਮ 6.30 ਦੇ ਕਰੀਬ ਦੋ ਲੜਕੀਆਂ ਡੀ.ਏ.ਵੀ. ਸਕੂਲ ਵਾਲੀ ਸਾਇਡ ਤੋਂ ਬਾਜ਼ਾਰ ਵੱਲ ਜਾ ਰਹੀਆਂ ਸਨ ਤਾਂ ਇੱਕ ਨੌਜਵਾਨ ਆਇਆ, ਜਿਸ ਨੇ ਆਪਣਾ ਮੂੰਹ ਲਪੇਟ ਰੱਖਿਆ ਸੀ ਤੇ ਇੱਕ ਲੜਕੀ ਦੇ ਹੱਥ ਵਿੱਚੋਂ ਪਰਸ ਖੋਹ ਕੇ ਭੱਜਣ ਲੱਗਾ, ਜਿਸ 'ਤੇ ਸਾਡੀ ਨਜ਼ਰ ਪਈ ਅਤੇ ਅਸੀਂ ਉਸ ਪਿੱਛੇ ਗੱਡੀ ਲਗਾ ਲਈ ਅਤੇ ਥੋੜ੍ਹੀ ਹੀ ਦੂਰੀ 'ਤੇ ਜਾ ਕੇ ਚੋਰ ਨੂੰ ਕਾਬੂ ਕਰ ਲਿਆ।ਉਨ੍ਹਾਂ ਕਿਹਾ ਕਿ ਮੁਲਜ਼ਮ ਦੀ ਪਛਾਣ ਸੰਦੀਪ ਸਿੰਘ ਵਜੋਂ ਹੋਈ ਹੈ।ਪੁਲਸ ਨੇ ਲੜਕੀ ਦਾ ਪਰਸ ਬਰਾਮਦ ਕਰਕੇ ਉਸ ਨੂੰ ਵਾਪਸ ਦਿਵਾਇਆ ਤੇ ਆਰੋਪੀ ਵਿਰੁੱਧ ਅਗਲੀ ਕਾਰਵਾਈ ਆਰੰਭ ਦਿੱਤੀ ਹੈ।


## LOVELY PROFESSIONAL UNIVERSITY

Jalandhar-Delhi G.T. Road. Phagwara, Distt. Kapurthala, Punjab (India) - 144411

### CORRIGENDUM

Certain updations/modifications, clarifications and rectifications with respect to provisions contained in the Prospectus 2025 and other publications related to the admission and allied matters of the regular mode programmes of the University have been made, which may or may not be covered in any information material or publication issued by the University; and therefore are listed below for the information of all the concerned:

1. There are certain updations in important dates, fees and scholarship amounts for Type-A, Type-B and Type-C programmes. For updated details, refer to the University website (under the head Admissions i.e. https://www.lpu.in/admission/ ).
2. Diploma (Engg.) AI and ML, B.Tech (CSE - Fintech and AI), B.Tech. (CSE - Augmented Reality and Virtual Reality), B.Sc. (Economics), Integrated B.A. - B.Ed., Integrated B.Sc. - B.Ed., MBA (Pharmaceutical Management), M.A. (Clinical Psychology), Ph.D. Hindi (Full Time), Ph.D. (Part Time), Ph.D. Hindi (Full Time), Ph.D. Hindi (Part Time), Ph.D. Forensic Sciences (Full Time), Ph.D. Forensic Sciences (Part Time) programmes are also offered for the session 2025-2026. For eligibility and other details, refer to the University website (under the head Admissions i.e. https://www.lpu.in/admission/).
3. Eligibility of B.Sc. (Hons.)/(Hons with Research) Economics, B.Sc. (Optometry), MCA, MCA (Hons.) (Data Science), MCA (Hons.) (Artificial Intelligence and Machine Learning), MCA (Hons.) (Cyber Security), M.Tech. (Machine Learning and Artificial Intelligence), B.Sc. (Dialysis Therapy Technology and Dialysis Therapy), B.Sc. (Medical Radiology and Imaging Technology) has been updated and for details, refer to the university website (under the head Admissions i.e. https://www.lpu.in/admission/).
4. The duration of the programme Integrated BBA - MBA wherever mentioned as 4 Years should be read as 5 Years.
5. The nomenclature and duration of certain programmes is rectified as under: -
   - BBA (Hons.) (3 Years) should be read as BBA (Hons.)/ (Hons. with Research) (4 Years);
   - B.Com. (Hons.) (3 Years) should be read as B.Com. (Hons.)/ (Hons. with Research) (4 Years);
   - B.Sc. (Hons.) Economics (3 Years) should be read as B.Sc. (Hons.)/ (Hons with Research) Economics (4 Years) and
   - B.A. (Hons.) (3 Years) should be read as B.A. (Hons.)/ (Hons. with Research) (4 Years).
6. The nomenclature of certain programmes is rectified as under: -
   - B.Tech. (CSE - Cloud Computing) should be read as B.Tech. (CSE - Cloud Computing and Gen AI);
   - B.Sc. (Hons.) Dialysis Technology should be read as B.Sc. (Dialysis Therapy Technology and Dialysis Therapy);
   - B.Sc. (Hons.) Radio Image Technology should be read as B.Sc. (Medical Radiology and Imaging Technology);
   - B.Sc. (Hons.) Cardiovascular Technology should be read as B.Sc. Cardiovascular Technology;
   - B.Sc. (Hons.) Respiratory Therapy should be read as B.Sc. Respiratory Therapy;
   - B.Sc. (Operation Theatre and Anaesthesia Technology) should be read as B.Sc. (Anaesthesia and Operation Theatre Technology);
   - BBA (Hons.) should be read as BBA (Industry Integrated);
   - B.Com. (Hons.) should be read as B.Com. (Industry Integrated);
   - BCA (Hons.) (Cyber Security) should be read as BCA (Cyber Security);
   - B.Sc. (Hons.) (Computer Science - Cyber Security) should be read as B.Sc. (Computer Science - Cyber Security);
   - B.Sc. (Hons.) Food Technology should be read as B.Sc. (Hons.)/ (Hons with Research) Food Technology;
   - B.Sc. (Hons.) Biotechnology should be read as B.Sc. (Hons.)/ (Hons with Research) Biotechnology;
   - B.Sc. (Hons.) Microbiology should be read as B.Sc. (Hons.)/(Hons with Research) Microbiology;
   - B.Sc. (Hons.) Zoology should be read as B.Sc. (Hons.)/ (Hons with Research) Zoology;
   - B.Sc. (Hons.) Physics should be read as B.Sc. (Hons.)/ (Hons with Research) Physics;
   - B.Sc. (Hons.) Chemistry should be read as B.Sc. (Hons.)/ (Hons with Research) Chemistry;
   - B.Sc. (Hons.) Mathematics should be read as B.Sc. (Hons.)/ (Hons with Research) Mathematics;
   - B.Sc. (Hons.) Forensic Sciences should be read as B.Sc. (Hons.)/ (Hons with Research) Forensic Sciences;
   - Bachelor of Social Work (Hons.) should be read as Bachelor of Social Work (Hons.)/ (Hons with Research);
   - M.A. (Public Policy and Public Administration) should be read as M.A. (Public Administration) and
   - M.A. (Clinical Psychology) should be read as M.A. (Applied Clinical Psychology).
7. In case of payments pertaining to the Programme Fee, Transport Charges, Parking Charges and Indoor Stadium Charges the remittance shall be made in favour of "LOVELY FACULTY OF TECHNOLOGY AND SCIECNES" OR "LOVELY FACULTY OF BUSINESS AND ARTS" OR "LOVELY FACULTY OF APPLIED MEDICAL SCIENCES" as mentioned in the Programmes Details in Part-B of Prospectus-2025.
8. In case of payments related to the Residential Fee (Residence), Mess Charges, Laundry Charges and Gym Facility Charges the remittance shall be made in favour of "PRO BRICK SPACE PRIVATE LIMITED"

For more details, contact at th e University Campus or visit the University website (under the head Admissions i.e. https://www.lpu.in/admission/).

Registrar

## ਵਿਧਾਇਕ ਸ਼ੈਰੀ ਕਲਸੀ ਨੇ ਲੋਕ ਮਿਲਣੀ 'ਚ ਲੋਕਾਂ ਦੀਆਂ ਮੁਸ਼ਕਿਲਾਂ ਸੁਣੀਆਂ



ਬਟਾਲਾ, ਜੂਨ (ਡਾ. ਮਲਵਿੰਦਰ ਸਿੰਘ)-ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਬਟਾਲਾ ਦੇ ਨੌਜਵਾਨ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਲੋਕ ਮਿਲਣੀ ਦੌਰਾਨ ਲੋਕਾਂ ਦੀਆਂ ਮੁਸ਼ਕਿਲਾਂ ਸੁਣਨ ਉਪਰੰਤ ਕਿਹਾ ਕਿ ਵਿਧਾਨ ਸਭਾ ਹਲਕਾ ਬਟਾਲਾ ਦਾ ਸਰਬਪੱਖੀ ਵਿਕਾਸ ਉਨ੍ਹਾਂ ਦੀ ਪਹਿਲੀ ਤਰਜੀਹ ਹੈ ਅਤੇ ਲਗਾਤਾਰ ਹਲਕੇ ਦੇ ਵਿਕਾਸ ਕੰਮਾਂ ਲਈ ਉਹ ਜਤਨਸ਼ੀਲ ਹਨ। ਉਨ੍ਹਾਂ ਕਿਹਾ ਕਿ ਬਟਾਲਾ ਹਲਕਾ ਵਾਸੀਆਂ ਨੇ ਜੋ ਜ਼ਿੰਮੇਵਾਰੀ ਉਨ੍ਹਾਂ ਨੂੰ ਸੌਂਪੀ ਹੈ, ਉਹ ਦਿਨ-ਰਾਤ ਲੋਕਾਂ ਦੀ ਸੇਵਾ ਵਿਚ ਹਾਜ਼ਰ ਹਨ ਅਤੇ ਲੋਕਾਂ ਦੀਆਂ ਮੰਗਾਂ ਨੂੰ ਪੂਰਾ ਕੀਤਾ ਜਾ ਰਿਹਾ ਹੈ ਅਤੇ ਲੋਕਾਂ ਨੂੰ ਮਿਲ ਕੇ ਉਨ੍ਹਾਂ ਦੀਆਂ ਦੁੱਖ-ਤਕਲੀਫਾਂ ਦੂਰ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਹਲਕੇ ਦੇ ਪਿੰਡਾਂ ਵਿੱਚ ਗੰਦੇ ਪਾਣੀ ਦੀ ਨਿਕਾਸੀ ਲਈ ਛੱਪੜਾਂ ਦੇ ਨਵੀਨੀਕਰਨ ਦਾ ਕੰਮ ਚੱਲ ਰਿਹਾ ਹੈ। ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਕਰਨ ਦੇ ਮੰਤਵ ਨਾਲ ਖੇਡ ਮੈਦਾਨ ਉਸਾਰੇ ਜਾ ਰਹੇ ਹਨ। ਖੂਬਸੂਰਤ ਪਾਰਕਾਂ ਉਸਾਰੀਆਂ ਜਾ ਰਹੀਆਂ ਹਨ। ਸਟਰੀਟ ਲਾਈਟਾਂ ਲਗਾਈਆਂ ਗਈਆਂ ਹਨ ਅਤੇ ਗਲੀਆਂ ਤੇ ਡੇਰਿਆਂ ਦੇ ਰਸਤੇ ਪੱਕੇ ਕੀਤੇ ਗਏ ਗਏ ਹਨ। ਬਟਾਲਾ ਸ਼ਹਿਰ ਦੇ ਵਿਕਾਸ ਕਾਰਜਾਂ ਦੀ ਗੱਲ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਲੋਕਾਂ ਦੀ ਆਵਾਜਾਈ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਸ਼ਹਿਰ ਵਿਚਲੀਆਂ ਸੜਕਾਂ ਅਤੇ ਚੌਕਾਂ ਨੂੰ ਚੌੜਾ ਕੀਤਾ ਗਿਆ ਹੈ, ਖੂਬਸੂਰਤ ਦਿੱਖ ਦਿੱਤੀ ਗਈ ਹੈ। ਇੱਕ ਛੱਤ ਹੇਠਾਂ ਵੱਖ-ਵੱਖ ਸਹੂਲਤਾਂ ਦੇਣ ਦੇ ਮਕਸਦ ਨਾਲ ਨਵੇਂ ਤਹਿਸੀਲ ਕੰਪਲੈਕਸ ਦੀ ਉਸਾਰੀ ਕਰਵਾਈ ਗਈ ਹੈ, ਜਿਸ ਦਾ ਜਲਦ ਉਦਘਾਟਨ ਕੀਤਾ ਜਾ ਰਿਹਾ ਹੈ। ਸ਼ਹਿਰ ਵਿੱਚ ਲਾਇਬ੍ਰੇਰੀ ਦੀ ਇਮਾਰਤ ਜਿਸਦੀ ਹਾਲਤ ਬਹੁਤ ਖਸਤਾ ਸੀ, ਉਸ ਦੀ ਨਵੀਂ ਇਮਾਰਤ ਉਸਾਰੀ ਗਈ ਹੈ। ਸੁੱਖਾ ਸਿੰਘ-ਮਹਿਤਾਬ ਸਿੰਘ ਚੌਕ ਵਿਖੇ ਸ਼ਾਨਦਾਰ ਕਲਾਕ ਟਾਵਰ ਲਗਾਉਣ ਲਈ ਉਸਾਰੀ ਦਾ ਕੰਮ ਚੱਲ ਰਿਹਾ ਹੈ। ਸ਼ਹਿਰ ਦੀਆਂ ਵੱਖ-ਵੱਖ ਵਾਰਡਾਂ ਵਿੱਚ ਗਲੀਆਂ ਦੇ ਨਿਰਮਾਣ ਕਾਰਜ ਚੱਲ ਰਹੇ ਹਨ ਅਤੇ ਜਿਨ੍ਹਾਂ ਵਾਰਡਾਂ ਵਿੱਚ ਗਲੀਆਂ ਬਣਾਉਣ ਦਾ ਕੰਮ ਰਹਿ ਗਿਆ ਹੈ, ਉਥੇ ਵੀ ਜਲਦ ਹੋ ਜਾਵੇਗਾ।

## ਢੋਟੀਆਂ ਦੇ ਮੋਬਾਇਲ ਚੋਰਾਂ ਨੂੰ ਨਾ ਫੜਿਆ ਤਾਂ ਪੁਲਸ ਚੌਕੀ ਨੌਸ਼ਹਿਰਾ ਪੰਨੂੰਆਂ ਧਰਨਾ ਦੇਵਾਂਗੇ : ਦਦੇਹਰ ਸਾਹਿਬ



ਚੋਹਲਾ ਸਾਹਿਬ (ਰਮਨ ਚੱਢਾ)-ਭਾਰਤ ਦੀ ਕਮਿਊਨਿਸਟ ਪਾਰਟੀ ਦੇ ਬਲਾਕ ਸਕੱਤਰ ਕਾਮਰੇਡ ਬਲਵਿੰਦਰ ਸਿੰਘ ਦਦੇਹਰ ਸਾਹਿਬ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਰਸਤੇ ਜਾਂਦਿਆਂ ਨਾਲ ਗੁੰਡਾਗਰਦੀ ਦਾ ਨੰਗਾ ਨਾਚ ਹੋ ਰਿਹਾ ਹੈ ਅਤੇ ਚੋਰੀਆਂ ਵਿੱਚ ਲਗਾਤਾਰ ਵਾਧਾ ਹੋ ਰਿਹਾ। ਇਹ ਸਭ ਪੁਲਸ ਦੀ ਢਿੱਲੀ ਕਾਰਗੁਜ਼ਾਰੀ ਕਰਕੇ ਹੋ ਰਿਹਾ ਹੈ ਜਿਸ ਦੀ ਤਾਜ਼ਾ ਮਿਸਾਲ ਪਿੰਡ ਢੋਟੀਆਂ ਤੋਂ ਮਿਲਦੀ ਹੈ ਜਿੱਥੇ ਮੋਬਾਇਲ ਚੋਰੀ ਹੋਏ ਹਨ। 16-17 ਜੂਨ ਨੂੰ ਕਾਮਰੇਡ ਜਤਿੰਦਰ ਸਿੰਘ ਢੋਟੀਆਂ ਤੇ ਹੋਰ ਪੰਚਾਇਤ ਮੈਂਬਰਾਂ ਨੇ ਨੌਸ਼ਹਿਰਾ ਪੰਨੂੰਆਂ ਚੌਕੀ ਵਿਖੇ ਦਰਖਾਸਤ ਵੀ ਦਿੱਤੀ ਹੈ ਅਤੇ ਚੋਰਾਂ ਦੇ ਨਾਮ ਵੀ ਦੱਸੇ ਹਨ ਪਰ ਪੁਲਸ ਨੇ ਚੋਰਾਂ ਨੂੰ ਤਾਂ ਕੀ ਫੜਨਾ, ਅਜੇ ਤੱਕ ਪੁਲਸ ਮੌਕਾ ਵੇਖਣ ਵੀ ਨਹੀਂ ਆਈ। ਇਸੇ ਤਰ੍ਹਾਂ ਥਾਣਾ ਸਰਹਾਲੀ ਕਲਾਂ ਤੇ ਥਾਣਾ ਚੋਹਲਾ ਵਿਖੇ ਲਗਾਤਾਰ ਵਾਰਦਾਤਾਂ ਹੋ ਰਹੀਆਂ ਹਨ। ਪੁਲਸ ਕਿਸੇ ਵੀ ਥਾਂ ਮੌਕਾ ਵੇਖਣ ਨਹੀਂ ਆ ਰਹੀ। ਜੇ ਪੁਲਸ ਦੀ ਇਸੇ ਤਰ੍ਹਾਂ ਢਿੱਲੀ ਕਾਰਗੁਜ਼ਾਰੀ ਚੱਲਦੀ ਰਹੀ, ਚੋਰਾਂ ਨੂੰ ਗ੍ਰਿਫਤਾਰ ਨਾ ਕੀਤਾ 30 ਜੂਨ ਨੂੰ ਨੌਸ਼ਹਿਰਾ ਪੰਨੂੰਆਂ ਚੌਕੀ ਦਾ ਘਰਾਓ ਕੀਤਾ ਜਾਵੇਗਾ।ਇਸ ਆਮ ਲੋਕਾਂ ਨਾਲ ਸਲਾਹ ਕਰਕੇ ਥਾਣਾ ਸਰਹਾਲੀ ਕਲਾਂ ਅਤੇ ਥਾਣਾ ਚੋਹਲਾ ਸਾਹਿਬ ਦਾ ਵੀ ਜ਼ਬਰਦਸਤ ਘਿਰਾਓ ਕੀਤਾ ਜਾਵੇਗਾ।ਪ੍ਰੈੱਸ ਨੂੰ ਜਾਣਕਾਰੀ ਦੇਣ ਮੌਕੇ ਸਰਬ ਭਾਰਤ ਨੌਜਵਾਨ ਸਭਾ ਦੇ ਆਗੂ ਜਤਿੰਦਰ ਸਿੰਘ ਢੋਟੀਆਂ, ਪੰਚਾਇਤ ਮੈਂਬਰ ਕਾਮਰੇਡ ਸੇਵਾ ਸਿੰਘ ਦਦੇਹਰ ਸਾਹਿਬ ਤੇ ਬੀਬੀ ਰਮਨਪ੍ਰੀਤ ਕੌਰ ਸਿਮਰਨ ਹਾਜ਼ਰ ਸਨ।

## ਵਿਰਾਸਤੀ ਮੰਚ ਬਟਾਲਾ ਵੱਲੋਂ 29 ਜੂਨ ਨੂੰ ਮਨਾਈ ਜਾਵੇਗੀ ਮਹਾਰਾਜਾ ਰਣਜੀਤ ਸਿੰਘ ਦੀ 186ਵੀਂ ਬਰਸੀ



ਗੁਰਦਾਸਪੁਰ (ਦਿਨੇਸ਼ ਕੁਮਾਰ)-ਵਿਰਾਸਤੀ ਮੰਚ ਬਟਾਲਾ ਵੱਲੋਂ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਗੁਰਦੁਆਰਾ ਕਮੇਟੀ ਦੀਨਾਨਗਰ, ਬਾਬਾ ਸ੍ਰੀ ਚੰਦ ਜੀ ਸੇਵਾ ਸੁਸਾਇਟੀ ਅਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ 29 ਜੂਨ ਨੂੰ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਗੁਰਦੁਆਰਾ ਦੀਨਾਨਗਰ ਵਿਖੇ ਮਹਾਰਾਜਾ ਰਣਜੀਤ ਸਿੰਘ ਦੀ 186ਵੀਂ ਬਰਸੀ ਪੂਰੀ ਸ਼ਰਧਾ ਭਾਵਨਾ ਨਾਲ ਮਨਾਈ ਜਾਵੇਗੀ।ਬਰਸੀ ਸਮਾਗਮ ਦੀਆਂ ਤਿਆਰੀਆਂ ਸਬੰਧੀ ਅੱਜ ਮਹਾਰਾਜਾ ਰਣਜੀਤ ਸਿੰਘ ਯਾਦਗਾਰੀ ਗੁਰਦੁਆਰਾ ਦੀਨਾਨਗਰ ਵਿਖੇ ਇੱਕ ਅਹਿਮ ਮੀਟਿੰਗ ਕੀਤੀ ਗਈ ਜਿਸ ਵਿੱਚ ਵਿਰਾਸਤੀ ਮੰਚ ਬਟਾਲਾ ਦੇ ਚੇਅਰਮੈਨ ਐਡ. ਐੱਚ. ਐੱਸ. ਮਾਂਗਟ, ਪ੍ਰਧਾਨ ਬਲਦੇਵ ਸਿੰਘ ਰੰਧਾਵਾ, ਸ਼ਮਸ਼ੇਰ ਸਿੰਘ ਮੱਲ੍ਹੀ, ਉੱਘੇ ਆਗੂ ਜਥੇਦਾਰ ਨਰਿੰਦਰ ਸਿੰਘ ਬਾੜਾ, ਗੁਰਦੁਆਰਾ ਕਮੇਟੀ ਪ੍ਰਧਾਨ ਕੈਪਟਨ ਅਜੀਤ ਸਿੰਘ, ਮੈਨੇਜਰ ਲਖਵਿੰਦਰ ਸਿੰਘ, ਇੰਦਰਜੀਤ ਸਿੰਘ ਹਰਪੁਰਾ, ਬਲਕਾਰ ਸਿੰਘ, ਗੁਰਦੀਪ ਸਿੰਘ ਕੋਠੇ ਘੱਟੇ, ਮਨਪ੍ਰੀਤ ਸਿੰਘ ਬਾਜਵਾ, ਜਰਨੈਲ ਸਿੰਘ, ਕਰਮਜੀਤ ਕੌਰ, ਕੁਲਦੀਪ ਕੌਰ, ਗੁਰਵਿੰਦਰ ਕੌਰ, ਚਰਨਜੀਤ ਕੌਰ, ਰਜਿੰਦਰ ਸਿੰਘ, ਤਰਸੇਮ ਸਿੰਘ, ਬਲਵਿੰਦਰ ਸਿੰਘ ਸਿੱਧੂ ਵੀ ਹਾਜ਼ਰ ਸਨ।ਮੀਟਿੰਗ ਦੌਰਾਨ ਹੋਏ ਫੈਸਲੇ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਵਿਰਾਸਤੀ ਮੰਚ ਬਟਾਲਾ ਦੇ ਪ੍ਰਧਾਨ ਬਲਦੇਵ ਸਿੰਘ ਰੰਧਾਵਾ ਨੇ ਦੱਸਿਆ ਕਿ 27 ਜੂਨ ਨੂੰ ਸਵੇਰੇ 8:00 ਵਜੇ ਗੁਰਦੁਆਰਾ ਯਾਦਗਾਰ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੀ ਆਰੰਭਤਾ ਕੀਤੀ ਜਾਵੇਗੀ।

ਉਨ੍ਹਾਂ ਦੱਸਿਆ ਕਿ 29 ਜੂਨ ਨੂੰ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪੈਣਗੇ ਜਿਸ ਉਪਰੰਤ ਕੀਰਤਨੀ ਜਥੇ ਵੱਲੋਂ ਇਲਾਹੀ ਬਾਣੀ ਦਾ ਗੁਣਗਾਨ ਕੀਤਾ ਜਾਵੇਗਾ।ਇਸ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਢਾਡੀ ਜਥੇ ਵੱਲੋਂ ਮਹਾਰਾਜਾ ਰਣਜੀਤ ਸਿੰਘ ਦੇ ਜੀਵਨ ਬਾਰੇ ਪ੍ਰਸੰਗ ਪੇਸ਼ ਕੀਤੇ ਜਾਣਗੇ। ਪ੍ਰਧਾਨ ਬਲਦੇਵ ਸਿੰਘ ਰੰਧਾਵਾ ਨੇ ਕਿਹਾ ਕਿ ਇਸ ਉਪਰੰਤ ਵੱਖ-ਵੱਖ ਵਿਦਵਾਨਾਂ ਤੇ ਬੁਲਾਰਿਆਂ ਵੱਲੋਂ ਮਹਾਰਾਜਾ ਰਣਜੀਤ ਸਿੰਘ ਦੇ ਜੀਵਨ ਅਤੇ ਪ੍ਰਾਪਤੀਆਂ ਬਾਰੇ ਚਾਨਣਾ ਪਾਇਆ ਜਾਵੇਗਾ।ਇਸ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤੇਗਾ। ਵਿਰਾਸਤੀ ਮੰਚ ਬਟਾਲਾ ਦੇ ਪ੍ਰਧਾਨ ਸ. ਬਲਦੇਵ ਸਿੰਘ ਨੇ ਕਿਹਾ ਕਿ ਇਹ ਸਾਰਾ ਪ੍ਰੋਗਰਾਮ ਗੁਰਦੁਆਰਾ ਯਾਦਗਾਰ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਅਤੇ ਦੀਨਾਨਗਰ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਕੀਤਾ ਜਾਵੇਗਾ।ਉਨ੍ਹਾਂ ਸਮੂਹ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ 29 ਜੂਨ ਨੂੰ ਸਵੇਰੇ 10:00 ਵਜੇ ਗੁਰਦੁਆਰਾ ਯਾਦਗਾਰ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ, ਦੀਨਾਨਗਰ ਵਿਖੇ ਆਪਣੀ ਹਾਜ਼ਰੀ ਜ਼ਰੂਰ ਭਰਨ।

## ਮਲੇਰੀਆ, ਡੇਂਗੂ ਤੇ ਚਿਕਨਗੁਨੀਆ ਬੁਖਾਰ ਸੰਬੰਧੀ ਲੋਕਾਂ ਨੂੰ ਕੀਤਾ ਜਾਗਰੂਕ



**ਮਜੀਠਾ (ਸੋਇਮ ਆਨੰਦ)**-ਪੰਜਾਬ ਵਿਚ ਆਉਣ ਵਾਲੇ ਦਿਨਾਂ ਵਿਚ ਬਰਸਾਤਾਂ ਦੇ ਸ਼ੁਰੂ ਹੋਣ ਤੇ ਮਲੇਰੀਆ, ਡੇਂਗੂ ਅਤੇ ਚਿਕਨਗੁਨੀਆ ਬੁਖਾਰ ਦੇ ਸੰਭਾਵੀ ਖਤਰੇ ਨੂੰ ਵੇਖਦੇ ਹੋਏ ਪੰਜਾਬ ਸਰਕਾਰ ਦੇ ਸਿਹਤ ਵਿਭਾਗ ਵੱਲੋਂ ਇਨ੍ਹਾਂ ਬਿਮਾਰੀਆਂ ਦੀ ਰੋਕਥਾਮ ਲਈ ਵਿਸ਼ੇਸ਼ ਜਾਗਰੂਕਤਾ ਮੁਹਿੰਮ ਚਲਾਈ ਗਈ ਹੈ ਜਿਸ ਦੇ ਤਹਿਤ ਕਮਿਊਨਿਟੀ ਸਿਹਤ ਕੇਂਦਰ ਮਜੀਠਾ ਵਿਖੇ ਵੀ ਸੀਨੀਅਰ ਮੈਡੀਕਲ ਅਫਸਰ ਡਾ: ਸਤਨਾਮ ਸਿੰਘ ਗਿੱਲ ਦੀ ਅਗਵਾਈ ਵਿਚ ਸਿਹਤ ਕਰਮੀਆਂ ਅਤੇ ਐੱਸਬੀਐੱਸ ਨਰਸਿੰਗ ਕਾਲਜ ਦੇ ਸਿਖਿਆਰਥੀਆਂ ਦੀ ਸਹਾਇਤਾ ਨਾਲ ਮਜੀਠਾ ਸ਼ਹਿਰ ਅਤੇ ਆਸ ਪਾਸ ਪਿੰਡਾਂ ਵਿਚ ਜਾਗਰੂਕਤਾ ਮੁਹਿੰਮ ਚਲਾਈ ਗਈ ਹੈ।ਇੰਸਪੈਕਟਰ ਰਾਧੇ ਸ਼ਾਮ ਦੀ ਅਗਵਾਈ ਵਿਚ ਬਣਾਈਆਂ ਗਈਆਂ ਵੱਖ-ਵੱਖ ਟੀਮਾਂ ਵੱਲੋਂ ਸ਼ਹਿਰ ਮਜੀਠਾ ਅਤੇ ਲਾਗੇ ਪਿੰਡਾਂ ਵਿਚ ਜਾ ਕੇ ਖਾਲੀ ਪਲਾਟਾਂ ਅਤੇ ਘਰਾਂ/ਦੁਕਾਨਾਂ ਅਤੇ ਸਲੱਮ ਏਰੀਏ ਵਿਚ ਜਾ ਕੇ ਚੈੱਕ ਕੀਤਾ ਗਿਆ ਕਿ ਕਿਧਰੇ ਖਾਲੀ ਜਗ੍ਹਾ, ਟੋਇਆਂ ਜਾਂ ਘਰਾਂ ਵਿਚ ਪਏ ਖਾਲੀ ਫਾਲਤੂ ਸਾਮਾਨ ਵਿਚ ਸਾਫ ਪਾਣੀ ਤਾਂ ਨਹੀਂ ਖੜ੍ਹ ਹੋਇਆ।ਲੋਕਾਂ ਨੂੰ ਇਨ੍ਹਾਂ ਟੀਮ ਮੈਂਬਰਾਂ ਵੱਲੋਂ ਜਾਗਰੂਕ ਕੀਤਾ ਜਾ ਰਿਹਾ ਹੈ ਕਿ ਘਰਾਂ ਵਿਚ ਪਏ ਕੂਲਰਾਂ, ਗਮਲਿਆਂ ਅਤੇ ਫਰਿੱਜਾਂ ਦੀਆਂ ਟਰੇਆਂ ਵਿਚ ਖੜੇ ਪਾਣੀ ਨੂੰ ਹਫਤੇ ਵਿਚ ਇੱਕ ਵਾਰ ਜ਼ਰੂਰ ਸਾਫ ਕਰਕੇ ਸੁਕਾਇਆ ਜਾਵੇ।ਛੱਤਾਂ ਤੇ ਰੱਖੀਆਂ ਟੈਂਕੀਆਂ ਦੇ ਢੱਕਣਾਂ ਨੂੰ ਚੰਗੀ ਤਰ੍ਹਾਂ ਬੰਦ ਕੀਤਾ ਜਾਵੇ, ਘਰਾਂ ਦੇ ਆਲੇ-ਦੁਆਲੇ ਪਾਣੀ ਖੜ੍ਹਾ ਨਾ ਹੋਣ ਦਿੱਤਾ ਜਾਵੇ, ਪਾਣੀ ਵਿਚ ਹਫਤੇ ਵਿਚ ਇੱਕ ਵਾਰ ਸੜਿਆ ਕਾਲਾ ਤੇਲ ਜਾਂ ਮਿੱਟੀ ਦਾ ਤੇਲ ਪਾ ਦਿੱਤਾ ਜਾਵੇ। ਦੱਸਿਆ ਗਿਆ ਕਿ ਇਹ ਮੱਛਰ ਦਿਨ ਵੇਲੇ ਕੱਟਦਾ ਹੈ।ਬੁਖਾਰ ਹੋਣ 'ਤੇ ਪੈਰਾਸਿਟਾਮੋਲ ਜਾਂ ਕਰੋਸਿਨ ਦੀ ਹੀ ਵਰਤੋਂ ਕੀਤੀ ਜਾਵੇ। ਸਰੀਰ ਨੂੰ ਢੱਕ ਕੇ ਘਰੋਂ ਬਾਹਰ ਨਿਕਲਿਆ ਜਾਵੇ, ਰਾਤ ਵਕਤ ਮੱਛਰ ਭਜਾਉਣ ਵਾਲੀਆਂ ਕਰੀਮਾਂ ਵਰਤੀਆਂ ਜਾਣ, ਮੱਛਰਦਾਨੀ ਦੀ ਵਰਤੋਂ ਕੀਤੀ ਜਾਵੇ। ਲੋੜ ਪੈਣ 'ਤੇ ਨੇੜੇ ਦੇ ਸਰਕਾਰੀ ਹਸਪਤਾਲ ਵਿਚ ਸੰਪਰਕ ਕੀਤਾ ਜਾਵੇ।ਮਲੇਰੀਆ, ਡੇਂਗੂ ਬੁਖਾਰ ਦੇ ਟੈਸਟ ਅਤੇ ਇਲਾਜ ਸਰਕਾਰੀ ਹਸਪਤਾਲਾਂ ਵਿਚ ਮੁਫਤ ਕੀਤਾ ਜਾਂਦਾ ਹੈ।ਇਸ ਮੌਕੇ ਸੀਨੀਅਰ ਮੈਡੀਕਲ ਅਫਸਰ ਡਾ: ਸਤਨਾਮ ਸਿੰਘ ਦੇ ਨਾਲ ਡਾ: ਰਾਜਬੀਰ ਸਿੰਘ, ਅਵਤਾਰ ਸਿੰਘ ਹੋਮਿਓਪੈਥਿਕ ਫਾਰਮਾਸਿਸਟ, ਰਾਧੇਸ਼ਾਮ ਇੰਸਪੈਕਟਰ, ਪੁਸ਼ਪਿੰਦਰ ਕੌਰ ਫਾਰਮਾਸਿਸਟ, ਹਰਮਨਜੋਤ ਸਿੰਘ ਅਧਿਆਪਕ ਐੱਸਬੀਐੱਸ ਨਰਸਿੰਗ ਕਾਲਜ, ਸਤਿੰਦਰ ਕੌਰ ਏਐੱਨਐੱਮ, ਸੀਮਾ ਕੁਮਾਰੀ ਅਤੇ ਅਮਨਪ੍ਰੀਤ ਕੌਰ ਆਸ਼ਾ ਵਰਕਰ ਅਤੇ ਕਾਲਜ ਦੇ ਵਿਦਿਆਰਥੀ ਵੀ ਹਾਜ਼ਰ ਸਨ।

## ਸ: ਗੁਰਪ੍ਰਤਾਪ ਸਿੰਘ ਦੀ ਸੀਨੀਅਰ ਸਹਾਇਕ ਵਜੋਂ ਤਰੱਕੀ



ਅੰਮ੍ਰਿਤਸਰ (ਜਗਦੀਸ਼ ਕਮਲੇਸ਼)-ਗੁਰਪ੍ਰਤਾਪ ਸਿੰਘ ਜੂਨੀਅਰ ਸਹਾਇਕ ਸਹਸ ਪੁਤਲੀਘਰ ਅੰਮ੍ਰਿਤਸਰ ਜਿਨ੍ਹਾਂ ਨੂੰ ਵਿਭਾਗ ਵੱਲੋਂ ਬਤੌਰ ਸੀਨੀਅਰ ਸਹਾਇਕ ਪਦਉੱਨਤੀ ਕਰਕੇ ਜ਼ਿਲਾ ਸਿੱਖਿਆ (ਸੈਸਿ) ਅੰਮ੍ਰਿਤਸਰ ਵਿਖੇ ਲਗਾਇਆ ਗਿਆ ਹੈ, ਨੂੰ 24 ਜੂਨ ਨੂੰ ਕੰਵਲਜੀਤ ਸਿੰਘ ਜ਼ਿਲ੍ਹਾ ਸਿੱਖਿਆ ਅਫਸਰ ਅੰਮ੍ਰਿਤਸਰ ਵੱਲੋਂ ਡਿਊਟੀ 'ਤੇ ਹਾਜ਼ਰ ਕਰਵਾਇਆ ਗਿਆ।

ਇਸ ਮੌਕੇ ਵਿਨੋਦ ਕਾਲੀਆ ਮੁੱਖ ਅਧਿਆਪਕ ਅਤੇ ਤਰਲੋਚਨ ਸਿੰਘ ਰਿਟਾ ਸੁਪਰਡੈਂਟ, ਸੁਖਦੇਵ ਸਿੰਘ, ਗੁਰਬਿੰਦਰ ਸਿੰਘ, ਗੁਰਪਾਲ ਸਿੰਘ, ਧਰਮਿੰਦਰ ਸਿੰਘ, ਬਿਕਰਮਜੀਤ ਸਿੰਘ, ਗੁਰਸੇਵਕ ਸਿੰਘ, ਮਨਦੀਪ ਸਿੰਘ, ਗੁਰਦੀਪ ਸਿੰਘ, ਹਰਪ੍ਰੀਤ ਸਿੰਘ, ਸਾਹਿਲ ਸਲਵਾਨ, ਨਿਤਿਨ ਕੁਮਾਰ, ਅਮਰਪ੍ਰੀਤ ਸਿੰਘ ਐੱਮ ਪੀ, ਬਲਜਿੰਦਰ ਸਿੰਘ, ਕੰਵਲਜੀਤ ਸਿੰਘ, ਰਾਜੀਵ ਦੱਤ, ਸੁਰਿੰਦਰ ਸਿੰਘ, ਕਪਿਲ ਵਰਮਾ, ਅਮਰਪ੍ਰੀਤ ਸਿੰਘ, ਦਿਲਬਾਗ਼ ਸਿੰਘ, ਹਰਬੰਸ ਸਿੰਘ, ਇੰਦਰ ਸਿੰਘ ਮਾਨ, ਬਲਬੀਰ ਸਿੰਘ ਝਾਮਕਾ, ਗੁਰਜੋਤ ਛੀਨਾ, ਗੁਰਦੀਪ ਸਿੰਘ, ਸਮੇਤ ਸਮੂਹ ਤਹਿਸੀਲ ਪ੍ਰਧਾਨ ਅਤੇ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਸਿ) ਅੰਮ੍ਰਿਤਸਰ ਦਾ ਸਾਰਾ ਸਟਾਫ ਮੌਕੇ 'ਤੇ ਹਾਜ਼ਰ ਸਨ ।ਸ. ਮਲਕੀਤ ਸਿੰਘ ਸੁਪਰਡੈਂਟ ਜੋ ਇਸ ਸਮੇਂ ਵਿਦੇਸ਼ ਛੁੱਟੀ 'ਤੇ ਹਨ, ਵੱਲੋਂ ਆਸਟ੍ਰੇਲੀਆ ਤੋਂ ਉਚੇਚੇ ਤੌਰ 'ਤੇ ਸ਼ੁਭਕਾਮਨਾਵਾਂ ਅਤੇ ਵਧਾਈਆਂ ਭੇਜੀਆਂ ਗਈਆਂ।

## ਜੀ ਐੱਨ ਡੀ ਯੂ ਨੇ ਯੂਕੈਟ-2025 ਦੇ ਨਤੀਜੇ ਐਲਾਨੇ

### * 26 ਜੂਨ ਨੂੰ ਸ਼ੁਰੂ ਹੋਵੇਗੀ ਕਾਊਂਸਲਿੰਗ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਵਾਈਸ ਚਾਂਸਲਰ ਪ੍ਰੋਫੈਸਰ ਡਾ. ਕਰਮਜੀਤ ਸਿੰਘ ਦੀ ਅਗਵਾਈ ਹੇਠ ਐਤਵਾਰ, 22 ਜੂਨ ਨੂੰ ਹੋਏ ਯੂਨੀਵਰਸਿਟੀ ਕਾਮਨ ਐਡਮਿਸ਼ਨ ਟੈਸਟ 2025 (ਯੂਕੈਟ-2025) ਦੇ ਨਤੀਜੇ ਮਹਿਜ਼ 24 ਘੰਟਿਆਂ ਦੇ ਰਿਕਾਰਡ ਸਮੇਂ 'ਚ ਐਲਾਨ ਦਿੱਤੇ ਹਨ।ਇਨ੍ਹਾਂ ਟੈਸਟਾਂ ਵਿੱਚ ਰਜਨੀਸ਼ ਕੁਮਾਰੀ ਪੁੱਤਰੀ ਰਜਿੰਦਰ ਸਿੰਘ (ਰੋਲ ਨੰਬਰ 31427) ਅਤੇ ਪ੍ਰਭਜੋਤ ਸਿੰਘ ਪੁੱਤਰ ਦਲਜੀਤ ਸਿੰਘ (ਰੋਲ ਨੰਬਰ 32578) ਨੇ 150 ਵਿੱਚੋਂ 113 ਅੰਕ ਪ੍ਰਾਪਤ ਕਰਕੇ ਸਾਂਝੇ ਰੂਪ ਵਿੱਚ ਪਹਿਲਾ ਸਥਾਨ ਹਾਸਲ ਕੀਤਾ।12 ਵਿਭਾਗਾਂ ਦੇ 14 ਕੋਰਸਾਂ ਲਈ ਹੋਏ ਯੂਕੈਟ-2025 ਲਈ 3796 ਅਰਜ਼ੀਆਂ ਪ੍ਰਾਪਤ ਹੋਈਆਂ ਸਨ, ਜਿਨ੍ਹਾਂ 'ਚੋਂ 3367 ਉਮੀਦਵਾਰਾਂ ਨੇ ਹਿੱਸਾ ਲਿਆ ਸੀ।ਇਸ ਪ੍ਰਕਿਰਿਆ ਨੂੰ ਕੋਆਰਡੀਨੇਟਰ ਡਾ. ਬਲਵਿੰਦਰ ਸਿੰਘ ਅਤੇ ਡਿਪਟੀ ਕੋਆਰਡੀਨੇਟਰ ਡਾ. ਵਿਕਰਮ ਤੇ ਡਾ. ਪੰਕਜ ਛਾਬੜਾ ਨੇ ਬਾਖੂਬੀ ਨੇਪਰੇ ਚਾੜ੍ਹਿਆ।ਡਾ. ਬਲਵਿੰਦਰ ਸਿੰਘ ਨੇ ਦੱਸਿਆ ਕਿ ਪੇਸ਼ ਕੀਤੇ ਗਏ ਕੋਰਸਾਂ 'ਚ ਮਾਸਟਰ ਆਫ਼ ਟੂਰਿਜ਼ਮ ਐਂਡ ਟਰੈਵਲ ਮੈਨੇਜਮੈਂਟ ਪੰਜ ਸਾਲਾ ਕੋਰਸ, ਮਾਸਟਰ ਆਫ਼ ਹੋਟਲ ਮੈਨੇਜਮੈਂਟ ਐਂਡ ਕੇਟਰਿੰਗ ਟੈਕਨਾਲੋਜੀ ਪੰਜ ਸਾਲਾ ਕੋਰਸ, ਐੱਮ. ਐੱਸਸੀ. ਕੰਪਿਊਟੇਸ਼ਨਲ ਸਟੈਟਿਸਟਿਕਸ ਡੇਟਾ ਐਨਾਲਿਟਿਕਸ ਪੰਜ ਸਾਲਾ ਕੋਰਸ, ਐੱਮ.ਏ. ਸੋਸ਼ਲ ਸਾਇੰਸਿਜ਼ (ਡਿਵੈਲਪਮੈਂਟ ਸਟੱਡੀਜ਼) ਪੰਜ ਸਾਲਾ ਕੋਰਸ, ਐੱਮ.ਏ. ਜਰਨਲਿਜ਼ਮ ਐਂਡ ਮਾਸ ਕਮਿਊਨੀਕੇਸ਼ਨ ਪੰਜ ਸਾਲਾ ਕੋਰਸ, ਐੱਮ.ਐੱਸਸੀ. ਫੈਸ਼ਨ ਡਿਜ਼ਾਈਨਿੰਗ ਪੰਜ ਸਾਲਾ ਕੋਰਸ, ਬੈਚਲਰ ਆਫ਼ ਡਿਜ਼ਾਈਨ (ਪ੍ਰੋਡਕਟ/ਐਨੀਮੇਸ਼ਨ ਐਂਡ ਗ੍ਰਾਫਿਕ ਡਿਜ਼ਾਈਨ) (ਇੰਟੀਰੀਅਰ), ਬੈਚਲਰ ਆਫ਼ ਬਿਜ਼ਨਸ ਐਡਮਿਨਿਸਟ੍ਰੇਸ਼ਨ (ਐਗਰੀ ਸਟੋਰੇਜ ਐਂਡ ਸਪਲਾਈ ਚੇਨ) (3 ਸਾਲ), ਐੱਮ.ਬੀ.ਏ.ਪੰਜ ਸਾਲਾ ਕੋਰਸ (ਡਿਊਲ ਸਪੈਸ਼ਲਾਈਜ਼ੇਸ਼ਨ ਸਹਿਤ), ਐੱਮ.ਕਾਮ (ਡੇਟਾ ਐਨਾਲਿਟਿਕਸ) ਪੰਜ ਸਾਲਾ ਕੋਰਸ, ਐੱਮ.ਕਾਮ ਪੰਜ ਸਾਲਾ ਕੋਰਸ, ਐੱਮ.ਐੱਸਸੀ. ਕੰਪਿਊਟੇਸ਼ਨਲ ਸਟੈਟਿਸਟਿਕਸ ਐਂਡ ਡੇਟਾ ਐਨਾਲਿਟਿਕਸ ਪੰਜ ਸਾਲਾ ਕੋਰਸ, ਅਤੇ ਐੱਮ.ਬੀ.ਏ. (ਫਾਈਨੈਂਸ) ਪੰਜ ਸਾਲਾ ਕੋਰਸ ਸ਼ਾਮਲ ਹਨ।ਉਨ੍ਹਾਂ ਦੱਸਿਆ ਕਿ ਅਰਜ਼ੀਆਂ ਦੀ ਆਖਰੀ ਮਿਤੀ 20 ਜੂਨ, 2025 ਸੀ ਅਤੇ ਕਾਊਂਸਲਿੰਗ 26 ਜੂਨ, 2025 ਤੋਂ ਸ਼ੁਰੂ ਹੋਵੇਗੀ।

## ਸੰਤ ਬਾਬਾ ਸੱਜਣ ਸਿੰਘ ਦਾ ਭਾਰਤ ਪਹੁੰਚਣ 'ਤੇ ਨਿੱਘਾ ਸਵਾਗਤ



ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)—ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਚਰਨ ਛੋਹ ਪ੍ਰਾਪਤ ਧਰਤੀ ਗੁਰਦੁਆਰਾ ਗੁਰੂ ਕੀ ਬੇਰ ਸਾਹਿਬ ਦੇ ਮੁੱਖ ਸੇਵਾਦਾਰ ਸੰਤ ਬਾਬਾ ਸੱਜਣ ਸਿੰਘ ਕੱਲ ਰਾਤ ਯੂ. ਕੇ. ਇੰਗਲੈਂਡ ਦੀ ਧਰਤੀ ਤੋਂ ਵਾਪਸ ਆ ਗਏ ਹਨ। ਉਨ੍ਹਾਂ ਦਾ ਉਨ੍ਹਾਂ ਦੇ ਸੇਵਕਾਂ ਦੁਆਰਾ ਸ੍ਰੀ ਗੁਰੂ ਰਾਮਦਾਸ ਇੰਟਰਨੈਸ਼ਨਲ ਹਵਾਈ ਅੱਡਾ ਅੰਮ੍ਰਿਤਸਰ ਵਿਖੇ ਪਹੁੰਚਣ 'ਤੇ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਨਿੰਦਰ ਸਿੰਘ ਭੋਏ ਬਾਬਾ ਜੱਸਾ ਸਿੰਘ, ਰਣਜੀਤ ਸਿੰਘ ਬਾਬੋਵਾਲ, ਪ੍ਰਿੰਸੀਪਲ ਗੁਰਸੇਵਕ ਸਿੰਘ, ਗਿਆਨ ਸਿੰਘ ਬੋਪਾਰਾਏ, ਜਗਰੂਪ ਸਿੰਘ ਬੋਪਾਰਾਏ, ਬਾਬਾ ਸੁੱਖਾ ਸਿੰਘ, ਤਲਜਿੰਦਰ ਸਿੰਘ ਬੋਪਾਰਾਏ, ਬਲਜਿੰਦਰ ਸਿੰਘ ਨਿਬਰਵਿੰਡ, ਬਾਬਾ ਰਾਜਾ, ਗੁਰਬਾਜ ਸਿੰਘ, ਜੋਬਨ ਬੁਲਾਰਾ, ਬਲਿਹਾਰ ਸਿੰਘ, ਅਵਤਾਰ ਸਿੰਘ ਬੋਪਾਰਾਏ, ਬਚਿੱਤਰ ਸਿੰਘ ਮੱਤੇਵਾਲ, ਗਰੰਥੀ ਸੁਲੱਖਣ ਸਿੰਘ, ਨਿਰਵੈਲ ਸਿੰਘ ਬੁਲਾਰਾ ਗੁਰਮੁਖ ਸਿੰਘ ਬੁਲਾਰਾ ਅਤੇ ਅੰਮ੍ਰਿਤਪਾਲ ਸਿੰਘ ਆਦਿ ਹਾਜ਼ਰ ਸਨ।

## ਐੱਨ ਸੀ ਸੀ ਨੇਵਲ ਕੈਡੇਟਾਂ ਨੇ ਟ੍ਰੇਨਿੰਗ ਕੈਂਪ ਦੌਰਾਨ ਰਣਜੀਤ ਸਾਗਰ ਡੈਮ 'ਚ ਕੀਤਾ ਬੋਟ ਪੁਲਿੰਗ ਦਾ ਅਭਿਆਸ



ਪਠਾਨਕੋਟ (ਦਵਿੰਦਰ ਸਿੰਘ)-ਪ੍ਰਤਾਪ ਵਰਲਡ ਸਕੂਲ ਪਠਾਨਕੋਟ ਵਿੱਚ ਆਯੋਜਿਤ 10 ਦਿਨਾ ਰਿਹਾਇਸ਼ੀ ਸਾਲਾਨਾ ਟ੍ਰੇਨਿੰਗ ਕੈਂਪ ਦੇ ਦੌਰਾਨ ਐੱਨਸੀਸੀ ਨੇਵਲ ਕੈਡੇਟਾਂ (ਐੱਸਡੀ/ਐੱਸਡਬਲਯੂ ਸ਼੍ਰੇਣੀ) ਨੇ ਰਣਜੀਤ ਸਾਗਰ ਡੈਮ ਝੀਲ ਦੇ ਸੁੰਦਰ ਮਾਹੌਲ ਵਿੱਚ ਬੋਟ ਪੁਲਿੰਗ ਗਤੀਵਿਧੀ ਵਿੱਚ ਹਿੱਸਾ ਲੈ ਕੇ ਟੀਮ ਵਰਕ ਅਤੇ ਸਹਿਣਸ਼ੀਲਤਾ ਦਾ ਅਨੁਸ਼ਾਸਿਤ ਅਤੇ ਊਰਜਾਵਾਨ ਪ੍ਰਦਰਸ਼ਨ ਕੀਤਾ।ਕੈਡੇਟਾਂ ਨੂੰ ਰੋਜ਼ਾਨਾ ਪੀ. ਡਬਲਯੂ. ਐੱਸ. ਸਕੂਲ ਦੀਆਂ ਬੱਸਾਂ ਰਾਹੀਂ ਡੈਮ 'ਤੇ ਲਿਜਾਇਆ ਜਾਂਦਾ ਹੈ, ਜਿੱਥੇ ਉਹ ਦੋ ਫਾਰਮੈਟਾਂ 5+1 ਅਤੇ 10+1 ਕਰੂ ਸ਼੍ਰੇਣੀਆਂ—ਵਿੱਚ ਬੋਟ ਪੁਲਿੰਗ ਦਾ ਅਭਿਆਸ ਕਰਦੇ ਹਨ।ਇਹ ਗਤੀਵਿਧੀ ਕੈਡੇਟਾਂ ਵਿੱਚ ਸਰੀਰਕ ਸਮਰੱਥਾ, ਤਾਲਮੇਲ ਅਤੇ ਸਭ ਤੋਂ ਮਹੱਤਵਪੂਰਨ, ਟੀਮ ਸਪਿਰਟ ਵਰਗੇ ਮੁੱਖ ਮੁੱਲਾਂ ਨੂੰ ਵਿਕਸਿਤ ਕਰਨ ਲਈ ਤਿਆਰ ਕੀਤੀ ਗਈ ਹੈ। ਇਹ ਬੋਟ ਪੁਲਿੰਗ ਅਭਿਆਸ ਸਿਰਫ਼ ਇੱਕ ਸਰੀਰਕ ਗਤੀਵਿਧੀ ਨਹੀਂ ਹੈ, ਬਲਕਿ ਇਹ ਤਾਲਮੇਲ ਅਤੇ ਅਨੁਸ਼ਾਸਨ ਦੀ ਪਰੀਖਿਆ ਹੈ ਜੋ ਕਿ ਨੇਵੀ ਫੋਰਸ ਲਈ ਜ਼ਰੂਰੀ ਗੁਣ ਹਨ।ਕਮਾਂਡਿੰਗ ਅਫ਼ਸਰ ਕਮਾਂਡਰ ਐੱਨ. ਨਿਸ਼ਾਂਤ ਨੇ ਕਿਹਾ ਕਿ ਅਸੀਂ ਹਰੇਕ ਕੈਡੇਟ ਦੀ ਲਗਨ ਅਤੇ ਜੋਸ਼ 'ਤੇ ਮਾਣ ਮਹਿਸੂਸ ਕਰਦੇ ਹਾਂ।ਪ੍ਰਤਾਪ ਵਰਲਡ ਸਕੂਲ ਦੇ ਡਾਇਰੈਕਟਰ ਸੰਨੀ ਮਹਾਜਨ ਨੇ ਕਿਹਾ ਕਿ ਬੋਟ ਪੁਲਿੰਗ ਵਰਗੀਆਂ ਅਸਲ ਟ੍ਰੇਨਿੰਗ ਗਤੀਵਿਧੀਆਂ ਪ੍ਰਦਾਨ ਕਰਕੇ ਅਸੀਂ ਇਹ ਸੁਨਿਸ਼ਚਿਤ ਕਰਦੇ ਹਾਂ ਕਿ ਸਾਡੇ ਕੈਡੇਟ ਨਾ ਸਿਰਫ਼ ਵਿਅਕਤੀਗਤ ਤੌਰ 'ਤੇ ਸਗੋਂ ਭਵਿੱਖ ਦੇ ਉਹ ਨੇਤਾ ਵੀ ਬਣਨ ਜੋ ਸਹਿਯੋਗ ਅਤੇ ਦ੍ਰਿੜ੍ਹਤਾ ਦੇ ਮਹੱਤਵ ਨੂੰ ਸਮਝਦੇ ਹੋਣ।ਪ੍ਰਿੰਸੀਪਲ ਸ਼ੁਭਰਾ ਰਾਣੀ ਨੇ ਇਸ ਗਤੀਵਿਧੀ ਦੇ ਵਿਕਾਸਮੂਲਕ ਲਾਭਾਂ 'ਤੇ ਰੌਸ਼ਨੀ ਪਾਉਂਦਿਆਂ ਕਿਹਾ ਕਿ ਇਸ ਤਰ੍ਹਾਂ ਦੀਆਂ ਗਤੀਵਿਧੀਆਂ ਕੈਡੇਟਾਂ ਦੇ ਸਰਬਪੱਖੀ ਵਿਕਾਸ ਵਿੱਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਇਹ ਸਹਿਣਸ਼ੀਲਤਾ ਨੂੰ ਵਧਾਉਂਦੀਆਂ ਹਨ, ਧਿਆਨ ਨੂੰ ਤਿੱਖਾ ਕਰਦੀਆਂ ਹਨ ਅਤੇ ਮਾਨਸਿਕ ਮਜ਼ਬੂਤੀ ਨੂੰ ਉਤਸ਼ਾਹਿਤ ਕਰਦੀਆਂ ਹਨ।ਸਕੂਲ ਅਤੇ ਐੱਨਸੀਸੀ ਯੂਨਿਟ ਦੀ ਤਰਫ਼ੋਂ ਵੀਰੇਂਦਰ ਸਿੰਘ, ਮੁੱਖ ਇੰਜੀਨੀਅਰ ਰਣਜੀਤ ਸਾਗਰ ਡੈਮ ਅਤੇ ਆਦਿਤ ਉਪਲ, ਆਈਏਐੱਸ ਡਿਪਟੀ ਕਮਿਸ਼ਨਰ ਪਠਾਨਕੋਟ ਦਾ ਇਸ ਗਤੀਵਿਧੀ ਨੂੰ ਸਫਲਤਾਪੂਰਵਕ ਸੰਚਾਲਿਤ ਕਰਵਾਉਣ ਵਿੱਚ ਉਨ੍ਹਾਂ ਦੇ ਅਨਮੋਲ ਸਹਿਯੋਗ ਅਤੇ ਮਾਰਗਦਰਸ਼ਨ ਲਈ ਦਿਲੋਂ ਧੰਨਵਾਦ ਵੀ ਕੀਤਾ ਗਿਆ।

## ਲੁਧਿਆਣਾ ਤੇ ਗੁਜਰਾਤ ਜ਼ਿਮਨੀ ਚੋਣ 'ਚ 'ਆਪ' ਦੀ ਜਿੱਤ ਲੋਕਾਂ ਦੇ ਭਰੋਸੇ ਦੀ ਜਿੱਤ ਹੈ : ਬੂਟਾ ਮਸੀਹ



ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਲੁਧਿਆਣਾ ਦੇ ਹਲਕਾ ਵਿਧਾਨ ਸਭਾ ਪੱਛਮੀ ਦੀ ਜ਼ਿਮਨੀ ਚੋਣ 'ਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਸੰਜੀਵ ਅਰੋੜਾ ਅਤੇ ਗੁਜਰਾਤ ਦੇ ਇਟਾਲੀਆ ਗੋਪਾਲ ਨੂੰ ਮਿਲੀ ਜਿੱਤ ਤੋਂ ਬਾਅਦ ਵਿਧਾਨ ਸਭਾ ਹਲਕਾ ਬਟਾਲਾ ਅਧੀਨ ਪੈਂਦੇ ਕ੍ਰਿਸਚੀਅਨ ਪੱਤੀ ਪਿੰਡ ਉੱਚਾ ਠੀਕਰੀਵਾਲ ਵਿਖੇ ਪਿੰਡ ਦੇ ਸਰਪੰਚ ਬੂਟਾ ਮਸੀਹ ਦੇ ਵੱਲੋਂ ਆਪਣੀ ਪੰਚਾਇਤ ਅਤੇ ਸਾਥੀਆਂ ਨਾਲ ਮਿਲ ਕੇ ਜਸ਼ਨ ਮਨਾਇਆ।ਉਨ੍ਹਾਂ ਦੱਸਿਆ ਕਿ 'ਆਪ' ਦੇ ਉਮੀਦਵਾਰ ਸੰਜੀਵ ਅਰੋੜਾ ਨੂੰ ਜ਼ਿਮਨੀ ਚੋਣ ਵਿੱਚ 35179 ਵੋਟਾਂ ਪਈਆਂ।ਉਨ੍ਹਾਂ ਨੇ ਕਾਂਗਰਸ ਦੇ ਉਮੀਦਵਾਰ ਭਾਰਤ ਭੂਸ਼ਣ ਆਸ਼ੂ ਨੂੰ 10637 ਵੋਟਾਂ ਦੇ ਨਾਲ ਹਰਾ ਦਿੱਤਾ ਹੈ।ਇਸ ਜਿੱਤ ਤੋਂ ਬਾਅਦ ਕ੍ਰਿਸਚੀਅਨ ਪੱਤੀ ਪਿੰਡ ਠੀਕਰੀਵਾਲ ਦੇ ਸਰਪੰਚ ਅਤੇ ਸਮੁੱਚੀ ਪੰਚਾਇਤ ਸਮੇਤ 'ਆਪ' ਦੇ ਵਰਕਰਾਂ ਨੇ ਢੋਲ ਵਜਾ ਕੇ ਭੰਗੜਾ ਪਾਇਆ ਤੇ ਲੱਡੂ ਵੰਡ ਕੇ ਖੁਸ਼ੀ ਮਨਾਈ।ਸਰਪੰਚ ਬੂਟਾ ਮਸੀਹ ਨੇ ਕਿਹਾ ਕਿ ਇਨ੍ਹਾਂ ਚੋਣਾਂ ਵਿੱਚ ਜਿੱਥੇ ਆਮ ਆਦਮੀ ਪਾਰਟੀ ਦੇ ਹਰੇਕ ਜੁਝਾਰੂ ਵਰਕਰ ਦਾ ਸਾਥ ਸੀ ਉਥੇ ਹੀ ਬਟਾਲਾ ਤੋਂ ਨੌਜਵਾਨ ਵਿਧਾਇਕ ਅਤੇ ਸੂਬਾ ਕਾਰਜਕਾਰੀ ਪ੍ਰਧਾਨ ਅਮਨ ਸ਼ੇਰ ਸਿੰਘ ਸ਼ੈਰੀ ਕਲਸੀ ਦਾ ਵੀ ਅਹਿਮ ਯੋਗਦਾਨ ਹੈ।ਉਨ੍ਹਾਂ ਕਿਹਾ ਕਿ ਵਿਧਾਇਕ ਕਲਸੀ ਦੇ ਵੱਲੋਂ ਜਿਵੇਂ ਲਗਾਤਾਰ ਬਟਾਲਾ ਹਲਕੇ ਦੇ ਨਾਲ ਪਿੰਡਾਂ ਦੇ ਵਿੱਚ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ ਉਸੇ ਤਰ੍ਹਾਂ ਹੀ ਪੰਜਾਬ ਭਰ ਦੇ ਵਿੱਚ ਲਗਾਤਾਰ ਆਮ ਆਦਮੀ ਪਾਰਟੀ ਦੇ ਵੱਲੋਂ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ ਅਤੇ ਉਨ੍ਹਾਂ ਵਿਕਾਸ ਕਾਰਜਾਂ ਨੂੰ ਦੇਖਦੇ ਹੋਏ ਹੀ ਲੋਕਾਂ ਨੇ ਇੱਕ ਵਾਰ ਫਿਰ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਨੂੰ ਜਿਤਾ ਕੇ ਆਮ ਆਦਮੀ ਪਾਰਟੀ ਤੇ ਭਰੋਸਾ ਜਤਾਇਆ ਹੈ।ਸਰਪੰਚ ਬੂਟਾ ਮਸੀਹ ਨੇ ਕਿਹਾ ਕਿ ਸੰਜੀਵ ਅਰੋੜਾ ਨੇ ਚੋਣਾਂ ਦੌਰਾਨ ਜੋ ਵੀ ਵਾਅਦਾ ਕੀਤਾ ਸੀ, ਉਹ ਹਰ ਹਾਲ ਵਿੱਚ ਆਮ ਆਦਮੀ ਪਾਰਟੀ ਪੂਰਾ ਕਰੇਗੀ।ਉਨ੍ਹਾਂ ਕਿਹਾ ਕਿ ਇਹ ਜਿੱਤ ਲੋਕਾਂ ਨੇ 'ਆਪ' ਦੇ ਕੰਮ ਨੂੰ ਦੇਖਦਿਆਂ ਹੀ ਦਿਵਾਈ ਹੈ।'ਆਪ' ਸਰਕਾਰ ਨੇ ਜੋ-ਜੋ ਕਿਹਾ ਸੀ, ਉਹ ਪੂਰਾ ਕੀਤਾ ਤੇ ਅੱਗੇ ਵੀ ਪੂਰਾ ਕੀਤਾ ਜਾਵੇਗਾ।ਅਖੀਰ ਵਿੱਚ ਸਰਪੰਚ ਬੂਟਾ ਮਸੀਹ ਨੇ ਕਿਹਾ ਕਿ ਲੁਧਿਆਣਾ ਦੀ ਇਹ ਜਿੱਤ ਸਿਰਫ ਇੱਕ ਸੀਟ ਦੀ ਨਹੀਂ, ਸਗੋਂ ਪੰਜਾਬ ਸਰਕਾਰ ਵੱਲੋਂ ਕੀਤੇ ਗਏ ਲੋਕ-ਹਿਤਕਾਰੀ ਕੰਮਾਂ ਉਤੇ ਲੋਕਾਂ ਦੇ ਜਤਾਏ ਵਿਸ਼ਵਾਸ ਦੀ ਜਿੱਤ ਹੈ।ਉਨ੍ਹਾਂ ਕਿਹਾ ਕਿ ਲੋਕਾਂ ਨੇ ਸਾਬਤ ਕਰ ਦਿੱਤਾ ਹੈ ਕਿ ਉਹ ਇਮਾਨਦਾਰ ਅਤੇ ਵਿਕਾਸਸ਼ੀਲ ਰਾਜਨੀਤੀ ਦੇ ਹੱਕ ਵਿੱਚ ਹਨ।ਅਖੀਰ ਵਿੱਚ ਸਰਪੰਚ ਬੂਟਾ ਮਸੀਹ ਤੇ ਉਨ੍ਹਾਂ ਦੀ ਪੰਚਾਇਤ ਨੇ ਸਮੁੱਚੀ ਹਾਈਕਮਾਂਡ ਅਤੇ ਜਿੱਤੇ ਉਮੀਦਵਾਰ ਨੂੰ ਵਧਾਈ ਦਿੱਤੀ।

## ਧੰਨ-ਧੰਨ ਪੀਰ ਬਾਬਾ ਘੜਮੱਲੀ ਸ਼ਾਹ ਦਾ ਸਾਲਾਨਾ ਜੋੜ ਮੇਲਾ ਬੜੀ ਹੀ ਧੂਮਧਾਮ ਨਾਲ ਮਨਾਇਆ



**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ) :** ਧੰਨ-ਧੰਨ ਪੀਰ ਬਾਬਾ ਘੜਮੱਲੀ ਸ਼ਾਹ ਦਾ ਸਾਲਾਨਾ ਜੋੜ ਮੇਲਾ ਹਰ ਸਾਲ ਦੀ ਤਰ੍ਹਾਂ ਹਲਕਾ ਜੰਡਿਆਲਾ ਗੁਰੂ ਦੇ ਪਿੰਡ ਗਹਿਰੀ ਮੰਡੀ (ਲਹਿੰਦੀ ਪੱਤੀ) ਵਿੱਚ ਬੜੀ ਹੀ ਧੂਮਧਾਮ ਤੇ ਸ਼ਰਧਾ ਨਾਲ ਮਨਾਇਆ ਗਿਆ। ਇਸ ਵਿੱਚ ਦੂਰ ਦੂਰ ਤੋਂ ਸੰਗਤਾਂ ਆਪਣੀਆਂ ਮੁਰਾਦਾਂ ਪੂਰੀਆਂ ਕਰਨ ਵਾਸਤੇ ਪਹੁੰਚਦੀਆਂ ਹਨ। ਉਕਤ ਗੱਲਾਂ ਦਾ ਪ੍ਰਗਟਾਵਾ ਪਿੰਡ ਦੇ ਸਾਬਕਾ ਸਰਪੰਚ ਅਤੇ ਸੀਨੀਅਰ ਅਕਾਲੀ ਲੀਡਰ ਮਨਜਿੰਦਰ ਸਿੰਘ ਭੀਰੀ ਨੇ ਕੀਤਾ। ਉਨ੍ਹਾਂ ਕਿਹਾ ਕਿ ਇਹ ਮੇਲਾ ਪਿਛਲੇ 35 ਸਾਲਾਂ ਤੋਂ ਲਗਾਤਾਰ ਹਰ ਸਾਲ ਸੰਗਤਾਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ। ਅੱਜ ਦੇ ਇਸ ਪ੍ਰੋਗਰਾਮ ਵਿਚ ਖਾਸ ਤੌਰ 'ਤੇ ਕਲਾਕਾਰ ਗਗਨ ਅਲੀ ਤੇ ਮਨਜੀਤ ਸਹੋਤਾ ਨੇ ਆਪਣੀ ਅਦਾਕਾਰੀ ਨਾਲ ਆਈਆਂ ਹੋਈਆਂ ਸੰਗਤਾਂ ਦਾ ਖੂਬ ਮਨੋਰੰਜਨ ਕੀਤਾ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਵਾਈਸ ਆਫ ਪੰਜਾਬ ਲਿਟਲ ਚੈਂਪ ਦੇ ਚੈਂਪੀਅਨ ਅਨੰਦ ਇਸ ਮੇਲੇ ਵਿੱਚ ਸ਼ਾਮਿਲ ਹੋਏ। ਉਪਰੰਤ ਸ਼ਾਮ ਨੂੰ ਉੱਘੇ ਕੱਵਾਲ ਅਸਲਮ ਧੀਰੇਕੋਟੀ ਵੱਲੋਂ ਆਈਆਂ ਹੋਈਆਂ ਸੰਗਤਾਂ ਨੂੰ ਕੱਵਾਲੀਆਂ ਨਾਲ ਨਿਹਾਲ ਕੀਤਾ ਜਾਵੇਗਾ।

ਇਸ ਮੌਕੇ ਧੰਨ-ਧੰਨ ਪੀਰ ਬਾਬਾ ਘੜਮੱਲੀ ਸ਼ਾਹ ਜੀ ਦੇ ਮੁੱਖ ਸੇਵਾਦਾਰ ਬਾਬਾ ਜਸਵੰਤ ਸਿੰਘ ਬਿੱਲਾ, ਸਾਬਕਾ ਸਰਪੰਚ ਮਨਜਿੰਦਰ ਸਿੰਘ ਭੀਰੀ ਅਤੇ ਸਮੂਹ ਮੇਲਾ ਪ੍ਰਬੰਧਕ ਕਮੇਟੀ ਵੱਲੋਂ ਆਈਆਂ ਹੋਈਆਂ ਮਹਾਨ ਸ਼ਖ਼ਸੀਅਤਾਂ ਨੂੰ ਸਿਰੋਪੇ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਛਬੀਲ ਅਤੇ ਗੁਰੂ ਦਾ ਲੰਗਰ ਅਟੁੱਟ ਵਰਤਾਇਆ ਗਿਆ।

## ਪੀਰ ਬਾਬਾ ਖਾਕੀ ਸ਼ਾਹ ਦੇ ਦੋ ਰੋਜ਼ਾ ਸਾਲਾਨਾ ਮੇਲੇ ਸਬੰਧੀ ਮੀਟਿੰਗ

### * ਮੇਲੇ 'ਚ ਸਰਬਜੀਤ ਬੁੱਗਾ ਤੇ ਮਨਪ੍ਰੀਤ ਬੁੱਗਾ ਤੇ ਬਾਗੀ ਕਰਨਗੇ ਆਪਣੇ ਫਨ ਦਾ ਮੁਜ਼ਾਹਰਾ



ਝਬਾਲ-(ਹਰਜਿੰਦਰ ਸਿੰਘ ਸੋਨੀ)-ਪਿੰਡ ਸੋਹਲ ਵਿਖੇ ਪੀਰ ਬਾਬਾ ਖਾਕੀ ਸ਼ਾਹ ਦੀ ਪਵਿੱਤਰ ਦਰਗਾਹ ਤੇ ਦੇਸ਼ ਵਿਦੇਸ਼ ਵਿੱਚ ਪ੍ਰਸਿੱਧ ਦੋ ਰੋਜ਼ਾ ਸਾਲਾਨਾ ਮੇਲੇ ਸਬੰਧੀ ਮੇਲਾ ਕਮੇਟੀ, ਦੋਵਾਂ ਪੰਚਾਇਤਾਂ ਅਤੇ ਪਿੰਡ ਵਾਸੀਆਂ ਦੀ ਮੀਟਿੰਗ ਹੋਈ।ਇਸ ਮੌਕੇ ਕਮੇਟੀ ਪ੍ਰਧਾਨ ਹਰਜੀਤ ਸਿੰਘ ਸੋਹਲ, ਸਰਪੰਚ ਰਣਯੋਧ ਸਿੰਘ ਯੋਧਾ ਗ੍ਰਾਮ ਪੰਚਾਇਤ ਪਿੰਡ ਸੋਹਲ ਅਤੇ ਸਰਪੰਚ ਗੁਰਦੇਵ ਸਿੰਘ ਗ੍ਰਾਮ ਪੰਚਾਇਤ ਸੈਣ ਭਗਤ ਸੋਹਲ, ਸਟੇਜ ਸੈਕਟਰੀ ਗੁਰਪਾਲ ਸਿੰਘ ਹੈਪੀ ਦਿੱਲੀ, ਖਜਾਨਚੀ ਕੁਲਦੀਪ ਸਿੰਘ ਨੇ ਕਿਹਾ ਕਿ ਮੇਲੇ ਦੀ ਆਰੰਭਤਾ ਵਿੱਚ ਪਹਿਲੇ ਦਿਨ ਬਾਬਾ ਜੀ ਦਰਗਾਹ 'ਤੇ ਚਾਦਰ ਚੜ੍ਹਾਉਣ ਦੀ ਰਸਮ ਨਿਭਾਈ ਜਾਵੇਗੀ।ਉਪ੍ਰੰਤ ਵੀਰਵਾਰ ਵਾਲੇ ਦਿਨ ਪੰਜਾਬ ਦੀ ਪ੍ਰਸਿੱਧ ਗਾਇਕ ਜੋੜੀ ਸਰਬਜੀਤ ਬੁੱਗਾ ਤੇ ਮਨਪ੍ਰੀਤ ਬੁੱਗਾ ਦੁਪਹਿਰ ਤੋਂ ਸ਼ਾਮ ਤੱਕ ਆਪਣੇ ਗੀਤਾਂ ਨਾਲ ਸੰਗਤਾਂ ਦਾ ਮਨੋਰੰਜਨ ਕਰਨਗੇ ਅਤੇ ਸ਼ਾਮ ਨੂੰ ਘੋਲ ਅਤੇ ਕਬੱਡੀ ਦੇ ਸ਼ੋਅ ਮੈਚ ਕਰਵਾਏ ਜਾਣਗੇ।ਰਾਤ ਸਮੇਂ ਕੱਵਾਲ ਮਹਿਫ਼ਲ ਦੌਰਾਨ ਗਾਇਕਾਂ ਵੱਲੋਂ ਕੱਵਾਲੀਆਂ ਸੁਣਾ ਕੇ ਮਨੋਰੰਜਨ ਕੀਤਾ ਜਾਵੇਗਾ ਅਤੇ ਦੂਸਰੇ ਦਿਨ ਸ਼ੁੱਕਰਵਾਰ ਨੂੰ ਪੰਜਾਬ ਦੇ ਪ੍ਰਸਿੱਧ ਗਾਇਕ ਬਾਗੀ ਆਪਣੀ ਗਾਇਕੀ ਨਾਲ ਸਰੋਤਿਆਂ ਦਾ ਮਨੋਰੰਜਨ ਕਰਨਗੇ। ਸ਼ਾਮ ਸਮੇਂ ਪਿੰਡ ਦੇ ਖੇਡ ਸਟੇਡੀਅਮ ਵਿੱਚ ਪੰਜਾਬ ਦੀਆਂ ਨਾਮਵਰ ਕਬੱਡੀ ਟੀਮਾਂ ਵਿਚਾਲੇ ਪ੍ਰਦਰਸ਼ਨੀ ਮੈਚ ਹੋਵੇਗਾ।ਮੇਲੇ ਦੌਰਾਨ ਭਾਂਤ-ਭਾਂਤ ਦੇ ਗੁਰੂ ਦੇ ਲੰਗਰ ਅਤੇ ਠੰਡੇ ਮਿੱਠੇ ਜਲ ਦੀਆਂ ਛਬੀਲਾਂ ਦੋਵੇਂ ਦਿਨ ਲਗਾਤਾਰ ਚੱਲਦੇ ਰਹਿਣਗੇ।ਇਸ ਮੌਕੇ ਪ੍ਰਧਾਨ ਹਰਜੀਤ ਸਿੰਘ ਸੋਹਲ, ਸਰਪੰਚ ਰਣਜੋਧ ਸਿੰਘ ਯੋਧਾ ਸੋਹਲ, ਸਰਪੰਚ ਗੁਰਦੇਵ ਸਿੰਘ ਸੈਣ ਭਗਤ ਸੋਹਲ, ਚੇਅਰਮੈਨ ਮਨਜੀਤ ਸਿੰਘ ਬਾਰੀਆ, ਸਟੇਜ ਸੈਕਟਰੀ ਗੁਰਪਾਲ ਸਿੰਘ ਹੈਪੀ ਦਿੱਲੀ, ਖਜਾਨਚੀ ਕੁਲਦੀਪ ਸਿੰਘ, ਜਨਰਲ ਸਕੱਤਰ ਬਲਜੀਤ ਸਿੰਘ, ਬਲਵਿੰਦਰ ਸਿੰਘ ਬਿੱਟੂ, ਦਲਜੀਤ ਸਿੰਘ ਸ਼ੇਰਾ, ਡਾਕਟਰ ਸੁਖਦੇਵ ਸਿੰਘ, ਜਸਮੇਰ ਸਿੰਘ, ਹੈਪੀ ਚੱਕੀ ਵਾਲਾ, ਅਜੀਤ ਸਿੰਘ ਫੌਜੀ, ਮੁੱਖ ਸੇਵਾਦਾਰ ਬਾਬਾ ਬੀਰ ਸਿੰਘ, ਸੇਵਾਦਾਰ ਸੋਨੂੰ ਦੋਧੀ, ਆੜ੍ਹਤੀ ਜੀਵਾ ਸੋਹਲ, ਗੁਰਜੀਤ ਸਿੰਘ ਪਾਸੀ, ਗੁਰਸੇਵਕ ਸਿੰਘ ਲਾਟੀ ਵਾਲਾ, ਬਿੱਟੂ ਪਾਸੀ, ਤੇਜਿੰਦਰ ਸਿੰਘ ਪਾਸੀ, ਗੁਰਲਾਲ ਸਿੰਘ ਸੋਹਲ, ਡਾ. ਗੁਰਨਾਮ ਸਿੰਘ ਸੋਹਲ, ਡਾ. ਰਣਜੀਤ ਸਿੰਘ, ਨਿਸ਼ਾਨ ਸਿੰਘ, ਧਵਿੰਦਰ ਸਿੰਘ, ਕਾਕਾ ਪਾਸੀ, ਕੇਹਰ ਸਿੰਘ, ਭੁਪਿੰਦਰ ਸਿੰਘ, ਬਲਦੇਵ ਸਿੰਘ, ਪੱਤਰਕਾਰ ਕਿਰਪਾਲ ਸਿੰਘ ਸੋਹਲ, ਮਾਸਟਰ ਜੱਜ ਸੋਹਲ, ਏਐੱਸਆਈ ਅਮਰਜੀਤ ਸਿੰਘ ਸੋਹਲ, ਸੁਖਜਿੰਦਰ ਸਿੰਘ ਲਾਡੀ, ਕਬੱਡੀ ਖਿਡਾਰੀ ਗੋਲਡੀ ਸੋਹਲ, ਮੋਹਿਤ ਸੋਹਲ, ਟਾਈਗਰ ਸੋਹਲ ਅਤੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ।

## ਪੰਜਾਬ ਐਂਡ ਸਿੰਧ ਬੈਂਕ ਨੇ ਸੰਗਤਾਂ ਦੀ ਸਹੂਲਤ ਲਈ ਸ਼੍ਰੋਮਣੀ ਕਮੇਟੀ ਨੂੰ ਦੋ ਵਾਟਰ ਕੂਲਰ ਸੌਂਪੇ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-ਪੰਜਾਬ ਐਂਡ ਸਿੰਧ ਬੈਂਕ ਦੇ 118ਵੇਂ ਸਥਾਪਨਾ ਦਿਵਸ ਮੌਕੇ ਅੱਜ ਬੈਂਕ ਪ੍ਰਬੰਧਕਾਂ ਵੱਲੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਅਤੇ ਸੰਗਤ ਦੀ ਸਹੂਲਤ ਲਈ ਦੋ ਵਾਟਰ ਕੂਲਰ ਸੌਂਪੇ।ਇਸ ਮੌਕੇ ਪੰਜਾਬ ਐਂਡ ਸਿੰਧ ਬੈਂਕ ਦੇ ਜਨਰਲ ਮੈਨੇਜਰ ਚਮਨ ਲਾਲ, ਜ਼ੋਨਲ ਮੈਨੇਜਰ ਗੁਰਮੀਤ ਸਿੰਘ, ਜ਼ੋਨਲ ਚੀਫ ਮੈਨੇਜਰ ਸੁਖਵਿੰਦਰ ਸਿੰਘ ਚੌਹਾਨ, ਬ੍ਰਾਂਚ ਮੈਨੇਜਰ ਸੁਖਪ੍ਰੀਤ ਸਿੰਘ ਤੇ ਹੋਰ ਬੈਂਕ ਅਧਿਕਾਰੀਆਂ ਨੂੰ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ, ਓਐੱਸਡੀ ਸਤਬੀਰ ਸਿੰਘ ਧਾਮੀ ਤੇ ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਭਗਵੰਤ ਸਿੰਘ ਧੰਗੇੜਾ ਨੇ ਸਿਰੋਪਾਓ ਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਤਸਵੀਰ ਦੇ ਕੇ ਸਨਮਾਨਿਤ ਕੀਤਾ।ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ ਨੇ ਕਿਹਾ ਕਿ ਪੰਜਾਬ ਐਂਡ ਸਿੰਧ ਬੈਂਕ ਦਾ ਸਿੱਖਾਂ ਨਾਲ ਗਹਿਰਾ ਸਬੰਧ ਹੈ।ਉਨ੍ਹਾਂ ਕਿਹਾ ਕਿ ਇਸ ਬੈਂਕ ਦੀ ਸਥਾਪਨਾ ਅੰਮ੍ਰਿਤਸਰ ਦੀ ਪਾਵਨ ਧਰਤੀ ਤੋਂ ਹੋਈ ਸੀ ਅਤੇ ਇਸ ਦੇ 118 ਸਾਲਾ ਸਥਾਪਨਾ ਦਿਵਸ ਦੇ ਬੈਂਕ ਅਧਿਕਾਰੀਆਂ ਨੇ ਗੁਰੂ ਸਾਹਿਬ ਦਾ ਸ਼ੁਕਰਾਨਾ ਕਰਦਿਆਂ ਸੰਗਤਾਂ ਦੀ ਸਹੂਲਤ ਲਈ 2 ਵਾਟਰ ਕੂਲਰ ਭੇਟ ਕੀਤੇ ਹਨ।ਉਨ੍ਹਾਂ ਬੈਂਕ ਦੇ ਸਥਾਪਨਾ ਦਿਵਸ ਦੀ ਵਧਾਈ ਦਿੰਦਿਆਂ ਅਦਾਰੇ ਦੀ ਚੜ੍ਹਦੀ ਕਲਾ ਦੀ ਅਰਦਾਸ ਕੀਤੀ।ਇਸੇ ਦੌਰਾਨ ਪੰਜਾਬ ਐਂਡ ਸਿੰਧ ਬੈਂਕ ਦੇ ਜਨਰਲ ਮੈਨੇਜਰ ਚਮਨ ਲਾਲ ਨੇ ਕਿਹਾ ਕਿ ਬੈਂਕ ਦੇ ਸਥਾਪਨਾ ਦਿਵਸ ਮੌਕੇ ਹਰ ਸਾਲ ਦੀ ਤਰ੍ਹਾਂ ਉਹ ਗੁਰੂ ਸਾਹਿਬ ਦਾ ਸ਼ੁਕਰਾਨਾ ਕਰਨ ਪਹੁੰਚੇ ਹਨ।

ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਬੈਂਕ ਕਰਮਚਾਰੀਆਂ 'ਤੇ ਇਸੇ ਤਰ੍ਹਾਂ ਆਪਣੀ ਰਹਿਮਤ ਬਣਾਈ ਰੱਖਣ ਅਤੇ ਸੰਗਤਾਂ ਦੀ ਸੇਵਾ ਕਰਨ ਦਾ ਬਲ ਪ੍ਰਦਾਨ ਕਰਨ।ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਮੀਤ ਸਕੱਤਰ ਹਰਭਜਨ ਸਿੰਘ ਵਕਤਾ, ਸੁਪ੍ਰਿੰਟੈਂਡੈਂਟ ਨਿਸ਼ਾਨ ਸਿੰਘ, ਸੁਰਜੀਤ ਸਿੰਘ ਰਾਣਾ, ਸੁਰਿੰਦਰ ਸਿੰਘ ਤੋਂ ਇਲਾਵਾ ਪੰਜਾਬ ਐਂਡ ਸਿੰਧ ਬੈਂਕ ਦੇ ਅਧਿਕਾਰੀ ਤੇ ਹੋਰ ਮੌਜੂਦ ਸਨ।

## ਫਲਾਂ ਦੀ ਤੁੜਾਈ ਤੇ ਸਾਂਭ-ਸੰਭਾਲ ਸਬੰਧੀ ਜਾਣਕਾਰੀ ਦੇਣ ਹਿੱਤ ਖੇਤ ਦਿਵਸ ਮਨਾਇਆ



ਗੁਰਦਾਸਪੁਰ (ਜਨਕ ਮਹਾਜਨ)- ਪੰਜਾਬ ਐਗਰੀਕਲਚਰ ਯੂਨੀਵਰਸਿਟੀ ਦੇ ਡਾਇਰੈਕਟਰ ਪਸਾਰ ਸਿੱਖਿਆ ਡਾਕਟਰ ਮੱਖਣ ਸਿੰਘ ਭੁੱਲਰ ਅਤੇ ਫਲ ਵਿਗਿਆਨ ਵਿਭਾਗ ਦੇ ਮੁਖੀ ਡਾਕਟਰ ਐੱਚ. ਐੱਸ. ਰਤਨ ਪਾਲ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅਤੇ ਸਹਿਯੋਗ ਨਾਲ ਫਲਾਂ ਦੀ ਤੁੜਾਈ ਉਪਰੰਤ ਸਾਂਭ ਸੰਭਾਲ ਸਬੰਧੀ ਖੇਤੀ ਦਿਵਸ ਪਿੰਡ ਰਣਜੀਤ ਬਾਗ ਦੇ ਲਾਲੀ ਗਾਰਡਨ ਵਿੱਚ ਫਾਰਮ ਸਲਾਹਕਾਰ ਸੇਵਾ ਕੇਂਦਰ ਗੁਰਦਾਸਪੁਰ ਵੱਲੋਂ ਮਨਾਇਆ ਗਿਆ। ਸਮਾਗਮ ਦੀ ਸ਼ੁਰੂਆਤ ਕਰਦੇ ਹੋਏ ਡਾਕਟਰ ਨਰਿੰਦਰਦੀਪ ਸਿੰਘ ਵੱਲੋਂ ਵੱਖ-ਵੱਖ ਵਿਭਾਗਾਂ ਤੋਂ ਆਏ ਅਫਸਰ ਸਾਹਿਬਾਨ ਅਤੇ ਕਿਸਾਨ ਵੀਰਾਂ ਨੂੰ ਖੇਤ ਦਿਵਸ ਵਿੱਚ 'ਜੀ ਆਇਆਂ' ਆਖਿਆ ਗਿਆ। ਇਸ ਤੋਂ ਬਾਅਦ ਉਨ੍ਹਾਂ ਨੇ ਲੀਚੀ ਦੀ ਮਹੱਤਤਾ ਤੇ ਬਾਹਰਲੇ ਦੇਸ਼ਾਂ ਵਿੱਚ ਨਿਰਯਾਤ ਕਰਨ ਦੇ ਨੁਕਤੇ ਦੱਸੇ। ਇਸ ਤੋਂ ਬਾਅਦ ਡਾਕਟਰ ਨਵ ਪ੍ਰੇਮ ਸਿੰਘ ਫਲ ਵਿਗਿਆਨ ਵਿਭਾਗ ਪੀਏਯੂ ਲੁਧਿਆਣਾ ਵੱਲੋਂ ਲੀਚੀ ਦੀ ਕਾਸ਼ਤ ਜਿਵੇਂ ਕਿ ਨਵੇਂ ਅਤੇ ਪੁਰਾਣੇ ਬਾਗਾਂ ਦੀ ਸਾਂਭ ਸੰਭਾਲ, ਖਾਦ ਪ੍ਰਬੰਧਨ, ਸਿੰਜਾਈ ਪ੍ਰਬੰਧਨ ਅਤੇ ਤੁੜਾਈ ਤੋਂ ਬਾਅਦ ਡੱਬਾਬੰਦੀ ਸਬੰਧੀ ਆਪਣੇ ਕੀਮਤੀ ਵਿਚਾਰ ਸਾਂਝੇ ਕੀਤੇ। ਡਾਕਟਰ ਮਨਦੀਪ ਸਿੰਘ ਗਿੱਲ ਨੇ ਮਿਆਰੀ ਨਰਸਰੀ ਤਿਆਰ ਕਰਨ ਅਤੇ ਯੂਨੀਵਰਸਿਟੀ ਵੱਲੋਂ ਤਿਆਰ ਕੀਤੇ ਫਲਦਾਰ ਬੂਟਿਆਂ ਬਾਰੇ ਜਾਣਕਾਰੀ ਸਾਂਝੇ ਕਰਦੇ ਹੋਏ ਕਿਸਾਨ ਵੀਰਾਂ ਨੂੰ ਯੂਨੀਵਰਸਿਟੀ ਦੇ ਵੱਖ-ਵੱਖ ਕੇਂਦਰ ਤੋਂ ਬੂਟੇ ਲੈਣ ਲਈ ਪ੍ਰੇਰਿਤ ਕੀਤਾ। ਇਸ ਖੇਤ ਦਿਵਸ ਵਿੱਚ 50-60 ਬਾਗਬਾਨਾਂ ਨੇ ਭਾਗ ਲਿਆ। ਅਖੀਰ ਵਿੱਚ ਡਾਕਟਰ ਸਰਵ ਪ੍ਰੀਆ ਸਿੰਘ ਫਾਰਮ ਸਲਾਹਕਾਰ ਸੇਵਾ ਕੇਂਦਰ ਗੁਰਦਾਸਪੁਰ ਵੱਲੋਂ ਸਾਰੇ ਵਿਗਿਆਨੀਆਂ, ਵਿਸ਼ਾ ਮਾਹਿਰਾਂ ਅਤੇ ਕਿਸਾਨ ਵੀਰਾਂ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਬਾਗਬਾਨੀ ਉਤਪਾਦਕਾਂ ਵਿੱਚ ਦਿਲਬਾਗ ਸਿੰਘ ਚੀਮਾ, ਕਰਮ ਪਾਲ ਸਿੰਘ, ਜਗਦੀਸ਼ ਸਿੰਘ, ਮਹਿੰਦਰ ਸਿੰਘ ਸੰਧੂ, ਦਵਿੰਦਰ ਸਿੰਘ, ਰਵਿੰਦਰ ਸਿੰਘ ਸੋਹਲ, ਹਰਵਿੰਦਰ ਸਿੰਘ, ਨਰਵਿੰਦਰ ਸਿੰਘ ਸੋਹਲ, ਬਲਜਿੰਦਰ ਸਿੰਘ, ਪ੍ਰੋਫੈਸਰ ਅਵਤਾਰ ਸਿੰਘ ਸਿੱਧੂ, ਸੰਤੋਖ ਸਿੰਘ, ਹਰਪਾਲ ਸਿੰਘ ਆਦਿ ਹਾਜ਼ਰ ਸਨ।

## ਵੱਧ ਰਹੇ ਤਾਪਮਾਨ ਵਾਲੇ ਸਥਾਨਾਂ ਉੱਤੇ ਵੱਧ ਤੋਂ ਵੱਧ ਪੌਦੇ ਲਗਾਏ ਜਾਣਗੇ: ਡਿਪਟੀ ਕਮਿਸ਼ਨਰ

**ਅੰਮ੍ਰਿਤਸਰ, (ਜਸਬੀਰ ਸਿੰਘ ਪੱਟੀ)**—ਹਰੇਕ ਅਧਿਕਾਰੀ ਦਾ ਫਰਜ਼ ਬਣਦਾ ਹੈ ਕਿ ਉਹ ਆਪਣੀ ਜ਼ਿੰਮੇਵਾਰੀ ਦੇ ਨਾਲ ਨਾਲ ਇਨਸਾਨੀਅਤ ਦੇ ਨਾਂ 'ਤੇ ਵੱਧ ਤੋਂ ਵੱਧ ਪੌਦੇ ਲਗਾਏ ਤਾਂ ਜੋ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਸਾਫ਼ ਸੁਥਰਾ ਅਤੇ ਰਹਿਣ ਯੋਗ ਵਾਤਾਵਰਨ ਮੁਹੱਈਆ ਕਰਵਾਇਆ ਜਾ ਸਕੇ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਸਾਕਸ਼ੀ ਸਾਹਨੀ ਨੇ ਪੌਦੇ ਲਗਾਉਣ ਦੇ ਕੰਮ ਨੂੰ ਲੈ ਕੇ ਮੀਟਿੰਗ ਕਰਦੇ ਹੋਏ ਸਮੂਹ ਅਧਿਕਾਰੀਆਂ ਨੂੰ ਨਿਰਦੇਸ਼ ਦਿੰਦਿਆਂ ਕਿਹਾ ਕਿ ਵੱਧ ਰਹੇ ਤਾਪਮਾਨ ਵਾਲੇ ਸਥਾਨਾਂ ਦੀ ਚੋਣ ਕਰਕੇ ਵੱਧ ਤੋਂ ਵੱਧ ਬੂਟੇ ਉਥੇ ਲਗਾਏ ਜਾਣ ਤਾਂ ਜੋ ਇਨ੍ਹਾਂ ਬੂਟਿਆਂ ਨਾਲ ਵਾਤਾਵਰਨ ਸਾਫ਼-ਸੁਥਰਾ ਰਹੇਗਾ ਤੇ ਭਵਿੱਖ ਵਿੱਚ ਗਰਮੀ ਤੋਂ ਰਾਹਤ ਮਿਲ ਸਕੇ।ਡਿਪਟੀ ਕਮਿਸ਼ਨਰ ਸਾਹਨੀ ਨੇ ਸਮੂਹ ਅਧਿਕਾਰੀਆਂ ਨੂੰ ਨਿਰਦੇਸ਼ ਦਿੰਦਿਆਂ ਕਿਹਾ ਕਿ ਸ਼ਨਾਖਤ ਕੀਤੀਆਂ ਗਈਆਂ ਥਾਵਾਂ ਤੇ ਕੱਲ ਤੋਂ ਹੀ ਟੋਏ ਪੁੱਟਣ ਦੀ ਸ਼ੁਰੂਆਤ ਕਰ ਦਿੱਤੀ ਜਾਵੇ ਤਾਂ ਜੋ ਸਮੇਂ ਸਿਰ ਪੌਦੇ ਲਗਾਏ ਜਾ ਸਕਣ।ਉਨ੍ਹਾਂ ਦੱਸਿਆ ਕਿ ਕੇਵਲ ਪੌਦੇ ਲਗਾਉਣ ਤੱਕ ਹੀ ਕੰਮ ਸੀਮਤ ਨਹੀਂ ਰਹਿਣਾ ਚਾਹੀਦਾ ਬਲਕਿ ਇਨ੍ਹਾਂ ਦੀ ਦੇਖਭਾਲ ਕਰਨਾ ਵੀ ਸਾਡਾ ਫਰਜ਼ ਹੈ। ਉਨ੍ਹਾਂ ਕਿਹਾ ਕਿ ਸਾਡਾ ਸਭ ਦਾ ਮੁੱਢਲਾ ਫਰਜ਼ ਬਣਦਾ ਹੈ ਕਿ ਅਸੀਂ ਵਾਤਾਵਰਨ ਨੂੰ ਬਚਾਉਣ ਲਈ ਅੱਗੇ ਆਈਏ ਤਾਂ ਜੋ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਸਵੱਛ ਵਾਤਾਵਰਨ ਮੁਹੱਈਆ ਕਰਵਾਇਆ ਜਾ ਸਕੇ।ਉਨ੍ਹਾਂ ਦੱਸਿਆ ਕਿ ਪੰਜਾਬ ਰਿਮੋਟ ਸੈਂਸਿੰਗ ਸੈਂਟਰ ਤੋਂ ਪ੍ਰਾਪਤ ਨਕਸ਼ੇ ਦੇ ਅੰਕੜਿਆਂ ਅਨੁਸਾਰ ਜ਼ਿਲ੍ਹੇ ਵਿਚ ਹਰਾ-ਭਰਾ ਖੇਤਰ ਕਾਫੀ ਘੱਟ ਗਿਆ ਹੈ,ਜਿਸ ਨਾਲ ਧਰਤੀ ਦੇ ਤਾਪਮਾਨ ਵਿਚ ਵੀ ਵਾਧਾ ਹੋ ਰਿਹਾ ਹੈ।ਉਨ੍ਹਾਂ ਕਿਹਾ ਕਿ ਸਾਡਾ ਸਾਰਿਆਂ ਦਾ ਫਰਜ਼ ਬਣਦਾ ਹੈ ਕਿ ਆਉਣ ਵਾਲੀ ਆਪਣੀ ਭਵਿੱਖ ਦੀ ਪੀੜ੍ਹੀ ਨੂੰ ਹਰਾ-ਭਰਾ ਵਾਤਾਵਰਣ ਮੁਹੱਈਆ ਕਰਵਾਉਣ ਲਈ ਆਪਣਾ ਯੋਗਦਾਨ ਪਾਈਏ।ਇਸ ਮੀਟਿੰਗ ਵਿੱਚ ਵਧੀਕ ਡਿਪਟੀ ਕਮਿਸ਼ਨਰ ਪਰਮਜੀਤ ਕੌਰ, ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ ਸੰਦੀਪ ਮਲਹੋਤਰਾ, ਐੱਸਡੀਓ ਹਿਰਦੈ ਪਾਲ ਸਿੰਘ, ਐੱਸਡੀਓ ਮੰਡੀ ਬੋਰਡ ਅੰਮ੍ਰਿਤ ਪਾਲ ਸਿੰਘ, ਐੱਸਡੀਓ ਭੂਮੀ ਰੱਖਿਆ ਅਫ਼ਸਰ ਬੀਰਵਿੰਦਰ ਸਿੰਘ, ਐੱਸਡੀਓ ਪ੍ਰਦੂਸ਼ਣ ਬੋਰਡ ਜਸਮੀਤ ਸਿੰਘ, ਖੇਤੀਬਾੜੀ ਅਫ਼ਸਰ ਸੁਖਚੈਨ ਸਿੰਘ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

## ਰਾਣਾ ਗੰਡੀਵਿੰਡ ਵੱਲੋਂ ਕਾਂਗਰਸੀ ਆਗੂਆਂ ਤੇ ਵਰਕਰਾਂ ਨਾਲ ਮੀਟਿੰਗ



ਝਬਾਲ (ਹਰਜਿੰਦਰ ਸਿੰਘ ਸੋਨੀ)-ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਹਲਕਾ ਜੰਡਿਆਲਾ ਵਿਖੇ ਸਾਬਕਾ ਵਿਧਾਇਕ ਸੁਖਵਿੰਦਰ ਸਿੰਘ ਡੈਨੀ ਅਤੇ ਕੋਆਰਡੀਨੇਟਰ ਰਣਜੀਤ ਸਿੰਘ ਰਾਣਾ ਗੰਡੀਵਿੰਡ ਦੀ ਰਹਿਨੁਮਾਈ ਹੇਠ ਮੀਟਿੰਗ ਕੀਤੀ ਗਈ।

ਇਸ ਮੀਟਿੰਗ 'ਚ ਪੰਜਾਬ ਕਾਂਗਰਸ ਦੇ ਬੁਲਾਰੇ ਐਡਵੋਕੇਟ ਜਗਮੀਤ ਸਿੰਘ ਢਿੱਲੋਂ ਗੰਡੀਵਿੰਡ ਸਮੇਤ ਸਥਾਨਕ ਕਾਂਗਰਸੀ ਆਗੂਆਂ ਤੇ ਵਰਕਰਾਂ ਨੇ ਸ਼ਮੂਲੀਅਤ ਕੀਤੀ ਜਦਕਿ ਸਾਬਕਾ ਵਿਧਾਇਕ ਹਲਕਾ ਜੰਡਿਆਲਾ ਸੁਖਵਿੰਦਰ ਸਿੰਘ ਡੈਨੀ, ਕੋਆਰਡੀਨੇਟਰ ਰਣਜੀਤ ਸਿੰਘ ਰਾਣਾ ਗੰਡੀਵਿੰਡ, ਐਡਵੋਕੇਟ ਜਗਮੀਤ ਸਿੰਘ ਢਿੱਲੋਂ ਗੰਡੀਵਿੰਡ ਦਾ ਹਲਕਾ ਜੰਡਿਆਲਾ ਵਿਖੇ ਪੁੱਜਣ 'ਤੇ ਕਾਂਗਰਸ ਦੇ ਆਗੂਆਂ ਵੱਲੋਂ ਭਰਵਾਂ ਸਵਾਗਤ ਕਰਦਿਆਂ ਸਨਮਾਨਿਤ ਕੀਤਾ ਗਿਆ।

ਮੀਟਿੰਗ ਦੌਰਾਨ ਕਈ ਅਹਿਮ ਮੁੱਦਿਆਂ 'ਤੇ ਵਿਚਾਰ ਚਰਚਾ ਕਰਦਿਆਂ ਪਾਰਟੀ ਨੂੰ ਜ਼ਮੀਨੀ ਪੱਧਰ 'ਤੇ ਮਜ਼ਬੂਤ ਕਰਨ ਲਈ ਅਹਿਮ ਫੈਸਲੇ ਲਏ ਗਏ।ਇਸ ਮੌਕੇ ਹੋਰ ਕਾਂਗਰਸੀ ਆਗੂ ਤੇ ਵਰਕਰ ਵੀ ਮੌਜੂਦ ਸਨ।

## ਕਾਦੀਆਂ ਚੁੰਗੀ 'ਤੇ ਸਾਫ਼-ਸਫਾਈ ਨਾ ਰੱਖਣ ਕਾਰਨ 4 ਦੁਕਾਨਦਾਰਾਂ ਦੇ ਚਲਾਨ ਕੱਟੇ




ਬਟਾਲਾ (ਡਾ. ਮਲਵਿੰਦਰ ਸਿੰਘ)-ਵਕਰਮਜੀਤ ਸਿੰਘ ਪਾਂਥੇ ਐੱਸਡੀਐੱਮ-ਕਮ-ਕਮਿਸ਼ਨਰ ਨਗਰ ਨਿਗਮ ਬਟਾਲਾ ਦੀ ਅਗਵਾਈ ਹੇਠ ਬਟਾਲਾ ਸ਼ਹਿਰ ਨੂੰ ਸਾਫ ਸੁਥਰਾ ਰੱਖਣ ਲਈ ਨਗਰ ਨਿਗਮ, ਬਟਾਲਾ ਵੱਲੋਂ ਲਗਾਤਾਰ ਸ਼ਹਿਰ ਦੀ ਚੈਕਿੰਗ ਕੀਤੀ ਜਾ ਰਹੀ ਹੈ, ਜਿਸ ਦੇ ਚੱਲਦਿਆਂ ਕਾਦੀਆਂ ਚੁੰਗੀ, ਜਲੰਧਰ ਰੋਡ 'ਤੇ ਆਪਣੀਆਂ ਦੁਕਾਨਾਂ ਦੇ ਅੱਗੇ ਕੂੜੇ ਦੇ ਢੇਰ ਲਗਾਉਣ ਅਤੇ ਡਸਟਬੀਨ ਨਾ ਰੱਖਣ ਵਾਲੇ 04 ਦੁਕਾਨਦਾਰਾਂ ਦੇ ਚਲਾਨ ਕੱਟੇ ਗਏ।ਇਸ ਸਬੰਧੀ ਜਾਣਕਾਰੀ ਦਿੰਦਿਆਂ ਪ੍ਰਭਜੋਤ ਕੌਰ, ਇਨਫਰਮੇਸ਼ਨ ਐਜੂਕੇਸ਼ਨ ਕਮਿਊਨੀਕੇਸ਼ਨ ਅਤੇ ਕਪੈਸਟੀ ਬਿਲਡਿੰਗ ਐਕਸਪਰਟ ਨੇ ਦੱਸਿਆ ਕਿ ਅੱਜ ਟੀਮ ਵੱਲੋਂ ਕੀਤੀ ਚੈਕਿੰਗ ਦੌਰਾਨ ਪੰਜਾਬ ਮਿਊਂਸਪਲ ਕਾਰਪੋਰੇਸ਼ਨ ਐਕਟ 1976 ਦੀ ਧਾਰਾ 323 ਤਹਿਤ ਚਾਰ ਚਲਾਨ ਕੱਟੇ ਗਏ ਹਨ।ਉਨ੍ਹਾਂ ਦੱਸਿਆ ਕਿ ਨਗਰ ਨਿਗਮ ਬਟਾਲਾ ਵੱਲੋਂ ਵਿਸ਼ੇਸ਼ ਟੀਮ ਗਠਿਤ ਕੀਤੀ ਗਈ ਹੈ, ਜਿਸ ਵਿੱਚ ਉਨ੍ਹਾਂ ਸਮੇਤ ਅਮਰੀਕ ਸਿੰਘ ਸੁਪਰਵਾਈਜ਼ਰ (ਮੋਨੀਟਰਿੰਗ), ਕੁਲਦੀਪ ਸਿੰਘ ਕਮਿਊਨਟੀ ਫੈਸਿਲੀਟੇਟਰ, ਜਸਵਿੰਦਰ ਕੌਰ ਮੋਟੀਵੇਟਰ, ਸਵਰੂਪ ਸਿੰਘ ਮੋਟੀਵੇਟਰ ਅਤੇ ਰੋਹਿਤ ਮੋਟੀਵੇਟਰ ਸ਼ਾਮਲ ਹਨ, ਜਿਨ੍ਹਾਂ ਵੱਲੋਂ ਲਗਾਤਾਰ ਸ਼ਹਿਰ ਵਿੱਚ ਸਾਫ਼ ਸਫਾਈ ਸਬੰਧੀ ਚੈਕਿੰਗ ਕੀਤੀ ਜਾਂਦੀ ਹੈ।ਉਨ੍ਹਾਂ ਦੱਸਿਆ ਕਿ ਇਸ ਟੀਮ ਵੱਲੋਂ ਸ਼ਹਿਰ ਵਾਸੀਆਂ ਨੂੰ ਆਪਣੇ ਘਰਾਂ/ਦੁਕਾਨਾਂ ਦੇ ਬਾਹਰ ਕੂੜਾ ਨਾ ਸੁੱਟਣ ਅਤੇ ਡਸਟਬੀਨ ਰੱਖਣ ਲਈ ਜਾਗਰੂਕ ਕੀਤਾ ਜਾ ਰਿਹਾ ਹੈ।ਉਨ੍ਹਾਂ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੀਆਂ ਦੁਕਾਨਾਂ ਦੇ ਬਾਹਰ ਕੂੜਾ ਨਾ ਸੁੱਟਣ, ਦੁਕਾਨਾਂ ਵਿੱਚ ਡਸਟਬੀਨ ਰੱਖੇ ਜਾਣ ਅਤੇ ਸ਼ਹਿਰ ਨੂੰ ਸਾਫ ਸੁਥਰਾ ਰੱਖਣ ਵਿੱਚ ਟੀਮ ਦਾ ਸਹਿਯੋਗ ਕੀਤਾ ਜਾਵੇ।

## ਯੂ ਜੀ ਸੀ ਨੈੱਟ ਦੀ ਪ੍ਰੀਖਿਆ ਦੌਰਾਨ ਬੱਚੇ ਬਟੂਆ, ਘੜੀ, ਗਹਿਣੇ, ਬੈਲਟ ਪ੍ਰੀਖਿਆ ਕੇਂਦਰ 'ਚ ਨਹੀਂ ਲਿਜਾ ਸਕਣਗੇ

**ਅੰਮ੍ਰਿਤਸਰ, (ਜਸਬੀਰ ਸਿੰਘ ਪੱਟੀ)**—25 ਜੂਨ ਤੋਂ 29 ਜੂਨ ਤੱਕ ਹੋਣ ਵਾਲੀ ਯੂਜੀਸੀ ਨੈੱਟ ਦੀ ਪ੍ਰੀਖਿਆ ਲਈ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕਰਦੇ ਹੋਏ ਵਧੀਕ ਡਿਪਟੀ ਕਮਿਸ਼ਨਰ ਜੋਤੀ ਬਾਲਾ ਨੇ ਦੱਸਿਆ ਕਿ ਇਹ ਪ੍ਰੀਖਿਆ ਅੰਮ੍ਰਿਤਸਰ ਦੇ ਆਈਓਐੱਨ ਡਿਜੀਟਲ ਜ਼ੋਨ ਆਈਡੀਜ਼ੈੱਡ ਅਲਬਰਟ ਰੋਡ ਸਾਹਮਣੇ ਕੁਮਾਰ ਇੰਟਰਨੈਸ਼ਨਲ ਹੋਟਲ ਐਲਬਰਟ ਰੋਡ ਵਿਖੇ 2 ਸ਼ਿਫਟਾਂ ਵਿਚ ਹੋਵੇਗੀ।ਪਹਿਲੀ ਸ਼ਿਫਟ ਦਾ ਪੇਪਰ ਸਵੇਰੇ 9 ਵਜੇ ਤੋਂ 12 ਵਜੇ ਤੱਕ ਦਾ ਹੋਵੇਗਾ, ਜਿਸ ਵਿਚ ਵਿਦਿਆਰਥੀ ਸਵੇਰੇ 7.00 ਤੋਂ 8.30 ਵਜੇ ਤੱਕ ਪ੍ਰੀਖਿਆ ਕੇਂਦਰ ਵਿਚ ਦਾਖਲ ਹੋ ਸਕਣਗੇ ਅਤੇ ਇਸੇ ਤਰ੍ਹਾਂ ਹੀ ਦੂਜੀ ਸ਼ਿਫਟ ਦਾ ਪੇਪਰ ਬਾਅਦ ਦੁਪਹਿਰ 3.00 ਵਜੇ ਤੋਂ ਸ਼ਾਮ 6.00 ਵਜੇ ਤੱਕ ਦਾ ਹੋਵੇਗਾ,ਜਿਸ ਵਿਚ ਵਿਦਿਆਰਥੀ 1.00 ਤੋਂ 2.30 ਵਜੇ ਤੱਕ ਪ੍ਰੀਖਿਆ ਹਾਲ ਵਿਚ ਦਾਖਲ ਹੋ ਸਕਣਗੇ।ਉਨ੍ਹਾਂ ਦੱਸਿਆ ਕਿ ਇਸ ਦੌਰਾਨ ਬੱਚੇ ਕੇਵਲ ਪ੍ਰੀਖਿਆ ਦੇ ਦਾਖਲਾ ਕਾਰਡ ਤੋਂ ਇਲਾਵਾ ਸ਼ਨਾਖ਼ਤੀ ਕਾਰਡ ਵਜੋਂ ਪੈਨ ਕਾਰਡ, ਪਾਸਪੋਰਟ, ਆਧਾਰ ਕਾਰਡ, ਰਾਸ਼ਨ ਕਾਰਡ ਜਾਂ ਵਿਦਿਆਰਥੀਆਂ ਦੇ ਸਕੂਲ ਦਾ ਸ਼ਨਾਖਤੀ ਕਾਰਡ, ਵਿੱਚੋਂ ਕਿਸੇ ਇੱਕ ਨੂੰ ਨਾਲ ਲਿਆਉਣਾ ਜ਼ਰੂਰੀ ਹੈ।ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਕੇਵਲ ਪਾਰਦਰਸ਼ੀ ਪਾਣੀ ਦੀ ਬੋਤਲ ਬੱਚਾ ਨਾਲ ਲਿਜਾ ਸਕੇਗਾ।ਉਨ੍ਹਾਂ ਯੂਜੀਸੀ ਨੈੱਟ ਦੇ ਨਿਯਮਾਂ ਦਾ ਹਵਾਲਾ ਦਿੰਦੇ ਦੱਸਿਆ ਕਿ ਇਸ ਤੋਂ ਇਲਾਵਾ ਕਿਸੇ ਵੀ ਤਰ੍ਹਾਂ ਦਾ ਪ੍ਰਿੰਟਡ ਮਟੀਰੀਅਲ, ਕੋਈ ਕਿਤਾਬ, ਨੋਟਿਸ, ਕਾਗਜ਼, ਪੈਂਸਲ ਬਾਕਸ, ਜੁਮੈਟਰੀ, ਪਲਾਸਟਿਕ ਪਾਊਚ, ਪੈਨਸਿਲ, ਸਕੇਲ, ਲੋਗ ਟੇਬਲ, ਪੈਡ, ਅਰੇਜ਼ਰ, ਕੈਲਕੂਲੇਟਰ, ਕਾਰਡ ਬੋਰਡ, ਪੈਨ ਡਰਾਈਵ, ਕਰੈਡਿਟ ਜਾਂ ਡੈਬਿਟ ਕਾਰਡ, ਇਲੈਕਟਰੋਨਿਕ ਪੈਨ, ਮੋਬਾਈਲ ਫੋਨ, ਈਅਰਫੋਨ, ਮਾਈਕਰੋਫੋਨ, ਪੇਪਰ ਹੈਲਥ ਬੈਂਡ, ਸਪੀਕਰ, ਹੈਡਫੋਨ, ਪੇਜਰ, ਬਲੂ ਟੂਥ ਡਿਵਾਈਸ, ਘੜੀ, ਸਮਾਰਟ ਵਾਚ, ਬਟੂਆ, ਕੈਮਰਾ, ਗੋਗਲਜ਼, ਗਹਿਣੇ, ਹੇਅਰ ਬੈਂਡ, ਬੈਲਟ, ਟੋਪੀ ਸਕਾਰਫ਼ ਜਾਂ ਖਾਣ ਪੀਣ ਦੀ ਕੋਈ ਵੀ ਵਸਤੂ ਪ੍ਰੀਖਿਆ ਕੇਂਦਰ ਦੇ ਅੰਦਰ ਨਹੀਂ ਲਿਜਾ ਸਕਣਗੇ।ਉਨ੍ਹਾਂ ਕਿਹਾ ਕਿ ਜੇਕਰ ਕੋਈ ਪ੍ਰੀਖਿਆਰਥੀ ਇਨ੍ਹਾਂ ਵਸਤੂਆਂ ਸਮੇਤ ਪ੍ਰੀਖਿਆ ਕੇਂਦਰ ਦੇ ਅੰਦਰ ਪਾਇਆ ਜਾਂਦਾ ਹੈ ਤਾਂ ਉਸ ਵਿਰੁੱਧ ਨਿਯਮਾਂ ਅਨੁਸਾਰ ਕਾਰਵਾਈ ਕੀਤੀ ਜਾਵੇਗੀ।

25 Jun Page-12.qxd 6/24/2025 9:18 PM Page 1



# 230 ਪਾਬੰਦੀਸ਼ੁਦਾ ਨਸ਼ੀਲੀਆਂ ਗੋਲ਼ੀਆਂ ਸਮੇਤ 5 ਗ੍ਰਿਫ਼ਤਾਰ

**ਫਿਲੌਰ (ਨਿਰਮਲ)**- ਥਾਣਾ ਮੁਖੀ ਫਿਲੌਰ ਇੰਸਪੈਕਟਰ ਸੰਜੀਵ ਕਪੂਰ ਦੀ ਟੀਮ ਨੇ ਨਸ਼ਾ ਵੇਚਣ ਵਾਲੀਆਂ 4 ਔਰਤਾਂ ਅਤੇ ਇਕ ਵਿਅਕਤੀ ਸਾਹਿਤ 5 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਥਾਣਾ ਮੁਖੀ ਨੇ ਦੱਸਿਆ ਕਿ ਮਨਜੀਤ ਪਤਨੀ ਬੂਟਾ ਵਾਸੀ ਗੰਨਾ ਪਿੰਡ ਅਤੇ ਤਲਵਿੰਦਰ ਪਤਨੀ ਦੇਵ ਰਾਜ ਵਾਸੀ ਗੰਨਾ ਪਿੰਡ (ਫਿਲੌਰ) ਤੋਂ 110 ਪਾਬੰਦੀਸ਼ੁਦਾ ਨਸ਼ੀਲੀਆਂ ਗੋਲ਼ੀਆਂ ਬਰਾਮਦ ਕੀਤੀਆਂ। ਮਨਜੀਤ ਉਰਫ਼ ਦੀਸੋਂ ਪਤਨੀ ਬਿੰਦਰ ਵਾਸੀ ਰਾਇਪੁਰ ਅਰਾਈਆਂ ਅਤੇ ਊਸ਼ਾ ਰਾਣੀ ਪਤਨੀ ਸੰਦੀਪ ਕੁਮਾਰ ਵਾਸੀ ਕੜਿਆਣਾ ਝੰਡਿਪੀਰ (ਫਿਲੌਰ) ਤੋਂ 90 ਪਾਬੰਦੀਸ਼ੁਦਾ ਨਸ਼ੀਲੀਆਂ ਗੋਲ਼ੀਆਂ ਬਰਾਮਦ ਕੀਤੀਆਂ। ਇਸੇ ਤਰ੍ਹਾਂ ਰਾਮ ਲੁਭਾਇਆ ਪੁੱਤਰ ਮੁਲਖ਼ ਰਾਜ ਵਾਸੀ ਗੰਨਾ ਪਿੰਡ (ਫਿਲੌਰ) ਤੋਂ 30 ਪਾਬੰਦੀਸ਼ੁਦਾ ਨਸ਼ੀਲੀਆਂ ਗੋਲ਼ੀਆਂ ਬਰਾਮਦ ਕੀਤੀਆਂ ਗਈਆਂ। ਇਨ੍ਹਾਂ ਸਭਨਾਂ ਵਿਰੁੱਧ ਥਾਣਾ ਫਿਲੌਰ ਵਿੱਚ ਧਾਰਾ 22/61/85 ਐਨ ਡੀ ਪੀ ਐਸ ਐਕਟ ਅਤੇ 22ਸੀ/ 29/61/85 ਐਨ ਡੀ ਪੀ ਐਸ ਐਕਟ ਤਹਿਤ ਕੇਸ ਦਰਜ ਕਰਕੇ ਅਗਲੇਰੀ ਕਾਰਵਾਈ ਜਾਰੀ ਹੈ।




# ਟੁੱਟੀਆਂ ਸੜਕਾਂ ਬਣ ਰਹੀਆਂ ਹਨ ਨਿੱਤ ਦੇ ਹਾਦਸਿਆਂ ਦਾ ਸਬੱਬ : ਆਗੂ

**ਫਿਲੌਰ (ਨਿਰਮਲ)**- ਇਲਾਕੇ ਦੀਆਂ ਟੁੱਟੀਆਂ ਸੜਕਾਂ ਅਕਸਰ ਨਿੱਤ ਦੇ ਵਾਪਰਦੇ ਹਾਦਸਿਆਂ ਦਾ ਸਬੱਬ ਬਣ ਰਹੀਆਂ ਹਨ ਅਤੇ ਲੱਖਾਂ ਵਾਹਨ ਚਾਲਕ ਹਰ ਰੋਜ਼ ਖੱਜਲ ਖੁਆਰ ਹੁੰਦੇ ਰਹਿੰਦੇ ਹਨ। ਜ਼ਿਕਰਯੋਗ ਹੈ ਕਿ ਫਿਲੌਰ ਤੋਂ ਨਵਾਂ ਸ਼ਹਿਰ ਵਾਲੀ ਸੜਕ ਮੁੱਖ ਸੜਕ ਹੈ ਅਤੇ ਇਸ

**● ਵਾਹਨ ਚਾਲਕ ਅੱਤ ਦੇ ਪਰੇਸ਼ਾਨ**

ਸੜਕ 'ਤੇ ਟ੍ਰੈਫਿਕ ਬਹੁਤ ਜ਼ਿਆਦਾ ਹੈ ਕਿਉਂਕਿ ਸਿੰਗਲ ਲੇਨ ਸੜਕ ਹੈ ਪਰ ਹੁਣ ਉਕਤ ਸੜਕ ਦੀ ਹਾਲਤ ਇਸ ਕਦਰ ਖਸਤਾ ਹੈ ਕਿ ਨਾਲ ਲੱਗਦੇ ਪਿੰਡ ਗੜ੍ਹਾ, ਪਿੰਡ ਨਗਰ, ਪਿੰਡ ਥਲ੍ਹਾ ਤੱਕ ਸੜਕ ਵਿਚ ਇੰਨੇ ਚੌੜੇ ਅਤੇ ਡੂੰਘੇ ਖੱਡੇ ਹਨ ਕਿ ਸੈਂਕੜੇ ਵਾਹਨ, ਕਾਰਾਂ ਅਤੇ ਟਰੱਕਾਂ ਟਿੱਪਰਾਂ ਦੇ ਪਿੱਛੇ ਜਾਂਦੇ ਦੋ ਪਹੀਆ ਵਾਹਨਾਂ ਦੀਆਂ ਉਸ ਵੇਲੇ ਬੁੱਚੀਆਂ ਪੈ ਜਾਂਦੀਆਂ ਜਦੋਂ ਕਦੀ ਅੱਗੇ ਜਾਣ ਵਾਲਾ ਵਾਹਨ ਕਿਸੇ ਵਜਾਹ ਕਾਰਨ ਆਪਣੇ ਵਾਹਨ ਨੂੰ ਬਰੇਕ ਲਾਉਂਦਾ ਹੈ। ਕਈ ਵਾਰ ਤਾਂ ਇਹ ਹਾਦਸੇ ਜਾਨਲੇਵਾ ਸਾਬਤ ਹੁੰਦੇ ਹਨ। ਹਲਕੇ ਦੇ ਵਿਧਾਇਕ ਵਿਕਰਮਜੀਤ ਸਿੰਘ ਚੌਧਰੀ ਨੇ ਦੱਸਿਆ ਕਿ ਪਿੰਡ ਥਲਾ ਕੋਲ ਉਹ ਆ ਰਹੇ ਸਨ ਕਿ ਸੜਕ 'ਚ ਪਏ ਵੱਡੇ ਖੱਡੇ ਕਾਰਨ ਉਨ੍ਹਾਂ ਦੀ ਆਪਣੀ ਗੱਡੀ ਦਾ ਟਾਇਰ ਫਟ ਗਿਆ ਅਤੇ ਉਹ ਇਸ ਹਾਦਸੇ ਵਿਚ ਵਾਲ ਵਾਲ ਬੱਚੇ ਸਨ । ਸਾਬਕਾ ਕੈਬਨਿਟ ਮੰਤਰੀ ਸਰਵਣ ਸਿੰਘ ਫਿਲੌਰ ਨੇ ਦੱਸਿਆ ਕਿ ਫਿਲੌਰ-ਨਵਾਂ ਸ਼ਹਿਰ ਵਾਲੀ ਸੜਕ ਦੋਹਰੀ ਵੀ ਉਨ੍ਹਾਂ ਦੀ ਸਰਕਾਰ ਨੇ ਕੀਤੀ ਸੀ ਅਤੇ ਸਾਰੇ ਪੰਜਾਬ ਦੀਆਂ ਸੜਕਾਂ ਬਣਾਈਆਂ ਸਨ । ਸਾਬਕਾ ਮੁੱਖ ਪਾਰਲੀਮਾਨੀ ਸਕੱਤਰ ਪੰਜਾਬ ਅਵਿਨਾਸ਼ ਚੰਦਰ ਕਲੇਰ ਨੇ ਕਿਹਾ ਕਿ ਬਰਸਾਤਾਂ ਦਾ ਸਮਾਂ ਹੈ, ਜਿਸ ਕਰਕੇ ਸੜਕਾਂ ਦੀ ਹਾਲਤ ਆਮ ਨਾਲੋਂ ਜ਼ਿਆਦਾ ਬਦਤਰ ਹੋ ਗਈ ਹੈ, ਸੜਕਾਂ 'ਚ ਪਏ ਡੂੰਘੇ ਖੱਡਿਆਂ ਤੋਂ ਹਲਕਾ ਫਿਲੌਰ ਦੇ ਲੋਕ ਬੁਰੀ ਤਰ੍ਹਾਂ ਪ੍ਰੇਸ਼ਾਨ ਹਨ। ਸਾਬਕਾ ਅਕਾਲੀ ਵਿਧਾਇਕ ਬਲਦੇਵ ਸਿੰਘ ਖਹਿਰਾ ਨੇ ਕਿਹਾ ਕਿ ਇਕੱਲੀ ਫਿਲੌਰ-ਨਵਾਂ ਸ਼ਹਿਰ ਵਾਲੀ ਸੜਕ ਦੀ ਹੀ ਹਾਲਤ ਖਸਤਾ ਨਹੀਂ ਬਲਕਿ ਲਿੰਕ ਸੜਕਾਂ ਦੀ ਹਾਲਤ ਵੀ ਖਸਤਾ ਹੈ, ਪਿੰਡਾਂ ਨੂੰ ਜਾਣ ਵਾਲੀਆਂ ਸੜਕਾਂ ਦੀਆਂ ਵਰਮਾਂ ਬੁਰੀ ਤਰਾਂ ਟੁੱਟੀਆਂ ਹੋਈਆਂ ਹਨ। ਜਿਸ ਕਰਕੇ ਪਿੰਡਾਂ ਦੇ ਲੋਕ ਵਿਚਾਰੇ ਅੰਤ ਦੇ ਦੁੱਖੀ ਹਨ। ਆਗੂਆਂ ਨੇ ਸਰਕਾਰ ਤੋਂ ਮੰਗ ਕੀਤੀ ਹੈ ਕਿ ਬਰਸਾਤ ਆਉਣ ਤੋਂ ਪਹਿਲਾਂ ਪਹਿਲਾਂ ਫਿਲੌਰ-ਨਵਾਂ ਸ਼ਹਿਰ ਵਾਲੀ ਸੜਕ ਸਮੇਤ ਪੰਜਾਬ ਦੀਆਂ ਦੂਸਰੀਆਂ ਸੜਕਾਂ ਵੀ ਨਵਿਆਈਆਂ ਜਾਣ।





# ਜੈਨ ਮਾਡਲ ਸਕੂਲ ਨੇੜੇ ਗੰਦੇ ਨਾਲੇ ਦੀ ਸਫ਼ਾਈ ਸ਼ੁਰੂ



**ਫਗਵਾੜਾ (ਡਾ ਰਮਨ)** ਮੀਂਹ ਦੇ ਮੌਸਮ ਨੂੰ ਲੈ ਕੇ ਮਿਊਂਸਿਪਲ ਕਾਰਪੋਰੇਸ਼ਨ ਫਗਵਾੜਾ ਵੱਲੋਂ ਚਲਾਏ ਜਾ ਰਹੇ ਸਫ਼ਾਈ ਮੁਹਿੰਮ ਦੇ ਤਹਿਤ, ਮੇਅਰ ਰਾਮਪਾਲ ਉੱਪਲ ਅਤੇ ਕਮਿਸ਼ਨਰ ਡਾ. ਅਕਸ਼ਤਾ ਗੁਪਤਾ ਦੀ ਅਗਵਾਈ ਹੇਠ ਜੈਨ ਮਾਡਲ ਸਕੂਲ, ਹੁਸ਼ਿਆਰਪੁਰ ਰੋਡ ਨੇੜੇ ਪਈ ਗੰਦੇ ਨਾਲੀ ਦੀ ਸਫ਼ਾਈ ਸ਼ੁਰੂ ਕੀਤੀ ਗਈ। ਇਹ ਨਾਲਾ ਕਾਫ਼ੀ ਸਮੇਂ ਤੋਂ ਨਾ ਸਫ਼ਾਈ ਹੋਣ ਕਾਰਨ ਹਰੇਕ ਸਾਲ ਮੀਂਹ ਪੈਂਦੇ ਹੀ ਪਾਣੀ ਰੁਕਣ ਦੀ ਵੱਡੀ ਸਮੱਸਿਆ ਬਣੀ ਹੋਈ ਸੀ ਕਮਿਸ਼ਨਰ ਡਾ. ਅਕਸ਼ਤਾ ਗੁਪਤਾ ਨੇ ਕਿਹਾ ਕਿ ਇਹ ਪਹਿਲ ਫਗਵਾੜਾ ਨਿਵਾਸੀਆਂ ਨੂੰ ਆਉਣ ਵਾਲੇ ਮੀਂਹ ਮੌਸਮ ਵਿੱਚ ਵਹਾਵਾ ਸੁਚੱਜਾ ਬਣਾਈ ਰੱਖਣ ਲਈ ਰਾਹਤ ਦੇਵੇਗੀ। ਉਨ੍ਹਾਂ ਦੱਸਿਆ ਕਿ ਨਗਰ ਨਿਗਮ ਵੱਲੋਂ ਸੀਵਰ ਲਾਈਨਾਂ ਦੀ ਸਫ਼ਾਈ, ਨਾਲੀਆਂ ਦੀ ਸਫ਼ਾਈ, ਰਾਹਾਂ ਅਤੇ ਗਲੀਆਂ ਦੀ ਸਫ਼ਾਈ, ਦੂਸ਼ਿਤ ਕਚਰਾ ਸਥਲਾਂ ਦੀ ਸਫ਼ਾਈ ਆਦਿ ਸਮੇਤ ਹੋਰ ਬਹੁਤ ਸਾਰੇ ਉਪਰਾਲੇ ਕੀਤੇ ਜਾ ਰਹੇ ਹਨ। ਮੇਅਰ ਰਾਮਪਾਲ ਉੱਪਲ ਨੇ ਨਗਰ ਨਿਗਮ ਦੀ ਇਸ ਪਹਿਲ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਨਾਲੀ ਕਈ ਸਾਲਾਂ ਤੋਂ ਸਾਫ਼ ਨਾ ਹੋਣ ਕਾਰਨ ਮੀਂਹ ਦੇ ਮੌਸਮ ਪਾਣੀ ਰੁਕਣ ਦੀ ਮੁੱਖ ਸਮੱਸਿਆ ਬਣੀ ਹੋਈ ਸੀ, ਜਿਸ ਕਰਕੇ ਲੋਕਾਂ ਨੂੰ ਬਹੁਤ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਸੀ। ਉਨ੍ਹਾਂ ਭਰੋਸਾ ਦਿਵਾਇਆ ਕਿ ਫਗਵਾੜਾ ਸ਼ਹਿਰ ਦੀ ਭਲਾਈ ਲਈ ਨਗਰ ਨਿਗਮ ਵੱਲੋਂ ਹਰੇਕ ਸੰਭਵ ਕੋਸ਼ਿਸ਼ ਕੀਤੀ ਜਾ ਰਹੀ ਹੈ।



# ਖਜੂਰਲਾ ਵਿਖੇ ਸਾਲਾਨਾ ਮੇਲਾ ਸ਼ਾਨੋ-ਸ਼ੌਕਤ ਨਾਲ ਸਮਾਪਤ

**ਬੰਗਾ (ਅਵਤਾਰ ਕਲੇਰ)** ਦਰਬਾਰ ਪੀਰ ਬਾਬਾ ਸੈਮਤਿੱਲੇ ਵਿਖੇ ਸਾਲਾਨਾ ਮੇਲਾ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਇਸ ਦੋ ਦਿਨਾ ਮੇਲੇ ਦੌਰਾਨ ਪਹਿਲੇ ਦਿਨ ਸ਼ਾਮ ਨੂੰ ਚਿਰਾਗਾਂ ਦੀ ਰਸਮ, ਨਿਸ਼ਾਨ ਸਾਹਿਬ ਦੀ ਰਸਮ, ਚਾਦਰ ਦੀ ਰਸਮ ਸਾਈਂ ਲਖਵੀਰ ਸ਼ਾਹ ਕਾਦਰੀ ਵੱਲੋਂ ਨਿਭਾਈ ਗਈ। ਰਾਤ ਨੂੰ ਕਵਾਲੀਆਂ ਦੀ ਮਹਿਫ਼ਿਲ ਹੋਈ। ਦੂਸਰੇ ਦਿਨ ਪੰਜਾਬ ਦੇ ਮਸ਼ਹੂਰ ਕਲਾਕਾਰ ਕੁਲਵੰਤ ਕਲੇਰ,ਸੌਂਤੀ ਖੰਬੇਵਾਲੀਆ ,ਕ੍ਰਮਲ ਕਟਾਣੀਆ, ਕਲਕਰ ਸਰਗੁੰਦੀ ਤੋਂ ਇਲਾਵਾ ਕਵਾਲ ਅਤੇ ਨਕਾਲ ਪਾਰਟੀਆਂ ਨੇ ਹਾਜ਼ਰੀਆਂ ਭਰੀਆਂ। ਪ੍ਰਬੰਧਕਾਂ ਵੱਲੋਂ ਪਹੁੰਚੇ ਹੋਏ ਮਹਾਂਪੁਰਸ਼ਾਂ, ਕਲਾਕਾਰਾਂ ਅਤੇ ਸੇਵਾਦਾਰਾਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਰਾਮ ਲਾਲ ਬਬਲੀ ਕਟਾਰੀਆਂ, ਬਾਬਾ ਬਿੱਲੇ ਸ਼ਾਹ ਸਪਰੋੜ, ਬਾਬਾ ਰਾਣਾ ਸੰਸੋਲੀ, ਬਾਬਾ ਹੈਪੀ ਜਲੰਧਰ, ਰੇਸ਼ਮ ਸਿੰਘ ਰੋਸ਼ੀ, ਸੇਵਾਦਾਰ ਨਰੇਸ਼ ਕੁਮਾਰ ਬਾਬੂ,ਪਵਨ ਕੁਮਾਰ, ਧਰਮਿੰਦਰ ਕੁਮਾਰ ਤੋਂ ਇਲਾਵਾ ਸੰਗਤਾਂ ਹਾਜ਼ਰ ਸਨ।

# 76 ਜ਼ਿੰਦਾ ਰੌਂਦ ਸਮੇਤ ਗ੍ਰਿਫਤਾਰ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਹਰਮਨਦੀਪ ਸਿੰਘ ਹਾਂਸ, ਸੀਨੀਅਰ ਕਪਤਾਨ ਪੁਲਸ ਜ਼ਿਲ੍ਹਾ ਐਸ.ਏ.ਐਸ. ਨਗਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਮੋਹਾਲੀ ਪੁਲਸ ਵੱਲੋਂ ਮਾੜੇ ਅਨਸਰਾਂ ਵਿਰੁੱਧ ਚਲਾਈ ਮੁਹਿਮ ਦੌਰਾਨ ਸੌਰਵ ਜਿੰਦਲ ਕਪਤਾਨ ਪੁਲਸ (ਇਨਵੈਸਟੀਗੇਸ਼ਨ), ਤਲਵਿੰਦਰ ਸਿੰਘ ਕਪਤਾਨ ਪੁਲਸ (ਅਪਰੇਸ਼ਨ), ਜਤਿੰਦਰ ਸਿੰਘ ਚੌਹਾਨ ਉੱਪ-ਕਪਤਾਨ ਪੁਲਸ (ਇਨਵੈਸਟੀਗੇਸ਼ਨ) ਜ਼ਿਲ੍ਹਾ ਐਸ.ਏ.ਐਸ. ਨਗਰ ਦੀ ਨਿਗਰਾਨੀ ਹੇਠ ਇੰਸਪੈਕਟਰ ਹਰਮਿੰਦਰ ਸਿੰਘ ਇੰਚਾਰਜ ਸੀ.ਆਈ.ਏ. ਸਟਾਫ ਦੀ ਟੀਮ ਵੱਲੋਂ 1 ਦੋਸ਼ੀ ਨੂੰ ਗ੍ਰਿਫਤਾਰ ਕਰਕੇ ਉਸ ਪਾਸੋਂ ਇੱਕ 76 ਜ਼ਿੰਦਾ ਰੌਂਦ (32 ਬੋਰ) ਬ੍ਰਾਮਦ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ 19 ਜੂਨ ਨੂੰ ਸੀ.ਆਈ.ਏ. ਸਟਾਫ ਦੀ ਪੁਲਸ ਪਾਰਟੀ ਏਅਰਪੋਰਟ ਰੋਡ ਨੇੜੇ ਟੀ.ਡੀ.ਆਈ. ਸਿਟੀ ਮੌਜੂਦ ਸੀ ਤਾਂ ਸੀ.ਆਈ.ਏ. ਸਟਾਫ ਦੇ ਏ ਐਸ ਆਈ ਜਤਿੰਦਰ ਸਿੰਘ ਨੂੰ ਸੂਚਨਾ ਮਿਲੀ ਕਿ ਸਾਹਿਲ ਪੰਨੂ ਪੁੱਤਰ ਬਾਰੂ ਰਾਮ ਵਾਸੀ ਅਰਬਨ ਅਸਟੇਟ ਜੀਂਦ, ਹਰਿਆਣਾ ਜੋ ਕਿ ਏਅਰਪੋਰਟ ਰੋਡ 'ਤੇ ਪੈਂਦੇ ਗਿਲਕੋ ਪਾਰਕ ਹਿਲਜ਼ ਵਿੱਚ ਫਲੈਟ ਨੰ: ਈ 306 ਕਿਰਾਏ 'ਤੇ ਲੈ ਕੇ ਰਹਿ ਰਿਹਾ ਹੈ, ਨੇ ਆਪਣੇ ਪਾਸ ਨਜਾਇਜ਼ ਅਸਲਾ/ਐਮੂਨੀਸ਼ਨ ਰੱਖਿਆ ਹੋਇਆ ਹੈ। ਸੂਚਨਾ ਦੇ ਅਧਾਰ 'ਤੇ ਦੋਸ਼ੀ ਵਿਰੁੱਧ ਥਾਣਾ ਬਲੌਂਗੀ ਦਰਜ ਰਜਿਸਟਰ ਕੀਤਾ ਗਿਆ ਸੀ। ਮੁਲਜ਼ਮ ਨੂੰ ਉਸ ਦੇ ਫਲੈਟ ਨੰ: 5306 ਗਿਲਕੋ ਹਿਲਜ਼ ਤੋਂ ਕਾਬੂ ਕਰਕੇ ਫਲੈਟ ਵਿੱਚੋਂ 76 ਜ਼ਿੰਦਾ ਰੌਂਦ .32 ਬੋਰ ਬ੍ਰਾਮਦ ਕੀਤੇ ਗਏ।



# ਗੁਰੂ ਨਾਨਕ ਸਭਾ ਆਦਮਪੁਰ ਨੇ ਦਸਤਾਰਬੰਦੀ ਮੁਕਾਬਲੇ ਕਰਵਾਏ



**ਆਦਮਪੁਰ (ਪਰਮਜੀਤ ਸਿੰਘ)**- ਗੁਰੂ ਨਾਨਕ ਸਮੂਹ ਸਭਾ ਆਦਮਪੁਰ ਤੇ ਦੇ ਸਹਿਯੋਗ ਨਾਲ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਗਤਕਾ ਅਖਾੜਾ ਦਸਤਾਰਬੰਦੀ ਵਲੋਂ 17ਵੇਂ ਮੁਕਾਬਲੇ ਗੁਰਦੁਆਰਾ ਰਾਮਗੜ੍ਹੀਆ ਨੇੜੇ ਬੱਸ ਅੱਡਾ ਆਦਮਪੁਰ ਵਿਖੇ ਕਰਵਾਏ ਗਏ। ਇਸ ਮੌਕੇ ਕਰੀਬ 50 ਨੌਜਵਾਨਾਂ ਨੇ ਇਨ੍ਹਾਂ ਮੁਕਾਬਲਿਆਂ ਵਿਚ ਭਾਗ ਲਿਆ, ਜਿਨ੍ਹਾਂ ਨੂੰ ਤਿੰਨ ਗਰੁੱਪਾਂ ਵਿਚ ਵੰਡਿਆ ਗਿਆ ਸੀ। ਗਰੁੱਪ ਏ- ਗੁਰਨੂਰ ਸਿੰਘ ਨੇ ਸਿੰਘ ਨੇ ਦੂਜਾ, ਪਹਿਲਾ, ਬਿਕਰਮਜੀਤ ਗੁਰਸੇਵਕ ਸਿੰਘ ਨੇ ਤੀਸਰਾ, ਗਰੁੱਪ ਬੀ- ਮਨਮੀਤ ਸਿੰਘ ਨੇ ਪਹਿਲਾ, ਜਸਕਰਨ ਸਿੰਘ ਨੇ ਦੂਜਾ, ਗਗਨਪ੍ਰੀਤ ਸਿੰਘ ਨੇ ਤੀਸਰਾ ਅਤੇ ਗਰੁੱਪ ਸੀ- ਗੁਰਬਾਜ ਸਿੰਘ ਨੇ ਪਹਿਲਾ, ਜਸਪ੍ਰੀਤ ਸਿੰਘ ਦੂਸਰਾ, ਤੇ ਹਰਜੋਤ ਸਿੰਘ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਇਸ ਮੌਕੇ ਪ੍ਰਬੰਧਕਾਂ ਵਲੋਂ ਪਹਿਲੇ, ਦੂਸਰੇ, ਤੀਸਰੇ ਤੇ ਭਾਗ ਲੈਣ ਵਾਲੇ ਹਰ ਨੌਜਵਾਨਾਂ ਨੂੰ ਆਕਰਸ਼ਕ ਇਨਾਮ ਦਿੱਤੇ ਗਏ। ਗੁਰੂ ਕਾ ਲੰਗਰ ਅਤੁੱਟ ਵਰਤਿਆ ਗਿਆ। ਇਸ ਮੌਕੇ ਕੁਲਵਿੰਦਰ ਸਿੰਘ ਟੋਨੀ, ਹਰਜਿੰਦਰ ਸਿੰਘ ਭੂਈ, ਪਰਮਜੀਤ ਸਿੰਘ ਨੋਤਾ, ਉਂਕਾਰ ਸਿੰਘ ਫਲੋਰਾ, ਹਰਵਿੰਦਰ ਸਿੰਘ ਭੂਈ, ਰਣਜੋਤ ਸਿੰਘ ਸੂਰੀ, ਕੁਲਜੀਤ ਸਿੰਘ ਭੂਈ, ਭੁਪਿੰਦਰ ਸਿੰਘ ਕਾਲਰਾ, ਕਮਲਜੀਤ ਸਿੰਘ ਬਿੱਟੂ, ਗੁਰ ਪੁਨੀਤ ਸਿੰਘ ਨੇਤਾ, ਜੋਤ ਸਿੰਘ, ਹਰਜਿੰਦਰ ਸਿੰਘ, ਅੰਮ੍ਰਿਤ ਪਾਲ ਸਿੰਘ ਫਲੋਰਾ, ਹਰਜੋਤ ਸਿੰਘ, ਹਰਮਨਦੀਪ ਸਿੰਘ, ਤਰਨਜੋਤ ਸਿੰਘ, ਅਮਰਜੀਤ ਸਿੰਘ ਭੋਗਪੁਰੀਆ, ਤਰਨਜੀਤ ਸਿੰਘ ਭੋਗਲ, ਬਲਦੀਪ ਸਿੰਘ, ਅਰਸ਼ਦੀਪ ਸਿੰਘ, ਨਿਰਮਲ ਸਿੰਘ ਬਾਂਸਲ, ਜਸਵਿੰਦਰ ਸਿੰਘ ਵਿਰਦੀ, ਗੁਰਮੁਖ ਸਿੰਘ ਸੂਰੀ, ਹਰਿੰਦਰ ਸਿੰਘ ਬਾਂਸਲ, ਇੰਦਰਜੀਤ ਸਿੰਘ ਵਿਰਦੀ, ਅਵਤਾਰ ਸਿੰਘ ਸਿਆਣ, ਭਾਈ ਸੁਰਿੰਦਰ ਸਿੰਘ ਤੇ ਹੋਰ ਪਤਵੰਤੇ ਸੱਜਣ ਹਾਜ਼ਰ ਸਨ।

# ਡਿਪਟੀ ਕਮਿਸ਼ਨਰ ਨੇ ਮਿਥੇਨੋਲ ਦੀ ਕੋਰੀਅਰ ਰਾਹੀਂ ਵਿਕਰੀ 'ਤੇ ਰੋਕ ਲਾਈ

**ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)** ਖਤਰਨਾਕ ਰਾਸਾਇਣਾਂ ਦੀ ਦੁਰਵਰਤੋਂ ਨੂੰ ਰੋਕਣ ਲਈ ਇਕ ਫੈਸਲਾਕੁੰਨ ਕਦਮ ਚੁੱਕਦਿਆਂ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਜਲੰਧਰ ਜ਼ਿਲ੍ਹੇ ਵਿੱਚ ਕੋਰੀਅਰ ਸੇਵਾਵਾਂ ਰਾਹੀਂ ਮਿਥਾਈਲ ਅਲਕੋਹਲ (ਮਿਥੇਨੋਲ) ਦੀ ਵਿਕਰੀ ਅਤੇ ਡਲਿਵਰੀ 'ਤੇ ਸਖ਼ਤ ਪਾਬੰਦੀ ਲਗਾ ਦਿੱਤੀ ਹੈ। ਇਹ ਨਿਰਦੇਸ਼ ਇਸ ਜ਼ਹਿਰੀਲੇ ਪਦਾਰਥ ਦੇ ਗੈਰ-ਕਾਨੂੰਨੀ ਵਪਾਰ ਅਤੇ ਸੰਭਾਵੀ ਦੁਰਵਰਤੋਂ ਬਾਰੇ ਵਧ ਰਹੀਆਂ ਚਿੰਤਾਵਾਂ ਦੇ ਮੱਦੇਨਜ਼ਰ ਜਾਰੀ ਕੀਤੇ ਗਏ ਹਨ।ਇੱਕ ਸਮੀਖਿਆ ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਨੇ ਸਾਰੇ ਉਪ ਮੰਡਲ ਮੈਜਿਸਟ੍ਰੇਟਸ (ਐਸ.ਡੀ.ਐਮਜ਼) ਨੂੰ ਆਪੋ-ਆਪਣੇ ਅਧਿਕਾਰ ਖੇਤਰਾਂ ਵਿੱਚ ਮਿਥੇਨੋਲ ਦੀ ਵਿਕਰੀ ਅਤੇ ਵੰਡ 'ਤੇ ਨੇੜਿਓਂ ਨਜ਼ਰ ਰੱਖਣ ਅਤੇ ਨਿਯਮਤ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਨੇ ਰਸਾਇਣ ਦੀ ਅਣ-ਅਧਿਕਾਰਤ ਅਤੇ ਬਿਨਾਂ ਲਾਇਸੈਂਸ ਤੋਂ ਵਿਕਰੀ, ਖਾਸ ਕਰ ਕੋਰੀਅਰ ਸੇਵਾਵਾਂ ਦੀ ਆੜ ਵਿੱਚ ਹੋਣ ਵਾਲੀ ਵਿਕਰੀ, ਨੂੰ ਰੋਕਣ ਦੀ ਮਹੱਤਤਾ 'ਤੇ ਜ਼ੋਰ ਦਿੱਤਾ।ਡਿਪਟੀ ਕਮਿਸ਼ਨਰ ਨੇ ਮਿਥੇਨੋਲ ਦਾ ਕਾਰੋਬਾਰ ਕਰਨ ਵਾਲੇ ਗੈਰ-ਲਾਇਸੈਂਸਸ਼ੁਦਾ ਵਪਾਰੀਆਂ ਦੀ ਪਛਾਣ ਕਰਨ, ਇਸਨੂੰ ਸਟਾਕ ਕਰਨ ਅਤੇ ਵੇਚਣ ਦੀ ਪ੍ਰਵਾਨਗੀ ਵਾਲੇ ਲਾਇਸੈਂਸ ਧਾਰਕਾਂ ਦੀ ਇੱਕ ਵੱਖਰੀ ਸੂਚੀ ਤਿਆਰ ਕਰਨ ਅਤੇ ਲਾਇਸੰਸਸ਼ੁਦਾ ਫਰਮਾਂ ਦੀ ਨਿਯਮਿਤ ਜਾਂਚ ਯਕੀਨੀ ਬਣਾਉਣ ਦੀ ਜ਼ਰੂਰਤ 'ਤੇ ਵੀ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਮਿਥੇਨੋਲ ਦੀ ਖ਼ਰੀਦ, ਵਿਕਰੀ ਅਤੇ ਸਟਾਕ ਦੇ ਵੇਰਵੇ ਵਾਲੀਆਂ ਮਹੀਨਾਵਾਰ ਰਿਪੋਰਟਾਂ ਐਸ.ਡੀ.ਐਮਜ਼ ਨੂੰ ਸਖ਼ਤ ਨਿਗਰਾਨੀ ਲਈ ਜਮ੍ਹਾ ਕਰਵਾਈਆਂ ਜਾਣੀਆਂ ਚਾਹੀਦੀਆਂ ਹਨ।ਇਹ ਕਦਮ ਜ਼ਹਿਰੀਲੇ ਪਦਾਰਥਾਂ ਦੀ ਗੈਰ-ਕਾਨੂੰਨੀ ਵਿਕਰੀ ਅਤੇ ਦੁਰਵਰਤੋਂ ਨੂੰ ਕੰਟਰੋਲ ਕਰਨ ਅਤੇ ਖੇਤਰ ਵਿੱਚ ਜਨਤਕ ਸਿਹਤ ਸੁਰੱਖਿਆ ਲਈ ਇੱਕ ਵਿਆਪਕ ਰਣਨੀਤੀ ਦਾ ਹਿੱਸਾ ਹੈ।



# ਰੰਧਾਵਾ ਨੇ ਸਿਵਲ ਹਸਪਤਾਲ ਨੂੰ ਦੋ ਨਵੀਆਂ ਐਂਬੂਲੈਂਸਾਂ ਦਿੱਤੀਆਂ

**ਡੇਰਾਬੱਸੀ (ਵਿਨੈ ਕੁਮਾਰ ਜੈਨ)**- ਸਰਕਾਰੀ ਸਿਵਲ ਹਸਪਤਾਲ ਡੇਰਾਬਸੀ ਵਿਖੇ ਪਿਛਲੇ ਲੰਬੇ ਸਮੇਂ ਤੋਂ ਐਂਬੂਲੈਂਸ ਦੀ ਮੰਗ ਕੀਤੀ ਜਾ ਰਹੀ ਸੀ,.ਜਿਸ ਦੇ ਚਲਦਿਆਂ ਪੰਜਾਬ ਸਰਕਾਰ ਦੁਆਰਾ ਦਿੱਤੀਆਂ ਗਈਆਂ ਦੋ ਨਵੀਆਂ ਐਂਬੂਲੈਂਸ ਸਿਵਲ ਹਸਪਤਾਲ ਨੂੰ ਦਿੱਤੀਆਂ ਗਈਆਂ ਜਿਸ ਨੂੰ ਅੱਜ ਹਲਕਾ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਹਰੀ ਝੰਡੀ ਦਿਖਾ ਲੋਕਾਂ ਦੀ ਸਹੂਲਤ ਲਈ ਰਵਾਨਾ ਕੀਤਾ ।ਰੰਧਾਵਾ ਨੇ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਦੀ ਸਿਹਤ ਸਹੂਲਤਾਂ ਵੱਲ ਲਗਾਤਾਰ ਧਿਆਨ ਦੇ ਰਹੀ ਹੈ ਜਿਸ ਦੇ ਚਲਦਿਆਂ ਸਿਵਲ ਹਸਪਤਾਲ ਡੇਰਾਬੱਸੀ ਨੂੰ ਦੋ ਐਂਬੂਲੈਂਸ ਦਿੱਤੀਆਂ ਗਈਆਂ ਹਨ ਤੇ ਇਹ ਐਂਬੂਲੈਂਸਾਂ ਲੋਕਾਂ ਦੀ ਸਹੂਲਤ ਲਈ ਰੋਜ਼ਾਨਾ ਅਰਪਿਤ ਰਹਿਣਗੀਆਂ। ਰੰਧਾਵਾ ਨੇ ਕਿਹਾ ਕਿ ਹਸਪਤਾਲ ਵਿੱਚ ਕੁਝ ਡਾਕਟਰਾਂ ਦੀ ਘਾਟ ਚੱਲ ਰਹੀ ਹੈ ਜਿਸ ਨੂੰ ਜਲਦ ਹੀ ਸਿਹਤ ਮੰਤਰੀ ਡਾਕਟਰ ਬਲਬੀਰ ਸਿੰਘ ਅਤੇ ਪੰਜਾਬ ਸਰਕਾਰ ਦੇ ਧਿਆਨ ਵਿੱਚ ਲਿਆਉਣ ਮਗਰੋਂ ਦੂਰ ਕਰ ਦਿੱਤਾ ਜਾਵੇਗਾ ਤੇ ਨਵੇਂ ਡਾਕਟਰ ਹਸਪਤਾਲ ਵਿੱਚ ਆ ਜਾਣਗੇ । ਉਨ੍ਹਾਂ ਦਸਿਆ ਕਿ ਇਕ ਐਂਬੂਲੈਂਸ ਮੁਬਾਰਿਕਪੁਰ ਤੋ ਰਾਮਗੜ੍ਹ ਰੋਡ ਤੇ ਦੂਜੀ ਅੰਬਾਲਾ ਚੰਡੀਗੜ੍ਹ ਰੋਡ 'ਤੇ ਸਥਿਤ ਰਹੇਗੀ ਤੇ ਲੋਕ ਐਮਰਜੈਂਸੀ ਦੇ ਹਾਲਤ ਵਿਚ 108 ਨੰਬਰ 'ਤੇ ਕਾਲ ਕਰਕੇ ਪੂਰੇ ਹਲਕੇ ਤੋਂ ਕਿਸੀ ਵੀ ਥਾਂ 'ਤੇ ਇਸ ਸਹੂਲਤ ਦਾ ਲਾਭ ਉਠਾ ਸਕਦੇ ਹਨ ।ਇਸ ਮੌਕੇ ਹਸਪਤਾਲ ਦੀ ਕਮੇਟੀ ਵੀ.ਐਚ.ਐਸ.ਐਨ.ਸੀ ਦੇ ਮੈਂਬਰ ਬਲਜੀਤ ਚੰਦ ਸ਼ਰਮਾ, ਜਸਵਿੰਦਰ ਸਿੰਘ, ਐਸ ਐਮ ਓ ਡਾ. ਧਰਮਿੰਦਰ ਸਿੰਘ ਸਮੇਤ ਸਮੂਹ ਸਟਾਫ਼ ਮੈਂਬਰ ਮੌਜੂਦ ਰਹੇ।




# ਈਰਾਨ ਉੱਪਰ ਅਮਰੀਕੀ ਹਮਲੇ ਦਾ ਵਿਰੋਧ ਕੀਤਾ ਜਾਵੇ : ਅਜਮੇਰ ਸਿੰਘ

**ਜਲੰਧਰ (ਰਾਜੇਸ਼ ਥਾਪਾ, ਕੇਸਰ)** ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ-ਲੈਨਿਨਵਾਦੀ) ਨਿਊ ਡੈਮੋਕਰੇਸੀ ਦੀ ਪੰਜਾਬ ਰਾਜ ਕਮੇਟੀ ਨੇ ਅਮਰੀਕਾ ਵੱਲੋਂ ਬਿਨਾਂ ਭੜਕਾਹਟ ਦੇ ਈਰਾਨ ਉੱਪਰ ਕੀਤੇ ਹਮਲੇ ਦੀ ਜ਼ੋਰਦਾਰ ਨਿਖੇਧੀ ਕੀਤੀ ਹੈ। ਪਾਰਟੀ ਦੀ ਸੂਬਾ ਕਮੇਟੀ ਵੱਲੋਂ ਜਾਰੀ ਬਿਆਨ ਵਿੱਚ ਪਾਰਟੀ ਦੇ ਸੂਬਾਈ ਆਗੂ ਕਾਮਰੇਡ ਅਜਮੇਰ ਸਿੰਘ ਨੇ ਕਿਹਾ ਕਿ ਈਰਾਨ ਉੱਪਰ ਇਸ ਹਮਲੇ ਨੇ ਟਰੰਪ ਦੇ ਸੰਸਾਰ ਅਮਨ ਲਈ ਕੀਤੇ ਜਾ ਰਹੇ ਯਤਨਾਂ ਦੇ ਦਾਅਵਿਆਂ ਦਾ ਬੁਰਕਾ ਲਾਹ ਦਿੱਤਾ ਹੈ। ਅਮਰੀਕਾ ਦਾ ਇਹ ਹਮਲਾ ਸੰਸਾਰ ਭਰ 'ਚ ਅਸਥਿਰਤਾ ਅਤੇ ਤਬਾਹੀ ਦਾ ਅਧਾਰ ਬਣਿਆ। ਅਮਰੀਕਾ ਮੱਧ-ਪੂਰਬ ਵਿੱਚ ਆਪਣੀ ਸਰਦਾਰੀ ਅਤੇ ਧੌਂਸ ਜਮਾਉਣ ਲਈ ਸੀਰੀਆ ਤੋਂ ਬਾਅਦ ਇਰਾਨ ਵਿੱਚ ਫੌਜੀ ਸ਼ਕਤੀ ਰਾਹੀਂ ਸੱਤਾ ਪਰਿਵਰਤਨ ਕਰਨੀ ਚਾਹੁੰਦਾ ਹੈ ਅਤੇ ਅਮਰੀਕਾ ਪੱਖੀਆਂ ਨੂੰ ਸੱਤਾ ਵਿੱਚ ਲਿਆਉਣ ਦੇ ਯਤਨ ਕਰ ਰਿਹਾ ਹੈ। ਟਰੰਪ ਪ੍ਰਸ਼ਾਸਨ ਇਰਾਨ ਉੱਪਰ ਪ੍ਰਮਾਣੂ ਹਥਿਆਰ ਬਣਾਉਣ ਦੇ ਝੂਠੇ ਇਲਜ਼ਾਮ ਲਾਉਂਦਾ ਹੈ। ਉਹਨਾਂ ਹਥਿਆਰਾਂ ਨੂੰ ਉਹ ਅਮਰੀਕਾ ਇਜ਼ਰਾਇਲ ਲਈ ਖਤਰਾ ਦੱਸਦਾ ਹੈ। ਕਈ ਸਾਲ ਪਹਿਲਾਂ ਇਰਾਕ ਉੱਪਰ ਹਮਲਾ ਕਰਨ ਵੇਲੇ ਵੀ ਅਮਰੀਕਾ ਅਤੇ ਉਸਦੇ ਜੋਟੀਦਾਰਾਂ ਨੇ ਸੱਦਾਮ ਹੁਸੈਨ ਉੱਪਰ ਜਨਤਕ ਤਬਾਹੀ ਦੇ ਹਥਿਆਰ ਰੱਖਣ ਦੇ ਇਲਜ਼ਾਮ ਲਾਏ ਸਨ, ਜਿਹੜੇ ਝੂਠੇ ਸਾਬਤ ਹੋਏ, ਜਿਹੜੇ ਇੰਗਲੈਂਡ ਦੇ ਪ੍ਰਧਾਨ ਮੰਤਰੀ ਟੋਨੀ ਬਲੇਅਰ ਨੇ ਇਸ ਝੂਠ ਲਈ ਜਨਤਕ ਤੌਰ 'ਤੇ ਕਬੂਲ ਕੀਤਾ। ਈਰਾਨ ਦੇ ਪ੍ਰਮਾਣੂ ਹਥਿਆਰਾਂ ਸਬੰਧੀ ਅਮਰੀਕਾ ਦੀ ਰਾਸ਼ਟਰੀ ਇੰਟੈਲੀਜੈਂਸੀ ਡਾਇਰੈਕਟਰ ਤੁਲਸੀ ਗਬਾਰਡ ਨੇ ਅਮਰੀਕੀ ਕਾਂਗਰਸ ਵਿੱਚ ਗਵਾਹੀ ਦਿੱਤੀ ਕਿ ਈਰਾਨ ਹਥਿਆਰ ਨਹੀਂ ਬਣਾ ਰਿਹਾ। ਕੌਮਾਂਤਰੀ ਪ੍ਰਮਾਣੂ ਊਰਜਾ ਏਜੰਸੀ ਨੇ ਵੀ ਇਹਨਾਂ ਦੋਸ਼ਾਂ ਦਾ ਖੰਡਨ ਕੀਤਾ। ਅਮਰੀਕਾ ਆਪਣੀਆਂ ਇਹਨਾਂ ਫੌਜੀ ਕਾਰਵਾਈਆਂ ਰਾਹੀਂ ਮੱਧਪੂਰਬ ਵਿੱਚ ਆਪਣੀ ਧੌਂਸ ਜਮਾਕੇ ਬਹੁ-ਧਰੁਵੀ ਸੰਸਾਰ ਨੂੰ ਆਪਣੀ ਧੌਂਸ ਥੱਲੇ ਲਿਆਉਣਾ ਚਾਹੁੰਦਾ ਹੈ। ਮੋਦੀ ਸਰਕਾਰ ਅਮਰੀਕਾ-ਇਜ਼ਰਾਇਲ ਦੀਆਂ ਇਹਨਾਂ ਹਮਲਾਵਰ ਕਾਰਵਾਈਆਂ ਬਾਰੇ ਚੁੱਪ ਹੈ ਅਤੇ ਉਹ ਅਮਰੀਕਾ-ਇਜ਼ਰਾਇਲ ਵਾਲੇ ਪਾਸੇ ਝੁਕ ਰਹੀ ਹੈ। 12 ਜੂਨ ਨੂੰ ਯੂ.ਐਨ.ਓ. 'ਚ ਪੇਸ਼ ਸਥਾਈ ਜੰਗਬੰਦੀ ਅਤੇ ਮਾਨਵੀ ਸਹਾਇਤਾ ਲਈ ਪਾਏ ਮਤੇ ਵੇਲੇ ਭਾਰਤ ਗੈਰ-ਹਾਜ਼ਰ ਰਿਹਾ। ਪਾਰਟੀ ਮੰਗ ਕਰਦੀ ਹੈ ਕਿ ਮੋਦੀ ਸਰਕਾਰ ਇਹਨਾਂ ਹਮਲਿਆਂ ਦੀ ਨਿਖੇਧੀ ਕਰੇ। ਪਾਰਟੀ ਪ੍ਰਮਾਣੂ ਖੇਤਰਾਂ 'ਚ ਕੀਤੀ ਬੰਬਾਰੀ ਦੀ ਵੀ ਨਿਖੇਧੀ ਕਰਦੀ ਹੈ ਅਤੇ ਦੇਸ਼ ਦੇ ਲੋਕਾਂ ਨੂੰ ਅਮਰੀਕਾ-ਇਜ਼ਰਾਇਲ ਵੱਲੋਂ ਸ਼ੁਰੂ ਕੀਤੀ ਲੋਟੂ ਨਿਹੱਕੀ ਜੰਗ ਦਾ ਵਿਰੋਧ ਕਰਨ ਦਾ ਸੱਦਾ ਦਿੰਦੀ ਹੈ।

# ਪੁਲਸ ਨੇ ਸ਼ਹਿਰ ਦੇ ਮੁੱਖ ਥਾਵਾਂ 'ਤੇ ਕੇਂਦਰਤ ਕੇਸੋ ਆਪ੍ਰੇਸ਼ਨ ਚਲਾਇਆ

**ਜਲੰਧਰ (ਸ਼ੈਲੀ ਐਲਬਰਟ)** ਚੱਲ ਰਹੇ 'ਯੁੱਧ ਨਸ਼ਿਆਂ ਵਿਰੁੱਧ' ਪਹਿਲਕਦਮੀ ਦੇ ਹਿੱਸੇ ਵਜੋਂ, ਕਮਿਸ਼ਨਰੇਟ ਪੁਲਿਸ ਜਲੰਧਰ ਨੇ ਸਿਟੀ ਜ਼ੋਨ-1, ਜਲੰਧਰ ਦੇ ਕਈ ਮੁੱਖ ਥਾਵਾਂ 'ਤੇ ਇੱਕ ਕੇਂਦ੍ਰਿਤ ਕੇਸੋ ਆਪ੍ਰੇਸ਼ਨ ਚਲਾਇਆ, ਖਾਸ ਤੌਰ 'ਤੇ ਅਪਰਾਧਿਕ ਤੱਤਾਂ ਅਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੇ ਨੈੱਟਵਰਕਾਂ ਦੇ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ।ਪੁਲਸ ਕਮਿਸ਼ਨਰ, ਸ਼੍ਰੀਮਤੀ ਧਨਪ੍ਰੀਤ ਕੌਰ ਨੇ ਕਿਹਾ ਕਿ ਇਹ ਆਪ੍ਰੇਸ਼ਨ ਡੀਸੀਪੀ (ਇਨਵੈਸਟੀਗੇਸ਼ਨ), ਮਨਪ੍ਰੀਤ ਸਿੰਘ ਢਿੱਲੋਂ ਅਤੇ ਏਡੀਸੀਪੀ-1, ਸ਼੍ਰੀਮਤੀ ਆਕਰਸ਼ੀ ਜੈਨ ਦੀ ਨਿਗਰਾਨੀ ਹੇਠ ਸਬੰਧਤ ਏਸੀਪੀਜ਼ ਦੁਆਰਾ ਰਣਨੀਤਕ ਤਾਲਮੇਲ ਨਾਲ ਕੀਤਾ ਗਿਆ ਸੀ। ਇੱਕ ਵਿਆਪਕ ਅਤੇ ਤਾਲਮੇਲ ਵਾਲੇ ਯਤਨ ਨੂੰ ਯਕੀਨੀ ਬਣਾਉਣ ਲਈ ਸਿਟੀ ਜ਼ੋਨ-1 ਡਿਵੀਜ਼ਨ ਦੀਆਂ ਪੁਲਸ ਟੀਮਾਂ ਨੂੰ ਲਾਮਬੰਦ ਕੀਤਾ ਗਿਆ ਸੀ।ਇਸ ਆਪ੍ਰੇਸ਼ਨ ਵਿੱਚ ਜਾਣੇ-ਪਛਾਣੇ ਡਰੱਗ ਹੌਟਸਪੌਟਾਂ, ਖਾਸ ਕਰਕੇ ਤਸਕਰਾਂ ਦੁਆਰਾ ਆਮ ਤੌਰ 'ਤੇ ਟ੍ਰਾਂਜ਼ਿਟ ਪੁਆਇੰਟ ਵਜੋਂ ਵਰਤੇ ਜਾਂਦੇ ਖੇਤਰਾਂ 'ਤੇ ਸਾਵਧਾਨੀ ਨਾਲ ਯੋਜਨਾਬੱਧ ਛਾਪੇਮਾਰੀ ਸ਼ਾਮਲ ਸੀ। ਸ਼ੱਕੀ ਵਿਅਕਤੀਆਂ ਦੇ ਘਰਾਂ ਅਤੇ ਨਾਲ ਲੱਗਦੇ ਅਹਾਤਿਆਂ ਦੀ ਪੂਰੀ ਤਲਾਸ਼ੀ ਲਈ ਗਈ। ਲੁਕੇ ਹੋਏ ਤਸਕਰੀ, ਖਾਸ ਕਰਕੇ ਨਸ਼ੀਲੇ ਪਦਾਰਥਾਂ ਦੀ ਤਲਾਸ਼ੀ ਵੱਲ ਵਿਸ਼ੇਸ਼ ਧਿਆਨ ਦਿੱਤਾ ਗਿਆ। ਕਾਨੂੰਨੀ ਪਾਲਣਾ ਅਤੇ ਪਾਰਦਰਸ਼ਤਾ ਨੂੰ ਯਕੀਨੀ ਬਣਾਉਣ ਲਈ ਅਧਿਕਾਰਤ ਆਈਡੀ ਜਾਂਚਾਂ ਰਾਹੀਂ ਨਿਵਾਸੀਆਂ ਦੀ ਪਛਾਣ ਦੀ ਪੁਸ਼ਟੀ ਸਖ਼ਤੀ ਨਾਲ ਕੀਤੀ ਗਈ।ਕਿਸੇ ਵੀ ਚੱਲ ਰਹੀ ਗੈਰ-ਕਾਨੂੰਨੀ ਗਤੀਵਿਧੀ ਨੂੰ ਰੋਕਣ ਲਈ ਖਾਲੀ ਅਤੇ ਸੁੰਨਸਾਨ ਇਲਾਕਿਆਂ ਦਾ ਵੀ ਨਿਰੀਖਣ ਕੀਤਾ ਗਿਆ। ਇਹ ਪਹਿਲ ਕਾਨੂੰਨ ਵਿਵਸਥਾ ਨੂੰ ਬਣਾਈ ਰੱਖਣ ਅਤੇ ਨਾਗਰਿਕਾਂ ਦੀ ਸੁਰੱਖਿਆ ਅਤੇ ਤੰਦਰੁਸਤੀ ਨੂੰ ਬਣਾਈ ਰੱਖਣ ਲਈ ਵਿਭਾਗ ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ। ਸੀਪੀ ਜਲੰਧਰ ਨੇ ਜ਼ੋਰ ਦੇ ਕੇ ਕਿਹਾ ਕਿ ਜਲੰਧਰ ਨੂੰ ਇੱਕ ਸੁਰੱਖਿਅਤ ਅਤੇ ਨਸ਼ਾ ਮੁਕਤ ਸ਼ਹਿਰ ਬਣਾਉਣ ਲਈ ਨਿਰੰਤਰ ਯਤਨਾਂ ਦੇ ਹਿੱਸੇ ਵਜੋਂ ਭਵਿੱਖ ਵਿੱਚ ਵੀ ਅਜਿਹੇ ਕਾਰਜ ਜਾਰੀ ਰਹਿਣਗੇ।



# 540 ਗ੍ਰਾਮ ਕੋਕੀਨ ਤੇ 10 ਹਜ਼ਾਰ ਰੁਪਏ ਡਰੱਗ ਮਨੀ ਸਮੇਤ ਵਿਦੇਸ਼ੀ ਨੌਜਵਾਨ ਗ੍ਰਿਫਤਾਰ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਡੀ ਜੀ ਪੀ ਪੰਜਾਬ ਗੌਰਵ ਯਾਦਵ ਦੁਆਰਾ ਚਲਾਈ ਗਈ ਮੁਹਿੰਮ, ਯੁੱਧ ਨਸ਼ਿਆ ਵਿਰੁੱਧ ਤਹਿਤ ਜ਼ਿਲ੍ਹਾ ਐਸ.ਏ.ਐਸ. ਨਗਰ ਦੇ ਥਾਣਾ ਸਦਰ ਖਰੜ ਵੱਲੋਂ ਇੱਕ ਵੱਡੀ ਸਫਲਤਾ ਹਾਸਲ ਕੀਤੀ ਗਈ ਹੈ।ਜ਼ਿਲ੍ਹੇ ਦੇ ਐਸ ਐਸ ਪੀ ਹਰਮਨਦੀਪ ਸਿੰਘ ਹਾਂਸ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਕਪਤਾਨ ਪੁਲਸ (ਦਿਹਾਤੀ) ਮਨਪ੍ਰੀਤ ਸਿੰਘ ਅਤੇ ਡੀ.ਐਸ.ਪੀ. ਖਰੜ-1 ਕਰਨ ਸਿੰਘ ਸੰਧੂ ਦੀ ਅਗਵਾਈ ਹੇਠ, ਐਸ.ਐਚ.ਓ. ਐਸ.ਆਈ. ਅਮਰਿੰਦਰ ਸਿੰਘ (ਥਾਣਾ ਸਦਰ ਖਰੜ) ਦੀ ਨਿਗਰਾਨੀ ਵਿੱਚ 21 ਜੂਨ ਨੂੰ ਗੋਲਡਨ ਐਸਟੇਟ ਖਰੜ ਨੇੜੇ ਨਾਕਾਬੰਦੀ ਦੌਰਾਨ ਇੱਕ ਅਫਰੀਕਨ ਨੌਜਵਾਨ ਨੂੰ ਸ਼ੱਕ ਦੇ ਆਧਾਰ 'ਤੇ ਰੋਕਿਆ ਗਿਆ। ਜਾਂਚ ਦੌਰਾਨ ਉਕਤ ਵਿਅਕਤੀ, ਜਿਸ ਦੀ ਪਛਾਣ ਏਕਜ਼ੋਆ ਪੁੱਤਰ ਇਜ਼ਵਨਾ ਵਾਸੀ ਅਬਰਨਰ, ਪੁਲਿਸ ਸਟੇਸ਼ਨ ਆਵਕਾ, ਜਿਲਾ-ਇਮੋ, ਸਟੇਟ ਅਨਾਂਮਬਰਾ, ਨਾਈਜੀਰੀਆ ਮੌਜੂਦਾ ਪਤਾ 116-ਬੀ ਪਹਿਲੀ ਮੰਜ਼ਿਲ, ਗੋਲਡਨ ਅਸਟੇਟ, ਸੈਕਟਰ 115 ਖੂਨੀ ਮਾਜਰਾ ਖਰੜ, ਜ਼ਿਲ੍ਹਾ ਐਸ.ਏ.ਐਸ. ਨਗਰ ਵਜੋਂ ਹੋਈ, ਦੇ ਕਬਜ਼ੇ ਵਿੱਚ ਮੌਜੂਦ ਬੈਗ ਦੀ ਤਲਾਸ਼ੀ ਲੈਣ 'ਤੇ 540 ਗ੍ਰਾਮ ਨਸ਼ੀਲਾ ਪਦਾਰਥ (ਕੋਕੀਨ), 10,000 ਨਕਦ ਰਕਮ (ਡਰੱਗ ਮਨੀ), 8 ਵੱਡੀਆਂ ਅਤੇ 10 ਛੋਟੀਆਂ ਲਿਫਾਫੀਆਂ, ਇੱਕ ਡਿਜੀਟਲ ਕੰਡਾ, ਇੱਕ ਸਟੀਲ ਚਮਚ, ਇੱਕ ਟੇਪ ਰੋਲ (ਜਮੈਟੋ ਲਿਖੀ ਹੋਈ) ਅਤੇ ਵੱਖ-ਵੱਖ ਰੰਗਾਂ ਦੀਆਂ ਰਬੜਾਂ ਬਰਾਮਦ ਹੋਈਆਂ।ਉਨ੍ਹਾਂ ਦੱਸਿਆ ਕਿ ਉਕਤ ਵਿਅਕਤੀ ਖਿਲਾਫ ਥਾਣਾ ਸਦਰ ਖਰੜ ਵਿਖੇ ਮੁਕੱਦਮਾ ਦਰਜ ਕਰਕੇ ਕਾਨੂੰਨੀ ਕਾਰਵਾਈ ਅੱਗੇ ਵਧਾਈ ਗਈ ਹੈ। ਪੁੱਛਗਿੱਛ ਦੌਰਾਨ ਦੋਸ਼ੀ ਨੇ ਦੱਸਿਆ ਕਿ ਉਹ ਇਹ ਸਾਰੀ ਕੋਕੀਨ ਐਨ ਸੀ ਆਰ ਦਿੱਲੀ ਤੋਂ ਲੈ ਕੇ ਆਇਆ ਹੈ। ਦੋਸ਼ੀ ਨੂੰ ਅਦਾਲਤ ਵਿੱਚ ਪੇਸ਼ ਕਰਕੇ ਦੋਸ਼ੀ ਦਾ 2 ਦਿਨ ਦਾ ਪੁਲਸ ਰਿਮਾਂਡ ਹਾਸਲ ਕੀਤਾ ਗਿਆ ਹੈ।





# ਪੁਰਾਣਾ ਸਤਨਾਮਪੁਰਾ 'ਚ ਠੰਢੇ-ਮਿੱਠੇ ਜਲ ਦੀ ਛਬੀਲ ਲਗਾਈ

**ਫਗਵਾੜਾ (ਡਾ. ਰਮਨ)**- ਸ਼ਹੀਦਾਂ ਦੇ ਸਿਰਤਾਜ ਪੰਜਵੀਂ ਪਾਤਸ਼ਾਹੀ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਤ ਠੰਢੇ ਮਿੱਠੇ ਜਲ ਦੀ ਛਬੀਲ ਅਤੇ ਛੋਲਿਆਂ ਦੇ ਪ੍ਰਸ਼ਾਦ ਦੀ ਸੇਵਾ ਪੁਰਾਣਾ ਸਤਨਾਮਪੁਰਾ ਦੇ ਸਮੂਹ ਵਸਨੀਕਾਂ ਅਤੇ ਦੁਕਾਨਦਾਰਾਂ ਦੇ ਸਹਿਯੋਗ ਨਾਲ ਬੜੇ ਪ੍ਰੇਮ ਭਾਵ ਦੇ ਨਾਲ ਵਰਤਾਈ ਗਈ। ਇਸ ਮੌਕੇ ਸਾਬਕਾ ਕੌਂਸਲਰ ਪਰਮਜੀਤ ਕੌਰ ਕੰਬੋਜ, ਕੌਂਸਲਰ ਜਸਦੇਵ ਸਿੰਘ ਪ੍ਰਿੰਸ, ਕੌਂਸਲਰ ਪ੍ਰਿਤਪਾਲ ਸਿੰਘ ਮੰਗਾ, ਸਮਾਜ ਸੇਵਕ ਸੁਖਵਿੰਦਰ ਸਿੰਘ ਕੰਬੋਜ, ਵਰਿੰਦਰ ਸਿੰਘ ਕੰਬੋਜ ਅਤੇ ਪ੍ਰਿੰਸ ਅਰੋੜਾ ਵਿਸ਼ੇਸ਼ ਤੌਰ 'ਤੇ ਪਹੁੰਚੇ। ਉਹਨਾਂ ਆਪਣੇ ਹੱਥੀਂ ਰਾਹਗੀਰਾਂ ਨੂੰ ਛਬੀਲ ਅਤੇ ਪ੍ਰਸ਼ਾਦ ਦੀ ਸੇਵਾ ਵਰਤਾਈ ਅਤੇ ਛਬੀਲ ਦੇ ਪ੍ਰਬੰਧਕਾਂ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ। ਉਹਨਾਂ ਕਿਹਾ ਕਿ ਸਾਡੇ ਗੁਰੂਆਂ ਨੇ ਦੇਸ਼ ਅਤੇ ਕੌਮ ਦੇ ਲਈ ਆਪਣਾ ਜੀਵਨ ਬਲੀਦਾਨ ਕੀਤਾ ਹੈ। ਸਾਨੂੰ ਉਹਨਾਂ ਦੀਆਂ ਸ਼ਹਾਦਤਾਂ ਨੂੰ ਯਾਦ ਰੱਖਦੇ ਹੋਏ ਉਹਨਾਂ ਦੇ ਪਾਏ ਪੂਰਨਿਆਂ 'ਤੇ ਚੱਲਣਾ ਚਾਹੀਦਾ ਹੈ। ਇਸ ਮੌਕੇ ਦਲਵੀਰ ਸਰੋਆ, ਸੋਨੂੰ ਸਰੋਏ, ਤੁਸ਼ਾਰ ਮਹਿਰਾ, ਡਾ. ਸੰਜੇ ਛਾਬੜਾ, ਪਰਮਜੀਤ ਬਿੱਟੂ, ਜਤਿਨ ਬਾਤੀ, ਰਾਜ ਸ਼ਰਮਾ, ਵਿਪਨ ਮਹਿਰਾ ਤੋਂ ਇਲਾਵਾ ਇਲਾਕੇ ਭਰ ਦੇ ਪਤਵੰਤੇ ਵੱਡੀ ਗਿਣਤੀ 'ਚ ਹਾਜ਼ਰ ਸਨ।

# ਈਰਾਨ 'ਤੇ ਬੰਬਾਰੀ ਖਿਲਾਫ ਟਰੰਪ ਦਾ ਪੁਤਲਾ ਫੂਕਿਆ

**ਨੂਰਮਹਿਲ (ਬਾਲ ਕਿਸ਼ਨ ਬਾਲੀ)** ਆਰ ਐਮ ਪੀ ਆਈ ਦੇ ਵਰਕਰਾਂ ਅਤੇ ਅਗਾਂਹਵਧੂ ਸੋਚ ਵਾਲੇ ਲੋਕਾਂ ਨੇ ਸਾਂਝੇ ਤੌਰ 'ਤੇ ਜੰਡਿਆਲਾ ਦੇ ਬੱਸ ਅੱਡੇ ਦੇ ਬਾਹਰ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਪੁਤਲਾ ਫੂਕਿਆ।ਟਰੰਪ ਦਾ ਪੁਤਲਾ ਚੁੱਕੀ ਨਾਅਰੇ ਮਾਰਦੇ ਹੋਏ ਹੱਥਾਂ ਵਿੱਚ ਈਰਾਨ ਉੱਪਰ ਅਮਰੀਕੀ-ਇਜ਼ਰਾਈਲੀ ਹਮਲਿਆਂ ਖਿਲਾਫ ਤਖਤੀਆਂ ਫੜੀ ਆਰ ਐਮ ਪੀ ਆਈ ਦੇ ਆਗੂ ਕਾਮਰੇਡ ਮੱਖਣ ਪੱਲਣ ਅਤੇ ਜੰਡਿਆਲਾ ਦੇ ਸਰਪੰਚ ਕਮਲਜੀਤ ਸਿੰਘ ਸਹੋਤਾ ਦੀ ਅਗਵਾਈ ਹੇਠ ਮਾਰਚ ਕਰਦੇ ਹੋਏ ਵਰਕਰ ਬੱਸ ਅੱਡੇ ਦੇ ਬਾਹਰ ਪਹੁੰਚੇ ਅਤੇ ਜੰਮ ਕੇ ਨਾਅਰੇਬਾਜੀ ਕੀਤੀ।ਟਰੰਪ ਦੇ ਪੁਤਲੇ ਨੂੰ ਜਲਾਉਣ ਤੋਂ ਬਾਦ ਇਕੱਠ ਨੂੰ ਸੰਬੋਧਨ ਕਰਦਿਆਂ ਕਾਮਰੇਡ ਮੱਖਣ ਪੱਲਣ ਨੇ ਕਿਹਾ ਕਿ ਅਮਰੀਕਾ ਵਲੋਂ ਈਰਾਨ 'ਤੇ ਬੰਬਾਰੀ ਕਰਨਾ ਈਰਾਨ ਦੀ ਪ੍ਰਭੁਸਤਾ ਅਤੇ ਸੰਯੁਕਤ ਰਾਸ਼ਟਰ ਚਾਰਟਰ ਦੀ ਘੋਰ ਉਲੰਘਣਾ ਹੈ ਜਿਸ ਨਾਲ ਪੂਰੀ ਦੁਨੀਆਂ ਵਿੱਚ ਤਣਾਅ ਵਧੇਗਾ ਜਿਸਦੇ ਗੰਭੀਰ ਆਰਥਿਕ ਨਤੀਜੇ ਭੁਗਤਣੇ ਪੈਣਗੇ।ਉਨ੍ਹਾਂ ਕਿਹਾ ਕਿ ਅਮਰੀਕਾ ਅਤੇ ਇਜ਼ਰਾਈਲ ਆਪਣੇ ਹਮਲਿਆਂ ਨੂੰ ਇਹ ਕਹਿ ਕੇ ਜਾਇਜ਼ ਠਹਿਰਾ ਰਹੇ ਹਨ ਕਿ ਈਰਾਨ ਪਰਮਾਣੂ ਹਥਿਆਰ ਵਿਕਸਤ ਕਰ ਰਿਹਾ ਹੈ।ਸਪੱਸ਼ਟ ਹੈ ਕਿ ਅਮਰੀਕਾ ਈਰਾਨ ਨੂੰ ਤਬਾਹ ਕਰਨਾ ਅਤੇ ਪੱਛਮੀ ਏਸ਼ੀਆ ਤੇ ਸਾਮਰਾਜਵਾਦੀ ਸਰਦਾਰੀ ਕਾਇਮ ਕਰਨਾ ਚਾਹੁੰਦਾ ਹੈ।ਉਨ੍ਹਾਂ ਕਿਹਾ ਕਿ ਸਾਡਾ ਦੇਸ਼ ਭਾਰਤ ਜੋ ਕੱਚੇ ਤੇਲ ਦੀ ਦਰਾਮਦ ਅਤੇ ਪ੍ਰਵਾਸੀ-ਮਜ਼ਦੂਰੀ ਦੇ ਮੌਕਿਆਂ ਲਈ ਪੱਛਮੀ ਏਸ਼ੀਆਈ ਦੇਸ਼ਾਂ 'ਤੇ ਬਹੁਤ ਜ਼ਿਆਦਾ ਨਿਰਭਰ ਕਰਦਾ ਹੈ,ਨੂੰ ਅਮਰੀਕਾ-ਇਜ਼ਰਾਈਲ ਪੱਖੀ ਨੀਤੀ ਨੂੰ ਤਿਆਗ ਕੇ ਯੁੱਧ ਰੋਕਣ ਲਈ ਯਤਨ ਕਰਨੇ ਚਾਹੀਦੇ ਹਨ।ਇਸ ਮੌਕੇ ਆਰ ਐਮ ਪੀ ਆਈ ਆਗੂ ਸਰਬਜੀਤ ਸਿੰਘ ਮੁਠੱਡਾ, ਸੁਖਦੇਵ ਦੱਤ ਬਾਂਕਾ, ਮਾਸਟਰ ਸੁਖਜੀਤ ਸਿੰਘ ਤੋਂ ਇਲਾਵਾ ਸੀ ਪੀ ਆਈ ਦੇ ਜਸਵਿੰਦਰ ਸਿੰਘ ਅਤੇ ਕਾਂਗਰਸ ਆਗੂ ਸਰਪੰਚ ਕਮਲਜੀਤ ਸਿੰਘ ਸਹੋਤਾ ਹਾਜ਼ਰ ਸਨ।



# ਰਜਿੰਦਰ ਸਿੰਘ ਨਿੱਝਰ ਨੂੰ ਸ਼ਰਧਾਂਜਲੀਆਂ

**ਆਦਮਪੁਰ (ਪਰਮਜੀਤ ਸਿੰਘ)**- ਨਜਦੀਕੀ ਪਿੰਡ ਕੜਿਆਣਾ ਦੇ ਸਾਬਕਾ ਸਰਪੰਚ ਹਰਜੋਤ ਸਿੰਘ ਨਿੱਝਰ ਦੇ ਪਿਤਾ ਰਜਿੰਦਰ ਸਿੰਘ ਨਿੱਝਰ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ ਸ੍ਰੀ ਸਹਿਜ ਪਾਠ ਸਾਹਿਬ ਦੇ ਭੋਗ ਗੁਰਦੁਆਰਾ ਸਿੰਘ ਸਭਾ ਪਿੰਡ ਕੜਿਆਣਾ ਵਿਖੇ ਪਾਏ ਗਏ। ਜਿਸ ਵਿਚ ਭਾਈ ਅਨੰਤਵੀਰ ਸਿੰਘ ਚੰਡੀਗੜ੍ਹ ਵਾਲਿਆਂ ਨੇ ਕੀਰਤਨ ਕੀਤਾ । ਉਪਰੰਤ ਵੱਖ-ਵੱਖ ਰਾਜਨੀਤੀਕ ਤੇ ਧਾਰਮਿਕ ਆਗੂਆਂ, ਪਵਨ ਕੁਮਾਰ ਟੀਨੂੰ ਚੇਅਰਮੈਨ ਕੋਆਪਰੇਟਿਵ ਸੁਸਾਇਟੀ ਪੰਜਾਬ, ਹਲਕਾ ਵਿਧਾਇਕ ਸੁਖਵਿੰਦਰ ਸਿੰਘ ਕੋਟਲੀ ਆਦਮਪੁਰ, ਗੁਰਦਿਆਲ ਸਿੰਘ ਨਿੱਝਰ ਸੀਨੀਅਰ ਅਕਾਲੀ , ਦਲਜੀਤ ਸਿੰਘ ਮਿਨਹਾਸ ਆਦਮਪੁਰ ਕੁਆਰਡੀਨੇਟਰ ਨਸ਼ਾ ਮੁਕਤੀ ,ਬਲਵੀਰ ਸਿੰਘ ਫਗਲਾਣਾ ਨੇ ਸਵ. ਰਜਿੰਦਰ ਸਿੰਘ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ । ਇਸ ਮੌਕੇ ਗੁਰਦੀਪ ਸਿੰਘ ਕਾਲਰਾ , ਹਰਜੋਤ ਸਿੰਘ ਨਿੱਝਰ, ਹਰਦੀਪ ਸਿੰਘ ਨਿੱਝਰ, ਰਾਜਵਿੰਦਰ ਕੌਰ, ਗੁਰਦੇਵ ਕਰ, ਹਰਮੀਤ ਕੌਰ ਸੰਘਾ, ਜਤਿੰਦਰ ਸਿੰਘ ਸੰਘਾ, ਹਰਜੀਤ ਕੌਰ ਧਾਲੀਵਾਲ ਤੇ ਹਰਜੀਤ ਸਿੰਘ ਧਾਰੀਵਾਲ, ਹਰਦੀਪ ਸਿੰਘ ਨਿੱਝਰ, ਮੱਖਣ ਸਿੰਘ ਸਾਬਕਾ ਸਰਪੰਚ ਨਰੰਗਪੁਰ, ਹਰਕੀਤ ਸਿੰਘ ਭੇਲਾ,ਬਲਜੀਤ ਸਿੰਘ ਨਿੱਝਰ ਜਲਭੇ, ਸੁਖਜੋਤ ਭੇਲਾ, ਚਰਨਜੀਤ ਸਿੰਘ ਸ਼ੇਰੀ, ਜੋਗੀ ਗਾਂਧੀ, ਰਘਵੀਰ ਸਿੰਘ ਨਿੱਝਰ, ਸਰਪੰਚ ਲਖਬੀਰ ਸਿੰਘ, ਅਵਤਾਰ ਸਿੰਘ, ਗੁਰਮਿੰਦਰ ਸਿੰਘ ਕਿਸ਼ਨਪੁਰ, ਗੁਰਦੀਪ ਸਿੰਘ ਕਾਲਰਾ, ਸਰਪੰਚ ਜਰਨੈਲ ਸਿੰਘ ਦੂਹੜਾ, ਮਿੰਟੂ ਦੂਹੜਾ, ਰਮਨਜੀਤ ਕੜਿਆਣਾ, ਜੋਗਿੰਦਰ ਸਿੰਘ, ਬਲਰਾਜ ਸਿੰਘ, ਜਸਵਿੰਦਰ ਸਿੰਘ ਸੁੱਖੀ,ਸਮੇਤ ਪਿੰਡ ਵਾਸੀ ਤੇ ਹੋਰ ਆਗੂ ਇਲਾਕੇ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਹਾਜਰ ਸਨ।




# ਮਾਮਲਾ ਗਾਰਬੇਜ ਪਲਾਂਟ ਦਾ : ਵਿਧਾਇਕ ਵੱਲੋਂ ਫੇਜ਼-11 ਦੀਆਂ ਸੰਸਥਾਵਾਂ ਦੇ ਨੁਮਾਇੰਦਿਆਂ ਨੂੰ ਸਥਾਈ ਹੱਲ ਦਾ ਭਰੋਸਾ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਵਿਧਾਇਕ ਕੁਲਵੰਤ ਸਿੰਘ ਨੇ ਫੇਜ਼ 11 ਦੇ ਨਜ਼ਦੀਕ ਪਿੰਡ ਕੰਬਾਲਾ-ਕੰਬਾਲੀ ਦੇ ਲਾਗੇ ਲਗਾਏ ਜਾ ਰਹੇ ਗਾਰਬੇਜ ਪਲਾਂਟ ਸਬੰਧੀ ਅੱਜ ਮਿਲੇ ਫੇਜ਼-11 ਦੀਆਂ ਵੱਖ-ਵੱਖ ਰੈਜ਼ੀਡੈਂਟ ਵੈਲਫੇਅਰ ਐਸੋਸੀਏਸ਼ਨ, ਧਾਰਮਿਕ ਸੰਸਥਾਵਾਂ ਅਤੇ ਪਤਵੰਤੇ ਵਿਅਕਤੀਆਂ ਦੇ ਵਫਦ ਨੂੰ ਭਰੋਸਾ ਦਿੱਤਾ ਕਿ ਸਬੰਧਤ ਵਿਭਾਗ ਦੇ ਅਧਿਕਾਰੀਆਂ ਨਾਲ ਗੱਲ ਕਰਕੇ ਇਸ ਮਾਮਲੇ ਦਾ ਸਥਾਈ ਹੱਲ ਜਲਦੀ ਹੀ ਕੀਤਾ ਜਾਵੇਗਾ।ਵਿਧਾਇਕ ਕੁਲਵੰਤ ਸਿੰਘ ਨੇ ਵਫਦ ਨੂੰ ਭਰੋਸਾ ਦਿਵਾਇਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਦੀ ਤਰਫੋਂ ਚੋਣਾਂ ਦੇ ਦੌਰਾਨ ਲੋਕਾਂ ਨਾਲ ਇਹ ਵਾਅਦਾ ਕੀਤਾ ਗਿਆ ਸੀ ਕਿ ਲੋਕਾਂ ਦੀ ਸਿਹਤ ਅਤੇ ਸਿੱਖਿਆ ਨੂੰ ਸਰਕਾਰ ਦੀ ਤਰਫੋਂ ਪ੍ਰਾਥਮਿਕਤਾ ਦਿੱਤੀ ਜਾਵੇਗੀ, ਉਹਨਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਦੀ ਤਰਫੋਂ ਇੱਕ ਤੰਦਰੁਸਤ ਪੰਜਾਬ ਦੀ ਸਿਰਜਣਾ ਨੂੰ ਲੈ ਕੇ ਲਗਾਤਾਰ ਕੰਮ ਕੀਤਾ ਜਾ ਰਿਹਾ ਰਿਹਾ ਹੈ ਅਤੇ ਸਰਕਾਰ ਵੱਲੋਂ ਲਾਗੂ ਕੀਤੀਆਂ ਜਾ ਰਹੀਆਂ ਲੋਕ ਪੱਖੀ ਸਕੀਮਾਂ ਨੂੰ ਲੈ ਕੇ ਵਿਰੋਧੀ ਧਿਰ ਦੇ ਨੁਮਾਇੰਦਿਆਂ ਵਿੱਚ ਆਮ ਆਦਮੀ ਸਰਕਾਰ ਦੇ ਵਿਰੁੱਧ ਜਾਣਬੁੱਝ ਕੇ ਮਾਹੌਲ ਬਣਾਇਆ ਜਾਂਦਾ ਹੈ, ਪ੍ਰੰਤੂ ਸਰਕਾਰ ਵੱਲੋਂ ਜਿੱਥੇ ਲੋਕਾਂ ਦੀਆਂ ਰੋਜ਼ਾਨਾ ਦੀਆਂ ਮੁਸ਼ਕਲਾਂ ਦਾ ਸਥਾਈ ਹੱਲ ਕੀਤਾ ਜਾਂਦਾ ਰਹੇਗਾ, ਉੱਥੇ ਵਿਕਾਸ ਦੇ ਕੰਮ ਵੀ ਲਗਾਤਾਰ ਅਗਾਂਹ ਵੀ ਜਾਰੀ ਰਹਿਣਗੇ। ਵਿਧਾਇਕ ਕੁਲਵੰਤ ਸਿੰਘ ਹੋਰਾਂ ਵੱਲੋਂ ਭਰੋਸਾ ਦਵਾਇਆ ਗਿਆ ਕਿ ਉਹ ਮੋਹਾਲੀ ਦੇ ਲੋਕਾਂ ਦੀ ਸਿਹਤ ਨਾਲ ਖਿਲਵਾੜ ਕਿਸੇ ਵੀ ਸੂਰਤ ਵਿੱਚ ਨਹੀਂ ਹੋਣ ਦੇਣਗੇ। ਵਿਧਾਇਕ ਨਾਲ ਮੁਲਾਕਾਤ ਦੌਰਾਨ ਵਫਦ ਵਿੱਚ ਵਿਸ਼ੇਸ਼ ਤੌਰ 'ਤੇ ਕੁਲਵੰਤ ਸਿੰਘ ਕਲੇਰ ਕੌਂਸਲਰ, ਪ੍ਰਮੋਦ ਮਿਸ਼ਰਾ ਪ੍ਰਧਾਨ ਲਕਸ਼ਮੀ ਨਰਾਇਣ ਮੰਦਰ ਮੋਹਾਲੀ, ਅਮਰਜੀਤ ਸਿੰਘ ਪ੍ਰਧਾਨ ਫਰੈਂਡਸ ਸਪੋਰਟਸ ਐਂਡ ਸੋਸ਼ਲ ਵੈਲਫੇਅਰ ਸੋਸਾਇਟੀ, ਬਖਸ਼ੀਸ਼ ਸਿੰਘ- ਪ੍ਰਧਾਨ ਰੈਜੀਡੈਂਟ ਵੈਲਫੇਅਰ ਐਸੋਸੀਏਸ਼ਨ (ਈਸਟ) ਫੇਜ਼- 11 ਮੋਹਾਲੀ, ਗੁਰਮੇਜ ਸਿੰਘ ਮੌਜੋਵਾਲ -ਪ੍ਰਧਾਨ ਭਗਤ ਪੂਰਨ ਸਿੰਘ ਵਾਤਾਵਰਨ ਸੁਸਾਇਟੀ, ਆਰ.ਐਸ. ਢਿੱਲੋ , ਡਾਕਟਰ ਮਨਿੰਦਰ ਕੌਰ- ਪ੍ਰਧਾਨ ਰੈਜੀਡੈਂਟ ਵੈਲਫੇਅਰ ਐਸੋਸੀਏਸ਼ਨ ਐਚ ਆਈ.ਜੀ. ਹਾਊਸ ਫੇਜ਼- 11 ਮੋਹਾਲੀ ਸਮੇਤ ਵੱਡੀ ਗਿਣਤੀ ਵਿੱਚ ਫੇਜ਼ 11 ਦੇ ਵਸਨੀਕ ਵੀ ਮੌਜੂਦ ਸਨ।



# ਪਟਾਕਾ ਮਾਰਕੀਟ ਲਈ ਨਵੀਂ ਥਾਂ ਕੀਤੀ ਜਾਵੇਗੀ ਨਿਰਧਾਰਿਤ : ਡੀ ਸੀ

**ਜਲੰਧਰ (ਸ਼ੈਲੀ ਐਲਬਰਟ)** ਜ਼ਿਲ੍ਹਾ ਮੈਜਿਸਟ੍ਰੇਟ-ਕਮ-ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਪਟਾਖਾ ਮਾਰਕੀਟ ਲਈ ਨਵੀਂ ਥਾਂ ਨਿਰਧਾਰਿਤ ਕਰਨ ਲਈ ਨਗਰ ਨਿਗਮ ਜਲੰਧਰ ਨੂੰ ਸ਼ਹਿਰੀ ਖੇਤਰ 'ਚ ਉਪਲਬਧ ਵੱਡੀਆਂ ਗਰਾਊਂਡਾਂ ਜਾਂ ਖਾਲੀ ਥਾਵਾਂ ਦੀ ਸੂਚੀ 10 ਦਿਨਾਂ ਦੇ ਅੰਦਰ ਭੇਜਣ ਦੇ ਨਿਰਦੇਸ਼ ਦਿੱਤੇ ਹਨ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜਲੰਧਰ ਸ਼ਹਿਰ ਵਿੱਚ ਹਰ ਸਾਲ ਦਿਵਾਲੀ ਦੇ ਤਿਉਹਾਰ ਮੌਕੇ ਪਟਾਖਾ ਮਾਰਕਿਟ ਬਰਲਟਨ ਪਾਰਕ ਵਿਖੇ ਲਗਾਈ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਇਸ ਸਾਲ ਉਕਤ ਸਥਾਨ 'ਤੇ ਉਸਾਰੀ ਅਤੇ ਨਵੀਨੀਕਰਨ ਦੇ ਕੰਮ ਚੱਲਦੇ ਹੋਣ ਕਰਕੇ ਬਲਰਟਨ ਪਾਰਕ ਨੂੰ ਆਰਜੀ ਪਟਾਖਾ ਮਾਰਕੀਟ ਲਈ ਵਰਤਣਾ ਸੁਰੱਖਿਆ ਪੱਖੋਂ ਉਚਿਤ ਨਹੀਂ ਹੋਵੇਗਾ। ਪਟਾਖਾ ਮਾਰਕੀਟ ਲਈ ਕੋਈ ਹੋਰ ਢੁੱਕਵੀਂ ਜਗ੍ਹਾ ਚੁਣਨ 'ਤੇ ਜ਼ੋਰ ਦਿੰਦਿਆਂ ਡਾ. ਅਗਰਵਾਲ ਨੇ ਨਗਰ ਨਿਗਮ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਨਿਗਮ ਅਧੀਨ ਆਉਣ ਵਾਲੇ ਸ਼ਹਿਰੀ ਖੇਤਰ ਵਿੱਚ ਉਪਲਬਧ ਵੱਡੀਆਂ ਗਰਾਊਂਡਾਂ ਜਾਂ ਖਾਲੀ ਥਾਵਾਂ ਦੀ ਵਿਸਥਾਰਪੂਰਵਕ ਸੂਚੀ ਤਿਆਰ ਕਰਕੇ 10 ਦਿਨਾਂ ਦੇ ਅੰਦਰ-ਅੰਦਰ ਡੀ.ਸੀ. ਦਫ਼ਤਰ ਭੇਜੀ ਜਾਵੇ, ਤਾਂ ਜੋ ਪਟਾਖਾ ਮਾਰਕੀਟ ਲਈ ਨਵੀਂ ਥਾਂ ਨਿਰਧਾਰਿਤ ਕੀਤੀ ਜਾ ਸਕੇ।

**ਜਨਮ ਦਿਨ ਮੁਬਾਰਕ**



ਸੁਵਰੀਨ ਕੌਰ ਰੰਧਾਵਾ
ਪਿਤਾ : ਮਨਜੀਤ ਸਿੰਘ ਰੰਧਾਵਾ
ਮਾਤਾ : ਪਵਨਜੀਤ ਕੌਰ
ਵਾਸੀ : ਫਰੀਦਕੋਟ